ਜਨਵਰੀ-ਅਪ੍ਰੈਲ 2025 ISSN:2584-0509

ਜਿਲਦ-3
ਅੰਕ-1

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

**(ISSN: 2584-0509)**

# ਖੋਜਨਾਮਾ

## ਜਿਲਦ-3

**ਅੰਕ-1 (ਜਨਵਰੀ-ਅਪ੍ਰੈਲ 2025)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ




**ਪ੍ਰੋ. ਨਾਬਿਲਾ ਰਹਿਮਾਨ**

ਸਾਬਕਾ ਵਾਇਸ ਚਾਂਸਲਰ, ਯੂਨੀਵਰਸਿਟੀ ਆਫ ਝੰਗ ਅਤੇ ਡਾਇਰੈਕਟਰ, ਇੰਸਟੀਚਿਊਟ ਆਫ ਪੰਜਾਬੀ ਐਂਡ ਕਲਚਰਲ ਸਟੱਡੀ, ਯੂਨੀਵਰਸਿਟੀ ਆਫ ਪੰਜਾਬ, ਲਾਹੌਰ, ਪਾਕਿਸਤਾਨ।




**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ, ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**

ਸਾਬਕਾ ਪ੍ਰੋਫ਼ੈਸਰ ਪੰਜਾਬੀ ਵਿਭਾਗ ਅਤੇ ਡੀਨ ਭਾਸ਼ਾਵਾਂ, ਪੰਜਾਬੀ ਯੂਨੀਵਰਸਿਟੀ ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ।



**ਡਾ. ਸਿਕੰਦਰ ਸਿੰਘ**

ਮੁਖੀ, ਪੰਜਾਬੀ ਵਿਭਾਗ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸੋਮੀ ਰਾਮ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸਟਾਲਿਨਜੀਤ ਸਿੰਘ ਬਰਾੜ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ ਬਾਬਾ ਫ਼ਰੀਦ ਕਾਲਜ ਬਠਿੰਡਾ, ਪੰਜਾਬ, ਭਾਰਤ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**ਕੀਮਤ:-** ਤੁਹਾਡਾ ਸਹਿਯੋਗ, ਦੁਆਵਾਂ ਅਤੇ ਸੁਝਾਅ

**www.khojnama.com**
**Khojnamapb03@gmail.com**
**+91 98776-61770**

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ, ਪੰਜਾਬ (ਭਾਰਤ) ਵਿਖੇ ਹੀ ਵਿਚਾਰਣਯੋਗ ਹੋਵੇਗਾ।

# ਤਤਕਰਾ


| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | i-iii |
| | ਖੋਜ-ਪੱਤਰ | | |
| 1. | ਵਣਜਾਰਾ ਬੇਦੀ ਰਚਿਤ ਵਿਸ਼ਵਕੋਸ਼ ਦੀ ਨਿਰਮਾਣਕਾਰੀ | ਡਾ. ਮੋਹਨ ਸਿੰਘ ਤਿਆਗੀ | 1-14 |
| 2. | ਪ੍ਰਭਜੋਤ ਕੌਰ ਦੀ ਵਾਰਤਕ ਦਾ ਕਲਾਤਮਿਕ ਸੁਹਜ | ਡਾ. ਗੁਰਸੇਵਕ ਸਿੰਘ ਲੰਬੀ | 15-26 |
| 3. | ਸ਼੍ਰੀ ਗੁਰੂ ਰਾਮਦਾਸ ਜੀ ਰਚਿਤ‘ ਗਉੜੀ ਕੀ ਵਾਰ :’ਪਉੜੀਆਂ ਦੀ ਆਪਸੀ ਸਬੰਧਾਤਮਕਤਾ | ਡਾ. ਰਾਜਨਦੀਪ ਕੌਰ | 27-38 |
| 4. | ਗੁਸਤਾਖ਼ ਹਵਾ : ਸੁਰਤਿ ਤੇ ਸ਼ਬਦ ਦਾ ਆਤਮ ਸੰਵਾਦ | ਪ੍ਰੋ. ਜਸਪਾਲ ਕੌਰ | 39-49 |
| 5. | ਰਣਧੀਰ ਰਚਿਤ ਕਾਵਿ ਸੰਗ੍ਰਹਿ ‘ਖ਼ਤ ...ਜੋ ਲਿਖਣੋਂ ਰਹਿ ਗਏ’ ਵਿਚ ਮਨੁੱਖੀ ਪਛਾਣ ਦੀ ਦਵੰਦਾਤਮਕ ਸਥਿਤੀ | ਡਾ. ਸਿਮਰਨਜੀਤ ਸਿੰਘ | 50-64 |
| 6. | ਪੰਜਾਬੀ ਲੋਕ ਗੀਤਾਂ ਦੀ ਡਿਜ਼ੀਟਾਈਜੇਸ਼ਨ: ਲੋੜ ਅਤੇ ਮਹੱਤਵ | ਡਾ. ਜਸਵਿੰਦਰ ਸਿੰਘ<br>ਡਾ. ਸਟਾਲਿਨਜੀਤ ਸਿੰਘ | 65-72 |
| 7. | ਲੋਕ-ਕਾਵਿ ਰੂਪ ਸਿੱਠਣੀ ਵਿੱਚ ਹਾਸ਼ੀਆਕ੍ਰਿਤ ਧਿਰਾਂ ਦੇ ਬਿੰਬ ਦੀ ਨਿਰਮਾਣਕਾਰੀ | ਲਖਵੀਰ ਸਿੰਘ | 73-87 |
| 8. | ਵਨੀਤਾ ਕਾਵਿ: ਨਾਬਰੀ ਦਾ ਪ੍ਰਵਚਨ | ਵੀਰਪਾਲ ਕੌਰ | 88-94 |
| 9. | ਗੁਰਸ਼ਰਨ ਸਿੰਘ ਦੀਆਂ ਰੰਗਮੰਚੀ ਜੁਗਤਾਂ | ਹਰਵਿੰਦਰ ਸਿੰਘ | 95-102 |
| 10. | ਕਵੀਸ਼ਰ ਜੋਗਾ ਸਿੰਘ ਜੋਗੀ ਦੀਆਂ ਕਵੀਸ਼ਰੀ-ਜੁਗਤਾਂ | ਅਮਰਜੀਤ ਸਿੰਘ<br>ਡਾ. ਜੋਤੀ ਸ਼ਰਮਾ | 103-110 |

| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| | **ਸਾਹਿਤ** | | |
| 11. | ਕਵਿਤਾਵਾਂ | ਡਾ.ਪਾਲ ਕੌਰ | 111-114 |
| 12. | ਧੀ ਦਾ ਕਰਜ਼ | ਸੁਰਿੰਦਰ ਗੀਤ | 115-123 |
| 13. | ਛੱਪੜ, ਖੇਤ ਤੇ ਘਰ: ਮੇਰਾ ਬਚਪਨ | ਨਿੰਦਰ ਘੁਗਿਆਣਵੀ | 124-136 |
| 14. | ਮੇਰੇ ਤਿੰਨ ਬਾਬੇ | ਜਸਪਾਲ ਮਾਨਖੇੜਾ | 137-154 |
| | **ਯਾਦਾਂ** | | |
| 15. | ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨਾਲ ਮੁਲਾਕਾਤ | ਜਿੰਦਰ | 155-190 |
| 16. | ਸਹਿਜ,ਸੰਜਮ ਅਤੇ ਸਿਰੜ ਦੀ ਤ੍ਰਿਵੈਣੀ ਡਾ. ਅਟਵਾਲ | ਡਾ. ਲਖਵਿੰਦਰ ਜੌਹਲ | 191-194 |
| | **ਅਨੁਵਾਦਿਤ ਸਾਹਿਤ** | | |
| 17. | ਜਹਾਜ਼ ਦਾ ਆਉਣਾ | ਖ਼ਲੀਲ ਜਿਬਰਾਨ<br>ਅਨੁਵਾਦਕ<br>ਰਵਿੰਦਰ ਸਿੰਘ ਸੋਢੀ | 195-207 |
| | **ਪੁਸਤਕ ਸਮੀਖਿਆ** | | |
| 19. | ਸੁਲਤਾਨਪੁਰ ਲੋਧੀ ਬਾਰੇ ਇੱਕ ਖੋਜ-ਭਰਪੂਰ ਅਤੇ ਬਹੁਮੁੱਲੀ ਪੁਸਤਕ 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ' | ਸਮੀਖਿਅਕ<br>ਪ੍ਰੋ. ਨਵ ਸੰਗੀਤ ਸਿੰਘ | 208-213 |

# ਸੰਪਾਦਕੀ

ਇਸ ਅੰਕ ਦੇ ਪ੍ਰਕਾਸ਼ਨ ਨਾਲ ਖੋਜਨਾਮਾ ਨੇ ਤੀਜੇ ਵਰ੍ਹੇ ਵਿੱਚ ਪ੍ਰਵੇਸ਼ ਕਰ ਲਿਆ ਹੈ। ਜਿਵੇਂ-ਜਿਵੇਂ ਖੋਜਨਾਮਾ ਦੇ ਪਾਠਕਾਂ ਦਾ ਘੇਰਾ ਵਸੀਹ ਹੁੰਦਾ ਜਾ ਰਿਹਾ ਹੈ, ਉਵੇਂ-ਉਵੇਂ ਹੀ ਬਤੌਰ ਸੰਪਾਦਕ ਮੈਨੂੰ ਖੁਸ਼ੀ ਦੇ ਨਾਲ-ਨਾਲ, ਮੇਰੇ ਮੋਢਿਆਂ ਦੇ ਭਾਰ ਵੱਧਣ ਦਾ ਅਹਿਸਾਸ ਵੀ ਬਾਖ਼ੂਬੀ ਹੋ ਰਿਹਾ ਹੈ। ਇਹ ਭਾਰ ਕਿਸੇ ਕਿਸਮ ਦੇ ਬਾਹਰੀ ਦਬਾਅ ਦਾ ਨਹੀਂ ਬਲਕਿ ਅੰਦਰੂਨੀ ਦਬਾਅ ਦਾ ਹੈ ਅਤੇ ਇਹ ਅੰਦਰੂਨੀ ਦਬਾਅ, ਹਰ ਵਾਰ ਦੀ ਤਰ੍ਹਾਂ ਮਿਆਰੀ ਅੰਕ ਪ੍ਰਕਾਸ਼ਿਤ ਕਰਨ ਦੀ ਜ਼ਿੰਮੇਵਾਰੀ ਦਾ ਹੈ। ਇਸ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਬਹੁਤ ਸਾਰੇ ਖੋਜੀਆਂ, ਵਿਦਵਾਨਾਂ ਦੇ ਖੋਜ ਪੱਤਰ ਅਤੇ ਲੇਖਕਾਂ ਦੀਆਂ ਰਚਨਾਵਾਂ ਖੋਜਨਾਮਾ ਵਿੱਚ ਸ਼ਾਮਿਲ ਨਾ ਕਰਨ ਕਰਕੇ, ਅਕਸਰ ਉਨ੍ਹਾਂ ਦੇ ਗੁੱਸੇ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ, ਕੋਈ ਸ਼ਿਫ਼ਾਰਸ਼ੀ ਹੋਣ ਦਾ ਫ਼ਤਵਾ ਦਿੰਦਾ ਹੈ ਅਤੇ ਕੋਈ ਹੰਕਾਰੀ ਹੋਣ ਦਾ ਤਗਮਾ। ਸੱਚੇ ਅਤੇ ਅਸੂਲੀ ਰਾਸਤੇ 'ਤੇ ਚੱਲਣਾ ਸਚਮੁੱਚ ਔਖਾ ਕਾਰਜ ਹੈ, ਪਰੰਤੂ ਖੋਜਨਾਮਾ ਦੀ ਸਮੁੱਚੀ ਟੀਮ ਮਿਆਰੀ ਖੋਜ ਅਤੇ ਸਾਹਿਤ ਦੇ ਪ੍ਰਕਾਸ਼ਨ ਲਈ ਵਚਨਬੱਧ ਹੈ।

ਇਸ ਵਚਨਬੱਧਤਾ ਤਹਿਤ ਇਸ ਅੰਕ ਵਿੱਚ ਸ਼ਾਮਲ ਦਸ ਖੋਜ-ਪੱਤਰ, ਪੰਜਾਬੀ ਸਾਹਿਤ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਦੇ ਹਨ। ਇਸ ਅੰਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਕਲਾਸੀਕਲ ਤੋਂ ਲੈ ਕੇ ਸਮਕਾਲੀ ਸਾਹਿਤ ਤੱਕ ਦਾ ਵਿਆਪਕ ਅਧਿਐਨ ਸ਼ਾਮਲ ਕੀਤਾ ਗਿਆ ਹੈ।

ਇਸ ਅੰਕ ਵਿੱਚ ਸ਼ਾਮਲ ਖੋਜ ਪੱਤਰ 'ਵਣਜਾਰਾ ਬੇਦੀ ਦੇ ਵਿਸ਼ਵਕੋਸ਼ ਦੀ ਨਿਰਮਾਣਕਾਰੀ', 'ਪ੍ਰਭਜੋਤ ਕੌਰ ਦੀ ਵਾਰਤਕ ਦਾ ਸੁਹਜ', ਅਤੇ 'ਸ੍ਰੀ ਗੁਰੂ ਰਾਮਦਾਸ ਜੀ ਦੀ 'ਗਉੜੀ ਕੀ ਵਾਰ' ਦੀ ਸਬੰਧਾਤਮਕਤਾ' ਜਿੱਥੇ ਸਾਹਿਤਕ ਅਤੇ ਧਾਰਮਿਕ ਖੋਜ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ।, ਉੱਥੇ ਹੀ 'ਗੁਸਤਾਖ਼ ਹਵਾ: ਸੁਰਤਿ ਤੇ ਸ਼ਬਦ ਦਾ ਆਤਮ ਸੰਵਾਦ', 'ਰਣਧੀਰ ਰਚਿਤ ਕਾਵਿ ਸੰਗ੍ਰਹਿ 'ਖ਼ਤ... ਜੋ ਲਿਖਣੋਂ ਰਹਿ ਗਏ' ਵਿਚ ਮਨੁੱਖੀ ਪਛਾਣ ਦੀ ਦਵੰਦਾਤਮਕ ਸਥਿਤੀ' ਅਤੇ ਵਨੀਤਾ ਕਾਵਿ: ਨਾਬਰੀ ਦਾ ਪ੍ਰਵਚਨ ਸਮਕਾਲੀ ਕਵਿਤਾ ਅਤੇ ਮਨੁੱਖੀ ਪਛਾਣ ਦੀ ਦਵੰਦਮਈ ਸਥਿਤੀ 'ਤੇ ਗਹਿਰਾ ਚਿੰਤਨ ਪੇਸ਼ ਕਰਦੇ ਹਨ।

ਪੰਜਾਬੀ ਵਿਰਾਸਤ ਦੀ ਸੰਭਾਲ ਅਤੇ ਆਧੁਨਿਕੀਕਰਨ ਵੀ ਇਸ ਅੰਕ ਦਾ ਮੁੱਖ ਧੁਰਾ ਹੈ। 'ਪੰਜਾਬੀ ਲੋਕ ਗੀਤਾਂ ਦੀ ਡਿਜ਼ੀਟਾਈਜੇਸ਼ਨ ਲੋੜ ਤੇ ਮਹੱਤਵ' ਅਤੇ 'ਲੋਕ-ਕਾਵਿ ਰੂਪ

ਸਿੱਠਣੀ ਵਿੱਚ ਹਾਸ਼ੀਆਕ੍ਰਿਤ ਧਿਰਾਂ ਦੇ ਬਿੰਬ ਦੀ ਨਿਰਮਾਣਕਾਰੀ' ਰਾਹੀਂ ਵਿਰਾਸਤੀ ਸੰਭਾਲ ਵਿੱਚ ਤਕਨੀਕੀ ਲੋੜ ਅਤੇ ਮਹੱਤਵ ਦੇ ਨਾਲ-ਨਾਲ ਸਮਾਜ ਦੇ ਅਣਗੌਲੇ ਪਹਿਲੂਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਮਹੱਤਵਪੂਰਨ ਪਹਿਲੂਆਂ ਦੀ ਪੜਤਾਲ ਕੀਤੀ ਗਈ ਹੈ। 'ਗੁਰਸ਼ਰਨ ਸਿੰਘ ਦੀਆਂ ਰੰਗਮੰਚੀ ਜੁਗਤਾਂ' ਅਤੇ ਕਵੀਸ਼ਰ ਜੋਗਾ ਸਿੰਘ ਜੋਗੀ ਦੀਆਂ ਕਵੀਸ਼ਰੀ-ਜੁਗਤਾਂ' ਖੋਜ ਪੱਤਰ ਪੰਜਾਬੀ ਰੰਗਮੰਚ ਅਤੇ ਕਵੀਸ਼ਰੀ ਦੀਆਂ ਪਰੰਪਰਾਗਤ ਅਤੇ ਵਿਅਕਤੀਗਤ ਜੁਗਤਾਂ ਦੀ ਪਛਾਣ ਕਰਦੇ ਹੋਏ, ਇਨ੍ਹਾਂ ਦੀ ਸਮਕਾਲੀ ਸੰਦਰਭ ਵਿੱਚ ਲੋੜ ਅਤੇ ਮਹੱਤਵ ਨੂੰ ਪੇਸ਼ ਕਰਦੇ ਹਨ।

ਇਸ ਅੰਕ ਵਿੱਚ ਸ਼ਾਮਲ ਸਿਰਜਣਾਤਮਕ ਸਾਹਿਤ ਵਜੋਂ ਸਾਹਿਤਯ ਆਕਦਮੀ ਅਵਾਰਡ ਜੇਤੂ ਕਵਿਤਰੀ ਪਾਲ ਕੌਰ ਦੀਆਂ ਕਵਿਤਾਵਾਂ, ਪਰਵਾਸੀ ਪੰਜਾਬੀ ਬਹੁ-ਵਿਧਾਈ ਲੇਖਿਕਾ ਸੁਰਿੰਦਰ ਗੀਤ ਦੀ ਕਹਾਣੀ "ਧੀ ਦਾ ਕਰਜ਼", ਪ੍ਰਸਿੱਧ ਪੰਜਾਬੀ ਲੇਖਕ ਨਿੰਦਰ ਘੁਗਿਆਣਵੀ ਅਤੇ ਜਸਪਾਲ ਮਾਨਖੇੜਾ ਦੇ ਸੰਸਮਰਣ ਸਮਕਾਲੀ ਪੰਜਾਬੀ ਸਾਹਿਤ ਦੇ ਬਹੁਪੱਖੀ ਪਸਾਰਾਂ ਨੂੰ ਦਰਸਾਉਂਦੇ ਹਨ। ਇਹ ਰਚਨਾਵਾਂ ਨਾ ਸਿਰਫ਼ ਸਾਡੇ ਸਮੇਂ ਦੇ ਸਮਾਜਿਕ ਯਥਾਰਥ ਨੂੰ ਦਰਸਾਉਂਦੀਆਂ ਹਨ, ਬਲਕਿ ਨਿੱਜੀ ਅਨੁਭਵਾਂ ਦੇ ਰਾਹੀਂ ਜੀਵਨ ਸੱਚ ਤੱਕ ਪਹੁੰਚਣ ਦਾ ਰਾਹ ਵੀ ਦਿਖਾਉਂਦੀਆਂ ਹਨ।

2025 ਵਰ੍ਹੇ ਦੌਰਾਨ ਪੰਜਾਬੀ ਮਾਂ ਬੋਲੀ ਦੇ ਵਿਹੜੇ ਵਿੱਚੋਂ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਆਲੋਚਕ ਡਾ. ਹਰਜਿੰਦਰ ਸਿੰਘ ਅਟਵਾਲ ਦਾ ਤੁਰ ਜਾਣਾ ਬੇਹੱਦ ਦੁਖਦਾਈ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਇਨ੍ਹਾਂ ਦਾ ਦੁਆਰਾ ਪਾਇਆ ਯੋਗਦਾਨ ਕਾਬਿਲ-ਏ-ਤਾਰੀਫ਼ ਹੈ। ਇਸ ਲਈ ਇਨ੍ਹਾਂ ਦੋਨਾਂ ਮਹਾਨ ਸਖ਼ਸ਼ੀਅਤਾਂ ਨੂੰ ਸ਼ਰਧਾਂਜ਼ਲੀ ਵਜੋਂ ਇਨ੍ਹਾਂ ਦੀ ਸਾਹਿਤਕ ਅਤੇ ਦੁਨਿਆਵੀ ਜੀਵਨ ਸ਼ੈਲੀ 'ਤੇ ਰੌਸ਼ਨੀ ਪਾਉਂਦੀਆਂ ਦੋ ਰਚਨਾਵਾਂ ਕ੍ਰਮਵਾਰ 'ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨਾਲ ਮੁਲਾਕਾਤ' ਅਤੇ 'ਸਹਿਜ,ਸੰਜਮ ਅਤੇ ਸਿਰੜ ਦੀ ਤ੍ਰਿਵੈਣੀ ਡਾ. ਅਟਵਾਲ' ਨੂੰ ਇਸ ਅੰਕ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਖ਼ਲੀਲ ਜਿਬਰਾਨ ਦੀ ਰਚਨਾ "ਜਹਾਜ਼ ਦਾ ਆਉਣਾ" ਦਾ ਪੰਜਾਬੀ ਅਨੁਵਾਦ ਇਸ ਗੱਲ ਦਾ ਪ੍ਰਮਾਣ ਹੈ ਕਿ ਪੰਜਾਬੀ ਸਾਹਿਤ ਵਿਸ਼ਵ ਸਾਹਿਤ ਨਾਲ ਨਿਰੰਤਰ ਸੰਵਾਦ ਰਚਾ ਰਿਹਾ ਹੈ। ਰਵਿੰਦਰ ਸਿੰਘ ਸੋਢੀ ਦੇ ਇਸ ਅਨੁਵਾਦ ਨੇ ਜਿਬਰਾਨ ਦੇ ਦਰਸ਼ਨਿਕ ਵਿਚਾਰਾਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ ਹੈ।

ਅੰਤ ਵਿੱਚ, ਸੁਲਤਾਨਪੁਰ ਲੋਧੀ ਬਾਰੇ ਇੱਕ ਖੋਜ-ਭਰਪੂਰ ਅਤੇ ਬਹੁਮੁੱਲੀ ਪੁਸਤਕ 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ' ਦੀ ਸਮੀਖਿਆ ਸ਼ਾਮਿਲ ਕੀਤੀ ਗਈ ਹੈ ਜੋ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਪੰਜਾਬੀ ਸਾਹਿਤ ਸਿਰਫ਼ ਕਲਪਨਾ ਅਤੇ ਕਲਾ ਤਕ ਸੀਮਿਤ ਨਹੀਂ ਹੈ, ਬਲਕਿ ਇਤਿਹਾਸ, ਭੂਗੋਲ ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।

ਮੈਂ ਇਸ ਉਮੀਦ ਨਾਲ ਇਸ ਅੰਕ ਨੂੰ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ ਕਿ ਇਹ ਪਾਠਕਾਂ ਦੀਆਂ ਆਸਾਂ ਅਤੇ ਉਮੀਦਾਂ 'ਤੇ ਖ਼ਰਾ ਉੱਤਰੇਗਾ। ਸਾਨੂੰ ਤੁਹਾਡੇ ਬਹੁਮੁੱਲੇ ਸੁਝਾਵਾਂ ਦੀ ਉਡੀਕ ਰਹੇਗੀ।

ਧੰਨਵਾਦ ਸਹਿਤ।।

ਸੰਪਾਦਕ

# ਖੋਜ ਪੱਤਰ

ISSN: 2584-0509



# ਵਣਜਾਰਾ ਬੇਦੀ ਰਚਿਤ ਵਿਸ਼ਵਕੋਸ਼ ਦੀ ਨਿਰਮਾਣਕਾਰੀ



**ਡਾ. ਮੋਹਨ ਸਿੰਘ ਤਿਆਗੀ**
**ਸਹਾਇਕ ਪ੍ਰੋਫ਼ੈਸਰ**
**ਪੰਜਾਬੀ ਸਾਹਿਤ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
+91 98144-79150

ਵਣਜਾਰਾ ਬੇਦੀ ਨੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਬੜੀ ਮਿਹਨਤ ਤੇ ਸਿਰੜ ਨਾਲ ਕੰਮ ਕੀਤਾ ਹੈ। ਉਸਨੇ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਤਿਆਰ ਕਰਕੇ ਲੋਕਧਾਰਾ ਦੇ ਖੇਤਰ ਵਿੱਚ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਉਸਨੇ ਆਪਣੀ ਲੋਕਧਾਰਾ ਪ੍ਰਤੀ ਅਨੋਖੀ ਨਿਸ਼ਠਾ ਅਤੇ ਪਹੁੰਚ ਕਾਰਨ ਇਸ ਵਡੇਰੇ ਕਾਰਜ ਨੂੰ ਸਾਕਾਰ ਕਰਕੇ ਵਿਖਾਇਆ ਹੈ। ਉਸਨੇ ਆਪਣੇ ਜੀਵਨ ਦੇ ਪੈਂਤੀ ਸਾਲ ਲਾ ਕੇ ਇਸ ਵਿਸ਼ਾਲ ਪ੍ਰਾਜੈਕਟ ਨੂੰ ਮੁਕੰਮਲ ਕੀਤਾ ਹੈ। ਉਸਨੇ ਇਸ ਵਿਲੱਖਣ ਕਾਰਜ ਲਈ ਸਿਧਾਂਤਕ ਅਤੇ ਪ੍ਰਮਾਣਿਕ ਵਿਧੀ ਅਪਣਾ ਕੇ ਇਸਨੂੰ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਵਾਂਗ ਸਥਾਪਿਤ ਕਰਕੇ ਵਿਖਾਇਆ ਹੈ। ਇਸ ਤੋਂ ਪਹਿਲਾਂ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਕੋਈ ਵੀ ਅਜਿਹਾ ਜ਼ਿਕਰਯੋਗ ਖੋਜ ਕਾਰਜ ਨਹੀਂ ਮਿਲਦਾ ਜਿਸਦੀ ਤੁਲਨਾ ਵਣਜਾਰਾ ਬੇਦੀ ਦੇ ਵਿਸ਼ਵਕੋਸ਼ ਨਾਲ ਕੀਤੀ ਜਾ ਸਕੇ। ਵਣਜਾਰਾ ਬੇਦੀ ਨੇ ਆਪਣੇ ਵਿਸ਼ਵਕੋਸ਼ ਦੀ ਪਹਿਲੀ ਜਿਲਦ ਦੀ ਭੂਮਿਕਾ 'ਲੋਕਾਂ ਤੋਂ ਲੋਕਾਂ ਤਕ' ਵਿੱਚ ਇਸ ਕੋਸ਼ ਦੀ ਨਿਰਮਾਣਕਾਰੀ ਬਾਰੇ ਜਾਣਕਾਰੀ ਦਿੰਦੇ ਹੋਏ ਲਿਖਿਆ ਹੈ ਕਿ ਉਸਨੇ ਲੋਕਧਾਰਾ ਦੀ ਸਮੱਗਰੀ ਇਕੱਤਰ ਕਰਨ ਦਾ ਕੰਮ ਸੰਨ 1939 ਵਿੱਚ ਆਰੰਭ ਕੀਤਾ, ਜਦੋਂ ਉਹ ਅਜੇ ਖਾਲਸਾ ਹਾਈ ਸਕੂਲ ਰਾਵਲਪਿੰਡੀ ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ। ਉਸਨੇ ਆਪਣੇ ਖਾਲਸਾ ਹਾਈ ਸਕੂਲ, ਜਲੰਧਰ ਛਾਉਣੀ ਦੇ ਅੰਗਰੇਜ਼ੀ ਦੇ ਅਧਿਆਪਕ ਸ੍ਰੀ ਸੁੰਦਰ ਸਿੰਘ ਦੀ ਨਸੀਹਤ ਤੇ ਆਪਣੇ ਕੋਲ ਇੱਕ ਡਾਇਰੀ ਰੱਖੀ ਹੋਈ ਸੀ ਜਿਸ ਵਿੱਚ ਉਹ ਅੰਗਰੇਜ਼ੀ ਦਾ ਕੋਈ ਚੰਗਾ ਸ਼ਬਦ, ਅਖਾਣ ਜਾਂ ਟੱਪਾ ਮਿਲਦਾ ਤਾਂ ਦਰਜ਼ ਕਰ ਲੈਂਦਾ ਸੀ। ਫਿਰ ਹੌਲ਼ੀ ਹੌਲ਼ੀ ਉਸਨੇ ਅੰਗਰੇਜ਼ੀ ਦੀ ਥਾਂ ਤੇ ਪੰਜਾਬੀ ਦੇ ਅਖਾਣ ਅਤੇ ਟੱਪੇ ਇਕੱਠੇ ਕਰਨੇ ਆਰੰਭ ਕਰ ਦਿੱਤੇ। ਪਰ ਉਸਨੂੰ ਜਲਦੀ ਹੀ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਸਨੂੰ ਕੇਵਲ ਉਹ ਸਮੱਗਰੀ ਇਕੱਤਰ ਕਰਨੀ ਚਾਹੀਦੀ ਹੈ ਜੋ ਲੋਕਾਂ ਦੇ ਮਨ ਵਿੱਚ ਅਦ੍ਰਿਸ਼ਟ ਰੂਪ ਵਿੱਚ ਵਿਚਰ ਰਹੀ ਹੋਵੇ। ਉਸਨੇ ਸੋਚਿਆ ਕਿ ਲਿਖਤ ਵਿੱਚ ਆ ਚੁੱਕੀ ਸਮੱਗਰੀ ਦਾ ਅੰਸ਼ਿਕ ਮਾਤਰ ਵੀ ਆਪਣੇ ਕਿਸੇ ਸੰਕਲਨ ਦਾ ਭਾਗ ਬਣਾਉਣਾ ਆਪਣੀ ਲਗਨ ਅਤੇ ਮਿਹਨਤ ਨਾਲ ਅਨਿਆਂ ਕਰਨ ਦੇ ਬਰਾਬਰ ਹੈ। ਇਸ ਤੋਂ ਅੱਗੇ ਲੇਖਕ ਆਪਣਾ ਅਨੁਭਵ ਸਾਂਝਾ ਕਰਦਾ ਹੋਇਆ ਲਿਖਦਾ ਹੈ ਕਿ ਉਹ ਉਸੇ ਦਿਨ ਤੋਂ ਲੋਕਾਂ ਦੇ ਪੈਰਾਂ ਹੇਠੋਂ ਸਮੱਗਰੀ ਚੁਗਣ ਦੇ ਕਾਰਜ ਵਿੱਚ ਜੁਟ ਗਿਆ।

ਵਣਜਾਰਾ ਬੇਦੀ ਨੇ ਲੋਕਧਾਰਾ ਵਿਸ਼ਵਕੋਸ਼ ਦੀ ਪਹਿਲੀ ਜਿਲਦ ਦੀ ਭੂਮਿਕਾ ਵਿੱਚ ਇਸ ਕੋਸ਼ ਦੀ ਰੂਪ ਰੇਖਾ ਬਾਰੇ ਹੇਠ ਲਿਖੇ ਇਹ ਸ਼ਬਦ ਅੰਕਿਤ ਕੀਤੇ ਹਨ, ਜਿੱਥੋਂ ਇਸ ਕੋਸ਼ ਦੀ ਵਿਸ਼ਾ ਸਮੱਗਰੀ ਅਤੇ ਤਰਤੀਬ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਹੁੰਦੀ ਹੈ-

1- ਪੌਰਾਣਿਕ ਸ਼ਖ਼ਸੀਅਤਾਂ, ਸਥਾਨ ਅਤੇ ਘਟਨਾਵਾਂ, ਦੇਵੀ ਦੇਵਤੇ

2- ਸਥਾਨਿਕ ਦੇਵੀ ਦਿਉਤੇ,ਸਤੀਆਂ, ਜਠੇਰੇ ਆਦਿ

3- ਅਮਾਨਵੀ ਸ਼ਕਤੀਆਂ, ਭੂਤ ਪ੍ਰੇਤ, ਪਰੀ, ਜਿੰਨ, ਅਪੱਛਰਾ ਅਦਿ

4- ਧਾਰਮਿਕ ਅਸਥਾਨ ਅਤੇ ਪੁਰਬ ਉਤਸਵ, ਮੇਲੇ, ਤਿਉਹਾਰ ਆਦਿ

5- ਕਬੀਲੇ, ਜਾਤ ਗੋਤ, ਸੰਪ੍ਰਦਾਵਾਂ ਆਦਿ

6- ਪੰਜਾਬ ਦੀਆਂ ਪ੍ਰਾਚੀਨ ਸੰਸਕ੍ਰਿਤੀਆਂ

7- ਰੀਤਾਂ ਰਸਮਾਂ ਤੇ ਸੰਸਕਾਰ ਆਦਿ

8- ਲੋਕ-ਧਰਮ, ਅਨੁਸ਼ਠਾਨ, ਕਰਮ ਕਾਂਡ, ਪੂਜਾ ਵਿਧੀਆਂ, ਵਰਤ, ਤਿਲਕ, ਟਿਕਾ, ਮਾਲਾ ਆਦਿ

9- ਲੋਕ-ਭਰਮ, ਵਿਸ਼ਵਾਸ਼, ਮਨੌਤਾਂ, ਧਾਰਨਾਵਾਂ, ਸ਼ਗਨ ਅਪਸ਼ਗਨ ਆਦਿ

10- ਜੋਤਿਸ਼, ਤੰਤਰ, ਜੰਤਰ-ਮੰਤਰ,ਸਾਉਣ ਸ਼ਾਸ਼ਤ੍ਰ, ਓੜੇ, ਚੇਲੇ ਆਦਿ

11- ਲੋਕ-ਕਾਵਿ ਦੇ ਸੌ ਤੋਂ ਉੱਪਰ ਰੂਪ, ਘੋੜੀਆਂ, ਸੁਹਾਗ ਆਦਿ

12- ਲੋਕ-ਕਥਾਵਾਂ ਦੇ ਚਾਲ੍ਹੀ ਤੋਂ ਉੱਪਰ ਰੂਪ: ਮੁਢੀ, ਸਿਧੀ, ਪਰੀ ਕਥਾ ਆਦਿ

13- ਲੋਕ-ਨਿਤ੍ਰ ਅਤੇ ਲੋਕ-ਨਾਟ ਦੇ ਅਨੇਕਾਂ ਰੂਪ

14- ਲੋਕ-ਕਲਾ, ਚਿਤ੍ਰਕਾਰੀ, ਕੰਧ ਚਿਤ੍ਰ, ਥਾਪੇ, ਬਿੰਦ ਖਟੋਲੇ ਆਦਿ

15- ਮੁਹਾਵਰੇ, ਅਖਾਣ, ਬੁਝਾਰਤਾਂ ਦੇ ਅਨੇਕਾਂ ਰੂਪ

16- ਲੋਕ-ਮਨੋਰੰਜਨ, ਖੇਡਾਂ ਆਦਿ

17- ਲੋਕ ਧੰਦੇ

18- ਲੋਕ ਸ਼ਬਦਾਵਲੀ

19- ਲੋਕ ਪ੍ਰਤੀਕ, ਸਵਾਸਤਿਕ, ਸਤਿਆ, ਚੌਕ ਆਦਿ

20-ਲੋਕ ਜੀਵਨ, ਆਚਾਰ ਵਿਹਾਰ; ਚਰਿਤ੍ਰ, ਵੇਸ਼ ਭੂਸ਼ਾ, ਵਰਤਣ ਭਾਜੀ ਆਦਿ

21-ਲੋਕਧਾਰਾ ਵਿਗਿਆਨ, ਲੋਕ ਮਨ, ਲੋਕ ਸੰਸਕ੍ਰਿਤੀ, ਲੋਕ ਤੱਤ, ਲੋਕਧਾਰਾ ਅਧਿਐਨ ਪ੍ਰਣਾਲੀਆਂ ਆਦਿ।"[1]

ਵਣਜਾਰਾ ਬੇਦੀ ਨੇ ਇਹ ਵਿਸ਼ਾਲ ਕਾਰਜ ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਦਾ ਯਤਨ ਕੀਤਾ ਹੈ। ਉਸਦੀ ਕੋਸ਼ਗਤ ਭਾਸ਼ਾ ਸਾਦੀ ਅਤੇ ਠੇਠ ਹੈ। ਇਸ ਤੇ ਲੋਕਧਾਰਾ ਦਾ ਪ੍ਰਭਾਵ ਵੀ ਸਪੱਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਬੇਦੀ ਨੇ ਇਸ ਨੂੰ ਸੰਖੇਪ ਅਤੇ ਰੌਚਿਕ ਬਣਾਉਣ ਲਈ ਬੜੀ ਸੁਹਜ ਭਰਪੂਰ ਅਤੇ ਸੰਜਮੀ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਕੋਸ਼ ਦੇ ਇੰਦਰਾਜ਼ ਬਹੁਤ ਹੀ ਭਾਵਪੂਰਤ ਢੰਗ ਨਾਲ ਦੇਣ ਦੇ ਯਤਨ ਕੀਤੇ ਗਏ ਹਨ। ਇਸ ਕੋਸ਼ ਦੀ ਮਹੱਤਤਾ ਇਸ ਦੇ ਵਿਧਾਗਤ ਨੇਮਾਂ ਅਤੇ ਤਕਨੀਕ ਵਿੱਚ ਪਈ ਹੋਈ ਹੈ। ਇਸ ਕੋਸ਼ ਦੇ ਹਰ ਇੱਕ ਇੰਦਰਾਜ਼ ਦੇ ਨਾਲ ਇਸ ਦੇ ਪ੍ਰਮਾਣਿਕ ਜਾਂ ਉੱਪਲਭਧ ਸੋਮਿਆਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਇਹ ਸਿਰਫ਼ ਤਕਨੀਕੀ ਜਾਣਕਾਰੀ ਹੀ ਨਹੀਂ ਹੈ, ਇਸਦਾ ਮੂਲ ਆਧਾਰ ਖੇਤਰੀ ਖੋਜ ਵਿਧੀ ਅਤੇ ਸਮੱਗਰੀ ਦੇ ਸੰਗਠਨ ਤੇ ਟਿੱਕਿਆ ਹੋਇਆ ਹੈ। ਜੇਕਰ ਬੇਦੀ ਦੀ ਵਿਸ਼ਵਕੋਸ਼ ਦ੍ਰਿਸ਼ਟੀ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਅੰਤਰ ਅਨੁਸ਼ਾਸ਼ਨੀ ਵਿਧੀ ਅਪਣਾਈ ਹੈ ਪਰ ਉਨ੍ਹਾਂ ਦਾ ਨਜ਼ਰੀਆਂ ਲੋਕਧਾਰਾ ਵਿਗਿਆਨੀ ਵਾਲਾ ਹੀ ਰਹਿੰਦਾ ਹੈ। ਇਹ ਗ੍ਰੰਥ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਇੱਕ ਆਧਾਰ ਗ੍ਰੰਥ ਦੀ ਲੋੜ ਪੂਰੀ ਕਰਦਾ ਹੈ। ਇਸ ਵਿਸ਼ਵਕੋਸ਼ ਬਾਰੇ ਡਾ. ਕੇਸਰ ਸਿੰਘ ਕੇਸਰ ਦੇ ਵਿਚਾਰ ਹਨ, "ਅੱਜ ਦੇ ਸੰਸਾਰ ਵਿੱਚ ਵੱਖ ਵੱਖ ਰਾਸ਼ਟਰ, ਪ੍ਰਦੇਸ਼, ਜਾਤੀਆਂ, ਧਰਮ, ਫ਼ਿਰਕੇ, ਗਰੁੱਪ, ਪਾਰਟੀਆਂ ਪਹਿਲਾਂ ਨਾਲੋਂ ਵਧੇਰੇ ਸ੍ਵੈ-ਚੇਤੰਨ ਹੋ ਰਹੇ ਹਨ ਤੇ ਜਿਉਂ ਜਿਉਂ ਸ੍ਵੈ-ਚੇਤੰਨ ਹੋ ਰਹੇ ਹਨ ਤਿਉਂ ਤਿਉਂ ਆਪੋ ਆਪਣੀ ਪਛਾਣ ਦਾ ਸਵਾਲ ਗੁੰਝਲਦਾਰ ਹੁੰਦਾ ਜਾ ਰਿਹਾ ਹੈ- ਜੋ ਕੁਝ ਮੇਰਾ ਹੈ ਉਸ ਵਿੱਚ ਮੇਰਾ ਕੀ ਹੈ? ਇਹੋ ਜਿਹੇ ਸਵਾਲਾਂ ਦੇ ਜਵਾਬਾਂ ਲਈ ਹਰ ਖੇਤਰ ਵਿੱਚ ਤੁਲਨਾਤਮਕ ਅਧਿਐਨ ਦੀ ਮਹੱਤਤਾ ਵਧਦੀ ਜਾ ਰਹੀ ਹੈ, ਤੁਲਨਾਤਮਕ ਅਧਿਐਨ ਇੱਕ ਅੱਡਰੇ ਅਨੁਸ਼ਾਸਨ ਵੱਜੋਂ ਉੱਭਰ ਰਿਹਾ ਹੈ। ਉਹ ਸਮਾਂ ਦੂਰ ਨਹੀਂ ਜਦਕਿ ਅਸੀਂ ਵੀ 'ਤੁਲਨਾਤਮਕ ਲੋਕਧਾਰਾ' ਦੇ ਅਨੁਸ਼ਾਸਨ ਦੀ ਬਕਾਇਦਾ ਉਸਾਰੀ ਵੱਲ ਰੁਚਿਤ ਹੋਵਾਂਗੇ ਤੇ ਵਣਜਾਰਾ ਬੇਦੀ ਦਾ ਮਹਾਨ ਕੋਸ਼ ਇਸ ਕਾਰਜ ਵਿੱਚ ਵਡਮੁੱਲਾ ਸਿੱਧ ਹੋਵੇਗਾ।"[2] ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਲੋਕਧਾਰਾ ਵਿਸ਼ਵਕੋਸ਼ ਵਣਜਾਰਾ ਬੇਦੀ ਦਾ ਸਭ ਤੋਂ ਮੁੱਲਵਾਨ-ਕਾਰਜ ਹੈ। ਇਹ ਉਨ੍ਹਾਂ ਦੀ ਲੰਮੀ ਘਾਲਣਾ ਦੀ ਉੱਪਜ ਹੈ। ਉਨ੍ਹਾਂ ਨੇ ਇਸ ਖੇਤਰ ਵਿੱਚ ਇੱਕ ਮਿਸ਼ਨਰੀ ਵਾਂਗ ਕਾਰਜ ਕੀਤਾ ਹੈ, ਉਨ੍ਹਾਂ ਨੇ ਆਪਣੇ ਲੋਕਧਾਰਾਈ ਗਿਆਨ ਦਾ ਕੇਵਲ ਇੱਕ ਸਿਧਾਂਤਕ ਚੌਖਟਾ ਤਿਆਰ ਕਰਨ ਦਾ ਯਤਨ ਹੀ ਨਹੀਂ ਕੀਤਾ ਸਗੋਂ ਇਸ ਦੇ ਖੇਤਰੀ ਅਤੇ ਵਿਹਾਰਕ ਸੰਦਰਭਾਂ ਦਾ ਵਿਸ਼ਵਕੋਸ਼ ਤਿਆਰ ਕਰਨ

ਦਾ ਯਤਨ ਵੀ ਕੀਤਾ ਹੈ। ਉਨ੍ਹਾਂ ਦੇ ਇਹੀ ਵਿਹਾਰਕ ਪਹਿਲੂ ਉਨ੍ਹਾਂ ਦੀ ਲੋਕਧਾਰਾ ਵਿੱਚ ਵੱਖਰੀ ਪਛਾਣ ਨਿਸ਼ਚਤ ਕਰਦੇ ਹਨ। ਕੋਸ਼ਕਾਰੀ ਦੇ ਖੇਤਰ ਵਿੱਚ ਖੋਜ ਕਾਰਜ ਕਰਨਾ ਬੜਾ ਵੰਗਾਰ ਭਰਿਆ ਕੰਮ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅਜਿਹੇ ਵਡੇਰੇ ਅਤੇ ਉੱਤਮ ਕਾਰਜ ਵਿਸ਼ੇਸ਼ ਅਹਿਮੀਅਤ ਰੱਖਦੇ ਹਨ।

ਲੋਕਧਾਰਾ ਵਿਸ਼ਵਕੋਸ਼ ਦੀਆਂ ਅੱਠ ਜਿਲਦਾਂ ਤੋਂ ਇਸਦੇ ਵਿਸਤਰਤ ਖੇਤਰ ਅਤੇ ਗਹਿਰਾਈ ਦਾ ਪਤਾ ਲਗਦਾ ਹੈ। ਵਣਜਾਰਾ ਬੇਦੀ ਨੇ ਵਿਸ਼ਵਕੋਸ਼ ਦੀਆਂ ਅੱਠ ਜਿਲਦਾਂ ਵਿੱਚ ਪੰਜਾਬੀ ਲੋਕ ਜੀਵਨ ਨਾਲ ਸਬੰਧਿਤ ਸਮੱਗਰੀ ਦੀ ਇਸ ਢੰਗ ਨਾਲ ਵਿਉਂਤਬੰਦੀ ਕੀਤੀ ਹੈ ਕਿ ਇਸ ਵਿੱਚੋਂ ਪੰਜਾਬੀ ਲੋਕ ਜੀਵਨ ਦਾ ਇੱਕ ਪੂਰਾ ਜੀਵੰਤ ਸੰਸਾਰ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਵਿੱਚ ਇਤਿਹਾਸ, ਮਿਥਿਹਾਸ, ਸੱਭਿਆਚਾਰ ਅਤੇ ਲੋਕਧਾਰਾ ਨਾਲ ਸੰਬੰਧਿਤ ਸੰਕਲਪਾਂ ਨੂੰ ਬਹੁਤ ਹੀ ਸੰਖੇਪ ਅਤੇ ਸਪੱਸ਼ਟ ਢੰਗ ਨਾਲ ਉਲੀਕਣ ਅਤੇ ਪ੍ਰੀਭਾਸ਼ਤ ਕਰਨ ਦਾ ਯਤਨ ਕੀਤਾ ਗਿਆ ਹੈ। ਜੇਕਰ ਵੇਖਿਆ ਜਾਵੇ ਤਾਂ ਕੋਸ਼ ਬਣਾਉਣ ਅਤੇ ਪ੍ਰਕਾਸ਼ਿਤ ਕਰਨ ਦਾ ਕਾਰਜ ਉਨ੍ਹੀਵੀਂ ਸਦੀ ਵਿੱਚ ਆਰੰਭ ਹੋਇਆ। ਸ਼ੁਰੂ ਸ਼ੁਰੂ ਵਿੱਚ ਭਾਰਤ ਵਿੱਚ ਦੁਭਾਸ਼ੀ ਕੋਸ਼ਾਂ ਦਾ ਸੰਕਲਨ ਆਰੰਭ ਹੋਇਆ। ਭਾਵੇਂ ਕਿ ਭਾਰਤ ਵਿੱਚ ਕੋਸ਼ਕਾਰੀ ਦੀ ਪਰੰਪਰਾ ਬਹੁਤ ਪੁਰਾਣੀ ਹੈ। ਪਰ ਅੰਗਰੇਜ਼ੀ ਕਾਲ ਦੌਰਾਨ ਇਨ੍ਹਾਂ ਕਾਰਜਾਂ ਵਿੱਚ ਹੋਰ ਵੀ ਤੇਜ਼ੀ ਆਈ। ਇਸਦੇ ਨਾਲ ਹੀ ਇਸ ਕਾਲ ਵਿੱਚ ਕੋਸ਼ਕਾਰੀ ਨੂੰ ਵਿਗਿਆਨਕ ਅਤੇ ਸਿਧਾਂਤਕ ਆਧਾਰ ਵੀ ਮਿਲਦਾ ਹੈ। ਭਾਵੇਂ ਕਿ ਭਾਰਤ ਵਿੱਚ ਬਰਤਾਨਵੀ ਰਾਜ ਦੌਰਾਨ ਬਹੁਤਾ ਖੋਜ-ਅਧਿਐਨ ਬਸਤੀਵਾਦੀ ਦ੍ਰਿਸ਼ਟੀਕੋਣ ਤੋਂ ਹੋਇਆ ਪਰ ਫਿਰ ਵੀ ਇਸਦੀ ਇਤਿਹਾਸਕ ਅਤੇ ਸਾਹਿਤਕ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਸ ਕਾਲ ਦੀ ਕੋਸ਼ਕਾਰੀ ਪੰਜਾਬੀ ਕੋਸ਼ਕਾਰੀ ਲਈ ਇੱਕ ਆਧਾਰਸ਼ਿਲਾ ਵੀ ਪ੍ਰਦਾਨ ਕਰਦੀ ਹੈ। ਇਸ ਉਪਰੰਤ ਪੰਜਾਬੀ ਕੋਸ਼ਕਾਰੀ ਨੇ ਬੜਾ ਜ਼ਿਕਰਯੋਗ ਸਫ਼ਰ ਤੈਅ ਕੀਤਾ ਹੈ। ਹੁਣ ਪੰਜਾਬੀ ਕੋਸ਼ਕਾਰੀ ਨਿਯਮਬੱਧ ਅਤੇ ਵਿਗਿਆਨਕ ਢੰਗ ਨਾਲ ਆਪਣਾ ਕਾਰਜ ਕਰ ਰਹੀ ਹੈ। ਅਜੋਕੇ ਦੌਰ ਵਿੱਚ ਕੋਸ਼ਕਾਰੀ ਵਿਸ਼ਵੀ ਪ੍ਰਸੰਗਾਂ ਵਿੱਚ ਹੋਰ ਵੀ ਮਹੱਤਵ ਗ੍ਰਹਿਣ ਕਰ ਗਈ ਹੈ। ਵਰਤਮਾਨ ਦੌਰ ਵਿੱਚ ਇਸਦਾ ਦਾਇਰਾ ਹੋਰ ਵੀ ਵਸੀਹ ਅਤੇ ਵਿਸ਼ਾਲ ਹੋ ਗਿਆ ਹੈ, "ਕੋਸ਼ ਦਾ ਉਦੇਸ਼ ਪਾਠਕ ਵਰਗ ਦੀਆਂ ਲੋੜਾਂ ਦੀ ਪੂਰਤੀ ਕਰਨੀ ਹੈ। ਕੋਸ਼ ਪਾਠਕ ਲਈ ਕਈ ਪੱਖਾਂ ਤੋਂ ਉਪਯੋਗੀ ਹੁੰਦਾ ਹੈ। ਉਪਯੋਗਤਾ ਦਾ ਪ੍ਰਸ਼ਨ ਕੋਸ਼ ਦੇ ਅਕਾਰ ਨਾਲ ਜੁੜਿਆ ਹੋਇਆ ਹੈ। ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਨਿਰੁੱਕਤੀ, ਮਿਆਰੀ ਸ਼ਬਦ ਜੋੜ, ਵਿਆਕਰਣਕ

ਕੋਟੀਆਂ, ਮਿਆਰੀ ਉਚਾਰਣ, ਮਿਆਰੀ ਪ੍ਰਯੋਗ, ਸਮਤੁੱਲ ਸ਼ਬਦ, ਪਰਿਆਇ, ਬਹੁ-ਅਰਥਕਤਾ ਅਤੇ ਇਕ ਭਾਸ਼ਾ ਦੇ ਸ਼ਬਦ ਦਾ ਦੂਜੀਆਂ ਭਾਸ਼ਾਵਾਂ ਵਿੱਚ ਸਮਤੁਲ ਸ਼ਬਦ ਆਦਿ ਦੀ ਦ੍ਰਿਸ਼ਟੀ ਤੋਂ ਕੋਸ਼ ਦਾ ਉਪਯੋਗ ਹੁੰਦਾ ਹੈ। ਵਿਭਿੰਨ ਪ੍ਰਕਾਰ ਦੇ ਕੋਸ਼ਾਂ ਦਾ ਉਪਯੋਗ ਵੀ ਅਲੱਗ-ਅਲੱਗ ਹੁੰਦਾ ਹੈ। ਸ਼ਬਦ ਕੋਸ਼ ਦਾ ਇੱਕ ਉਪਯੋਗ ਹੈ ਅਤੇ ਵਿਸ਼ਵਕੋਸ਼, ਵਿਸ਼ੇ ਕੋਸ਼, ਵਿਚਾਰਕੋਸ਼ ਦਾ ਦੂਜਾ ਅਤੇ ਪ੍ਰਯੋਗ ਕੋਸ਼ ਦਾ ਤੀਜਾ। ਇਸੇ ਤਰ੍ਹਾਂ ਪਰਿਭਾਸ਼ਤ ਕੋਸ਼, ਪਰਿਆਇ ਕੋਸ਼, ਵਿਉਂਤਪਤੀ ਕੋਸ਼ ਅਤੇ ਉਚਾਰਣ ਕੋਸ਼ ਦਾ ਅਲੱਗ-ਅਲੱਗ ਉਪਯੋਗ ਹੈ। ਕੋਸ਼ ਦੇ ਮਾਧਿਅਮ ਰਾਹੀਂ ਇਕ ਭਾਸ਼ਾ ਦੇ ਸਭਿਆਚਾਰ ਨੂੰ ਦੂਜੀ ਭਾਸ਼ਾ ਦੇ ਸਭਿਆਚਾਰ ਨਾਲ ਪਰਿਚਤ ਕਰਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮਾਂ ਬੋਲੀ ਦਾ ਗਿਆਨ ਵਿਕਸਤ ਕਰਨ, ਵਿਦੇਸ਼ੀ ਭਾਸ਼ਾ ਸਿੱਖਣ, ਅਨੁਵਾਦ ਕਰਨ, ਵਿਦੇਸ਼ੀ ਭਾਸ਼ਾ ਦੇ ਸਾਹਿਤ ਨੂੰ ਪੜ੍ਹਨ ਅਤੇ ਸਮਝਣ ਲਈ ਕੋਸ਼ ਦੀ ਭੂਮਿਕਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।"[3]
ਜੇਕਰ ਵੇਖਿਆ ਜਾਵੇ ਤਾਂ ਉਪਯੋਗਤਾ ਅਤੇ ਗੁਣਵੱਤਾ ਕੋਸ਼ ਦੇ ਮੁੱਖ ਲੱਛਣ ਹਨ।
ਜੇਕਰ ਕੋਸ਼ ਪਾਠਕ ਦੀ ਕਸੌਟੀ ਤੇ ਖਰਾ ਨਹੀਂ ਉੱਤਰਦਾ ਤਾਂ ਇਹ ਕੋਸ਼ਕਾਰੀ ਦੇ ਸੰਦਰਭਾਂ ਵਿੱਚ ਆਪਣੀ ਪ੍ਰਮਾਣਿਕਤਾ ਅਤੇ ਅਰਥ ਗੁਆ ਬਹਿੰਦਾ ਹੈ। ਇਸ ਨਾਲ ਹੀ ਸਰਵ ਵਿਆਪਕ ਪ੍ਰਵਾਨਗੀ ਵੀ ਇਸਦੀ ਮੂਲ ਵਿਸ਼ੇਸ਼ਤਾ ਹੈ। ਕੋਸ਼ ਦੀ ਬਣਤਰ ਬਹੁਪਰਤੀ ਹੁੰਦੀ ਹੈ। ਇਸ ਵਿੱਚ ਕਿਸੇ ਵੀ ਸੰਕਲਪ ਨੂੰ ਕੇਵਲ ਇਕਹਰੀ ਪੱਧਰ ਤੇ ਹੀ ਪ੍ਰਭਾਸ਼ਿਤ ਨਹੀਂ ਕੀਤਾ ਜਾਂਦਾ ਸਗੋਂ ਅਰਥ ਵਿਸਥਾਰ ਦੇ ਨਾਲ ਨਾਲ ਸੰਕਲਪ ਦੀ ਬਹੁਅਰਥੀ ਪਹੁੰਚ ਵਿਧੀ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। ਸਹੀ ਸੰਦਰਭ ਵਿਆਖਿਆ ਇਸਦਾ ਮੀਰੀ ਗੁਣ ਹੈ। ਅੱਖਰ ਕ੍ਰਮ ਇਸਨੂੰ ਵਿਉਂਤਬੰਦੀ ਦਾ ਵਿਗਿਆਨਕ ਆਧਾਰ ਪ੍ਰਦਾਨ ਕਰਦਾ ਹੈ। ਵਣਜਾਰਾ ਬੇਦੀ ਦਾ ਅੱਠ ਜਿਲਦਾਂ ਵਿੱਚ ਪ੍ਰਕਾਸ਼ਿਤ ਵਿਸ਼ਵ ਕੋਸ਼ ਇਨ੍ਹਾਂ ਮੁੱਢਲੀਆਂ ਲੋੜਾਂ ਅਤੇ ਸ਼ਰਤਾਂ ਤੇ ਖਰਾ ਉੱਤਰਦਾ ਹੈ। ਇਸ ਤਰ੍ਹਾਂ ਵਿਸ਼ਵਕੋਸ਼ ਕਿਸੇ ਵੀ ਖੇਤਰ ਜਾਂ ਖਿੱਤੇ ਦੇ ਸੱਭਿਆਚਾਰਕ ਵਿਰਸੇ ਅਤੇ ਲੋਕਧਾਰਾਈ ਸੰਕਲਪਾਂ ਨੂੰ ਸੰਭਾਲਣ ਅਤੇ ਵਿਸਥਾਰਨ ਵਿੱਚ ਅਜਿਹੀ ਭੂਮਿਕਾ ਅਦਾ ਕਰਦੇ ਹਨ। ਇਸ ਸੰਦਰਭ ਵਿੱਚ ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਲੋਕਧਾਰਾ ਵਿਸ਼ਵਕੋਸ਼ ਪੰਜਾਬੀ ਲੋਕਧਾਰਾ ਦਾ ਪਹਿਲਾ ਕੋਸ਼ ਹੈ। ਮਹਾਨ ਕੋਸ਼ ਤੋਂ ਬਾਅਦ ਇਹ ਕੋਸ਼ਕਾਰੀ ਦੇ ਖੇਤਰ ਵਿੱਚ ਦੂਜਾ ਵਿਸ਼ਾਲ ਕਾਰਜ ਹੈ। ਡਾ. ਵਣਜਾਰਾ ਬੇਦੀ ਦੇ ਇਸ ਕੋਸ਼ ਸਬੰਧੀ ਇਹ ਸ਼ਬਦ ਬਹੁਤ ਮਹੱਤਵਪੂਰਨ ਹਨ, "ਮੈਨੂੰ ਇਉਂ ਜਾਪਦਾ ਹੈ ਕਿ ਪਿਛਲੇ ਕਈ ਜਨਮਾਂ ਤੋਂ ਲੋਕਾਂ ਵਿੱਚ ਰਲ ਕੇ ਲੋਕਧਾਰਾ ਦੀਆਂ ਰੂੜ੍ਹੀਆਂ ਨੂੰ ਸਿਰਜਦਾ ਅਤੇ ਬਾਰ ਬਾਰ

ਉਨ੍ਹਾਂ ਦੀ ਪੁਨਰ ਰਚਨਾ ਕਰਦਾ ਰਿਹਾ ਹਾਂ ਅਤੇ ਹੁਣ ਇਨ੍ਹਾਂ ਰੂੜ੍ਹੀਆਂ ਨੂੰ ਇਕੱਤਰ ਕਰਕੇ ਸਾਂਭਣ ਦਾ ਕੰਮ ਵੀ ਜਿਵੇਂ ਕੁਦਰਤ ਨੇ ਮੈਨੂੰ ਸੌਂਪਿਆ ਹੋਵੇ। ਮੈਂ ਹੀ ਇਨ੍ਹਾਂ ਰੂੜ੍ਹੀਆਂ ਦਾ ਸਿਰਜਕ ਹਾਂ। ਮੈਂ ਹੀ ਪਿਛਲੀ ਪੀੜ੍ਹੀ ਦੇ ਰੂਪ ਵਿੱਚ ਬਾਰ-ਬਾਰ ਅਗਲੀ ਪੀੜ੍ਹੀ ਨੂੰ ਵਿਰਸੇ ਵਜੋਂ ਇਹ ਰੂੜ੍ਹੀਆਂ ਪ੍ਰਦਾਨ ਕਰਦਾ ਰਿਹਾ ਹਾਂ ਤਾਂ ਜੋ ਇਨ੍ਹਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹੇ ਅਤੇ ਹੁਣ ਵਿਗਿਆਨ ਦੇ ਯੁੱਗ ਵਿੱਚ ਜਦੋਂ ਇਹ ਰੂੜ੍ਹੀਆਂ ਅਤੇ ਤੱਤ ਮੌਖਿਕ ਰੂਪ ਵਿਚ ਬਹੁਤੀ ਲੰਮੀ ਯਾਤਰਾ ਕਰਨ ਦੀ ਸ਼ਕਤੀ ਗਵਾ ਬੈਠੇ ਹਨ, ਮੈਂ ਇਨ੍ਹਾਂ ਨੂੰ ਇਕੱਤਰ ਕਰਨ ਲਈ ਯਤਨਸ਼ੀਲ ਹਾਂ। ਇਹੋ ਲੋਕਾਂ ਤੋਂ ਅਨੇਕਾਂ ਰੂਪਾਂ ਵਿੱਚ ਇਕੱਠੀ ਕਰਕੇ ਮੈਂ ਇਸ ਵਿਸ਼ਵਕੋਸ਼ ਦੇ ਰੂਪ ਵਿਚ ਲੋਕਾਂ ਦੇ ਹਵਾਲੇ ਕਰ ਰਿਹਾ ਹਾਂ, 'ਤੇਰਾ ਤੁਝ ਕੋ ਸੌਂਪਤੇ ਕਿਆ ਲਾਗੇ ਮੇਰਾ'।"[4] ਜੇਕਰ ਪੰਜਾਬੀ ਵਿੱਚ ਲੋਕਧਾਰਾ ਦੇ ਖੇਤਰ ਵਿੱਚ ਹੁਣ ਤੱਕ ਹੋਏ ਮਹੱਤਵਪੂਰਨ ਅਤੇ ਮੁੱਲਵਾਨ ਕਾਰਜਾਂ ਵੱਲ ਇੱਕ ਨਜ਼ਰ ਸੁੱਟੀ ਜਾਵੇ ਤਾਂ ਵਣਜਾਰਾ ਬੇਦੀ ਵੱਲੋਂ ਤਿਆਰ ਕੀਤਾ ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਲੋਕਧਾਰਾ ਦੇ ਖੇਤਰ ਵਿੱਚ ਇੱਕ ਅਹਿਮ ਅਤੇ ਵਡੇਰਾ ਕਾਰਜ ਹੈ। ਇਸਨੇ ਪੰਜਾਬੀ ਲੋਕਧਾਰਾ ਅਧਿਐਨ ਦੇ ਖੇਤਰ ਵਿੱਚ ਆਧਾਰ ਸਮੱਗਰੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਪੰਜਾਬੀ ਵਿੱਚ ਲੋਕਧਾਰਾ ਅਧਿਐਨ ਨੂੰ ਅਨੋਖੀ ਗਤੀ ਵੀ ਪ੍ਰਦਾਨ ਕੀਤੀ ਹੈ। ਇਹ ਯੋਜਨਾਬੱਧ ਕਾਰਜ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਇੱਕ ਥੰਮ੍ਹ ਵੱਜੋਂ ਜਾਣਿਆ ਜਾਂਦਾ ਹੈ, ਜਿਸਦੇ ਇਰਦ ਗਿਰਧ ਪੰਜਾਬੀ ਲੋਕਧਾਰਾ ਦਾ ਨਵਾਂ ਢਾਂਚਾ ਉੱਸਰਿਆ ਹੋਇਆ ਹੈ। ਇਹ ਬਹੁਪਰਤੀ ਕਾਰਜ ਸਾਹਿਤ, ਇਤਿਹਾਸ, ਸਮਾਜ ਸ਼ਾਸ਼ਤਰ ਅਤੇ ਅਧਿਐਨ ਦੇ ਹੋਰ ਖੇਤਰਾਂ ਨਾਲ ਵੀ ਜੁੜਿਆ ਹੋਇਆ ਹੈ। ਉਸਦੀ ਲੋਕ ਮਨ ਪ੍ਰਤੀ ਪਹੁੰਚ ਮਨੋਵਿਗਿਆਨਕ ਅਤੇ ਸਮਾਜ ਸ਼ਾਸ਼ਤਰੀ ਦ੍ਰਿਸ਼ਟੀ ਦੀ ਧਾਰਨੀ ਹੈ। ਇਸ ਤਰ੍ਹਾਂ ਲੋਕਧਾਰਾ ਵਿਸ਼ਵਕੋਸ਼ ਅਧਿਐਨ ਦੇ ਇਕਹਰੇ ਮਾਡਲ ਨਾਲ ਸਬੰਧ ਨਹੀਂ ਰੱਖਦਾ। ਸਗੋਂ ਇਸਦੀ ਪਹੁੰਚ ਬਹੁਅਰਥੀ ਅਤੇ ਅੰਤਰ ਅਨੁਸ਼ਾਸ਼ਨੀ ਹੈ। ਇਸ ਲਈ ਉਹ ਵਿਸ਼ਵਕੋਸ਼ ਵਿੱਚ ਜਿਹੜਾ ਵੀ ਸੰਕਲਪ ਪੇਸ਼ ਕਰਦਾ ਹੈ, ਉਹ ਉਸਦੇ ਅਰਥ ਸੰਸਾਰ ਲਈ ਸਪੱਸ਼ਟ, ਸੰਖੇਪ ਅਤੇ ਢੁਕਵੀਂ ਵਿਉਂਤਬੰਦੀ ਕਰਦਾ ਹੈ। ਅਸਲ ਵਿੱਚ ਇਹ ਗਿਆਨ, ਵਿਗਿਆਨ ਅਤੇ ਚਿੰਤਨ ਦੀ ਇੱਕ ਮਿਸਾਲੀ ਜੁਗਲਬੰਦੀ ਹੈ, ਜਿਸਨੂੰ ਬੇਦੀ ਨੇ ਬਹੁਤ ਹੀ ਸੁਚੇਤ ਪੱਧਰ ਤੇ ਨਿਭਾਉਣ ਦਾ ਯਤਨ ਕੀਤਾ ਹੈ। "ਡਾ.ਬੇਦੀ ਨੇ ਆਪਣੇ ਵਿਸ਼ਵਕੋਸ਼ ਵਿੱਚ ਸ਼ਬਦਾਂ ਦੇ ਪ੍ਰਯੋਗ ਅਤੇ ਸ਼ਬਦ ਸੰਗਤ ਦਾ ਪੂਰਾ ਧਿਆਨ ਰੱਖਣ ਦੇ ਨਾਲ-ਨਾਲ ਸ਼ਬਦਾਂ ਦੇ ਹਰ ਤਰ੍ਹਾਂ ਦੇ ਪ੍ਰਯੋਗ ਅਤੇ ਪਿਛੋਕੜ ਨੂੰ ਹਰ ਤਰ੍ਹਾਂ ਦੇ ਵੇਰਵੇ ਨਾਲ ਬਿਆਨ

ਕੀਤਾ ਹੈ। ਉਦਾਹਰਣ ਵਜੋਂ 'ਚਰਖਾ' ਸ਼ਬਦ ਵੇਖਿਆ ਜਾ ਸਕਦਾ ਹੈ, ਲੇਖਕ ਨੇ ਪਹਿਲਾਂ 'ਚਰਖਾ' ਸ਼ਬਦ ਦੇ ਅੱਖਰੀ ਅਰਥ ਦਿੱਤੇ ਹੋਏ ਹਨ, ਫਿਰ ਇਸ ਨਾਲ ਸੰਬੰਧਤ ਲੋਕ ਧਾਰਨਾਵਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਹੈ ਕਿ ਲੋਕ ਧਾਰਨਾ ਅਨੁਸਾਰ ਵਿਸ਼ਵਕਰਮਾ ਨੇ ਚਰਖੇ ਨੂੰ ਆਪਣੇ ਹੱਥ ਨਾਲ ਬਣਾਇਆ। ਫਿਰ ਸਾਡੇ ਲੋਕ ਗੀਤਾਂ ਵਿੱਚ ਕਿਸ ਢੰਗ ਨਾਲ ਇਸ ਗੱਲ ਦਾ ਵਿਖਿਆਨ ਕੀਤਾ ਗਿਆ ਹੈ। ਫਿਰ ਚਰਖੇ ਬਾਰੇ ਅਖਾਣਾਂ, ਬੁਝਾਰਤਾਂ ਵਿਚ ਪੇਸ਼ ਹੋਈ ਤਸਵੀਰ ਪ੍ਰਸਤੁਤ ਕੀਤੀ ਗਈ ਹੈ। ਚਰਖੇ ਨਾਲ ਪੰਜਾਬਣਾਂ ਦਾ ਕੀ ਰਿਸ਼ਤਾ ਹੈ, ਦਾ ਵਰਣਨ ਬੜੇ ਭਾਵਪੂਰਤ ਢੰਗ ਨਾਲ ਕੀਤਾ ਗਿਆ ਹੈ। ਚਰਖੇ ਨਾਲ ਪੰਜਾਬਣ ਦੀਆਂ ਕਈ ਜੀਵਨ ਤੰਦਾਂ ਸਾਂਝੀਆਂ ਹਨ। ਗੋਹੜਿਆਂ ਵਿਚ ਉਸ ਦੇ ਕਈ ਸੁਪਨੇ ਵਲੇਟੇ ਪਏ ਹਨ। ਚਰਖੀ ਦੀ ਘੂਕਰ ਉਸ ਦੇ ਜੀਵਨ ਦਾ ਇਕ ਅਜਿਹਾ ਸਾਜ਼ ਹੈ, ਜੋ ਉਸ ਦੀਆਂ ਰੁੱਖੀਆਂ ਘੜੀਆਂ ਉੱਤੇ ਜਾਦੂ ਧੂੜ ਦੇਂਦਾ ਹੈ। ਚਰਖੇ ਦੀ ਘੂੰ-ਘੂੰ ਪੰਜਾਬਣਾਂ ਦੇ ਦਿਲਾਂ ਦੀ ਧੜਕਣ ਨਾਲ ਇਕਸੁਰ ਹੋ ਕੇ ਉਨ੍ਹਾਂ ਦੇ ਅੰਦਰੋਂ ਗੀਤ ਉਤਪੰਨ ਕਰਦੀ ਹੈ। ਇਸ ਤੋਂ ਬਾਅਦ ਚਰਖੇ ਨੂੰ ਕਵੀਆਂ ਨੇ ਕਿਸ ਤਰ੍ਹਾਂ ਪ੍ਰਤੀਕ ਰੂਪ ਵਿਚ ਵਰਤਿਆ ਤੇ ਇਸ ਨਾਲ ਕਿਹੜੇ-ਕਿਹੜੇ ਵਹਿਮ-ਭਰਮ ਜੁੜੇ ਹੋਏ ਹਨ ਬਾਰੇ ਵਿਸਤਰਿਤ ਜਾਣਕਾਰੀ ਦਿੱਤੀ ਗਈ ਹੈ। ਇਸ ਤਰ੍ਹਾਂ ਖਿਜਰ ਗਊ, ਗੰਗਾ, ਗਰੁੜ, ਕਬੂਤਰ, ਕੱਤਕ, ਭੇਖ, ਹਿਰਨ, ਹਮਦ, ਹਮੇਲ, ਕਹੂਤ, ਲੁਕਮਾਨ, ਵਿਸ਼ ਕੰਨਿਆ, ਵਿਕਰਮ, ਜਿੰਨ, ਤੁਲਸੀ ਅਤੇ ਹੋਰ ਅਣਗਿਣਤ ਸ਼ਬਦ ਵੇਖੇ ਜਾ ਸਕਦੇ ਹਨ ਜਿਨ੍ਹਾਂ ਨਾਲ ਸੰਬੰਧਤ ਕੋਈ ਪੱਖ ਵੀ ਅਜਿਹਾ ਨਹੀਂ ਜਿਸ ਬਾਰੇ ਜਾਣਕਾਰੀ ਨਾ ਦਿੱਤੀ ਜਾਵੇ।"[5] ਕਿਸੇ ਵੀ ਭਾਸ਼ਾ ਦੇ ਕੋਸ਼ ਦੀ ਨਿਰਮਾਣਕਾਰੀ ਦਾ ਕਾਰਜ ਐਨਾ ਸਰਲ ਅਤੇ ਸੌਖਾ ਨਹੀਂ ਹੁੰਦਾ। ਇਹ ਇੱਕ ਵੰਗਾਰ ਭਰਿਆ ਕਾਰਜ ਹੁੰਦਾ ਹੈ। ਕੋਸ਼ ਕਰਤਾ ਭਾਵੇਂ ਕਿੰਨਾ ਵੀ ਗੰਭੀਰ ਅਤੇ ਸੁਹਿਰਦ ਕਿਉਂ ਨਾ ਹੋਵੇ, ਫਿਰ ਵੀ ਇਸ ਤਰ੍ਹਾਂ ਦੇ ਮੁਸ਼ਕਲ ਅਤੇ ਵਡੇਰੇ ਕਾਰਜ ਵਿੱਚ ਕੁਝ ਖਾਮੀਆਂ ਅਤੇ ਊਣਤਾਈਆਂ ਰਹਿ ਜਾਣਾ ਬੜੀ ਸੁਭਾਵਿਕ ਗੱਲ ਹੈ। ਭਾਵੇਂ ਕਿ ਵਣਜਾਰਾ ਬੇਦੀ ਨੇ ਇਹ ਕੋਸ਼ ਤਿਆਰ ਕਰਨ ਲੱਗਿਆਂ ਬੜੀ ਸੰਤੁਲਿਤ ਪਹੁੰਚ ਅਪਣਾਈ ਹੈ ਪਰੰਤੂ ਫਿਰ ਵੀ ਕੁਝ ਇੰਦਰਾਜ਼ਾਂ ਵਿੱਚ ਵਰਣਨ ਅਤੇ ਤਫ਼ਸੀਲ ਦੀ ਘਾਟ ਰੜਕਦੀ ਹੈ। ਕਈ ਥਾਵਾਂ ਤੇ ਇਹ ਵਰਣਨ ਬੇਲੋੜਾ ਵੀ ਹੋ ਨਿਬੜਦਾ ਹੈ। ਅਸਲ ਵਿੱਚ ਇਸ ਤਰ੍ਹਾਂ ਦੇ ਵਡੇਰੇ ਅਤੇ ਗੰਭੀਰ ਕਾਰਜ ਭਾਸ਼ਾ ਲਈ ਕੰਮ ਕਰ ਰਹੀਆਂ ਸਰਕਾਰੀ ਅਤੇ ਗੈਰ-ਸਰਕਾਰੀ ਸਾਹਿਤਕ ਸੰਸਥਾਵਾਂ ਦਾ ਕੰਮ ਹੁੰਦੇ ਹਨ। ਇਸ ਦੇ ਨਾਲ ਹੀ ਵਿਉਂਤਬੰਦੀ ਇਨ੍ਹਾਂ ਦਾ ਮੂਲ ਆਧਾਰ ਬਣਦੀ ਹੈ। ਢੁਕਵਾਂ ਸਮਾਂ ਅਤੇ ਖੋਜ ਦੀਆਂ ਹੋਰ ਮੁਢਲੀਆਂ ਲੋੜਾਂ

ਇਸ ਵਿੱਚ ਆਪਣਾ ਬਣਦਾ ਯੋਗਦਾਨ ਅਦਾ ਕਰਦੀਆਂ ਹਨ। ਇਕੱਲੇ ਵਿਅਕਤੀ ਦੁਆਰਾ ਅਜਿਹਾ ਵਿਸ਼ਾਲ ਕਾਰਜ ਨੇਪਰੇ ਚਾੜ੍ਹਨਾ ਆਪਣੇ ਆਪ ਵਿੱਚ ਇੱਕ ਮਿਸਾਲੀ ਕਾਰਜ ਹੈ। ਇਸ ਪਿੱਛੇ ਲੇਖਕ ਦੀ ਲੰਬੀ ਘਾਲਣਾ ਦੇ ਨਾਲ ਨਾਲ ਸਿਰੜ ਦੀ ਸਿਖਰ ਵੀ ਵੇਖੀ ਜਾ ਸਕਦੀ ਹੈ। ਅਜੋਕੇ ਦੌਰ ਵਿੱਚ ਇਸ ਕੋਸ਼ ਦੀ ਮਹੱਤਤਾ ਬਹੁਪੱਖੀ ਹੈ। ਇਸਦੀ ਸੀਮਾ ਇਕੱਲੇ ਲੋਕਧਾਰਾਈ ਵਿਖਿਆਨਾਂ ਅਤੇ ਸੰਕਲਪਾਂ ਤੀਕ ਹੀ ਮਹਿਦੂਦ ਨਹੀਂ ਰਹਿੰਦੀ, ਇਹ ਪੰਜਾਬੀ ਸਾਹਿਤ-ਸੱਭਿਆਚਾਰ ਦੇ ਇੱਕ ਪੂਰਨ ਕੋਸ਼ ਵੱਜੋਂ ਆਪਣੀ ਮਹੱਤਤਾ ਜ਼ਾਹਰ ਕਰਦਾ ਹੈ। ਇਸਨੂੰ ਇਤਿਹਾਸਕ-ਮਿਥਿਹਾਸਕ ਅਤੇ ਲੋਕਧਾਰਾਈ ਸੰਕਲਪ ਅਨੂਠੀ ਰੌਚਿਕਤਾ ਅਤੇ ਪਛਾਣ ਪ੍ਰਦਾਨ ਕਰਦੇ ਹਨ।

ਵਣਜਾਰਾ ਬੇਦੀ ਨੇ ਇਸ ਵਿਸ਼ਵਕੋਸ਼ ਦਾ ਨਿਰਮਾਣ ਬੜੇ ਵਿਧੀ ਵਿਧਾਨ ਅਤੇ ਕੋਸ਼ਕਾਰੀ ਦੇ ਪ੍ਰਚਲਿਤ ਨਿਯਮਾਂ ਦੇ ਅਨੁਸਾਰ ਕਰਨ ਦਾ ਯਤਨ ਕੀਤਾ ਹੈ। ਇਸਦੀ ਤਰਤੀਬ ਅੱਖਰ ਕ੍ਰਮ ਅਨੁਸਾਰ ਬੜੀ ਵਾਜਬ ਅਤੇ ਢੁਕਵੀਂ ਹੈ। ਇਸ ਵਿਸ਼ਵਕੋਸ਼ ਦੀ ਸਰੋਤ-ਸਮੱਗਰੀ ਦਾ ਗਿਆਨ ਭੰਡਾਰ ਬਹੁਤ ਵਿਸ਼ਾਲ ਪਹੁੰਚ ਰੱਖਦਾ ਹੈ। ਇਹ ਸਰੋਤ ਸਮੱਗਰੀ ਜਿੱਥੇ ਸਿਧਾਂਤਕ ਪੁਸਤਕਾਂ ਵਿੱਚੋਂ ਇਕੱਤਰੀ ਕੀਤੀ ਗਈ ਹੈ, ਉਸਦੇ ਨਾਲ ਹੀ ਗਿਆਨ ਦੀ ਮੌਖਿਕ ਪਰੰਪਰਾ ਵਿੱਚੋਂ ਵੀ ਪ੍ਰਾਪਤ ਕੀਤੀ ਗਈ ਹੈ। ਇਸ ਵਿੱਚ ਸਾਡਾ ਸੱਭਿਆਚਾਰਕ ਵਿਰਸਾ ਅਤੇ ਲੋਕ ਜੀਵਨ ਜੀਵੰਤ ਰੂਪ ਵਿੱਚ ਧੜਕਦਾ ਮਹਿਸੂਸ ਹੁੰਦਾ ਹੈ। ਇਸ ਵਿੱਚ ਸਾਡੇ ਲੋਕ ਜੀਵਨ ਵਿੱਚੋਂ ਇਕੱਤਰ ਕੀਤੇ ਵੇਰਵੇ ਅਤੇ ਤੱਥ ਇਸਨੂੰ ਹੋਰ ਵੀ ਸਜੱਗਤਾ ਅਤੇ ਤਾਜ਼ਗੀ ਪ੍ਰਦਾਨ ਕਰਦੇ ਹਨ। ਇਸ ਵਿਸ਼ਵਕੋਸ਼ ਵਿੱਚ ਸ਼ਬਦ-ਅਰਥ ਦਾ ਸੰਚਾਰ ਲੇਖਕ ਨੇ ਬਹੁਤ ਹੀ ਤਰਕਪੂਰਨ ਅਤੇ ਵਿਗਿਆਨਕ ਢੰਗ ਨਾਲ ਦੇਣ ਦਾ ਯਤਨ ਕੀਤਾ ਹੈ। ਇਸ ਸਬੰਧੀ ਉਸਦੀ ਤਫ਼ਸੀਲ ਅਤੇ ਵਰਣਨ ਬਹੁਤ ਹੀ ਸੰਖੇਪ ਅਤੇ ਢੁਕਵੇਂ ਹਨ। ਇਸ ਕਾਰਜ ਦੌਰਾਨ ਲੇਖਕ ਤੇ ਲੋਕਧਾਰਾ ਦੇ ਵੇਗ ਦਾ ਪ੍ਰਭਾਵ ਸਪੱਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਪੰਜਾਬੀ ਲੋਕਧਾਰਾ ਅਧਿਐਨ ਲਈ ਇਹ ਇੱਕ ਮੁੱਢਲਾ ਅਤੇ ਪ੍ਰਮਾਣਿਕ ਵਿਸ਼ਵਕੋਸ਼ ਹੈ। ਇਸਦੀ ਭਾਸ਼ਾ ਸਰਲ ਠੇਠ ਅਤੇ ਮੁਹਾਵਰੇ ਵਾਲੀ ਹੈ। ਇਹ ਵਿਸ਼ਵਕੋਸ਼ ਜਿੱਥੇ ਪੰਜਾਬੀ ਲੋਕਧਾਰਾ ਅਧਿਐਨ ਲਈ ਇੱਕ ਸਰੋਤ ਗ੍ਰੰਥ ਦੀ ਭੂਮਿਕਾ ਅਦਾ ਕਰਦਾ ਹੈ, ਉਸਦੇ ਨਾਲ ਹੀ ਲੋਕਧਾਰਾ ਦੇ ਵਿਦਿਆਰਥੀਆਂ ਲਈ ਵੀ ਬਹੁਤ ਉਪਯੋਗੀ ਸਿੱਧ ਹੁੰਦਾ ਹੈ। ਇਸ ਕੋਸ਼ ਦੀ ਵਿਉਂਤਬੰਦੀ ਅਤੇ ਇੰਦਰਾਜ਼ਾਂ ਬਾਰੇ ਡਾ.ਕੇਸਰ ਸਿੰਘ ਕੇਸਰ ਦਾ ਵਿਚਾਰ ਹੈ, "ਲੋਕਧਾਰਾ ਵਿਸ਼ਵਕੋਸ਼ ਵਿਚ ਇਸ ਦੀ ਬੜੀ ਢੁਕਵੀਂ ਵਰਤੋਂ ਹੋਈ ਹੈ। ਜਿਹੜੀ ਗੱਲ ਜਾਂ ਪਰਿਭਾਸ਼ਾ

ਇਕ ਤੋਂ ਵੱਧ ਐਂਟਰੀਆਂ ਵਿਚ ਸਪੱਸ਼ਟ ਹੁੰਦੀ ਹੈ, ਇਕ ਦੂਜੀ ਵਿਚ ਉਸ ਦਾ ਸੰਕੇਤ ਦਿੱਤਾ ਗਿਆ ਹੈ ਜਿਵੇਂ ਲੋਰੀ ਨਾਲ ਸੰਬੰਧਤ ਇਕ ਲੋਕ ਗੀਤ ਹੈ, "ਅਲੜ ਬਲੜ" ਜਿਸ ਬਾਰੇ ਪੂਰੀ ਸਪੱਸ਼ਟਤਾ ਲੋਰੀ ਦੀ ਐਂਟਰੀ ਪੜ੍ਹ ਕੇ ਹੀ ਹੋ ਸਕਦੀ ਹੈ, ਜੋ ਕਿ ਸੰਕੇਤਕ ਰੂਪ ਵਿੱਚ ਉਸਦੇ ਦੇ ਅੰਤ ਵਿਚ ਦਰਜ਼ ਹੈ। ਇਸੇ ਤਰ੍ਹਾਂ ਜਿਨ੍ਹਾਂ ਵਸਤਾਂ ਤੇ ਗੀਤਾਂ ਦੇ ਦੋ-ਦੋ ਨਾਂ ਪ੍ਰਚੱਲਿਤ ਹਨ ਉਨ੍ਹਾਂ ਦੇ ਅੰਦਰਾਜ ਲਿਖ ਕੇ ਇਕ ਦੂਜੇ ਵੱਲ ਸੰਕੇਤ ਕਰ ਦਿੱਤਾ ਗਿਆ ਹੈ- ਜਿਵੇਂ 'ਉਠਾਲਾ' ਤੇ 'ਉਠਾਵਲੀ'। ਜੇ ਕੋਈ ਸ਼ਬਦ ਸੰਕੇਤ ਆਮ ਪ੍ਰਚਲਨ ਵਿਚ ਹੋਰ ਵੇਰਵੇ ਤੇ ਸਥਾਨਕ ਪ੍ਰਚਲਨ ਵਿਚ ਕੋਈ ਹੋਰ ਰੂਪ ਅਖ਼ਤਿਆਰ ਕਰ ਗਿਆ ਹੋਵੇ ਤਾਂ ਵੀ ਦੋ ਅੰਦਰਾਜ ਬਣਾਏ ਗਏ ਹਨ ਪਰ ਦੋਹਾਂ ਵਿਚ ਵਿਆਖਿਆ ਕੇਵਲ ਆਮ ਪ੍ਰਚਲਿਤ ਸੰਕੇਤ ਦੀ ਹੀ ਕੀਤੀ ਗਈ ਹੈ ਜਿਵੇਂ 'ਸੀਤਲਾ' ਤੇ 'ਹਸਣੀ ਖੇਡਣੀ ਮਾਤਾ' ਇਨ੍ਹਾਂ ਵਿਚ ਸੀਤਲਾ ਦੀ ਵਿਆਖਿਆ ਕਰ ਦਿੱਤੀ ਗਈ ਹੈ ਤੇ ਹਸਣੀ ਖੇਡਣੀ ਮਾਤਾ ਦੀ ਟਿੱਪਣੀ ਲਿਖ ਕੇ ਬ੍ਰੈਕਟ ਵਿਚ ਲਿਖ ਦਿੱਤਾ ਗਿਆ ਹੈ ਸਤਿਆ ਤੇ ਸਵਾਸਤਿਕ ਦੋਵੇਂ ਆਮ ਪ੍ਰਚੱਲਿਤ ਹਨ- ਪਹਿਲਾ ਘੱਟ ਤੇ ਦੂਜਾ ਵੱਧ। ਵਸਤੂ ਸੰਗਠਨ ਤੇ ਸੰਖੇਪਤਾ ਦੀ ਦ੍ਰਿਸ਼ਟੀ ਤੋਂ ਦੂਹਰੇ ਅੰਦਰਾਜਾਂ ਦੀ ਤਕਨੀਕ ਨਿਸ਼ਚੇ ਹੀ ਇਕ ਵਿਗਿਆਨਕ ਤਕਨੀਕ ਹੈ।"[6] ਡਾ. ਵਣਜਾਰਾ ਬੇਦੀ ਨੇ ਲੋਕਧਾਰਾ ਦੇ ਖੇਤਰ ਵਿੱਚ ਸਮੁੱਚਾ ਕਾਰਜ ਖੇਤਰੀ ਖੋਜ ਦੇ ਆਧਾਰ ਤੇ ਮੁਕੰਮਲ ਕੀਤਾ ਹੈ। ਉਹ ਆਪਣੀ ਖੋਜ ਸਮੱਗਰੀ ਜਿੱਥੇ ਸਾਡੇ ਲੋਕ ਜੀਵਨ ਵਿੱਚੋਂ ਪ੍ਰਾਪਤ ਕਰਦਾ ਹੈ, ਉਸਦੇ ਨਾਲ ਹੀ ਆਪਣੀ ਸਮਾਜਿਕ ਪਹੁੰਚ ਪ੍ਰਤੀ ਵੀ ਪੂਰਾ ਸੁਚੇਤ ਹੈ। ਇਸ ਤਰ੍ਹਾਂ ਉਸਨੇ ਪੰਜਾਬੀ ਲੋਕਧਾਰਾ ਨੂੰ ਇੱਕ ਵਿਗਿਆਨਕ ਮਾਡਲ ਦੇਣ ਦਾ ਯਤਨ ਕੀਤਾ ਹੈ।

ਵਣਜਾਰਾ ਬੇਦੀ ਦਾ ਇਹ ਹਾਸਿਲ ਹੈ ਕਿ ਉਸਨੇ ਸਿਧਾਂਤ ਨੂੰ ਵਿਸ਼ੇ ਦੇ ਖੇਤਰੀ ਸਰੂਪ ਨਾਲ ਜੋੜਨ ਦਾ ਯਤਨ ਕੀਤਾ ਹੈ। ਇਸ ਸਬੰਧੀ ਇੱਥੇ ਪ੍ਰਸਿੱਧ ਲੋਕਧਾਰਾ ਵਿਦਵਾਨ ਡਾ.ਨਾਹਰ ਸਿੰਘ ਦੇ ਵਿਚਾਰ ਵਿਸ਼ੇਸ਼ ਤੌਰ ਤੇ ਗ਼ੌਲਣਯੋਗ ਹਨ, "ਪੰਜਾਬੀ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਤੋਂ ਇੱਕ ਲੰਮੇ ਅਰਸੇ ਬਾਅਦ ਡਾ.ਬੇਦੀ ਦਾ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਇੱਕ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਪੰਜਾਬੀਆਂ ਕੋਲ ਆਪਣੇ ਸਭਿਆਚਾਰ ਦੀ ਪਛਾਣ ਹਿਤ ਇਹ ਇਕ ਮਾਣਯੋਗ ਗ੍ਰੰਥ ਹੈ। ਸਿਰਜਨਾਤਮਕ ਸ਼ੈਲੀ ਵਿੱਚ ਰਚੇ ਗਏ ਇਸ ਗ੍ਰੰਥ ਵਿੱਚੋਂ ਪੰਜਾਬ ਦੀ ਸਦੀਆਂ ਲੰਮੀ ਸਾਂਸਕ੍ਰਿਤਕ ਧਾਰਾ ਦੀ ਨੁਹਾਰ ਤੇ ਇਸ ਅੰਦਰ ਵਿਭਿੰਨ ਇਤਿਹਾਸਕ ਪੜਾਵਾਂ ਉੱਤੇ ਆਏ ਗੁਣਾਤਮਕ ਪਰਿਵਰਤਨਾਂ ਦੀ ਥਾਹ ਮਿਲਦੀ ਹੈ। ਇਸ ਗ੍ਰੰਥ ਵਿੱਚ ਉਪਲਬਧ ਸਮੱਗਰੀ ਪੰਜਾਬੀ ਸਭਿਆਚਾਰ ਅੰਦਰਲੇ

ਇਤਿਹਾਸਕ ਰੂਪਾਂਤਰਣ ਦੀ ਪ੍ਰਕਿਰਿਆ ਦੇ ਅਧਿਐਨ ਲਈ ਪ੍ਰਮਾਣਿਕ ਆਧਾਰ ਬਣਨ ਦੇ ਸਮਰੱਥ ਹੈ।"[7] ਡਾ. ਵਣਜਾਰਾ ਬੇਦੀ ਨੇ ਲੋਕਧਾਰਾ ਦੇ ਖੇਤਰ ਵਿੱਚ ਨਿੱਠ ਕੇ ਕੰਮ ਕੀਤਾ ਹੈ। ਉਸਦੀਆਂ ਧਾਰਨਾਵਾਂ ਮੌਲਿਕ ਹਨ। ਇਸ ਕਾਰਜ ਲਈ ਉਸਨੇ ਪੰਜਾਬ ਦੀ ਮੌਖਿਕ ਪਰੰਪਰਾ ਅਤੇ ਜੀਵਨ ਵਿਹਾਰ ਨੂੰ ਸੱਭਿਆਚਾਰਕ ਸੰਦਰਭਾਂ ਵਿੱਚ ਚੰਗੀ ਤਰ੍ਹਾਂ ਘੋਖਿਆ ਪੜ੍ਹਤਾਲਿਆ ਹੈ। ਇਹ ਕੋਈ ਐਨਾ ਸਰਲ ਕਾਰਜ ਨਹੀਂ ਹੈ। ਪੰਜਾਬ ਵਿੱਚ ਵੱਖ ਵੱਖ ਜਾਤੀਆਂ, ਜਨਜਾਤੀਆਂ ਅਤੇ ਕਬੀਲਿਆਂ ਦੇ ਲੋਕ ਵੱਸਦੇ ਹਨ। ਇਹ ਸਾਰੇ ਮਿਲਕੇ ਇੱਕ ਸਾਂਝੀ ਸੱਭਿਆਚਾਰਕ ਵਿਰਾਸਤ ਦਾ ਪ੍ਰਗਟਾਵਾ ਕਰਦੇ ਹਨ। ਇਸ ਤਰ੍ਹਾਂ ਇਸ ਮਿਸ਼ਰਤ ਸੱਭਿਆਚਾਰ ਨੂੰ ਅੱਡ ਅੱਡ ਸੱਭਿਆਚਾਰਕ ਗੁੱਟਾਂ ਵਿੱਚ ਤਰਤੀਬ ਦੇਣੀ ਅਤੇ ਪ੍ਰੀਭਾਸ਼ਤ ਕਰਨਾ ਬੜਾ ਮੁਸ਼ਕਲ ਅਤੇ ਜ਼ੋਖਿਮ ਭਰਿਆ ਕਾਰਜ ਹੈ। ਵਣਜਾਰਾ ਬੇਦੀ ਨੇ ਇਸ ਸਾਂਸਕ੍ਰਿਤਕ ਪਾਸਾਰੇ ਨੂੰ ਬਹੁਤ ਹੀ ਵਿਗਿਆਨਕ ਢੰਗ ਅਤੇ ਸੁਹਿਰਦਤਾ ਨਾਲ ਨੇਪਰੇ ਚਾੜਿਆ ਹੈ। "ਇਸ ਵਿਸ਼ਵਕੋਸ਼ ਵਿਚ ਪ੍ਰਸਤੁਤ ਹੋਈ ਲੋਕਧਾਰਾਈ ਸਮੱਗਰੀ ਦਾ ਅਧਿਐਨ ਇਕ ਹੋਰ ਪੱਖੋਂ ਕੁਝ ਹੋਰ ਸਾਰਥਕ ਸਿੱਟਿਆਂ ਦੀ ਤਲਾਸ਼ ਵਿਚ ਸਹਾਈ ਹੋ ਸਕਦਾ ਹੈ। ਇਸ ਵਿਚ ਉਪਲਬਧ ਲੋਕਧਾਰਾਈ ਸਮੱਗਰੀ ਦਾ ਬਹੁਤ ਵੱਡਾ ਹਿੱਸਾ ਲੋਕ ਵਿਸ਼ਵਾਸ਼ਾਂ ਨਾਲ ਸੰਬੰਧਤ ਹੈ ਜਿਸ ਨੂੰ ਬਣਨ, ਵਿਗਸਤ ਹੋਣ ਵਿਚ ਕਈ ਸਦੀਆਂ ਦਾ ਸਮਾਂ ਲੱਗਾ ਹੈ। ਹਰ ਪੀੜ੍ਹੀ ਨੇ ਆਪਣੀ ਲੋੜ ਅਨੁਸਾਰ ਅਤੇ ਆਪਣੇ ਅਨੁਭਵ ਦੇ ਆਧਾਰ ਤੇ ਇਨ੍ਹਾਂ ਵਿਚ ਆਉਣ ਤੇ ਲੋਕ ਮਾਨਸਿਕਤਾ ਦਾ ਅੰਗ ਬਣਨ ਵਿਚ ਕਿਹੜੇ-ਕਿਹੜੇ ਕਾਰਨ ਕਾਰਜਸ਼ੀਲ ਰਹੇ ਹਨ, ਉਨ੍ਹਾਂ ਦਾ ਅਧਿਐਨ ਵਿਸ਼ਲੇਸ਼ਣ ਨਹੀਂ ਕੀਤਾ। ਜੇਕਰ ਇਨ੍ਹਾਂ ਕਾਰਨਾਂ ਦੀ ਘੋਖ ਕੀਤੀ ਜਾਵੇ ਤਾਂ ਸਪੱਸ਼ਟ ਹੋਵੇਗਾ ਕਿ ਹਰ ਵਿਸ਼ਵਾਸ ਦੇ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੋਵੇਗਾ। ਇਨ੍ਹਾਂ ਕਾਰਨਾਂ ਨੂੰ ਜਾਨਣ ਦਾ ਯਤਨ ਲੋਕ ਮਾਨਸਿਕਤਾ ਅਤੇ ਸਮਾਜਿਕ ਵਿਕਾਸ ਦੀ ਪ੍ਰਕਿਰਿਆ ਨੂੰ ਵਧੇਰੇ ਸਾਰਥਕ ਢੰਗ ਨਾਲ ਸਮਝਣ ਵਿਚ ਸਹਾਈ ਹੋ ਸਕਦਾ ਹੈ। ਉਦਾਹਰਣ ਵੱਜੋਂ ਲੋਕ-ਵਿਸ਼ਵਾਸਾਂ ਪਿੱਛੇ ਇਕ ਮਹੱਤਵਪੂਰਨ ਤੱਥ ਇਹ ਉਜਾਗਰ ਹੁੰਦਾ ਹੈ ਕਿ ਹਰ ਵਸਤੂ, ਸਥਿਤੀ ਜਾਂ ਘਟਨਾ ਨੂੰ ਲੋਕ ਆਪੋ-ਆਪਣੇ ਧਾਰਮਿਕ ਅਕੀਦੇ ਅਨੁਸਾਰ ਗੈਬੀ ਸ਼ਕਤੀਆਂ ਨਾਲ ਸੰਬੰਧਤ ਕਰਦੇ ਹਨ। ਦੂਸਰੀ ਗੱਲ ਧਰਤੀ, ਸੂਰਜ, ਚੰਦ, ਤਾਰੇ, ਪਸ਼ੂ, ਪੰਛੀ ਤੇ ਹੋਰ ਜਾਨਵਰ ਮਨੁੱਖਾਂ ਵਾਂਗ ਸੋਚਦੇ ਵਿਚਰਦੇ, ਦੁੱਖ-ਸੁੱਖ ਸਹਿੰਦੇ ਲੋਕ ਮਾਨਸਿਕਤਾ ਦਾ ਅੰਗ ਬਣੇ ਹਨ। ਲੋਕਾਂ ਦੀ ਅਜਿਹੀ ਮਾਨਸਿਕਤਾ ਦਾ ਤੇ ਵਹਿਮਾਂ-ਭਰਮਾਂ ਪਿੱਛੇ ਪੁੱਛੇ ਕਾਰਨਾਂ ਦੀ ਘੋਖ ਕਰਨ ਨਾਲ ਦਿਲਚਸਪ ਸਿੱਟੇ ਸਾਹਮਣੇ ਆ ਸਕਦੇ ਹਨ।"[8]

ਇਸ ਤਰ੍ਹਾਂ ਵਣਜਾਰਾ ਬੇਦੀ ਨੇ ਅੱਠ ਜਿਲਦਾਂ ਵਿੱਚ ਵੱਡ ਆਕਾਰੀ ਲੋਕਧਾਰਾ ਵਿਸ਼ਵਕੋਸ਼ ਦਾ ਨਿਰਮਾਣ ਕਰਕੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਇਸ ਵਿੱਚੋਂ ਲੇਖਕ ਦੀ ਲੰਬੀ ਘਾਲਣਾ ਅਤੇ ਸਿਰੜ ਦੇ ਦੀਦਾਰ ਹੁੰਦੇ ਹਨ। ਇਕੱਲੇ ਮਨੁੱਖ ਦੁਆਰਾ ਇੱਕ ਸੰਸਥਾ ਜਿਨ੍ਹਾਂ ਕੰਮ ਕਰਨ ਦੀਆਂ ਉਦਾਹਰਨਾਂ ਸਾਨੂੰ ਬਹੁਤ ਘੱਟ ਮਿਲਦੀਆਂ ਹਨ।

ਵਣਜਾਰਾ ਬੇਦੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ 'ਮੇਰੀ ਪ੍ਰਤੀਨਿਧ ਰਚਨਾ' ਵਿੱਚ ਇਸ ਵਿਸ਼ਵਕੋਸ਼ ਦੇ ਮੰਤਵ ਤੇ ਮਹੱਤਵ ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ- ਹਰ ਯੁੱਗ ਦਾ ਮੌਖਿਕ ਸਾਹਿਤ ਤੇ ਹੋਰ ਰੂੜ੍ਹੀਆਂ ਦੀ ਸੰਭਾਲ ਬੜੀ ਜ਼ਰੂਰੀ ਹੈ। ਗੁਨਾਢੇ ਨੇ ਆਪਣੇ ਸਮੇਂ ਦੀਆਂ ਲੋਕ-ਕਹਾਣੀਆਂ ਇਕੱਠੀਆਂ ਕਰਕੇ ਉਨ੍ਹਾਂ ਨੂੰ ਇਕ ਖ਼ਾਸ ਸੂਤਰ ਵਿਚ ਬੰਨ੍ਹ ਕੇ 'ਵੱਡ ਕਹਾ' ਦੀਆਂ ਅਨੇਕਾਂ ਜਿਲਦਾਂ ਵਿਚ ਸੰਭਾਲਿਆ। ਦਸਮ ਗ੍ਰੰਥ ਵਿਚ ਤੀਵੀਆਂ ਤੇ ਮਰਦਾਂ ਦੀਆਂ 405 ਚਰਿਤ੍ਰ ਕਹਾਣੀਆਂ ਇਸੇ ਮੌਖਿਕ ਪਰੰਪਰਾ ਨੂੰ ਸੰਭਾਲਣ ਦੀ ਪਿਰਤ ਪ੍ਰਕ੍ਰਿਆ ਵੱਲ ਇਕ ਮਹਾਨ ਉੱਦਮ ਹੈ। ਇਨ੍ਹਾਂ ਦੁਆਰਾ ਜਾਤੀ ਦੀ ਮਾਨਸਿਕਤਾ ਨੂੰ ਸਮਝਣ ਲਈ ਬੁਨਿਆਦੀ ਸਮੱਗਰੀ ਕਾਫ਼ੀ ਮਾਤਰਾ ਵਿਚ ਮਿਲ ਜਾਂਦੀ ਹੈ। ਇਨ੍ਹਾਂ ਗੱਲਾਂ ਤੋਂ ਹੀ ਮੈਨੂੰ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਲਿਖਣ ਲਈ ਉਤਸ਼ਾਹ ਮਿਲਿਆ। ਇਸ ਕੋਸ਼ ਵਿਚ ਮੈਂ ਪੰਜਾਬੀ ਮਾਨਸਿਕਤਾ ਦੀਆਂ ਬੁਨਿਆਦੀ ਰੂੜ੍ਹੀਆਂ ਨੂੰ ਖੋਜਣ ਦਾ ਉੱਦਮ ਕੀਤਾ ਹੈ। ਲੋਕਧਾਰਾ ਤੇ ਉਸ ਨਾਲ ਸੰਬੰਧਿਤ ਅਨੇਕਾਂ ਸਿਧਾਂਤਕ ਸ਼ਬਦਾਂ ਦੀ ਵਿਆਖਿਆ ਤੇ ਉਨ੍ਹਾਂ ਨੂੰ ਪ੍ਰਭਾਸ਼ਿਤ ਕਰਨ ਦਾ ਯਤਨ ਵੀ ਕੀਤਾ। ਕੁਝ ਮਿੱਥਕ ਕਥਾਵਾਂ, ਲੋਕ ਕਹਾਣੀਆਂ, ਗੀਤਾਂ ਦੀਆਂ ਅਨੇਕ ਵੰਨਗੀਆਂ ਨੂੰ ਸਮਝਣ-ਸਮਝਾਣ ਦਾ ਯਤਨ ਹੈ। ਮੇਰਾ ਯਤਨ ਇਹ ਹੈ ਕਿ ਲੋਕਧਾਰਾ ਦੀ ਹਰ ਵਸਤ ਤੇ ਸੰਕਲਪ ਆਦਿ ਨੂੰ ਪਰੰਪਰਾ, ਲੋਕ-ਮਨ ਤੇ ਸੰਸਕ੍ਰਿਤੀ ਵਿਚੋਂ ਹੁੰਗਾਲ ਕੇ ਵੇਖਾਂ। ਇਹੋ ਮੇਰੀ ਅਧਿਐਨ ਵਿਧੀ ਸੀ। ਇਸ ਤਰ੍ਹਾਂ ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਇਹ ਉਪਰੋਕਤ ਟਿੱਪਣੀ ਇਸ ਕੋਸ਼ ਦੇ ਮੰਤਵ ਤੇ ਮਹੱਤਵ ਬਾਰੇ ਬੜਾ ਕੁਝ ਬਿਆਨ ਕਰ ਦਿੰਦੀ ਹੈ। ਇਸ ਕੋਸ਼ ਦਾ ਨਿਰਮਾਣ ਕਰਨ ਵੇਲੇ ਉਨ੍ਹਾਂ ਨੂੰ ਅਨੇਕਾਂ ਸਮਾਜਿਕ ਅਤੇ ਆਰਥਿਕ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਇਸ ਵਿਸ਼ਾਲ ਕਾਰਜ ਵੇਲੇ ਵਿੱਤੀ ਸੰਕਟ ਵੀ ਲਗਾਤਾਰ ਉਨ੍ਹਾਂ ਦੇ ਸਿਰ ਤੇ ਮੰਡਰਾ ਰਿਹਾ ਸੀ ਪਰ ਇਸਦੇ ਬਾਵਯੂਦ ਵੀ ਉਹ ਸਿਰ ਸੁੱਟ ਕੇ ਦਿਨ ਰਾਤ ਇਸ ਕਠਿਨ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਜੁੱਟੇ ਰਹੇ। ਉਨ੍ਹਾਂ ਨੂੰ ਕੋਸ਼ਕਾਰੀ ਦੇ ਨਾਲ ਨਾਲ ਇਸਦੀ ਪ੍ਰਕਾਸ਼ਨਾ

ਲਈ ਵੀ ਉਚੇਚੇ ਯਤਨ ਕਰਨੇ ਪਏ। ਇਸ ਸਮੇਂ ਦੌਰਾਨ ਉਹ ਆਪਣੀ ਬਿਮਾਰ ਮਾਤਾ ਦੀ ਢੁਕਵੀਂ ਦੇਖਭਾਲ ਵੀ ਨਾ ਕਰ ਸਕੇ। ਇਸ ਤਰ੍ਹਾਂ ਸੰਖੇਪ ਬਿਮਾਰੀ ਦੇ ਚਲਦਿਆਂ ਉਨ੍ਹਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਭਾਬੀ ਜੀ (ਮਾਤਾ) ਦੀ ਮੌਤ ਦਾ ਬੜਾ ਗਹਿਰਾ ਸਦਮਾ ਪੁੱਜਦਾ ਹੈ, ਜਿਸਦਾ ਜ਼ਿਕਰ ਉਨ੍ਹਾਂ ਨੇ ਆਪਣੀ ਆਤਮ ਕਥਾ 'ਮੇਰਾ ਨਾਨਕਾ ਪਿੰਡ' ਦੀ ਭੂਮਿਕਾ ਵਿੱਚ ਵੀ ਕੀਤਾ ਹੈ। ਇਸ ਤਰ੍ਹਾਂ ਆਪਣੇ ਰਾਹ ਵਿੱਚ ਆਈਆਂ ਅਨੇਕਾਂ ਔਕੜਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਇਹ ਵਿਸ਼ਾਲ ਅਤੇ ਵੰਗਾਰ ਭਰਿਆ ਕਾਰਜ ਮੁਕੰਮਲ ਕਰਕੇ ਵਿਖਾਇਆ। ਇੱਥੋਂ ਉਨ੍ਹਾਂ ਦੀ ਸਖ਼ਸ਼ੀਅਤ ਅਤੇ ਪੰਜਾਬੀ ਸਾਹਿਤ ਪ੍ਰਤੀ ਨਿਸ਼ਠਾ ਨੂੰ ਸਮਝਿਆ ਜਾ ਸਕਦਾ ਹੈ। ਵਰਤਮਾਨ ਦੌਰ ਵਿੱਚ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਅਜਿਹੇ ਕਾਰਜ ਵਿੱਢਣਾ ਅਤੇ ਨੇਪਰੇ ਚਾੜ੍ਹਨਾ ਨਵੀਂ ਪੀੜ੍ਹੀ ਦੇ ਵਿਦਵਾਨਾਂ ਅਤੇ ਖੋਜੀਆਂ ਲਈ ਇੱਕ ਵੰਗਾਰ ਬਣੇ ਹੋਏ ਹਨ।

ਡਾ.ਸੁਖਦੀਪ ਕੌਰ ਨੇ ਵਣਜਾਰਾ ਬੇਦੀ ਤੇ ਲਿਖੀ ਆਪਣੀ ਪੁਸਤਕ 'ਲੋਕਧਾਰਾ ਦਾ ਵਗਦਾ ਦਰਿਆ-ਵਣਜਾਰਾ ਬੇਦੀ' ਵਿੱਚ ਇਸ ਵਿਸ਼ਵ ਕੋਸ਼ ਦੀਆਂ ਹੇਠ ਲਿਖੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਹੈ, ਜਿਹੜੀਆਂ ਕਿ ਇਸ ਕੋਸ਼ ਦੀ ਨਿਰਮਾਣਕਾਰੀ ਤੇ ਭਾਵਪੂਰਤ ਰੌਸ਼ਨੀ ਪਾਉਂਦੀਆਂ ਹਨ- (ੳ) "ਡਾ.ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਆਪਣੇ ਵਿਸ਼ਵਕੋਸ਼ ਦਾ ਨਿਰਮਾਣ ਪ੍ਰਮਾਣਿਕ ਤੇ ਪ੍ਰਚੱਲਿਤ ਕੋਸ਼ ਵਿਧੀ ਦੀਆਂ ਤਕਨੀਕਾਂ ਅਨੁਸਾਰ ਹੀ ਕੀਤਾ ਹੈ। ਉਸ ਨੇ ਸਾਰੀਆਂ ਕੋਸ਼ ਟਿੱਪਣੀਆਂ ਨੂੰ (Entries) ਗੁਰਮੁਖੀ ਪੈਂਤੀ ਅੱਖਰੀ ਅਨੁਸਾਰ ਵੰਡ ਕੇ ਉਨ੍ਹਾਂ ਨੂੰ ਅੱਖਰਾਂ ਤੇ ਲਗਾਂ ਮਾਤਰਾਂ ਦੀ ਤਰਤੀਬ ਵਿਚ ਕ੍ਰਮਬੱਧ ਕੀਤਾ ਹੈ। (ਅ) ਲੇਖਕ ਨੇ ਆਪਣੇ ਵਿਸ਼ਵਕੋਸ਼ ਵਿਚ ਜੀਵਨ ਦੇ ਵਿਭਿੰਨ ਖੇਤਰਾਂ ਵਿੱਚੋਂ ਸਮੱਗਰੀ ਇਕੱਤਰ ਕੀਤੀ ਹੈ। ਮੌਖਿਕ ਸਾਹਿਤ, ਲਿਖਤ ਸਾਹਿਤ ਦੇ ਨਾਲ-ਨਾਲ ਉਸ ਨੇ ਇਤਿਹਾਸ ਮਿਥਿਹਾਸ ਅਤੇ ਜੀਵਨ ਦੇ ਵਿਭਿੰਨ ਖੇਤਰਾਂ ਨਾਲ ਸੰਬੰਧਤ ਢੇਰ ਸਾਰੀ ਸ਼ਬਦਾਵਲੀ ਤੇ ਜਾਣਕਾਰੀ ਲੋਕਾਂ ਵਿੱਚ ਵਿਚਰਕੇ ਉਨ੍ਹਾਂ ਪਾਸੋਂ ਇਕੱਤਰ ਕੀਤੀ ਹੈ। ਸ਼ਬਦ ਸੰਚਾਰਨ ਲਈ ਲੋਕ ਜੀਵਨ ਦੇ ਹਰੇਕ ਖਿੱਤੇ ਨੂੰ ਗਾਹੁੰਦੇ ਹੋਏ ਲੇਖਕ ਨੇ ਮੌਖਿਕ ਅਤੇ ਅਲਿਖਤ ਸਾਹਿਤ ਦੀ ਸਮੱਗਰੀ ਇਕੱਤਰ ਕਰਨ ਲਈ ਲੋਕਾਂ ਦੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਜੀਵਨ ਦਾ ਡੂੰਘਾ ਅਧਿਐਨ ਕੀਤਾ ਹੈ। (ੲ) ਸ਼ਬਦ ਦੇ ਅਰਥ ਇਸ ਦੇ ਪ੍ਰਯੋਗ ਖੇਤਰ ਤੋਂ ਵਧੇਰੇ ਚੰਗੀ ਤਰ੍ਹਾਂ ਸਪੱਸ਼ਟ ਹੁੰਦੇ ਹਨ। ਕੋਸ਼ਕਾਰ ਨੂੰ ਇਸ ਪੱਖੋਂ ਬੜਾ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ ਕਿ ਕੋਈ ਸ਼ਬਦ ਕਿਸ ਅਰਥ ਵਿਚ ਪ੍ਰਯੋਗ ਹੋ ਰਿਹਾ ਹੈ। ਡਾ. ਬੇਦੀ ਨੇ ਆਪਣੇ

ਵਿਸ਼ਵਕੋਸ਼ ਵਿੱਚ ਸ਼ਬਦਾਂ ਦੇ ਪ੍ਰਯੋਗ ਅਤੇ ਸ਼ਬਦ ਸੰਗਤ ਦਾ ਧਿਆਨ ਰੱਖਣ ਦੇ ਨਾਲ-ਨਾਲ ਉਸ ਸ਼ਬਦ ਨਾਲ ਸੰਬੰਧਤ ਜਾਣਕਾਰੀ ਇਕ ਕਥਾ ਵਾਚਕ ਸ਼ੈਲੀਕਾਰ ਵਾਂਗ ਦਿੱਤੀ ਹੈ। (ਸ) ਇਹ ਵਿਸ਼ਵਕੋਸ਼ ਪੰਜਾਬੀ ਲੋਕਧਾਰਾ ਦੇ ਅਧਿਐਨ ਲਈ ਪੰਜਾਬੀ ਸਾਹਿਤ ਦੇ ਅਧਿਐਨ ਲਈ ਅਤੇ ਪੰਜਾਬੀ ਸੰਸਕ੍ਰਿਤੀ ਨੂੰ ਸਹੀ ਪਰਿਪੇਖ ਵਿਚ ਸਮਝਣ ਤੇ ਵਿਚਾਰਨ ਲਈ ਵਿਦਵਾਨਾਂ, ਸਾਹਿਤਕਾਰਾਂ ਅਤੇ ਲੋਕਧਾਰਾ ਵਿੱਚ ਦਿਲਚਸਪੀ ਰੱਖਣ ਵਾਲੇ ਖੋਜੀਆਂ ਲਈ ਬੜਾ ਸਹਾਇਕ ਹੈ। ਇਸ ਤੋਂ ਸਾਨੂੰ ਬਹੁਤ ਸਾਰੇ ਠੇਠ ਪੰਜਾਬੀ ਸੰਕਲਪ, ਪ੍ਰਵਰਗ ਤੇ ਪਰਿਭਾਸ਼ਾਵਾਂ ਪ੍ਰਾਪਤ ਹੁੰਦੀਆਂ ਹਨ ਜਿਹੜੀਆਂ ਪੰਜਾਬ ਦੀ ਲੋਕਧਾਰਾ ਨੂੰ ਸਮਝਣ ਵਿੱਚ ਸਹਾਈ ਹੋਈਆਂ ਹਨ।"[9] ਵਣਜਾਰਾ ਬੇਦੀ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸਨੇ ਇਕੱਲਿਆਂ ਹੀ ਇੱਕ ਸੰਸਥਾ ਵਾਂਗ ਵਡੇਰੇ ਉੱਦਮ ਕਰਕੇ ਸਾਨੂੰ ਬੜੀ ਮੁੱਲਵਾਨ ਅਤੇ ਦੁਰਲੱਭ ਸਮੱਗਰੀ ਇਕੱਤਰ ਅਤੇ ਸੰਗਠਿਤ ਕਰਕੇ ਦਿੱਤੀ ਹੈ। ਉਸਨੇ ਪੇਂਡੂ ਗੀਤ, ਢੋਲੇ, ਅਖਾਣ, ਮੁਹਾਵਰੇ, ਬੁਝਾਰਤਾਂ ਅਤੇ ਲੋਕ ਕਹਾਣੀਆਂ ਦਾ ਇਕ ਥਾਂ ਸੰਗ੍ਰਹਿ ਕਰਕੇ ਲੋਕਧਾਰਾ ਦੇ ਖੇਤਰ ਵਿੱਚ ਬੜਾ ਵਿਲੱਖਣ ਕਾਰਜ ਕੀਤਾ ਹੈ। ਵਣਜਾਰਾ ਬੇਦੀ ਦੁਆਰਾ ਇਕੱਤਰ ਕੀਤੀ ਸਮੱਗਰੀ ਪੰਜਾਬੀ ਲੋਕ-ਮਨ ਦਾ ਬਿਰਤਾਂਤ ਹੈ। ਉਸਨੇ ਅੱਠ ਜਿਲਦਾਂ ਵਿੱਚ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਦਾ ਨਿਰਮਾਣ ਕਰਕੇ ਪੰਜਾਬੀ ਲੋਕਧਾਰਾ ਨੂੰ ਵਸੀਹ ਧਰਾਤਲ ਪ੍ਰਦਾਨ ਕੀਤਾ ਹੈ। ਇਹ ਵਿਸ਼ਵ ਕੋਸ਼ ਜਿੱਥੇ ਪੰਜਾਬੀ ਲੋਕਧਾਰਾ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਆਧਾਰ ਗ੍ਰੰਥ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਉਸਦੇ ਨਾਲ ਹੀ ਲੋਕਧਾਰਾ ਅਧਿਐਨ ਦੇ ਖੇਤਰ ਵਿੱਚ ਨਵੀਆਂ ਸੰਭਾਵਨਾਵਾਂ ਵੀ ਪੈਦਾ ਕਰਦਾ ਹੈ। ਵਣਜਾਰਾ ਬੇਦੀ ਦਾ ਇਹ ਲੋਕਧਾਰਾ ਵਿਸ਼ਵ ਕੋਸ਼ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਅਧਿਐਨ ਦੇ ਇੱਕ ਪ੍ਰੇਰਕ ਵਜੋਂ ਵੀ ਆਪਣੀ ਸ਼ਕਤੀਸ਼ਾਲੀ ਭੂਮਿਕਾ ਅਦਾ ਕਰਦਾ ਹੈ।

## ਹਵਾਲੇ

1. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-65
2. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-68

3. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-127
4. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-136
5. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-140
6. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-139
7. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-94
8. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-149
9. ਉਹੀ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-149

# ਪ੍ਰਭਜੋਤ ਕੌਰ ਦੀ ਵਾਰਤਕ ਦਾ ਕਲਾਤਮਿਕ ਸੁਹਜ



ਡਾ. ਗੁਰਸੇਵਕ ਸਿੰਘ ਲੰਬੀ
ਸਹਾਇਕ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਟੀ
ਪਟਿਆਲਾ।
+91 99141-50353

ਪ੍ਰਭਜੋਤ ਕੌਰ ਮੂਲ ਰੂਪ ਵਿਚ ਇਕ ਕਵਿਤਰੀ ਹੈ, ਪਰ ਉਸਨੇ ਸਾਹਿਤ ਦੀਆਂ ਹੋਰ ਵਿਧਾਵਾਂ ਵਿਚ ਵੀ ਗੌਲਣਯੋਗ ਕੰਮ ਕੀਤਾ ਹੈ। ਇਸ ਪੇਪਰ ਦਾ ਕੇਂਦਰ ਉਸਦੀ ਵਾਰਤਕ ਹੈ ਜੋ ਵਧੇਰੇ ਤੌਰ ਤੇ ਸਵੈਮੂਲਕ ਹੈ। ਉਸਦੀ ਵਾਰਤਕ ਰਚਨਾ ਨੂੰ ਤਿੰਨ ਕੋਣਾਂ ਤੋਂ ਦੇਖਿਆ ਜਾ ਸਕਦਾ ਹੈ। ਪਹਿਲਾ ਤਾਂ ਇਹ ਹੈ ਕਿ ਉਸਨੇ ਆਪਣੇ ਜੀਵਨ ਨੂੰ 'ਜੀਣਾ ਵੀ ਇਕ ਅਦਾ ਹੈ' ਰਾਹੀਂ ਦੋ ਭਾਗਾਂ ਵਿਚ ਬਿਆਨਿਆ ਹੈ। ਇਹ ਸ਼ੁੱਧ ਰੂਪ ਵਿਚ ਉਸਦੀ ਸਵੈਜੀਵਨੀ ਹੈ ਜਿਸ ਵਿਚ ਉਸਨੇ ਆਪਣੇ ਜੀਵਨ ਦੀਆਂ ਅਹਿਮ ਘਟਨਾਵਾਂ ਨੂੰ ਵਿਸਥਾਰ ਵਿਚ ਦੱਸਿਆ ਹੈ। ਉਸਦੀ ਵਾਰਤਕ ਦਾ ਇਕ ਪੱਖ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਭਾਸ਼ਾ ਵਿਭਾਗ, ਪੰਜਾਬ ਨਾਲ ਜੁੜਦਾ ਹੈ। ਪੰਜਾਬੀ ਯੂਨੀਵਰਸਿਟੀ ਇਕ ਵਿਸ਼ੇਸ਼ ਲੜੀ ਤਹਿਤ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੀ ਸਿਰਜਣ-ਪ੍ਰਕਿਰਿਆ ਨੂੰ 'ਸਾਹਿਤਕ ਸਵੈਜੀਵਨੀ' ਦੇ ਰੂਪ ਵਿਚ ਲਿਖਵਾਉਂਦੀ ਹੈ ਜਿਸ ਵਿਚ ਹੁਣ ਤਕ ਵਰਿਆਮ ਸਿੰਘ ਸੰਧੂ, ਰਵਿੰਦਰ ਰਵੀ, ਚਰਨਦਾਸ ਸਿੱਧੂ, ਅਜਮੇਰ ਸਿੰਘ ਔਲਖ, ਗੁਰਦਿਆਲ ਸਿੰਘ, ਮਨਮੋਹਨ ਬਾਵਾ, ਜਸਬੀਰ ਭੁੱਲਰ, ਅਜਾਇਬ ਚਿਤਰਕਾਰ ਆਦਿ ਸਮੇਤ ਦਰਜਨਾਂ ਲੇਖਕਾਂ ਦੀਆਂ ਸਾਹਿਤਕ ਸਵੈਜੀਵਨੀਆਂ ਛਾਪੀਆਂ ਜਾ ਚੁੱਕੀਆਂ ਹਨ। ਇਸੇ ਲੜੀ ਵਿਚ ਹੀ ਪ੍ਰਭਜੋਤ ਕੌਰ ਦੀ ਸਾਹਿਤਕ ਸਵੈਜੀਵਨੀ ਨੂੰ ਦੇਖਿਆ ਜਾ ਸਕਦਾ ਹੈ। ਉਸਦੀ ਵਾਰਤਕ ਦਾ ਅਗਲਾ ਪੱਖ ਭਾਸ਼ਾ ਵਿਭਾਗ, ਪੰਜਾਬ ਵਾਲਾ ਹੈ ਜਿਸ ਵਿਚ ਵਿਭਾਗ ਵੱਲੋਂ ਪ੍ਰਸਿੱਧ ਲੇਖਕਾਂ ਦੀ ਸਿਰਜਣ-ਪ੍ਰਕਿਰਿਆ ਦੇ ਅਨੁਭਵ ਇਕ ਪ੍ਰਾਜੈਕਟ ਤਹਿਤ ਲਿਖਵਾਏ ਜਾਂਦੇ ਹਨ। ਇਸ ਦਾ ਪ੍ਰਤੀਫਲ ਪ੍ਰਭਜੋਤ ਕੌਰ ਦੀ ਪੁਸਤਕ 'ਕਾਵਿ ਕਲਾ ਤੇ ਮੇਰਾ ਅਨੁਭਵ' ਹੈ। ਇਹ ਇਕ ਤਰ੍ਹਾਂ 'ਮਾਈਕਰੋ' ਰੂਪ ਵਿਚ ਲੇਖਕ ਦੀ ਸਿਰਜਣਾ ਨੂੰ ਜਾਨਣ ਦਾ ਉੱਦਮ ਹੈ। ਸਪਸ਼ਟ ਰੂਪ ਵਿਚ ਪ੍ਰਭਜੋਤ ਕੌਰ ਦੀ ਵਾਰਤਕ ਦੋ ਦਿਸ਼ਾਵਾਂ ਦਾ ਸੁਮੇਲ ਬਣ ਜਾਂਦੀ ਹੈ, ਉਸਦੀ ਪਰਿਵਾਰਕ ਤੇ ਸਮਾਜਿਕ ਜ਼ਿੰਦਗੀ ਅਤੇ ਉਸਦੀ ਬਤੌਰ ਲੇਖਕ ਵਾਲੀ ਜ਼ਿੰਦਗੀ ਭਾਵ ਉਸਦਾ ਸਿਰਜਣਾਤਮਕ ਸਫ਼ਰ। ਇਉਂ ਉਸਦੀ ਵਾਰਤਕ 'ਕਟਰਾਸਟ'(Contrast) ਦੇ ਰੂਪ ਵਿਚ ਆਕਾਰ ਗ੍ਰਹਿਣ ਕਰਦੀ ਹੈ।

ਕਿਸੇ ਵਾਰਤਕ ਵਿਚ ਤਿੰਨ ਪੱਖ ਅਹਿਮ ਹੁੰਦੇ ਹਨ। ਵਿਚਾਰ, ਭਾਸ਼ਾ ਅਤੇ ਸ਼ੈਲੀ। ਵਿਚਾਰ ਦੇ ਪੱਖ ਤੋਂ ਉਸਦੀ ਵਾਰਤਕ ਇਸ ਗੱਲ ਉਤੇ ਖੜ੍ਹੀ ਹੈ ਕਿ ਉਹ ਜ਼ਿੰਦਗੀ ਦੇ ਕਿਹੜੇ ਤਲਖ਼ ਅਤੇ ਖੁਸ਼ਨੁਮਾ ਪੜਾਵਾਂ ਵਿਚੋਂ ਲੰਘੀ ਜਿਹਨਾਂ ਨੇ ਉਸਨੂੰ ਪ੍ਰਭਜੋਤ ਕੌਰ

ਬਣਾਇਆ। ਉਸਦੇ ਜੀਵਨ ਵੇਰਵੇ ਸਪੱਸ਼ਟ ਕਰਦੇ ਹਨ ਕਿ ਉਹ ਇਕ ਖਾਸ ਪਰਿਵਾਰ ਵਿਚ ਜਨਮੀ ਜੋ ਆਰਥਿਕ ਤੇ ਸਮਾਜਿਕ ਪੱਖੋਂ ਚੰਗੇ ਦਰਜੇ ਦਾ ਸੀ। ਪਰ ਇਕ ਸਾਧਨਮੂਲਕ ਪਰਿਵਾਰ ਵਿਚ ਰਹਿੰਦਿਆਂ ਵੀ ਉਹ ਕਿੰਨ੍ਹਾਂ ਸਮੱਸਿਆਵਾਂ ਨਾਲ ਜੂਝੀ, ਟਕਰਾਈ ਹੈ, ਪਾਠਕ ਲਈ ਇਹ ਅਹਿਮ ਹੈ। ਕਿਸੇ ਲੇਖਕ ਦੀਆਂ ਰਚਨਾਵਾਂ ਦੇ ਪਿੱਛੇ ਕਿਹੜੀ ਧੁਨੀ ਕੰਮ ਕਰਦੀ ਹੈ ਇਹ ਉਸਦੇ ਜੀਵਨ ਵੇਰਵੇ ਦਸਦੇ ਹਨ। ਲੇਖਕ ਆਪਣੀ ਜ਼ਿੰਦਗੀ ਦੇ ਕਿਹੜੇ ਪਲਾਂ ਨੂੰ ਕਿਸ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ ਇਹ ਕਿਸੇ ਪਾਠਕ ਦੀ ਪਹੁੰਚ ਬਦਲਣ ਜਾਂ ਬਣਾਉਣ ਵਿਚ ਸਹਾਈ ਹੁੰਦੇ ਹਨ। ਪ੍ਰਭਜੋਤ ਕੌਰ ਦੇ ਜੀਵਨ ਵਿਚ ਆਈਆਂ ਸੁਹਾਵਣੀਆਂ ਰੁੱਤਾਂ, ਤਲਖ਼ੀਆਂ, ਕਸ਼ੀਦਗੀਆਂ ਦਾ ਬਿਰਤਾਂਤ ਉਸਦੀ ਵਾਰਤਕ ਨੂੰ ਠੋਸ ਬਣਾਉਂਦਾ ਹੈ। ਪਾਠਕ ਨੂੰ ਇਸ ਵਿਚੋਂ ਕੁਝ ਨਾ ਕੁਝ ਜ਼ਰੂਰ ਲੱਭਦਾ ਹੈ। ਉਸ ਵੱਲੋਂ ਛੋਟੀ ਉਮਰ ਵਿਚ ਲਿਖਣਾ ਆਰੰਭ ਕਰਨਾ ਤੇ ਅਨੇਕ ਪੁਸਤਕਾਂ ਦੀ ਰਚਨਾ ਕਰਨਾ ਆਪਣੇ ਆਪ ਵਿਚ ਜਾਨਣਯੋਗ ਮੁੱਦਾ ਹੈ।

ਡਾਕਟਰ ਮਨਮੋਹਨ ਕੇਸਰ ਦੇ ਸ਼ਬਦਾਂ ਵਿਚ 'ਵਾਰਤਕ ਤੋਂ ਭਾਵ ਉਹ ਇਕਾਈ ਹੈ ਜਿਸਨੇ ਪਾਠਕ ਨੂੰ ਇਕ ਵਿਸ਼ੇਸ਼ ਤਰ੍ਹਾਂ ਦੇ ਵਾਯੂਮੰਡਲ ਦੀ ਸੈਰ ਕਰਵਾਉਣੀ ਹੁੰਦੀ ਹੈ।'[1] ਇਸ ਤੱਥ ਦੀ ਲੋਅ ਵਿਚ ਪ੍ਰਭਜੋਤ ਕੌਰ ਦੀ ਵਾਰਤਕ ਨੂੰ ਪੜ੍ਹਦਿਆਂ ਤੁਸੀਂ ਇਕ ਵੱਖਰੇ ਵਾਯੂਮੰਡਲ ਨੂੰ ਮਹਿਸੂਸ ਕਰਦੇ ਹੋ। ਉਸਦੀ ਵਾਰਤਕ ਉਸਦੇ ਜੀਵਨ ਅਨੁਭਵ ਵਿਚੋਂ ਹੀ ਨਿਕਲੀ ਹੈ ਇਸ ਲਈ ਤੁਸੀਂ ਉਸਦੇ ਬਚਪਨ, ਜਵਾਨੀ, ਪੜ੍ਹਾਈ, ਸਿਰਜਣ-ਪ੍ਰਕਿਰਿਆ, ਰਿਸ਼ਤਿਆਂ ਦੇ ਨਾਲ ਨਾਲ ਤੁਰਦੇ ਹੋ। ਉਸਦੀ ਜ਼ਿੰਦਗੀ ਵਿਚ ਆਏ ਪਾਤਰ ਕਿਸੇ ਕਹਾਣੀ ਦੇ ਪਾਤਰ ਵਾਂਗ ਵਿਕਾਸ ਕਰਦੇ ਹਨ। ਪਾਠਕ ਨਾਲ ਇਕ ਰਿਸ਼ਤਾ ਬਣਾਉਂਦੇ ਹਨ। ਦੂਸਰੇ ਪਾਤਰਾਂ ਦੀ ਨਜ਼ਰ ਤੋਂ ਵੀ ਪਾਠਕ ਪ੍ਰਭਜੋਤ ਕੌਰ ਦੇ ਪਾਤਰ ਨੂੰ ਦੇਖਦਾ ਹੈ। ਉਹ ਆਪਣੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਬਹੁਤ ਵਿਸਥਾਰ ਨਾਲ ਬਿਆਨਦੀ ਹੈ। ਇਸ ਲਈ ਪਾਠਕ ਉਸ ਵਾਯੂਮੰਡਲ ਦੇ ਹਰ ਪੱਖ ਨਾਲ ਪਰਿਪੂਰਨ ਰੂਪ ਵਿਚ ਜੁੜਦਾ ਹੈ। ਪ੍ਰਭਜੋਤ ਕੌਰ ਜਦੋਂ ਬਚਪਨ ਤੋਂ ਜਵਾਨੀ ਦੇ ਵੇਰਵੇ ਸਾਂਝੇ ਕਰਦੀ ਹੈ ਤਾਂ ਉਹ ਸ਼ਹਿਰਾਂ ਦੇ ਨਾਵਾਂ, ਥਾਵਾਂ, ਪਹਾੜੀਆਂ, ਝਰਨਿਆਂ ਬਾਰੇ ਖੁੱਲ੍ਹ ਕੇ ਲਿਖਦੀ ਹੈ, ਉਸਦਾ ਅਨੁਭਵ ਪਾਠਕ ਤੱਕ ਸੰਚਾਰਿਤ ਹੁੰਦਾ ਹੈ।

ਸਵੈਜੀਵਨੀ ਸਾਹਿਤ ਦਾ ਮਹੱਤਵ ਇਸ ਕਰਕੇ ਵੀ ਹੁੰਦਾ ਹੈ ਕਿ ਇਹ ਆਪਣੇ ਸਮੇਂ ਦੇ ਇਤਿਹਾਸਕ, ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ ਦੀ ਨਕਸ਼ਨਿਗਾਰੀ ਕਰਦਾ ਹੈ।

ਪੰਜਾਬੀ ਦੀਆਂ ਬਹੁਤ ਸਾਰੀਆਂ ਸਵੈਜੀਵਨੀਆਂ ਵਿਚ ਤਤਕਾਲੀ ਸਥਿਤੀਆਂ ਦਾ ਪ੍ਰਗਟਾਵਾ ਹੈ। ਪ੍ਰਭਜੋਤ ਕੌਰ ਦੀ ਸਵੈਜੀਵਨੀ ਦਾ ਕੈਨਵਸ ਲਗਭਗ 1930 ਤੋਂ ਆਰੰਭ ਹੁੰਦਾ ਹੈ। ਉਸ ਸਮੇਂ ਭਾਰਤ ਦੇ ਆਜ਼ਾਦੀ ਅੰਦੋਲਨ ਦੇ ਦ੍ਰਿਸ਼ ਵਿਚ ਬਹੁਤ ਕੁਝ ਵਾਪਰਦਾ ਹੈ ਜਿਸ ਬਾਰੇ ਇਸ ਸਵੈਜੀਵਨੀ ਵਿਚ ਵੀ ਜ਼ਿਕਰ ਹੁੰਦਾ ਹੈ। ਜਦੋਂ ਕੋਈ ਲੇਖਕ ਇਹਨਾਂ ਸਥਿਤੀਆਂ-ਪਰਸਥਿਤੀਆਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਦਾ ਹੈ ਤਾਂ ਸਾਡੇ ਸਾਹਮਣੇ ਨਵੇਂ ਪੱਖ ਉਭਰਦੇ ਹਨ। ਜਿਵੇਂ ਪ੍ਰਭਜੋਤ ਕੌਰ 1919 ਦੇ ਸਾਕੇ ਬਾਰੇ, ਲਾਲਾ ਲਾਜਪਤ ਰਾਏ ਦੀ ਸ਼ਹੀਦੀ ਬਾਰੇ, ਮਹਾਤਮਾ ਗਾਂਧੀ ਦੇ ਅੰਦੋਲਨਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਉਸ ਸਮੇਂ ਦੀ ਔਰਤ ਦੀ ਸਥਿਤੀ ਬਾਰੇ ਵੀ ਇਸ਼ਾਰਾ ਕਰਦੀ ਹੈ। ਉਹ ਸਾਹਿਤਿਕ ਸਰਗਰਮੀਆਂ ਬਾਰੇ ਵੀ ਕੁਝ ਘਟਨਾਵਾਂ ਸਾਂਝੀਆਂ ਕਰਦੀ ਹੈ। ਇੰਝ ਉਹ ਸਮਕਾਲੀ ਸਥਿਤੀਆਂ ਦਾ ਵਿਸ਼ਲੇਸ਼ਣ ਕਰਦੀ ਹੋਈ ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਚਿਰਕਾਲੀ ਪ੍ਰਭਾਵ, ਮਹਾਤਮਾ ਗਾਂਧੀ ਦੀ ਅਹਿੰਸਾ ਲਹਿਰ, ਲਾਲਾ ਲਾਜਪਤ ਰਾਏ ਦੀ ਮੌਤ ਦੇ ਜੋਸ਼ੀਲੇ ਪਰਛਾਵੇਂ ਅਤੇ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹੀਦੀ ਦੇ ਗੁੱਸੇ ਨੂੰ ਪੰਜਾਬੀ ਲੋਕਾਂ ਦੀ ਚੇਤਨਾ ਵਿਚ ਮਹਿਸੂਸ ਕਰਦੀ ਹੈ। ਉਹ ਸੰਤਾਲੀ ਦੀ ਵੰਡ ਸਮੇਂ ਬਣੇ ਸਹਿਮ ਦੇ ਮਾਹੌਲ ਦਾ ਜ਼ਿਕਰ ਵੀ ਕਰਦੀ ਹੈ। ਇਸੇ ਤਰ੍ਹਾਂ ਉਸਦੀ ਵਾਰਤਕ ਵਿਚ ਤਤਕਾਲੀ ਧਾਰਮਿਕ ਅਤੇ ਸਮਾਜਿਕ ਲਹਿਰਾਂ ਦੀਆਂ ਗਤੀਵਿਧੀਆਂ ਦਾ ਜ਼ਿਕਰ ਉਸਦੀ ਵਾਰਤਕ ਨੂੰ ਬਹੁ-ਦਿਸ਼ਾਵੀਂ ਬਣਾ ਦਿੰਦਾ ਹੈ।

ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਆਪਣੀਆਂ ਜੀਵਨ ਘਟਨਾਵਾਂ ਨੂੰ ਬਿਆਨ ਹੀ ਨਹੀਂ ਕਰਦੀ ਬਲਕਿ ਉਹਨਾਂ ਨੂੰ ਦਾਰਸ਼ਨਿਕ ਪਰਿਪੇਖ ਵਿਚ ਵੀ ਦੇਖਦੀ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਜੀਵਨ ਘਟਨਾਵਾਂ ਦੋ ਪੁਸਤਕਾਂ ਵਿਚ ਆਕਾਰ ਗ੍ਰਹਿਣ ਕਰ ਜਾਂਦੀਆਂ ਹਨ। ਉਹਨਾਂ ਘਟਨਾਵਾਂ ਨੂੰ 'ਥਿਉਰਾਈਜ਼' ਕਰਦੀ ਹੈ। ਇਸ ਜੁਗਤ ਜ਼ਰੀਏ ਉਸਦੀ ਵਾਰਤਕ ਦਾ ਘੇਰਾ ਵਸੀਹ ਹੋ ਜਾਂਦਾ ਹੈ। ਉਸਦੀ ਵਾਰਤਕ ਸਮਾਜ ਦੇ ਅਨੇਕ ਵਰਗਾਂ ਨਾਲ ਜਾ ਜੁੜਦੀ ਹੈ। ਉਹ ਜਿਸ ਘਟਨਾ ਦਾ ਜ਼ਿਕਰ ਕਰਦੀ ਹੈ ਉਸ ਨੂੰ ਦਰਸ਼ਨੀ ਪੁੱਠ ਦੇ ਦਿੰਦੀ ਹੈ ਜਿਵੇਂ :-

'ਇਸਤਰੀ ਕੀ ਹੁੰਦੀ ਹੈ ਅਤੇ ਮਰਦ ਕੀ ਹੁੰਦਾ ਹੈ। ਜੀਵਨ ਦੇ ਇਹ ਦੋਵੇਂ ਪਹੀਏ ਹਨ। ਬੱਚੇ ਇਹ ਦੋਵੇਂ ਇਕੱਠੇ ਹੋ ਕੇ ਪੈਦਾ ਕਰਦੇ ਹਨ। **ਜਵਾਨੀ ਵਿਚ ਰੂਪ ਕਿਉਂ ਚੜ੍ਹਦਾ ਹੈ ਤੇ ਹਰ ਰੋਜ਼ ਨਵੇਂ ਸੁਪਨੇ ਕਿਉਂ ਆਉਂਦੇ ਹਨ।**'2

ਇਸੇ ਤਰ੍ਹਾਂ ਇਕ ਥਾਂ ਉਹ ਭਾਈ ਰਣਧੀਰ ਸਿੰਘ ਦਾ ਜ਼ਿਕਰ ਕਰਦੀ ਹੈ ਕਿ ਜਦੋਂ ਉਹ ਮੇਰੇ ਤੋਂ ਕਵਿਤਾ ਸੁਣਦੇ ਤਾਂ ਕਹਿੰਦੇ,'ਇਹ ਬੀਬੀ, ਬਹੁਤ ਦੂਰ ਜਾਏਗੀ, ਉਦੋਂ ਮੈਂ ਸੋਚਦੀ ਸਾਂ ਕਿ ਕਿੱਥੇ ਜਾਵਾਂਗੀ ਮੈਂ! ਕਿੰਨੀ ਦੂਰ? ਇਹ ਦੂਰ ਕਿਹੋ ਜਿਹਾ ਹੋਵੇਗਾ। ਪਰ ਹੁਣ ਮੈਂ ਉਸ ਦੂਰ ਪਹੁੰਚ ਗਈ ਹਾਂ। ਕੋਈ ਸਵਾਲ ਬਾਕੀ ਨਹੀਂ। ਕੋਈ ਉਤਸੁਕਤਾ ਨਹੀਂ। ਕੋਈ ਉਤੇਜਨਾ ਨਹੀਂ। ਕੋਈ ਸ਼ੱਕ-ਸ਼ੰਕਾ ਵੀ ਨਹੀਂ...।'[3] ਇਸ ਤਰ੍ਹਾਂ ਦੇ ਵੇਰਵੇ ਉਸ ਦੀਆਂ ਚਾਰੇ ਵਾਰਤਕ ਰਚਨਾਵਾਂ ਵਿਚ ਮਿਲਦੇ ਹਨ ਜੋ ਉਸਦੀ ਵਾਰਤਕ ਨੂੰ ਰੌਚਕ ਬਣਾਉਂਦੇ ਹਨ। 'ਜੀਣਾ ਵੀ ਇਕ ਅਦਾ ਹੈ' (ਭਾਗ-ਪਹਿਲਾ) ਦੇ ਪਹਿਲੇ ਦੋ ਕਾਂਡ ਤਾਂ ਪੂਰੇ ਦੇ ਪੂਰੇ ਦਰਸ਼ਨੀ ਚੇਤਨਾ ਨਾਲ ਜੁੜੇ ਹੋਏ ਹਨ।

ਪ੍ਰਭਜੋਤ ਕੌਰ ਦੀ ਵਾਰਤਕ ਦੀ ਪੁਣ-ਛਾਣ ਲਈ ਉਸਦੀ ਵਾਰਤਕ ਦੇ ਕਲਾਤਮਿਕ ਵਿਸਥਾਰ ਨੂੰ ਦੇਖਣਾ ਬਣਦਾ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਉਹ ਆਪਣੀ ਸਵੈਜੀਵਨੀ ਕਾਵਿਕ ਟੁਕੜੀਆਂ ਨਾਲ ਸ਼ੁਰੂ ਕਰਦੀ ਹੈ। 'ਜੀਣਾ ਵੀ ਇਕ ਅਦਾ ਹੈ' ਦੇ ਦੋਨੋਂ ਭਾਗਾਂ ਦੇ ਪਹਿਲੇ ਕਾਂਡ ਉਹ ਕਵਿਤਾ ਵਿਚ ਰਚਦੀ ਹੈ। ਇਸ ਵਿਚ ਕੋਈ ਜੀਵਨ ਵੇਰਵਾ ਜਾਂ ਘਟਨਾ ਨਹੀਂ ਪਰ ਸਮੁੱਚੇ ਜੀਵਨ ਦਾ ਨਿਚੋੜ ਹੈ। ਇਹਨਾਂ ਨੂੰ ਪੜ੍ਹਦਿਆਂ ਲਗਦਾ ਹੈ ਜਿਵੇਂ ਕਿਸੇ ਰਚਨਾ ਦਾ 'ਮੰਗਲਾਚਰਨ' ਪੜ੍ਹ ਰਹੇ ਹੋਈਏ। ਇਹ ਸਤਰਾਂ ਪੁਸਤਕ ਦੇ ਆਰੰਭ ਵਿਚ ਹੀ ਪਾਠਕ ਦੀ ਉਂਗਲੀ ਫੜ ਲੈਂਦੀਆਂ ਹਨ। ਜਿਵੇਂ :-

ਅੱਜ ਮੈਂ
ਸਾਰਾ ਭੇਦ ਖੋਹਲਣਾ ਹੈ
ਅਪਣੇ ਦੁਖ ਸੁਖ ਦਾ
ਆਸਾਂ
ਨਿਰਾਸਤਾਵਾਂ ਦਾ
ਭੁੱਖਾਂ ਤੇ ਤੋਟਾਂ ਦਾ
ਅਪਣੇ ਸੁਪਨਿਆਂ ਦੀ
ਟੁੱਟ ਭੱਜ ਦਾ
ਅਪਣੀ ਚੋਰ ਪਟਾਰੀ ਨੂੰ
ਫੋਲ ਕੇ
ਦੇਖਣਾ ਹੈ, ਅਪਨਾਣਾ ਹੈ

ਤੇ ਉਸ ਵਿਚਲੇ ਰੰਗ ਬਿਰੰਗੇ
ਧਾਗਿਆਂ ਦੀਆਂ ਗੰਢਾਂ ਖੋਹਲ ਕੇ
ਸੁਲਝਾਣਾ ਹੈ...[4]

ਇਹਨਾਂ ਸਤਰਾਂ ਵਿਚ ਪ੍ਰਭਜੋਤ ਕੌਰ ਦੀ ਕਾਵਿਕ ਸ਼ਬਦ ਲੀਲ੍ਹਾ ਦੇ ਦਰਸ਼ਨ ਹੁੰਦੇ ਹਨ। ਕਿਸੇ ਵਾਰਤਕ ਦਾ ਮੂਲ Expression ਉਸਦੀ ਸ਼ੈਲੀ, ਉਸਦੀ ਭਾਸ਼ਾ ਹੁੰਦੀ ਹੈ। ਸ਼ੈਲੀ ਹੀ ਆਮ ਗੱਲਬਾਤ ਨੂੰ ਵਿਸ਼ੇਸ਼, ਪ੍ਰਭਾਵਸ਼ਾਲੀ ਅਤੇ ਰੌਚਕ ਬਣਾਉਂਦੀ ਹੈ। ਸ਼ੈਲੀ ਨਾਲ ਹੀ ਭਾਸ਼ਾ ਸਾਹਿਤਕ ਭਾਸ਼ਾ ਵਿਚ ਢਲ਼ ਜਾਂਦੀ ਹੈ। ਖ਼ੂਬਸੂਰਤ ਸ਼ੈਲੀ ਉਹ ਹੈ ਜੋ ਕਿਸੇ ਰਚਨਾ ਦੀ ਆਤਮਾ ਬਣ ਜਾਂਦੀ ਹੈ। ਲੇਖਕ ਦੀ ਪ੍ਰਤਿਭਾ, ਅਨੁਭਵ ਤੇ ਭਾਸ਼ਾ ਯੋਗਤਾ ਇਸ ਵਿਚ ਕੰਮ ਕਰਦੇ ਹਨ। ਕਾਰਲਾਈਲ (Thomas Carlyle) ਨੇ ਸ਼ੈਲੀ ਬਾਰੇ ਕਿਹਾ ਹੈ ਕਿ ‘Style is not the coat of writer but his skin’[5]

ਲਿਖਤ ਵਿਚ ਸ਼ੈਲੀ ਦੀ Beauty ਨੂੰ ਵੱਖ-ਵੱਖ ਤਰ੍ਹਾਂ ਨਾਲ ਦੇਖਿਆ ਜਾ ਸਕਦਾ ਹੈ। ਡਾ. ਸਤਿੰਦਰ ਸਿੰਘ ਸ਼ੈਲੀ ਨੂੰ ਤਿੰਨ ਵਰਗਾਂ ਵਿਚ ਵੰਡਦਾ ਹੈ। ਪਹਿਲਾ, ਇਹ ਲੇਖਕ ਦਾ ਵਿਅਕਤੀਗਤ ਪ੍ਰਗਟਾਓ ਢੰਗ ਹੈ ਦੂਸਰਾ, ਇਹ ਵਿਚਾਰਾਂ ਦੀ ਤਰਤੀਬ ਦਾ ਸਰਲ ਤੇ ਸਪੱਸ਼ਟ ਪ੍ਰਗਟਾਓ ਆ ਜਾਂਦਾ ਹੈ। ਤੀਸਰਾ, ਸ਼ੈਲੀ ਨਿੱਜੀ ਗੁਣਾਂ ਤੋਂ ਉੱਪਰ ਉੱਠ ਕੇ ਵਿਆਪਕ ਗੁਣਾਂ ਦੀ ਧਾਰਨੀ ਹੋ ਜਾਂਦੀ ਹੈ। ਇਹਨਾਂ ਨੁਕਤਿਆਂ ਦੀ ਲੋਅ ਵਿਚ ਪ੍ਰਭਜੋਤ ਕੌਰ ਦੀ ਵਾਰਤਕ ਪੜ੍ਹਦਿਆਂ ਇਕ ਗੱਲ ਤਾਂ ਸਪੱਸ਼ਟ ਹੁੰਦੀ ਹੈ ਕਿ ਇਹ ਵਾਰਤਕ ਇਕ ਕਵੀ ਦੀ ਲਿਖੀ ਹੋਈ ਵਾਰਤਕ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਵਾਰਤਕ ਵਿਚ ਕਾਵਿਕ ਅੰਸ਼ ਇਸਨੂੰ ਖ਼ੂਬਸੂਰਤ ਬਣਾ ਦਿੰਦੇ ਹਨ ਪਰ ਜਦੋਂ ਇਕ ਕਵੀ ਵਾਰਤਕ ਲਿਖਦਾ ਹੈ ਤਾਂ ਇਹ ਅੰਸ਼ ਸੁਤੇ-ਸਿੱਧ ਹੀ ਉਸਦੀ ਵਾਰਤਕ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਪ੍ਰਭਜੋਤ ਕੌਰ ਦੀ ਵਾਰਤਕ ਥਾਂ ਪੁਰ ਥਾਂ ਕਾਵਿਕ ਵਾਰਤਕ ਵਜੋਂ ਢਲਦੀ ਹੈ। ਉਸਦੀ ਵਾਰਤਕ ਰਚਨਾ ‘ਮੇਰੀ ਸਾਹਿਤਕ ਸਵੈਜੀਵਨੀ’ ਦਾ ਪਹਿਲਾ ਪੰਨਾ ਹੀ ਦੇਖਿਆ ਜਾ ਸਕਦਾ ਹੈ। ਉਹ ਲਿਖਦੀ ਹੈ :-

“ਮੈਂ ਫੁੱਲਾਂ ਦੀ ਮਹਿਕ ਸੁੰਘੀ ਹੈ ਤੇ ਉਹਨਾਂ ਦੇ ਬਾਗ਼ ਲਾਏ ਤੇ ਉਹਨਾਂ ਦੀ ਦੇਖ ਰੇਖ ਕੀਤੀ ਹੈ। ਮੈਂ ਖ਼ੁਸ਼ ਹੋ ਕੇ ਨੱਚੀ ਹਾਂ ਤੇ ਘੁੰਗਰੂ ਛਣਕਾਏ ਹਨ। ਮੈਂ ਮਸਤ ਹੋ ਕੇ ਗਾਵੀਂ ਹਾਂ ਬੁੱਲ੍ਹੇ ਸ਼ਾਹ ਵਾਂਗ। ਮੈਂ ਮੀਰਾ ਬਣ ਕੇ ਲਗਨ ਲਗਾਈ ਹੈ ਤੇ ਪਿਆਰ ਦੇ ਗੀਤਾਂ ਦੀ ਸਿਰਜਣਾ ਕੀਤਾ ਹੈ। ਮੈਂ ਰੱਜ ਕੇ ਪਿਆਰ ਕੀਤਾ ਹੈ। ਵਿਛੋੜੇ ਦਾ ਸੱਲ ਸਿਹਾ ਹੈ। ਵਸਲ ਦੀ ਖ਼ੁਸ਼ੀ

ਮਾਣੀ ਹੈ। ਦਰਦ ਨੂੰ ਜੀਵਿਆ ਹੈ। ਪਲ ਪਲ ਨੂੰ ਗਿਣਿਆ ਹੈ। ਤਾਰੇ ਅੱਖਾਂ ਵਿਚ ਉਤਾਰੇ ਹਨ, ਆਕਾਸ਼ ਨੂੰ ਛਾਤੀ ਵਿਚ। ਧਰਤੀ ਤੇ ਪੈਰ ਜਮਾਏ ਹਨ ਤੇ ਪਹਾੜਾਂ ਨੂੰ ਕੱਛਿਆ ਹੈ, ਉਹਨਾਂ ਵਿਚ ਪਸਰੀ ਸੁੰਨਸਾਨ ਤੇ ਚੁੱਪ ਦੇ ਰਾਗ ਨੂੰ ਮਾਣਿਆ ਹੈ ਤੇ ਉਸਦੀ ਬੋਲੀ ਸਮਝੀ ਹੈ, ਮੈਂ ਸਾਗਰਾਂ ਨੂੰ ਗਾਹਿਆ ਹੈ ਤੇ ਉਨ੍ਹਾਂ ਦੇ ਉਠਦੇ ਤੂਫ਼ਾਨਾਂ ਵਿਚ ਝਕੋਲੇ ਖਾਧੇ ਹਨ।[6]

ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਸਿਰਫ਼ ਕਾਵਿਕ ਸ਼ੈਲੀ ਦੀ ਵਰਤੋਂ ਹੀ ਨਹੀਂ ਕਰਦੀ ਬਲਕਿ ਉਹ ਜੀਵਨ ਪ੍ਰਸੰਗਾਂ ਨੂੰ ਕਾਵਿ ਟੁਕੜੀਆਂ ਦੇ ਹਵਾਲੇ ਨਾਲ ਵੀ ਪੇਸ਼ ਕਰਦੀ ਹੈ। ਉਹ ਆਪਣੀ ਗੱਲ ਕਹਿੰਦੀ ਹੈ ਤੇ ਫਿਰ ਕੁਝ ਕਾਵਿ ਸਤਰਾਂ ਨਾਲ ਉਸਨੂੰ ਹੋਰ ਪਰਿਪੱਕ ਕਰਦੀ ਹੈ। ਇੰਝ ਉਹ ਪਾਠਕ ਨੂੰ ਭਾਵਨਾਤਮਕ ਪਾਸਾਰ ਵਿਚ ਬੰਨ੍ਹ ਲੈਂਦੀ ਹੈ। ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਪ੍ਰਸ਼ਨੋਤਰੀ ਵਿਧੀ ਦੀ ਵਰਤੋਂ ਬਹੁਤ ਕਰਦੀ ਹੈ। ਉਹ ਸਥਿਤੀਆਂ ਨੂੰ, ਸਮੇਂ ਨੂੰ, ਆਪਣੇ ਆਪ ਨੂੰ ਅਨੇਕ ਸਵਾਲ ਕਰਦੀ ਹੈ। ਇਹ ਸਵਾਲ ਉਸਦੀ ਰਚਨਾ ਵਿਚੋਂ ਨਿਕਲ ਕੇ ਲੋਕਾਈ ਦੇ ਸਵਾਲ ਬਣ ਜਾਂਦੇ ਹਨ। ਆਧੁਨਿਕ ਮਨੁੱਖ ਜੋ ਨਿਰੀਆਂ ਉਲਝਣਾਂ ਵਿਚ ਘਿਰਿਆ ਹੋਇਆ ਹੈ ਇਹਨਾਂ ਸਵਾਲਾਂ ਨੂੰ ਆਪਣੇ ਸਨਮੁੱਖ ਦੇਖਦਾ ਹੈ, ਖ਼ੁਦ ਉਹਨਾਂ ਦਾ ਉੱਤਰ ਲੱਭਣ ਲਈ ਅਗਰਸਰ ਹੁੰਦਾ ਹੈ। ਜਿਵੇਂ ਉਹ ਲਿਖਦੀ ਹੈ :-

'ਮੈਂ ਕੌਣ ਹਾਂ? ਮੈਂ ਕੀ ਹਾਂ? ਮੈਂ ਕੀ ਹਾਂ? ਮੈਂ ਕਿਥੇ ਹਾਂ? ਮੈਂ ਕਿਉਂ ਜਿਉਂਦੀ ਹਾਂ? ਮੇਰੀ ਮੈਂ ਦਾ ਕੀ ਮੰਤਵ ਹੈ?'[7]

ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਅਨੇਕ ਬਿੰਬ ਵਰਤਦੀ ਹੈ ਪਰ ਉਸਦੇ ਵਧੇਰੇ ਬਿੰਬ ਪੰਜਾਬੀ ਦੀਆਂ ਪ੍ਰੀਤ ਕਥਾਵਾਂ ਵਿਚੋਂ ਆਉਂਦੇ ਹਨ। ਉਹ ਇਕ ਸਫ਼ਲ ਲੇਖਿਕਾ ਹੈ ਪਰ ਕੁਝ ਅਸਫ਼ਲਤਾਵਾਂ ਨੂੰ ਸਾਹਮਣੇ ਖੜ੍ਹਾ ਦੇਖਦੀ ਹੈ। ਉਹ ਆਪਣੀ ਹੋਂਦ ਦੀ ਤੁਲਨਾ ਪ੍ਰੀਤ ਕਥਾਵਾਂ ਦੇ ਪਾਤਰਾਂ ਨਾਲ ਕਰਦੀ ਹੈ। ਉਹ ਇਸ ਉਲਝਣ ਵਿਚ ਹੈ ਕਿ ਉਹ ਕਿਸ ਕਥਾ ਦੀ ਪਾਤਰ ਹੈ।

"ਜਾਂ ਕਿ ਮੈਂ ਸੋਹਣੀ ਸਾਂ ਕਿ ਆਪਣੇ ਮਹੀਂਵਾਲ ਲਈ, ਕਚੇ ਘੜੇ ਨੂੰ ਸਹਾਰਾ ਬਣਾ ਸ਼ੂਕਦੀ ਨਦੀ ਵਿਚ ਠਿਲ੍ਹ ਪਈ ਸਾਂ। ਕਿ ਮੈਂ ਲੈਲਾ, ਮਹਿਲਾਂ ਵਿਚ ਬੰਦ ਆਪਣੇ ਕੇਸ ਲਈ ਤੜਪ ਰਹੀਂ ਸਾਂ। ਜਾਂ ਕਿ ਮੈਂ ਸੱਸੀ, ਪੁੰਨੂੰ ਨੂੰ ਢੂੰਡਦੀ ਰੇਤ ਨਾਲ ਬਲ ਬਲ ਪੈ ਰਹੀਂ ਸਾਂ।[8]

ਇਸੇ ਤਰ੍ਹਾਂ ਵਾਰਤਕ ਨਿਭਾਅ ਵਿਚ ਪ੍ਰਭਜੋਤ ਕੌਰ ਬਿਰਤਾਂਤਕ, ਵਿਆਖਿਆਤਮਕ ਸ਼ੈਲੀ ਦੀ ਵਰਤੋਂ ਕਰਦੀ ਹੈ। ਉਹ ਢੁੱਕਵੀਂ ਅਲੰਕਾਰਕ ਭਾਸ਼ਾ ਵਿਚ ਗੱਲ ਕਹਿੰਦੀ ਹੈ ਇੰਝ ਉਹ

ਸੁਚੱਜੇ ਢੰਗ ਨਾਲ ਆਪਣੀ ਸਵੈਜੀਵਨੀ, ਸਾਹਿਤਕ ਸਵੈਜੀਵਨੀ ਤੇ ਕਾਵਿ ਅਨੁਭਵਾਂ ਨੂੰ ਲੜੀਬੱਧ ਕਰਦੀ ਹੈ। ਸਵੈਜੀਵਨੀ ਨੂੰ ਉਹ ਕਾਂਡਾਂ ਵਿਚ ਵੰਡਦੀ ਹੈ ਪਰ ਸਾਹਿਤਕ ਸਵੈਜੀਵਨੀ ਦੇ ਅਧਿਆਵਾਂ ਨੂੰ ਉਹ ਸਿਰਲੇਖ ਦਿੰਦੀ ਹੈ। 'ਕਾਵਿ ਕਲਾ ਤੇ ਮੇਰਾ ਅਨੁਭਵ' ਵਿਚ ਉਹ ਵਧੇਰੇ ਸਿਰਲੇਖ ਆਪਣੀਆਂ ਕਾਵਿ ਪੁਸਤਕਾਂ ਵਾਲੇ ਰੱਖਦੀ ਹੈ। ਸਿਰਲੇਖ ਪੜ੍ਹਦਿਆਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਵੇਰਵਾ ਉਸਦੀ ਕਾਵਿ ਪੁਸਤਕ ਨਾਲ ਸੰਬੰਧਿਤ ਹੈ। 'ਮੇਰੀ ਸਾਹਿਤਕ ਸਵੈਜੀਵਨੀ' ਵਿਚ ਉਹ ਨਿਰੋਲ ਘਟਨਾਵਾਂ ਦੇ ਵੇਰਵੇ ਦੇ ਕੇ ਸਪੱਸ਼ਟ ਕਰਦੀ ਹੈ ਕਿ ਕਿਹੜੀ ਰਚਨਾ ਕਦੋਂ ਅਤੇ ਕਿੰਨਾਂ ਸਥਿਤੀਆਂ ਵਿਚ ਲਿਖੀ ਗਈ ਪਰ ਸਵੈਜੀਵਨੀ ਲਿਖਣ ਸਮੇਂ ਉਹ ਸਿਰਫ਼ ਘਟਵਾਨਾਂ ਹੀ ਸਾਂਝੀਆਂ ਨਹੀਂ ਕਰਦੀ ਬਲਕਿ ਉਹਨਾਂ ਘਟਨਾਵਾਂ ਦੇ ਦੂਜੇ ਪਾਸੇ ਪਈਆਂ ਖ਼ਾਮੋਸ਼ੀਆਂ ਵੱਲ ਵੀ ਇਸ਼ਾਰਾ ਕਰਦੀ ਹੈ। ਇੰਝ ਉਸਦੀ ਵਾਰਤਕ ਸਿਰਫ਼ 'ਡੈਟਾ' ਹੀ ਨਹੀਂ ਦਿੰਦੀ ਬਲਕਿ ਸਾਹਿਤਕ ਅਤੇ ਕਲਾਤਮਿਕ ਸੁਹਜ ਵੀ ਪ੍ਰਦਾਨ ਕਰਦੀ ਹੈ। ਜਿਵੇਂ :-

ਖਾਲਸ ਕਵੀ ਸਦਾ ਆਪਣੇ ਨਿਜੀ ਤਜਰਬੇ ਨੂੰ ਹੀ ਵਰਤਦਾ ਹੈ। ਇਹ ਪੀੜ ਮੇਰੀ ਆਪਣੀ ਹੈ! ਜੋ ਮੈਂ ਹੰਡਾਈ ਹੈ, ਉਸੇ ਨੂੰ ਸਰਬ ਵਿਆਪੀ ਕਰਨ ਵਿੱਚ ਸਫ਼ਲ ਹੋ ਜਾਣਾ ਹੀ ਮੇਰੀ ਸਫ਼ਲਤਾ ਹੈ। ਕਵੀ ਮਨ ਵਿੱਚ ਇੱਕ ਸ਼ੂਨ ਹੁੰਦਾ ਹੈ! ਇੱਕ ਚੁੱਪ ਹੁੰਦੀ ਹੈ। ਇਕ ਅਜੀਬ ਜਿਹੀ ਇਕਲਤਾ। ਇੱਕ ਸੁੰਨਾਪਨ! ਜੇ ਸਭ ਕੁਝ ਗੱਲਾਂ ਕਰਕੇ ਜਾਂ ਚਰਚਾ ਦਾ ਵਿਸ਼ਾ ਬਣਾ ਕੇ ਹਵਾ ਦੇ ਕੰਧਾੜੇ ਚੜ੍ਹਾ ਦਈਏ, ਤਾਂ ਲਿਖਣ ਜੋਗਾ ਕੀ ਰਿਹਾ? ਜੇ ਖ਼ਿਆਲਾਂ ਨੂੰ, ਕਲਪਨਾ ਨੂੰ, ਸੁਪਨਿਆਂ ਤੇ ਤਾਘਾਂ ਨੂੰ ਤੋੜ ਭੰਨ ਕੇ ਛੱਟ ਲਿਆ ਜਾਏ, ਤਾਂ ਉਹਨਾਂ ਦਾ ਮੂਲ ਰੂਪ, ਜੋ ਕਵਿਤਾ ਹੈ, ਗੁਆਚ ਜਾਵੇਗਾ। ਜਾਂ ਉੱਕਾ ਹੀ ਭਿੰਨ ਹੋ ਜਾਵੇਗਾ।[9]

ਕਦੇ ਕਦੇ ਇਉਂ ਜਾਪਦਾ ਹੈ ਸੀ ਕਿ ਮੈਂ ਕੋਈ ਭਿਆਨਕ ਸੁਪਨਾ ਦੇਖ ਰਹੀ ਹੋਵਾਂ ਤੇ ਇਹ ਅਵਸਥਾ ਅਸਥਾਈ ਹੋਵੇ, ਅਸਥਿਰ ਹੋਵੇ। ਹੁਣ ਖਿੰਡ ਜਾਵੇਗੀ ਤੇ ਮੁੜ ਕੇ ਨਿਘ ਜਾਗ ਪਵੇਗਾ। ਅੱਗ ਸੁਲਗ ਪਵੇਗੀ। ਕੋਈ ਹਲਚਲ ਮਚੇਗੀ ਤੇ ਮੈਂ ਉਹਨਾਂ ਅਣ ਲਿਖੀਆਂ ਸਤਰਾਂ ਨੂੰ ਮੁੜ ਮੁੜ ਪੜ੍ਹਦੀ ਹਾਂ। ਕਾਹਲੀ ਕਾਹਲੀ ਕੰਬਦੀ ਕੰਬਦੀ! ਕਦੀ ਮੁਸਕਰਾਉਂਦੀ ਹਾਂ। ਕਦੀ ਉਦਾਸ ਹੋ ਜਾਂਦੀ ਹਾਂ। ਜਿਵੇਂ ਪਿਆਰ ਪਤੰਗ ਤੋਂ ਲਾਲ ਰੁਮਾਲ ਜਾਂ ਰਿਬਨ ਖੋਲ੍ਹ ਰਹੀ ਹੋਵਾਂ। ਇੱਕ ਅੱਧਾ ਖ਼ਤ ਪੜ੍ਹਾ ਕੇ, ਦੂਜੇ ਪੁਲੰਦੇ ਚੁਕਾ..... ਕਾਗਜ਼ ਸਮੇਂ ਨਾਲ ਪੀਲੇ ਪੈ ਗਏ ਹਨ ਤੇ ਭੁਰਭਰੇ ਹੋ ਗਏ ਹਨ। ਦਿਲ ਵਿੱਚੋਂ ਇੱਕ ਟੂਕ ਉਠਦੀ ਹੈ।[10]

ਵਾਰਤਕ ਕੋਈ ਗਲਪ ਰਚਨਾ ਨਹੀਂ ਜਿਸ ਵਿਚ ਕੋਈ ਕਥਾ ਬਿਰਤਾਂਤ ਘੜਿਆ ਜਾਂਦਾ ਹੈ। ਇਹ ਕਾਲਪਨਿਕ ਘਟਨਾਵਾਂ ਦਾ ਵੇਰਵਾ ਵੀ ਨਹੀਂ ਕਿ ਤੁਸੀਂ ਮਰਜੀ ਦੇ ਪਾਤਰ ਪਾ ਕੇ ਇਸ ਨੂੰ ਸੁਆਦਲਾ ਬਣਾ ਦੇਵੋ। 'ਵਾਰਤਕ ਵਿਚ ਰੋਚਕਤਾ ਬਣਾਈ ਰੱਖਣ ਲਈ ਲੇਖਕ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਕਵਿਤਾ ਵਿਚ ਛੰਦ, ਬਿੰਬ ਅਤੇ ਅਲੰਕਾਰ ਕਵਿਤਾ ਨੂੰ ਰੋਚਕ ਬਣਾ ਦਿੰਦੇ ਹਨ। ਗਲਪ ਵਿਚ ਕਥਾ ਦੇ ਦਿਲਚਲਪ ਵੇਰਵੇ ਪਾਠਕ ਦੀ ਰੁਚੀ ਨੂੰ ਬੰਨ੍ਹੀ ਰੱਖਦੇ ਹਨ। ਨਾਟਕ ਇਕ ਦਰਸ਼ਨੀ ਮਾਧਿਅਮ ਹੈ। ਵੱਖ ਵੱਖ ਭੇਸਾਂ ਅਤੇ ਰੂਪਾਂ ਵਿਚ ਨਾਟਕ ਦੇ ਪਾਤਰ ਮੰਚ ਉੱਪਰ ਉਪਸਥਿਤ ਹੁੰਦੇ ਹਨ। ਉਹ ਆਪਣੀ ਬੋਲ-ਬਾਣੀ ਅਤੇ ਆਚਾਰ ਵਿਹਾਰ ਨਾਲ ਦਰਸ਼ਕਾਂ ਦੇ ਧਿਆਨ ਨੂੰ ਖਿੱਚੀ ਰੱਖਦੇ ਹਨ ਪਰ ਇਕ ਵਾਰਤਕਕਾਰ ਪਾਸ ਇਹਨਾਂ ਵਿਚੋਂ ਕੋਈ ਵੀ ਹਥਿਆਰ ਨਹੀਂ ਹੁੰਦਾ। ਉਸਨੂੰ ਬਿਨਾਂ ਕਿਸੇ ਹਥਿਆਰ ਨੰਗੇ ਧੜ ਲੜਨਾ ਪੈਂਦਾ ਹੈ।'[11] ਨਵੀਆਂ ਵਾਰਤਕ ਜੁਗਤਾਂ ਘੜਨੀਆਂ ਪੈਂਦੀਆਂ ਹਨ ਤਾਂ ਕਿ ਪਾਠਕ ਦੀ ਦਿਲਚਸਪੀ ਬਣੀ ਰਹੇ। ਵਿਸ਼ੇਸ਼ਕਰ ਵਾਰਤਕ ਜਦੋਂ ਸਵੈਮੂਲਕ ਹੋਵੇ। ਕੋਈ ਪਾਠਕ ਕਿਸੇ ਲੇਖਕ ਦੇ ਜੀਵਨ ਵੇਰਵਿਆਂ ਨਾਲ ਕਿਉਂ ਜੁੜਨਾ ਚਾਹੇਗਾ? ਇਸ ਪ੍ਰਸੰਗ ਵਿਚ ਪ੍ਰਭਜੋਤ ਕੌਰ ਬਹੁਤ ਸਾਰੀਆਂ ਵਾਰਤਕ ਜੁਗਤਾਂ ਜ਼ਰੀਏ ਆਪਣੀ ਵਾਰਤਕ ਨੂੰ ਰੌਚਕ ਬਣਾਉਂਦੀ ਹੈ। ਪਹਿਲੀ ਗੱਲ ਹੈ ਉਸਦੀ ਸ਼ਬਦ ਚੋਣ। ਉਹ ਸ਼ਬਦ ਚੋਣ ਸਮੇਂ ਪੂਰਨ ਸੁਚੇਤ ਰਹਿੰਦੀ ਹੈ। ਉਸਦੀ ਸ਼ਬਦਾਵਲੀ ਟਕਸਾਲੀ ਪੰਜਾਬੀ ਦੇ ਬਹੁਤ ਨੇੜੇ ਹੈ। ਉਸਦਾ ਵਧੇਰੇ ਜੀਵਨ ਸ਼ਹਿਰਾਂ, ਵੱਖ ਵੱਖ ਥਾਵਾਂ ਤੇ ਬੀਤਿਆ। ਉਸ ਕੋਲ ਠੇਠ ਸ਼ਬਦਾਵਲੀ ਦਾ ਉਸ ਤਰ੍ਹਾਂ ਦਾ ਭੰਡਾਰ ਨਹੀਂ ਪਰ ਉਹ ਕਵਿਤਰੀ ਹੋਣ ਕਰਕੇ ਸ਼ਬਦਾਂ ਵਿਚੋਂ ਭਾਵ ਪੈਦਾ ਕਰਨਾ ਜਾਣਦੀ ਹੈ। ਇੰਝ ਹੀ ਵਾਕ ਬਣਤਰ ਪੱਖੋਂ ਉਸਦੀ ਵਾਰਤਕ ਬਹੁਤ ਚੁਸਤ ਹੈ। ਵਾਕਾਂ ਵਿਚ ਕਿਤੇ ਅਕਾਊਪਨ, ਲਮਕਾਅ ਜਾਂ ਬੇਲੋੜਾ ਵਿਸਥਾਰ ਨਹੀਂ ਹੈ। ਇਕ ਰਵਾਨੀ ਹੈ ਜੋ ਕਵਿਤਾ ਦੀ ਲੈਅ ਵਾਂਗ ਚਲਦੀ ਹੈ ਤੇ ਹੌਲੀ ਹੌਲੀ ਇਹ ਲੈਅ ਹੋਰ ਡੂੰਘੀ, ਗਹਿਰੀ ਹੁੰਦੀ ਜਾਂਦੀ ਹੈ। ਉਹ ਆਪਣੀ ਗੱਲ ਕਹਿਣ ਲੱਗਿਆਂ ਸਿਰਫ਼ ਇਕ ਵਾਕ ਵਿਚ ਹੀ ਆਪਣੀ ਗੱਲ ਨਹੀਂ ਕਹਿੰਦੀ ਬਲਕਿ ਮਿਸ਼ਰਿਤ ਤੇ ਸੰਯੁਕਤ ਵਾਕ ਦੇ ਰੂਪ ਵਿਚ ਵਾਕ ਨੂੰ ਸੁਆਦਲਾ ਬਣਾ ਦਿੰਦੀ ਹੈ। ਜਿਵੇਂ :-

'ਫਰਕ ਹੁਣ ਵੀ ਕੁਝ ਨਹੀਂ ਪਿਆ। ਮੈਂ ਹਰ ਭਾਵ ਨੂੰ ਜਿਉਂਦੀ ਹਾਂ। ਹਰ ਅਹਿਸਾਸ ਨੂੰ ਹੰਡਾਉਂਦੀ ਹਾਂ। ਹਰ ਪੀੜ ਨੂੰ ਜਰਦੀ ਹਾਂ। ਹਰ ਤਾਂਘ ਨਾਲ ਤਰਸਦੀ ਹਾਂ। ਹਰ ਸੁਪਨੇ

ਨਾਲ ਜਾਗਦੀ ਹਾਂ। ਹਰ ਉਡੀਕ ਨੂੰ ਤੜਪਦੀ ਹਾਂ। ਚੇਤੰਨ ਤੌਰ ਉੱਤੇ ਕਵਿਤਾ ਨੂੰ ਰਚਦੀ ਹੋਈ ਵੀ ਮੇਰਾ ਰਚਨਾਤਮਕ ਕਰਮ ਸੁਭਾਵਕ ਹੈ। ਸਹਿਜ ਹੈ। ਆਪ ਮੁਹਾਰੇ ਹੈ।'[12]

ਉਪਰੋਕਤ ਪ੍ਰਸੰਗ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸਦੀ ਵਾਰਤਕ ਵਿਚ ਭਾਰਤੀ ਕਾਵਿ ਪਰੰਪਰਾ ਅਨੁਸਾਰ 'ਮਧੁਰਤਾ' ਦਾ ਗੁਣ ਹੈ। ਪ੍ਰਭਜੋਤ ਕੌਰ ਦੀ ਵਾਕ ਬਣਤਰ ਦੀ ਮਧੁਰਤਾ ਮਨ ਤੇ ਅਸਰ ਕਰਦੀ ਹੈ, ਅਨੰਦਦਾਇਕ ਹੈ। ਉਸਦੀ ਵਾਰਤਕ ਵਿਚ 'ਓਜ' ਦੀ ਕੋਈ ਥਾਂ ਨਹੀਂ। ਪੜ੍ਹਦਿਆਂ ਉਸਦੇ ਸ਼ਬਦਾਂ ਦੀ ਕੋਮਲਤਾ ਮਹਿਸੂਸ ਹੁੰਦੀ ਹੈ। ਭਾਵੇਂ ਉਸਦੀ ਜ਼ਿੰਦਗੀ ਵਿਚ ਅਨੇਕ ਵਿਸੰਗਤੀਆਂ, ਕਸ਼ੀਦਗੀਆਂ ਹਨ ਪਰ ਉਲਾਂਭਾ ਕਿਤੇ ਨਹੀਂ। ਕੋਈ ਖਰ੍ਹਵੀ ਭਾਸ਼ਾ ਨਹੀਂ।

ਤੂੰ ਹੀ ਮੈਨੂੰ ਪਿਆਰ ਵਰਗੇ ਨਾਜ਼ਕ ਜਜ਼ਬੇ ਤੋਂ ਜਾਣੂ ਕਰਾਇਆ। ਤੂੰ ਹੀ ਮੇਰੇ ਅਹਿਸਾਸ ਵਿਕਸਿਤ ਕੀਤੇ। ਤੇ ਤੂੰ ਹੀ ਮੇਰੇ ਅਹਿਸਾਸਾਂ ਦੀ ਤਲਬ ਨੂੰ ਇਤਨਾ ਪ੍ਰਚੰਡ ਬਣਾਇਆ!

ਕਿਉਂ ਕੀਤਾ ਤੂੰ ਇਹ ਸਭ ਕੁਝ?

ਮੈਨੂੰ ਦੁਖੀ ਕਰਨ ਲਈ ?

ਜਾਂ ਮੈਨੂੰ ਇੱਕ ਪੂਰਨ ਆਤਮਾ ਬਣਾਨ ਲਈ?

ਜੋ ਸਾਨੂੰ ਭੁੱਲ ਜਾਂਦੇ ਹਨ ਉਹਨਾਂ ਨੂੰ ਯਾਦ ਕਰਨ ਵਿੱਚ ਵੀ ਇਕ ਮਜ਼ਾ ਹੈ? ਜੇ ਪਿਆਰ ਦਾ ਵਿਸਾਲ ਮਿੱਠਾ ਹੈ ਤਾਂ ਬਿਰਹਾ ਦੀ ਕੁੜਵਾਹਟ ਵੀ ਮਿੱਠੀ ਹੀ ਲੱਗਦੀ ਹੈ। ਬਸ ਆਦਤ ਪੈ ਜਾਂਦੀ ਹੈ...ਜਿਵੇਂ ਸਾਹ ਲੈਣ ਦੀ...[13]

ਪ੍ਰਭਜੋਤ ਕੌਰ ਦੀ ਵਾਰਤਕ ਵਿਚ ਸਭਿਆਚਾਰ ਨਾਲ ਸੰਬੰਧਿਤ ਅਨੇਕ ਵੇਰਵੇ ਹਨ। ਸਭਿਆਚਾਰਕ ਵੇਰਵੇ ਕਿਸੇ ਰਚਨਾ ਵਿਚ ਲੋਕ ਮੁਹਾਵਰਾ ਉਤਪਨ ਕਰਦੇ ਹਨ। ਪਾਠਕ ਨਾਲ ਸਾਂਝ ਸਥਾਪਿਤ ਕਰਦੇ ਹਨ। ਜਦੋਂ ਪਾਠਕ ਤੇ ਲੇਖਕ ਇਕ ਹੀ ਸਭਿਆਚਾਰਕ 'ਲੋਕੇਸ਼ਨ' 'ਤੇ ਵਿਚਰਦੇ ਹਨ ਜਾਂ ਇਕੱਠੇ ਹੋ ਜਾਂਦੇ ਹਨ ਤਾਂ ਇਹਨਾਂ ਵਿਚਲੀ ਸਾਂਝ ਗੂੜ੍ਹੀ ਹੋ ਜਾਂਦੀ ਹੈ। ਪਾਠਕ ਉਸ ਸਭਿਆਚਾਰਕ ਧਰਾਤਲ ਦੇ ਨਵੇਂ ਮਾਇਨੇ ਕੱਢਦਾ, ਸੋਚਦਾ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪ੍ਰਭਜੋਤ ਕੌਰ ਆਪਣੀਆਂ ਮਾਨਸਿਕ ਸਥਿਤੀਆਂ ਦੀ ਵਿਆਖਿਆ ਲਈ ਲੋਕ ਕਥਾਵਾਂ ਦੇ ਪਾਤਰਾਂ ਦਾ ਸਹਾਰਾ ਲੈਂਦੀ ਹੈ। ਉਹ ਆਪਣੀਆਂ ਕਾਵਿ ਰਚਨਾਵਾਂ ਵਿਚ ਲੋਕ ਕਾਵਿ ਨੂੰ ਆਧਾਰ ਬਣਾਉਂਦੀ ਹੈ। ਉਸਦਾ ਬਚਪਨ ਪਿੰਡ ਵਿਚ ਬੀਤਿਆ। ਪਿੰਡ ਦੀ ਰਹਿਤਲ ਉਸਦੇ ਨਾਲ ਤੁਰਦੀ ਹੈ। ਉਹ ਉਸ ਰਹਿਤਲ ਵਿਚ ਪਏ ਸਕੂਨ ਦੀ ਗੱਲ ਕਰਦੀ ਹੈ। ਸਭਿਆਚਾਰਕ ਤੰਦਾਂ ਵਿਚ ਪਈ ਸਾਂਝ ਨੂੰ ਉਲੀਕਦੀ

ਹੈ। ਜਿਵੇਂ ਆਪਣੀ ਸਵੈਜੀਵਨੀ ਵਿਚ ਉਹ ਆਪਣੀ ਪਰਿਵਾਰਿਕ ਪੈਂਠ ਦੇ ਵੇਰਵੇ ਦਿੰਦੀ ਹੈ ਕਿ ਕਿਵੇਂ ਉਸਦੇ ਪੜਦਾਦੇ ਦਾ ਦਰਬਾਰ ਲਗਦਾ ਸੀ ਤੇ ਉਹ ਪਿੰਡ ਦੇ ਫ਼ੈਸਲੇ ਕਰਦਾ ਸੀ। ਉਹ ਹਵੇਲੀ ਦਾ ਜ਼ਿਕਰ ਕਰਦੀ ਹੈ। ਇੰਞ ਹੀ ਉਹ ਇਕ ਹੋਰ ਥਾਂ ਪਿੰਡ ਦੇ ਰੋਮਾਂਸ ਨੂੰ ਬਿਆਨਦੀ ਹੈ। ਇਹ ਵੇਰਵੇ ਉਵੇਂ ਹੀ ਹਨ ਜਿਵੇਂ ਵਾਰਿਸ ਸ਼ਾਹ ਆਪਣੇ ਕਿੱਸੇ ਵਿਚ ਪਿੰਡ ਨੂੰ ਬਿਆਨ ਕਰਦਾ ਹੈ:-

ਪਿੰਡ ਭੁਲਾਇਆਂ ਨਹੀਂ ਭੁੱਲਦਾ ਇਥੇ ਦਾ ਵਾਤਾਵਰਨ ਤੇ ਰਹਿਣ ਸਹਿਣ ਸਾਡੇ ਛਾਵਣੀ ਦੇ ਰਹਿਣ ਸਹਿਣ ਤੇ ਵਾਤਾਵਰਨ ਨਾਲੋਂ ਬਿਲਕੁਲ ਭਿੰਨ ਹੁੰਦਾ ਸੀ। ਇੱਥੇ ਪ੍ਰਭਾਤ ਦਾ ਸਮਾਂ ਬੜਾ ਸੁੰਦਰ ਹੁੰਦਾ ਸੀ, ਭਾਵੇਂ ਸਾਰੇ ਹੀ ਲੋਕ ਕੰਮਾਂ ’ਤੇ ਜਾਂਦੇ ਸਨ ਪਰ ਕੋਈ ਭੱਜ ਦੌੜ ਨਹੀਂ ਸੀ ਦਿੱਸਦੀ। ਖੇਤਾਂ ਵੱਲ ਜਾਂਦੇ ਬੈਲਾਂ ਦੀਆਂ ਟੱਲੀਆਂ ਦਾ ਸੰਗੀਤ ਪੌਣ ਵਿੱਚ ਘੁਲ ਜਾਂਦਾ ਸੀ। ਗੁਰਦੁਆਰੇ ਵਿੱਚ ਹੁੰਦੇ ਕੀਰਤਨ ਦੀ ਸੁਰ, ਭਾਵੇਂ ਕਿੱਥੇ ਹੋਵੇ, ਕੰਨਾਂ ਵਿੱਚ ਪੈਂਦੀ ਰਹਿੰਦੀ ਸੀ। ਤੀਵੀਆਂ ਜਦ ਰਿੜਕੇ ਪਾਂਦੀਆਂ ਤਾਂ, ਮਧਾਣੀ ਦਾ ਵੀ ਇੱਕ ਸੰਗੀਤ ਹੁੰਦਾ ਸੀ ਤੇ ਨਾਲ ਹੀ ਸਵਾਣੀਆਂ ਹੌਲੀ ਹੌਲੀ ਪਾਠ ਕਰਦੀਆਂ ਸੁਣਦੀਆਂ ਸਨ। ਕਿਤਨਾ ਸ਼ਾਂਤ ਮਈ ਮਾਹੌਲ ਹੁੰਦਾ ਸੀ।[14]

ਪ੍ਰਭਜੋਤ ਕੌਰ ਨੂੰ ਆਪਣੀ ਵਾਰਤਕ ਵਿਚ ਉਤਸੁਕਤਾ ਭਰਨੀ ਆਉਂਦੀ ਹੈ। ਸਵੈਮੂਲਕ ਵਾਰਤਕ ਤਾਂ ਖੜ੍ਹੀ ਹੀ ਉਤਸੁਕਤਾ ਤੇ ਹੁੰਦੀ ਹੈ। ਕੋਈ ਲੇਖਕ ਜਦੋਂ ਆਪਣੇ ਖੇਤਰ ਵਿਚ ਇਕ ਮੁਕਾਮ 'ਤੇ ਹੁੰਦਾ ਹੈ ਤਾਂ ਪਾਠਕ ਉਸਦੇ ਜੀਵਨ, ਉਸਦੀ ਸਿਰਜਣ ਪ੍ਰਕਿਰਿਆ ਨੂੰ ਨੇੜਿਓਂ ਪੜ੍ਹਨਾ, ਸੁਣਨਾ ਚਾਹੁੰਦਾ ਹੈ ਜਾਂ ਕੋਈ ਲੇਖਕ ਆਪਣੇ ਅਨੁਭਵਾਂ ਨੂੰ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹੈ। ਪ੍ਰਭਜੋਤ ਕੌਰ ਆਪਣੀਆਂ ਵਾਰਤਕ ਰਚਨਾਵਾਂ ਉਸ ਸਵਾਲ ਨਾਲ ਆਰੰਭ ਕਰਦੀ ਹੈ ਕਿ ਮੈਂ ਇਹ ਰਚਨਾਵਾਂ ਕਿਉਂ ਲਿਖ ਰਹੀ ਹਾਂ। ਜਿਵੇਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਉਹ ਆਪਣੀ ਗੱਲ ਨੂੰ ਦਾਰਸ਼ਨਿਕ ਪੁੱਠ ਦੇ ਦਿੰਦੀ ਹੈ। ਉਸਨੂੰ ਖੁਸ਼ਕ ਨਹੀਂ ਰਹਿਣ ਦਿੰਦੀ। ਉਸਦੇ ਦਰਸ਼ਨ ਵਿਚ ਕਈ ਸਵਾਲ ਪੈਦਾ ਹੁੰਦੇ ਹਨ, ਕੀ ਜਵਾਬ ਪਏ ਹੁੰਦੇ ਹਨ। ਪਾਠਕ ਉਸਦੇ ਕੁਝ ਸਵਾਲਾਂ ਦੇ ਜਵਾਬ ਤਲਾਸ਼ਦਾ ਉਸਦੇ ਨਾਲ ਤੁਰ ਪੈਂਦਾ ਹੈ ਤੇ ਅੱਗੇ ਤੋਂ ਅੱਗੇ ਯਾਤਰਾ ਕਰਦਾ ਹੈ। ਇਸ ਯਾਤਰਾ ਵਿਚ ਪਾਠਕ ਖਾਲੀ ਹੱਥ ਨਹੀਂ ਮੁੜਦਾ ਬਲਕਿ ਪ੍ਰਭਜੋਤ ਕੌਰ ਆਪਣੇ ਜੀਵਨ ਵੇਰਵਿਆਂ ਨੂੰ ‘ਯੂਨੀਵਰਸਲ’ ਬਣਾਉਂਦੀ ਤੁਰੀ ਜਾਂਦੀ ਹੈ। ਇੰਞ ਪਾਠਕ ਕਾਫ਼ੀ ਕੁਝ ਪ੍ਰਾਪਤ ਕਰਦਾ ਹੈ।

ਮੇਰੀ ਆਵਾਜ਼ ਤਾਂ ਅੱਜ ਸਮੇਂ ਨੂੰ ਸੁਣਨਾ ਪਵੇਗੀ। ਕਿਉਂ ਕਿ ਇਹ ਸਿਰਫ਼ ਮੇਰੀ ਇਕੱਲੀ ਦੀ ਆਵਾਜ਼ ਨਹੀਂ। ਸਗੋਂ ਮੇਰੇ ਵਰਗੀਆਂ ਅਣਗਿਣਤ ਔਰਤਾਂ ਦੀ ਆਵਾਜ਼ ਹੈ।[15]

ਪ੍ਰਭਜੋਤ ਕੌਰ ਆਪਣੀ ਸਿਰਜਣ-ਪ੍ਰਕਿਰਿਆ ਦੇ ਅਨੁਭਵ ਸਾਂਝੇ ਕਰਨ ਸਮੇਂ ਉਹਨਾਂ ਤਮਾਮ ਟਿੱਪਣੀਆਂ, ਵਿਦਵਾਨਾਂ ਦੀਆਂ ਉਸ ਬਾਰੇ ਦਿੱਤੀਆਂ ਧਾਰਨਾਵਾਂ ਨੂੰ ਵੀ ਆਪਣੀ ਵਾਰਤਕ ਵਿਚ ਦਰਜ ਕਰਦੀ ਹੈ। ਜਿਵੇਂ ਸ.ਸ.ਅਮੋਲ, ਹਰਕਿਸ਼ਨ ਸਿੰਘ, ਸ. ਸੋਜ਼, ਜਸਬੀਰ ਸਿੰਘ ਆਹਲੂਵਾਲੀਆ, ਡਾ. ਸਤਿੰਦਰ ਸਿੰਘ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਐਚ.ਐਸ. ਸੋਬਤੀ ਆਦਿ। ਸਥਿਤੀ ਇਹ ਵੀ ਹੈ ਕਿ ਇਕ ਪਾਸੇ ਉਹ ਵਿਦਵਾਨਾਂ ਦੀਆਂ ਟਿੱਪਣੀਆਂ ਨੂੰ ਆਪਣੀ ਵਾਰਤਕ ਵਿਚ ਦਰਜ ਕਰਕੇ ਉਹ ਆਪਣੀ ਲੇਖਣੀ ਦੇ ਤੱਥਗਤ ਵੇਰਵੇ ਦਿੰਦੀ ਹੈ ਪਰ ਦੂਜੇ ਪਾਸੇ ਉਹ ਇਹ ਵੀ ਕਹਿੰਦੀ ਹੈ ਕਿ ਪੰਜਾਬੀ ਦੀ ਆਲੋਚਨਾ ਅਜੇ ਪ੍ਰੋੜ ਨਹੀਂ ਹੋਈ। ਉਹ ਆਲੋਚਕਾਂ ਤੇ ਵਿਅੰਗ ਕਰਦੀ ਹੋਈ ਉਹਨਾਂ ਨੂੰ ਭੰਡ ਵੀ ਕਹਿ ਦਿੰਦੀ ਹੈ। ਇਥੇ ਉਸਦਾ ਦ੍ਰਿਸ਼ਟੀਕੋਣ ਸਵਾਲ ਦੇ ਘੇਰੇ ਵਿਚ ਆ ਜਾਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਭਜੋਤ ਕੌਰ ਸਾਹਿਤ ਦੀਆਂ ਇਕ ਤੋਂ ਵਧੇਰੇ ਵਿਧਾਵਾਂ ਵਿਚ ਸਾਹਿਤ ਰਚਨਾ ਕਰਦੀ ਹੈ। ਉਸ ਕੋਲ ਜੀਵਨ ਦਾ ਅਨੁਭਵ ਵੀ ਹੈ ਤੇ ਅਧਿਐਨ ਵੀ। ਉਸ ਕੋਲ ਦ੍ਰਿਸ਼ਟੀਕੋਣ ਦੀ ਮੌਲਿਕਤਾ ਤੇ ਵਿਲੱਖਣਤਾ ਹੈ। ਉਹ ਆਪਣੀ ਭਾਸ਼ਾ ਯੋਗਤਾ ਨਾਲ ਆਪਣਾ ਵਾਰਤਕ ਨੂੰ ਵਧੇਰੇ ਸਾਰਥਕ, ਸਹਿਜ, ਵਿਸ਼ਾਲ ਤੇ ਮੌਲਿਕ ਬਣਾਉਂਦਿਆਂ ਇਸ ਨੂੰ ਬਿਰਤਾਂਤਮਈ, ਦਾਰਸ਼ਨਿਕ, ਵਿਆਖਿਆਮਈ ਅਤੇ ਇਤਿਹਾਸਕ ਬਣਾ ਲੈਂਦੀ ਹੈ। ਉਸ ਕੋਲ ਕਾਵਿਕ ਤੇ ਵਿਅੰਗਮਈ ਵਾਰਤਕ ਦਾ ਰੰਗ ਵੀ ਹੈ। ਪ੍ਰਭਜੋਤ ਕੌਰ ਦੀ ਵਾਰਤਕ ਵਿਚ ਸ਼ਿਸ਼ਟਾਚਾਰ ਦਾ ਗੁਣ ਹੈ ਪਰ ਇਹ ਵੀ ਸਪਸ਼ਟ ਹੈ ਕਿ ਉਸਦੀ ਵਾਰਤਕ ਜਜ਼ਬਾਤੀ ਵਧੇਰੇ ਹੈ। ਉਸ ਦੀਆਂ ਰਚਨਾਵਾਂ ਪੰਜਾਬੀ ਵਾਰਤਕ ਸਾਹਿਤ ਵਿਚ ਅਹਿਮ ਯੋਗਦਾਨ ਪਾਉਂਦੀਆਂ ਹਨ।

**ਹਵਾਲੇ**

---

[1] ਡਾ. ਮਨਮੋਹਨ ਕੇਸਰ, ਵਾਰਤਕ ਅਤੇ ਵਾਰਤਕਕਾਰ, ਪੈਪਸੂ ਬੁਕ ਡਿਪੂ, ਪਟਿਆਲਾ, 1976, ਪੰਨਾ 10

[2] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1996, ਪੰਨਾ 42

[3] ਉਹੀ, ਪੰਨਾ 47

[4] ਉਹੀ, ਪੰਨਾ 17

[5] Quoted by W.H. Hudson, Ibid.p. 27
ਉਧਰਿਤ : ਸਤਿੰਦਰ ਸਿੰਘ, 'ਵਾਰਤਕ ਸ਼ੈਲੀ', ਵਾਰਤਕ ਸਿਧਾਂਤ (ਸੰਪਾ. ਡਾ. ਗੁਰਨਾਇਬ ਸਿੰਘ, ਡਾ. ਚਰਨਜੀਤ ਕੌਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 34

[6] ਪ੍ਰਭਜੋਤ ਕੌਰ, ਮੇਰੀ ਸਾਹਿਤਕ ਸ੍ਵੈਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 1-2

[7] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996, ਪੰਨਾ 94

[8] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਦੂਜਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 2017, ਪੰਨਾ 86

[9] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996, ਪੰਨਾ 253

[10] ਪ੍ਰਭਜੋਤ ਕੌਰ, ਕਾਵਿ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2006, ਪੰਨਾ 130

[11] ਬ੍ਰਹਮਜਗਦੀਸ਼ ਸਿੰਘ (ਪ੍ਰੋ.), ਆਧੁਨਿਕ ਪੰਜਾਬੀ ਵਾਰਤਕ ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ, ਵਾਰਿਸ ਸ਼ਾਹ ਫ਼ਉਂਡੇਸ਼ਨ, ਅੰਮ੍ਰਿਤਸਰ, 2012, ਪੰਨਾ 20

[12] ਪ੍ਰਭਜੋਤ ਕੌਰ, ਕਾਵਿ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2006, ਪੰਨਾ 66

[13] ਪ੍ਰਭਜੋਤ ਕੌਰ, ਮੇਰੀ ਸਾਹਿਤਕ ਸ੍ਵੈਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 121

[14] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996, ਪੰਨਾ 31

[15] ਉਹੀ, ਪੰਨਾ 260

ISSN: 2584-0509



(Page 27 to 38)

# ਸ਼੍ਰੀ ਗੁਰੂ ਰਾਮਦਾਸ ਜੀ ਰਚਿਤ 'ਗਉੜੀ ਕੀ ਵਾਰ': ਪਉੜੀਆਂ ਦੀ ਆਪਸੀ ਸਬੰਧਾਤਮਕਤਾ



ਡਾ. ਰਾਜਨਦੀਪ ਕੌਰ
ਸਹਾਇਕ ਪ੍ਰੋਫੈਸਰ ਤੇ ਮੁਖੀ
ਪੰਜਾਬੀ ਵਿਭਾਗ
ਗੁਰੂ ਨਾਨਕ ਕਾਲਜ
ਬੁਢਲਾਡਾ (ਮਾਨਸਾ)
+91 9855767477

ਮਨੁੱਖ ਦੀ ਜੀਣ-ਥੀਣ ਦੀ ਜਾਂਚ ਤੇ ਰਹਿਤਲ ਦੀ ਵੰਨ-ਸਵੰਨਤਾ ਵਿੱਚੋਂ ਬੋਲੀ ਤੇ ਸਾਹਿਤ ਪਨਪਦਾ ਹੈ। ਪੰਜਾਬੀਆਂ ਦੇ ਅੱਖੜ ਸੁਭਾਅ,ਪੰਜਾਬੀ ਮਨੁੱਖ ਦੇ ਲੰਮੇਰੇ ਸੰਘਰਸ਼ ਤੇ ਜੋਸ਼ੀਲੇ ਵਿਰਸੇ ਦੀ ਗਾਥਾ ਦੇ ਬਿਰਤਾਂਤ ਵਿੱਚੋਂ ਪੰਜਾਬ ਦਾ ਲੋਕ ਸਾਹਿਤ ਹੋਂਦ ਵਿਚ ਆਇਆ ਜਿਸ ਵਿੱਚੋਂ ਵਾਰ ਸਾਹਿਤ ਪੰਜਾਬੀ ਵਿਰਸੇ ਦੀ ਗੌਰਵਤਾ ਨੂੰ ਪੀੜ੍ਹੀ-ਦਰ-ਪੀੜ੍ਹੀ ਸਿਰਜਦਾ ਹੈ,।ਇਹ ਸਾਹਿਤ ਪੰਜਾਬੀਆਂ ਦੇ ਅਣਖ,ਗੌਰਵ ਲਈ ਜੂਝ ਮਰਨ ਦਾ ਵੀ ਪ੍ਰੇਰਕ ਹੈ।। 'ਵਾਰ' ਲੋਕ-ਕਾਵਿ ਪਰੰਪਰਾ ਦਾ ਮਹੱਤਵਪੂਰਨ ਕਾਵਿ-ਰੂਪ ਹੈ। ਪੰਜਾਬੀ ਦੀ ਲੰਮੇਰੀ ਲੋਕ ਵੀਰ-ਰਸੀ ਕਾਵਿ ਪਰੰਪਰਾ ਉਪਰੰਤ ਪੰਜਾਬੀ ਸਾਹਿਤ ਵਿਚ ਵਾਰ-ਪਰੰਪਰਾ ਸ੍ਰੇਸ਼ਟ ਸਾਹਿਤ ਵਜੋਂ ਉਸ ਸਮੇਂ ਉਭਰਦਾ ਹੈ, ਜਦੋਂ ਇਸ ਕਾਵਿ-ਰੂਪ ਦੀ ਵਰਤੋਂ ਅਧਿਆਤਮਕ ਖੇਤਰ ਵਿਚ ਵੀ ਕੀਤੀ ਜਾਣ ਲੱਗੀ।। ਇਸ ਕਾਵਿ-ਪਰੰਪਰਾ ਦਾ ਪ੍ਰਾਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਤਿੰਨ ਵਾਰਾਂ ਦੀ ਵੱਖ-ਵੱਖ ਰਾਗਾਂ ਵਿਚ ਸਿਰਜਣਾ ਕਰਨ ਨਾਲ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਧਾਰਾ ਤੇ ਚੱਲਦਿਆਂ ਮਗਰਲੇ ਗੁਰੂ ਸਾਹਿਬਾਨਾਂ ਨੇ ਵੀ ਵਾਰਾਂ ਰਚੀਆਂ।। ਗੁਰੂ ਪਰੰਪਰਾ ਵਿਚ ਇਹ ਵਾਰਾਂ ਰਚਣ ਦਾ ਸਿਲਸਿਲਾ ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਦੁਆਰਾ ਚਾਰ ਵਾਰਾਂ (ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗਾਂ ਵਿਚ), ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਅੱਠ ਵਾਰਾਂ (ਸਿਰੀ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ ਰਾਗਾਂ ਵਿਚ) ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਛੇ ਵਾਰਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗਾਂ ਵਿਚ) ਰਚਣ ਨਾਲ ਜਾਰੀ ਰਹਿੰਦਾ ਹੈ।। ਇਨ੍ਹਾਂ ਇੱਕੀ ਵਾਰਾਂ ਦੇ ਨਾਲ-ਨਾਲ ਇਕ ਵਾਰ ਗੁਰੂ-ਘਰ ਦੇ ਰਾਗੀਆਂ ਸੱਤੇ ਤੇ ਬਲਵੰਡ ਦੁਆਰਾ ਰਚਿਤ ਰਾਮਕਲੀ ਰਾਗ ਵਿਚ ਮਿਲਦੀ ਹੈ।ਗੁਰਮਤਿ ਕਾਵਿ ਪਰੰਪਰਾ ਵਿਚ ਅਧਿਆਤਮਕ ਵਾਰਾਂ ਆਪਣੇ ਵਿਲੱਖਣ ਵਿਧਾਗਤ ਤੇ ਸੰਚਾਰਾਤਮਕ ਸਰੂਪ ਦੀਆਂ ਧਾਰਨੀ ਹਨ।। ਵੱਖ-ਵੱਖ 19 ਰਾਗਾਂ ਵਿਚ ਰਚਿਤ ਇਹ 22 ਅਧਿਆਤਮਕ ਵਾਰਾਂ ਆਪਣੇ ਸਰੂਪਗਤ ਤੇ ਸੰਚਾਰਗਤ ਪਰਿਪੇਖ ਰਾਹੀਂ ਪੰਜਾਬੀ ਸਾਹਿਤ ਦੀ ਵਾਰ ਕਾਵਿ-ਪਰੰਪਰਾ ਨੂੰ ਸਰਵੋਤਮ ਵਾਰ-ਕਾਵਿ ਸ਼੍ਰੇਣੀ ਵਿਚ ਸ਼ੁਮਾਰ ਕਰਦੀਆਂ ਹਨ।। ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਗਾਜ਼ ਕੀਤੀ ਇਸ ਵਾਰ ਪਰੰਪਰਾ ਨੂੰ ਚੌਥੀ ਨਾਨਕ-ਜੋਤ ਸ਼੍ਰੀ ਗੁਰੂ ਰਾਮਦਾਸ ਜੀ ਦੀ ਵਿਸ਼ੇਸ਼ ਦੇਣ ਹੈ।।ਸਮੁੱਚੀ ਗੁਰੂ-ਵਾਰ-ਕਾਵਿ ਪਰੰਪਰਾ ਵਿਚ

ਅੱਠ ਵਾਰਾਂ ਦੇ ਰਚੈਤਾ ਗੁਰੂ ਰਾਮਦਾਸ ਜੀ ਆਪਣੀਆਂ ਅੱਠੇ ਵਾਰਾਂ ਨਵੀਨ ਰਾਗਾਂ ਅਧੀਨ ਦਰਜ ਕਰਦੇ ਹਨ।ਵਾਰਾਂ ਦੇ ਰਾਗਾਤਮਕ ਪਰਿਪੇਖ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਅਰਜਨ ਦੇਵ ਜੀ ਰਾਗ ਗਉੜੀ ਤੇ ਰਾਗ ਗੂਜਰੀ ਵਿਚ ਆਪਣੀਆਂ ਵਾਰਾਂ ਸਿਰਜਦੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਧਿਆਤਮ ਵਾਰ ਸਾਹਿਤ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੀ ਨਾ ਸਿਰਫ਼ ਗੁਣਾਤਮਕ ਪੱਖੋਂ, ਬਲਕਿ ਗਿਣਾਤਮਕ ਪੱਖੋਂ ਮਹੱਤਵਪੂਰਣ ਦੇਣ ਇਹ ਅੱਠ ਵਾਰਾਂ ਹਨ।।ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ 'ਗਉੜੀ **ਕੀ** ਵਾਰ' 'ਸਿਰੀ ਰਾਗ ਦੀ ਵਾਰ ਮਹਲਾ ਚੌਥਾ' ਅਤੇ 'ਵਾਰ ਮਾਝ ਦੀ ਮਹਲਾ ਪਹਿਲਾ' ਤੋਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 300 ਤੋਂ 319 ਤੱਕ ਸੁਸ਼ੋਭਿਤ ਹੈ, ਬਾਕੀ ਅਧਿਆਤਮ ਵਾਰਾਂ ਦੀ ਤਰ੍ਹਾਂ ਇਸ ਵਾਰ ਵਿਚ ਵੀ ਪਉੜੀਆਂ ਦੇ ਨਾਲ-ਨਾਲ ਸਲੋਕ ਅੰਕਿਤ ਕੀਤੇ ਗਏ ਹਨ। ਇਸ ਵਾਰ ਦੀ ਇਕ ਵਿਲੱਖਣਤਾ ਇਹ ਵੀ ਹੈ ਕਿ ਇਸ ਵਾਰ ਵਿਚ ਜਿਥੇ ਸਲੋਕ ਇਕ ਤੋਂ ਵਧੇਰੇ ਗੁਰੂ ਸਾਹਿਬਾਨਾਂ ਦੇ ਹਨ, ਉਥੇ ਪਉੜੀਆਂ ਦੇ ਕਰਤਾ ਵੀ ਦੋ ਗੁਰੂ-ਕਵੀ ਹਨ।।। ਇਸ ਵਾਰ ਦੀਆਂ ਕੁਲ 33 ਪਉੜੀਆਂ ਹਨ ਜਿਨ੍ਹਾਂ ਵਿਚੋਂ 28 ਪਉੜੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਹਨ ਅਤੇ ਬਾਕੀ ਪੰਜ ਦੇ ਕਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਸਲੋਕਾਂ ਵਿਚੋਂ 53 ਸਲੋਕ ਮਹਲਾ ਚੌਥਾ ਦੇ, 8 ਸਲੋਕ ਮਹਲਾ ਪੰਜਵਾਂ ਦੇ ਅਤੇ 7 ਸਲੋਕ ਮਹਲਾ ਤੀਜਾ ਦੇ ਹਨ, ਇਸ ਪ੍ਰਕਾਰ ਇਸ ਵਾਰ ਦਾ ਪਾਠਗਤ ਵਿਸ਼ਲੇਸ਼ਣ ਵਿਸ਼ੇਗਤ ਸੰਚਾਰ ਅਤੇ ਵਿਧਾਗਤ ਸਰੂਪ ਦੇ ਸੁਮੇਲ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ।

I

ਬਿਰਤਾਂਤ ਤੇ ਬਿਆਨ ਦਾ ਸੰਯੋਗ 'ਪਉੜੀ' ਹੈ।ਵਾਰ ਪਉੜੀ ਦੇ ਡੰਡਿਆਂ ਦੀ ਤਰਹ ਪਹਿਲੇ ਡੰਡੇ ਭਾਵ ਮੰਗਲਾਚਰਨ ਤੋਂ ਆਰੰਭ ਹੋ ਪਉੜੀਵਾਰ ਸਮੁੱਚਾ ਪ੍ਰਭਾਵ ਸਿਰਜਦੀ ਸਿਖ਼ਰ 'ਤੇ ਅੱਪੜਦੀ ਹੈ।ਇਸ ਸਬੰਧੀ ਸਿਆਣਿਆਂ ਦਾ ਮੱਤ ਹੈ ਕਿ ਵਾਰ ਗਾਉਣ ਦੀ ਰਵਾਇਤ ਅਨੁਸਾਰ ਢਾਡੀ ਲੋਕ ਯੁੱਧ ਦਾ ਪ੍ਰਸੰਗ ਵਾਰਤਕਮਈ ਸੁਣਾ ਕੇ ਉਸੇ ਦਾ ਸਾਰ ਪਉੜੀ ਛੰਦ ਵਿਚ ਲਯ ਤਾਰ ਸਾਥ ਮ੍ਰਿਦੰਗ ਦੀ ਸਹਾਇਤਾ ਨਾਲ ਗਾ ਕੇ ਪ੍ਰਕਰਣ ਸਮਾਪਤ ਕਰਦੇ ਸਨ।।ਪਉੜੀ ਨਾਮ ਵਿਸ਼ਰਾਮ ਦਾ ਹੈ,।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨੂੰ ਗੁਰੂ ਸਾਹਿਬਾਨ ਨੇ ਪੁਰਾਣੀ ਧਾਰਨਾ ਅਨੁਸਾਰ ਢਾਡੀ ਤੇ ਰਾਗੀਆਂ ਨੂੰ ਸਿਖਾਈਆਂ।[1]ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਗ੍ਰੰਥ **ਗੁਰੂ ਛੰਦ ਦਿਵਾਕਰ** ਵਿੱਚ ਇਹਨਾਂ 22 ਅਧਿਆਤਮਕ ਵਾਰਾਂ ਦੇ 12 ਪਉੜੀ ਭੇਦਾਂ ਦਾ ਵਰਣਨ ਕੀਤਾ ਹੈ।ਇਥੇ

'ਗਉੜੀ ਦੀ ਵਾਰ' ਦੀਆਂ ਪਉੜੀਆਂ ਦੀ ਪਰਕਿਰਤੀ ਤੇ ਮਾਤਰਾ ਦੇ ਆਧਾਰ 'ਤੇ ਪਉੜੀ ਦੇ ਸੁਗੀਤਾ ਛੰਦ, ਚਟਪਟਾ ਛੰਦ ਤੇ ਨਿਸ਼ਾਨੀ ਛੰਦ ਦਾ ਵੇਰਵਾ ਦਿੱਤਾ ਗਿਆ ਹੈ।[2]

ਵਾਰ ਦੇ ਵਿਧਾਗਤ ਸਰੂਪ ਦੇ ਨਾਲ-ਨਾਲ ਇਸਦੀ ਸੰਚਾਰਾਤਮਕਤਾ ਦਾ ਅਹਿਮ ਰੋਲ ਹੈ, ਜ਼ਰ-ਜ਼ੋਰੂ-ਜ਼ਮੀਨ 'ਤੇ ਆਧਾਰਿਤ ਦੁਨਿਆਵੀ ਯੁੱਧ-ਭੇੜ ਦਾ ਸਥਲ ਮਾਨਵੀ ਪ੍ਰਵਿਰਤੀਆਂ ਨੂੰ ਮਾਰ ਸਮੁੱਚੇ ਵਰਤਾਰੇ ਦੇ ਸਿਰਜਕ ਦੀ ਸਾਲਾਹਣਾ ਦਾ ਆਧਾਰ ਬਣ ਜਾਂਦਾ ਹੈ। ਵਿਸ਼ੇਗਤ ਸੰਚਾਰ ਦੇ ਆਧਾਰ ਤੇ ਇਹ ਧਾਰਨਾ ਸਥਾਪਿਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਵਾਰਾਂ ਦਾ ਮੂਲ ਮਨੋਰਥ ਸਮਾਜਕ-ਸੱਚ ਅਤੇ ਅਧਿਆਤਮਕ-ਚਿੰਤਨ ਵਿਚਲੀਆਂ ਸਿਧਾਂਤਕ ਸੇਧਾਂ ਉਪਰ ਅਧਾਰਿਤ ਹੈ ਜੋ ਵੈਦਿਕ-ਭਾਰਤੀ ਅਤੇ ਇਸਲਾਮੀ-ਈਰਾਨੀ ਬੋਧ ਦੇ ਟਾਕਰੇ ਮੌਲਿਕ ਜੀਵਨ ਦਾ ਸੰਚਾਰ ਹੈ। ਅਧਿਆਤਮ ਵਾਰ ਦੀ ਲੋਕ-ਕਾਵਿਕ ਰੂਪਗਤ ਸੰਰਚਨਾ ਕਾਰਨ ਇਹ ਵਾਰਾਂ ਆਪਣਾ ਅਰਥਗਤ ਸੰਚਾਰ ਪੰਜਾਬ ਦੀ ਭੂਗੋਲਿਕ ਤੇ ਇਤਿਹਾਸਕ ਵਿਵਸਥਾ ਦੇ ਸੰਪੰਨ ਤੇ ਸਵਾਧੀਨ ਇਕਾਈ ਦੇ ਰੂਪ ਵਿਚ ਚਿਤਰਤ ਕਰਦੀਆਂ ਹਨ। ਸਾਹਿਬ **ਸ੍ਰੀ ਗੁਰੂ ਗ੍ਰੰਥ ਸਾਹਿਬ** ਜੀ ਵਿਚ ਦਰਜ ਇਹ ਬਾਈ ਵਾਰਾਂ ਲੌਕਿਕਤਾ ਤੇ ਪਰਾਲੌਕਿਕਤਾ, ਦਿਸਦੇ ਅਤੇ ਅਣਦਿਸਦੇ, ਸਮੂਰਤ ਤੇ ਅਮੂਰਤ ਵਿਚਲੇ ਦਵੰਦ ਅਤੇ ਮੇਲ ਦੇ ਬਿਆਨ ਨੂੰ ਰੂਪਮਾਨ ਕਰਦੀਆਂ 'ਅਕਾਲ ਪੁਰਖ ਦੀ ਸਲਾਹਣਾ' ਦਾ ਵਿਲੱਖਣ ਪਰਿਪੇਖ ਸਿਰਜਦੀਆਂ ਹਨ। ਅਜਿਹੀ ਵਿਸ਼ੇਗਤ ਵਿਸ਼ੇਸ਼ਤਾ ਦੇ ਆਧਾਰ 'ਤੇ ਅਧਿਆਤਮਕ ਵਾਰ ਦੇ ਇਹ ਲੱਛਣ ਮੰਨੇ ਜਾਂਦੇ ਹਨ: (i) ਮਹਿਮਾ ਜਾਂ ਜ਼ਸ (ii) ਵਰਣਨਾਤਮਕ ਵਿਧੀ (iii) ਨਾਇਕ ਦੀ ਸੰਕਲਪਿਕ ਹੋਂਦ (iv) ਬ੍ਰਹਮ ਅਤੇ ਮਾਇਆ ਵਿਚ ਪਰਸਪਰ ਤਣਾਉ (v) ਦਾਰਸ਼ਨਿਕਤਾ ਕਰਕੇ ਚਿੰਤਨਮੁਖੀ ਹੋਣਾ (vi) ਅਧਿਆਤਮਕ ਮੁੱਲ ਰੱਖਣਾ (vii) ਇਤਿਹਾਸਕ ਸੱਚ ਨਾਲੋਂ ਪਰਾ-ਭੌਤਿਕਤਾ ਦਾ ਚਿਤਰਣ ਅਤੇ (viii) ਵਿਰੋਧੀ ਜੁੱਟਾਂ ਦੀ ਸਿਰਜਣਾ।[3]

'ਮਹਿਮਾ ਜਾ ਜਸ' ਨੂੰ ਅਧਿਆਤਮਕ ਵਾਰ ਦੀ ਪ੍ਰਮੁੱਖ ਰੂੜ੍ਹੀ ਮੰਨਿਆ ਗਿਆ ਹੈ, ਜਿਹੜੀ ਅਕਾਲ ਪੁਰਖ ਦੀ ਮਹਿਮਾ ਕਰਨ ਦਾ ਯਤਨ ਕਰਦੀ ਹੈ। ਅਕਾਲ ਪੁਰਖ ਨੂੰ ਅਕੱਥ, ਬੇਅੰਤ, ਅਗੰਮ, ਨਿਰੰਜਨ ਆਦਿ ਵਿਸ਼ੇਸ਼ਣਾ ਰਾਹੀਂ ਸੰਚਾਰਿਤ ਕੀਤਾ ਜਾਂਦਾ ਹੈ, ਕਿਉਂਕਿ ਉਸ ਦਾ ਗਲਪ-ਬਿੰਬ ਨਹੀਂ ਉਸਰ ਸਕਦਾ, ਇਸ ਲਈ 'ਵਰਣਨਾਤਮਕ ਵਿਧੀ' ਦੀ ਵਰਤੋਂ ਕੀਤੀ ਜਾਂਦੀ ਹੈ। 'ਨਾਇਕ ਦੀ ਸੰਕਲਪਿਕ ਉਸਾਰੀ' ਕਰਕੇ ਬ੍ਰਹਮ ਅਤੇ ਮਾਇਆ ਵਿਚਲੇ ਪਰਸਪਰ ਤਣਾਉ ਨੂੰ ਦਵੰਦਾਤਮਕਤਾ ਰਾਹੀਂ ਉਸਾਰਿਆ ਜਾਂਦਾ ਹੈ। ਇਨ੍ਹਾਂ ਵਾਰਾਂ ਦਾ

ਮਹੱਤਵਪੂਰਨ ਲੱਛਣ 'ਅਧਿਆਤਮਕ ਮਈ' ਹੋਣਾ ਹੈ, ਭਾਵੇਂ ਕਿ ਇਨ੍ਹਾਂ ਵਿਚ ਸਾਹਿਤਕ, ਸਮਾਜਕ, ਇਤਿਹਾਸਕ ਮੁੱਲਾਂ ਦਾ ਵਿਵਰਣ ਵੀ ਮਿਲਦਾ ਹੈ। ਇਹ ਇਤਿਹਾਸਕ ਸੱਚ ਨਾਲੋਂ ਪਰਾਭੌਤਿਕਤਾ ਦਾ ਚਿਤਰਨ ਕਰਦੀਆਂ ਹਨ ਅਤੇ 'ਵਿਰੋਧੀ ਜੁੱਟਾਂ ਦੀ ਸਿਰਜਣਾ' ਅਰਥਾਤ ਮਨਮੁਖ ਤੇ ਗੁਰਮੁਖ, ਸੱਚ ਤੇ ਝੂਠ, ਕੂੜਿਆਰ ਤੇ ਸਚਿਆਰ ਆਦਿ ਵਿਰੋਧੀ ਸੰਕਲਪ ਇਨ੍ਹਾਂ ਵਾਰਾਂ ਦੀ ਸੰਚਾਰਾਤਮਕਤਾ ਦਾ ਆਧਾਰ ਬਣਦੇ ਹਨ।

ਵਿਸ਼ੇਗਤ ਵਿਸ਼ੇਸਤਾ ਦੇ ਨਾਲ-ਨਾਲ ਵਿਧਾਗਤ ਵਿਲੱਖਣਤਾ ਅਧਿਤਮਕ ਵਾਰ ਦੇ ਨਿਖੇੜ ਚਿੰਨ੍ਹ ਦਾ ਦੂਸਰਾ ਆਧਾਰ ਹੈ। ਇਸ ਦੀ ਵਿਧਾਗਤ ਸੰਰਚਨਾ ਵਿਚ ਪਉੜੀਆਂ ਦੇ ਨਾਲ-ਨਾਲ ਸਲੋਕ ਵੀ ਇਕ ਵਿਸ਼ੇਸ਼ ਰੂਪ ਵਜੋਂ ਵਰਤਿਆ ਗਿਆ ਹੈ। ਭਾਵੇਂ ਕਿ ਇਹ ਸਮਝਿਆ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਵਾਰਾਂ ਮੂਲ ਰੂਪ ਵਿਚ ਪਉੜੀਆਂ ਵਿਚ ਸਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਨਾ ਸਮੇਂ ਜਾਂ ਗੁਰੂ ਹਰਗੋਬਿੰਦ ਜੀ ਦੁਆਰਾ ਇਨ੍ਹਾਂ ਵਾਰਾਂ ਦੇ ਗਾਇਨ ਸਮੇਂ ਪਉੜੀਆਂ ਨਾਲ ਸਲੋਕ ਵੀ ਦਰਜ ਕਰ ਦਿੱਤੇ। ਪਰ ਅੱਜ ਇਨ੍ਹਾਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰੂਪ ਵਿਚ ਸਤਿਕਾਰਿਆ ਅਤੇ ਪ੍ਰਵਾਨਿਆ ਜਾਂਦਾ ਹੈ, ਕਿਉਂਕਿ ਸਲੋਕ ਨਾ ਸਿਰਫ਼ ਵਾਰ ਰੂਪ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹਨ, ਵਿਚਾਰਾਂ ਨੂੰ ਵੀ ਸਪੱਸ਼ਟਤਾ ਤੇ ਸਰਲਤਾ ਦਿੰਦੇ ਹਨ। ਇਸ ਲਈ ਅਧਿਆਤਮਕ ਵਾਰ ਦੀ ਰੂਪਗਤ ਸੰਰਚਨਾ ਅਤੇ ਵਿਸ਼ੇਗਤ ਪਰਿਪੇਖ ਵਿਚ ਪਉੜੀ ਨਾਲੋਂ ਸਲੋਕ ਨੂੰ ਅਲਹਿਦਾ ਨਹੀਂ ਕੀਤਾ ਜਾ ਸਕਦਾ, ਪਰ ਸਾਡਾ ਇਥੇ ਮੂਲ ਮਨੋਰਥ ਪਾਠਗਤ ਵਿਸ਼ਲੇਸ਼ਣ ਰਾਹੀਂ ਵਾਰ ਦੇ ਪਰੰਪਰਾਗਤ ਸਰੂਪ ਦੇ ਆਧਾਰ 'ਤੇ ਪਉੜੀਆਂ ਦੀ ਕ੍ਰਮਿਕ ਲਗਾਤਾਰਤਾ ਦੇ ਵਿਚਾਰਧਾਰਕ ਆਧਾਰ ਨੂੰ ਦੇਖਣ ਅਤੇ ਆਪਸੀ ਸੰਬੰਧਾਤਮਕਤਾ ਨੂੰ ਸਮਝਣ ਦੇ ਨਾਲ ਹੈ। ਜਦੋਂ ਅਸੀਂ ਇਸ ਵਾਰ ਦੀਆਂ ਪਉੜੀਆਂ ਦੇ ਵਿਚਾਰਧਾਰਕ ਆਧਾਰ ਨੂੰ ਵੇਖਦੇ ਹਾਂ ਤਾਂ ਇਨ੍ਹਾਂ ਦਾ ਕੇਂਦਰ-ਬਿੰਦੂ 'ਅਕਾਲ ਪੁਰਖ ਦੀ ਸਲਾਹਣਾ' ਹੈ ਜਿਸ ਨੂੰ 'ਗੁਰਮੁਖ-ਮਨਮੁਖ' ਅਤੇ 'ਸਤਿਗੁਰੂ' ਦੇ ਸੰਕਲਪਿਕ ਆਧਾਰ ਵਜੋਂ ਪੇਸ਼ ਕੀਤਾ ਗਿਆ ਹੈ।

## II

ਗੁਰੂ ਰਾਮਦਾਸ ਜੀ ਰਚਿਤ 'ਗਉੜੀ ਕੀ ਵਾਰ'[4] ਦੀ **ਪਹਿਲੀ ਪਉੜੀ** ਦਾ ਪ੍ਰਾਰੰਭ ਅਕਾਲ ਪੁਰਖ ਦੇ ਸੱਚ-ਸਰੂਪ,ਸਾਹਿਬ-ਰੂਪ, ਵੱਡ-ਰੂਪ ਅਤੇ ਗੋਸਾਈਂ ਦੀ ਸਾਲਾਹਣਾ ਰਾਹੀਂ ਹੁੰਦਾ ਹੈ। ਇਸ ਦੇ ਸਿਮਰਨ ਰਾਹੀਂ ਗੁਰਮੁਖਾਂ ਨੂੰ ਫ਼ਲ ਦੀ ਪ੍ਰਾਪਤੀ, ਚਰਨਾਗਤੀ,

ਪਰਮਗਤੀ ਅਤੇ ਸੱਚ ਨਾਮ ਵਿਚ ਸਮਾਈ ਹੁੰਦੀ ਹੈ:

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ।।...
ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ।।1।।[5]

**ਦੂਜੀ ਪਉੜੀ** ਪਹਿਲੀ ਪਉੜੀ ਦੇ ਵਿਚਾਰਧਾਰਕ ਆਧਾਰ ਸੱਚ-ਸਰੂਪ ਦੇ ਸਾਹਿਬ-ਰੂਪ ਨੂੰ ਨਵਾਂ ਪਰਿਪੇਖ ਦਿੰਦੀ ਹੋਈ ਅਕਾਲ ਪੁਰਖ ਨੂੰ 'ਤੂੰ' ਵਜੋਂ ਸੰਬੋਧਨ ਕਰਦੀ ਉਸ ਨੂੰ ਨਿਰੰਕਾਰ, ਨਿਰੰਜਨ, ਹਰਿ, ਦਾਤਾ, ਵਿਸ਼ੇਸ਼ਣੀ ਨਾਵਾਂ ਨਾਲ ਪੁਕਾਰਦੀ ਹੈ। ਜਿਹੜੇ ਉਸਦੇ ਇਸ ਸੱਚ-ਸਰੂਪ ਨੂੰ ਇਕ ਮਨ ਨਾਲ ਧਿਆਉਂਦੇ, ਦੁੱਖਾਂ ਤੋਂ ਨਿਵਿਰਤ ਹੁੰਦੇ ਹਨ। ਸੱਚ-ਨਾਮ ਵਾਲਾ ਹੋਣ ਕਾਰਨ ਉਸ ਦੇ ਬਰਾਬਰ ਦਾ ਕੋਈ ਸ਼ਰੀਕ ਨਹੀਂ ਹੁੰਦਾ। **ਤੀਜੀ ਪਉੜੀ** ਅਕਾਲ ਪੁਰਖ ਦੇ ਸੱਚ-ਸਰੂਪ ਤੋਂ ਕਰਤਾ, ਪੁਰਖ, ਅਗੰਮ ਅਤੇ ਖਸਮ ਸਰੂਪ ਦਾ ਵੇਰਵਾ ਦਿੰਦੀ ਹੈ। ਜਿਹੜਾ ਤੁਲਨਾ ਤੋਂ ਰਹਿਤ (ਵੜੀਐ), ਸਰਬਸ਼ਕਤੀਮਾਨ, ਸਰਬਵਿਆਪਕ, ਗੁਰਮੁਖਾਂ ਦੇ ਸਨਮੁਖ ਪ੍ਰਗਟ ਹੁੰਦਾ, ਕਰਣ ਕਾਰਣਹਾਰ ਹੋਣ ਕਾਰਨ ਜੀਵ ਨੂੰ ਝੂਰਨ ਤੋਂ ਬਚਾਉਂਦਾ ਹੈ। **ਚੌਥੀ ਪਉੜੀ** ਅਕਾਲ ਪੁਰਖ ਦੇ ਕਰਤਾ, ਅਭੁਲ, ਕਰਣ ਕਾਰਣ ਸਮਰਥ, ਸਹਿਬ, ਅਗੰਮ ਦਇਆਲ ਸਰੂਪ ਦੀ ਸਭਨਾ ਦੁਆਰਾ ਸਲਾਹਣਾ ਦਾ ਬਿਆਨ ਕਰਦੀ ਹੈ ਅਤੇ ਉਸ ਦਾ ਪ੍ਰਤਿਪਾਲਕ-ਰੂਪ ਉਨ੍ਹਾਂ ਨੂੰ ਦੁੱਖਾਂ-ਕਸ਼ਟਾਂ ਤੋਂ ਮੁਕਤ ਕਰਦਾ ਹੈ। **ਪੰਜਵੀਂ ਪਉੜੀ** ਕਰਤਾ ਤੋਂ ਪ੍ਰਤਿਪਾਲਕ ਤੇ ਸੱਚ-ਸਰੂਪ ਵੱਲ ਵਿਕਾਸ ਕਰਦੀ ਹੋਈ ਉਸ ਨੂੰ ਸਾਹਿਬ, ਸਤਿਗੁਰੂ ਤੇ ਵੱਡਜਾਣੀ, ਮਨਿ ਭਾਣੀ ਤੇ ਮੂੜ ਅਜਾਣੀ ਰਾਹੀਂ ਪਰਿਭਾਸ਼ਿਤ ਕਰਦੀ ਹੈ। ਵਡਜਾਣੀ ਉਹ ਹੈ ਜਿਸ ਨੂੰ ਸਾਹਿਬ ਵੱਡਾ ਕਰਦਾ, ਜੋ ਉਸ ਦੇ ਮਨ ਨੂੰ ਭਾਉਂਦਾ ਉਹੀ ਬਖਸ਼ਿਆਂ ਜਾਂਦਾ, ਜੋ ਰੀਸ ਕਰਦਾ ਮੂੜ ਅਜਾਣੀ ਬਣਦਾ, ਸਤਿਗੁਰੂ ਦੇ ਮਿਲਾਪ ਤੇ ਗੁਣਾਂ ਦਾ ਵਖਿਆਣ ਕਰਦਾ ਹੋਇਆ ਸੱਚ ਨੂੰ ਬੁੱਝਦਾ ਤੇ ਸੱਚ-ਰੂਪ ਹੋ ਨਿੱਬੜਦਾ ਹੈ। **ਪਉੜੀ ਛੇਵੀਂ** ਪਿਛਲੀ ਪਉੜੀ ਦੇ ਸੱਚ-ਸਰੂਪ ਨੂੰ ਸੱਚੇ ਨਿਆਇਕ ਵਜੋਂ ਵਖਿਆਣ ਕਰਦੀ ਹੈ। ਸੱਚੇ ਨੂੰ ਸੱਚ ਭਾਉਂਦਾ, ਸੱਚ ਧਿਆਉਣ ਵਾਲੇ ਜਮਕਾਲ ਤੋਂ ਦੂਰ ਰਹਿੰਦੇ, ਸੱਚੇ ਦਾ ਹਿਰਦੇ ਵਿੱਚ ਨਿਵਾਸ ਹੋਣ ਕਰਕੇ ਉਸ ਦੇ ਦਰ 'ਤੇ ਮੁਖ (ਗੁਰਮਖਿ) ਉੱਜਲਾ ਕਰਦੇ, ਕਪਟੀ ਕੁੜਿਆਰ ਦਰ ਤੋਂ ਪਿੱਛੇ ਸੁੱਟੇ ਜਾਂਦੇ, ਮਹਾਂ ਦੁੱਖ ਪਾਉਂਦੇ, ਮੂੰਹ ਕਾਲੇ ਅਤੇ ਕੂੜ-ਰੂਪ ਹੋ ਜਾਂਦੇ ਹਨ। **ਪਉੜੀ ਸੱਤਵੀਂ** ਹਰਿ, ਗੁਰੂ, ਗੁਰਮੁਖਿ ਰਾਹੀਂ ਜੀਵ ਦੇ ਗੁਣਾਂ ਤੇ ਔਗੁਣਾਂ ਦਾ ਵੇਰਵਾ ਦਿੰਦੀ ਹੈ। ਹਰਿ ਦਾ ਹਿਰਦੇ ਰਾਹੀਂ ਸਿਮਰਨ (ਅਜਪਾ ਜਾਪ), ਹਰਿ-ਮਿਲਾਪ ਔਗੁਣਾਂ ਨੂੰ ਸ਼ਬਦ ਰਾਹੀਂ ਜਲਾ ਕੇ ਤੇ ਸੱਚ ਨਾਲ ਗੁਣਾਂ ਦੀ ਸਾਂਝ ਪਾਉਣੀ, ਗੁਰੂ ਰਾਹੀਂ ਔਗੁਣਾਂ ਦਾ ਖ਼ਾਤਮਾ,

ਗੁਰਮੁਖ ਦਾ ਵੱਡੇ ਦੀ ਵੱਡੀ ਵਡਿਆਈ ਨੂੰ ਅਲਾਪਣ ਬਾਰੇ ਚਰਚਾ ਕੀਤੀ ਗਈ ਹੈ। **ਪਉੜੀ ਅੱਠਵੀਂ** ਇਸੇ ਸੰਕਲਪ ਨੂੰ ਅੱਗੇ ਤੋਰਦੀ ਹੋਈ ਇਸ ਵਡਿਆਈ ਦੀ ਬਖਸ਼ਿਸ਼ ਦੇਣ ਵਾਲੇ ਸਤਿਗੁਰ ਦੀ ਸਤਿਕਾਰਤਾ ਦਾ ਚਿਤਰਨ ਕਰਦੀ ਹੈ। ਅਕਾਲਪੁਰਖ ਸੱਚ ਰੂਪ ਵਿੱਚ ਸਭ ਤੋਂ ਵੱਡਾ ਹੈ, ਪਰ ਮਿਲਦਾ ਉਸ ਨੂੰ ਹੈ ਜਿਸ ਨੂੰ ਸਤਿਗੁਰੂ ਨਿਵਾਜਦਾ, ਸੱਚ ਨੂੰ ਧਿਆਉਂਦਾ, ਸੱਚ ਤੇ ਸਤਿਗੁਰੂ ਦੀ ਇਕਰੂਪਤਾ, ਪੰਜ-ਦੂਤਾਂ ਨੂੰ ਵੱਸ ਕਰਨ ਵਾਲਾ ਪੁਰਖ ਬਣਦਾ ਹੈ, ਪਰ ਸਿਮਰਨਹੀਣੇ ਹਉਮੈ ਗ੍ਰਸਤਾਂ ਦੇ ਮੂੰਹ ਫਿੱਕੇ, ਫਿਟਕਾਰੀ ਅਤੇ ਅੰਦਰੋਂ ਕੂੜ ਨਾਲ ਭਰੇ ਹੋਏ, ਬੋਲ ਭਾਉਂਦੇ ਨਹੀਂ, ਮੂੰਹ ਕਾਲੇ ਅਤੇ ਸਤਿਗੁਰੂ ਤੋਂ ਵਿਛੜੇ ਹੰੁਦੇ ਹਨ।**ਪਉੜੀ ਨੌਵੀਂ** ਪਿਛਲੇਰੀ ਪਉੜੀ ਨੂੰ ਆਧਾਰ ਬਣਾਉਂਦੀ ਹੋਈ ਅਕਾਲਪੁਰਖ ਦੇ ਸੱਚ ਰੂਪ ਤੋਂ ਅੱਗੇ ਉਸ ਨੂੰ ਵੇਪਰਵਾਹ, ਅਥਾਹ, ਅਤੁਲ, ਵਜੋਂ ਸੰਬੋਧਨ ਕਰਦੀ ਹੋਈ ਇਸ ਦੇ ਜਾਣਕਾਰ ਸਤਿਗੁਰੂ ਦੇ ਮਿਲਾਪ ਨਾਲ ਉਸ ਨੂੰ ਧਿਆਉਣ ਵਾਲੇ ਵਡਭਾਗੀ, ਸਤ-ਸਰੂਪ ਸਤਿਗੁਰੂ ਦੀ ਬਾਣੀ ਦਾ ਗੁਰਬਾਣੀ ਬਣਨਾ, ਕੂੜਿਆਰਾਂ ਦੁਆਰਾ ਕੂੜ ਵੱਸ ਰੀਸ ਨਾਲ ਆਵਾ-ਧਾਵਾ/ਕੱਚ ਪਿੱਚ ਬੋਲਣਾ ਅਤੇ ਆਪਣੀ ਹੋਂਦ ਖਤਮ ਕਰਨਾ, ਭੇਖਧਾਰੀ, ਮਾਇਆ ਧਾਰੀ ਹੋਣ ਲਈ ਭੱਖ ਮਾਰਨ ਦੇ ਬਿਰਤਾਂਤ ਨੂੰ ਬਿਆਨ ਕਰਦੀ ਹੈ। **ਪਉੜੀ ਦਸਵੀਂ** ਅਕਾਲਪੁਰਖ ਦੇ ਅਗੰਮ, ਦਇਆਲ, ਵੱਡ, ਦਾਤਾ, ਸਿਆਣਾ ਤੇ ਸੁਘੜ-ਸਰੂਪ ਨੂੰ ਚਿਤਰਿਤ ਕਰਦਿਆਂ ਪਰਿਵਾਰਕ ਮੋਹ, ਦਿੱਸਦਾ ਜਗਤ ਤੇ ਆਵਾਗਉਣ ਸਭ ਚਲਾਇਨਮਾਨ ਹੋਣ ਕਾਰਨ ਸਚੇ ਬਿਨਾਂ ਹੋਰਨਾਂ ਨਾਲ ਚਿੱਤ ਲਾਉਣ ਵਾਲਿਆਂ ਨੂੰ 'ਕੂੜਿਆਰ' ਵਜੋਂ ਰੂਪਮਾਨ ਕਰਦੀ ਹੈ। ਅਜਿਹੇ ਜੀਵ ਕੂੜ, ਝੂਠ ਤੇ ਮਾਣ ਕਰਦੇ, ਸੱਚ ਤੋਂ ਬੇਮੁਖ ਅਣਜਾਣ ਮਰ-ਮਰ ਖੱਪਦੇ ਹਨ। **ਪਉੜੀ ਗਿਆਰ੍ਹਵੀਂ** ਦਸਵੀਂ ਪਉੜੀ ਦੇ ਅੰਤਿਮ ਸੰਕਲਪਿਕ ਆਧਾਰ ਸੱਚ ਨੂੰ ਸਾਖਿਆਤਕਾਰ ਕਰਨ ਵਾਲੇ ਜਨਾਂ ਦੀ ਗੱਲ ਕਰਦੀ ਹੈ, ਜਿਹੜੇ ਵਿਰਲੇ, ਥੋੜ੍ਹੇ, ਇਕ ਮਨ-ਇਕ ਚਿੱਤ ਅਰਾਧਣ ਕਰਕੇ ਕਰੋੜਾਂ ਜਨਾਂ ਨੂੰ ਬਰਕਤ ਨਾਲ ਸ਼ੁਮਾਰ ਕਰਦੇ, ਸਾਹਿਬ ਨੂੰ ਲੁਭਾਉਂਦੇ ਹੋਏ ਉਸ ਦੇ ਦਰ 'ਤੇ ਪ੍ਰਵਾਨ ਹੁੰਦੇ, ਪਰ ਬੇਮੁਖ ਸਤਿਗੁਰੂ ਹੀਣੇ, ਸਿਮਰਨਹੀਣੇ, ਜੀਭ ਦੇ ਚਸਕਿਆਂ ਵਿੱਚ ਗ੍ਰਸਤ ਜਨਮ-ਮਰਨ ਦੇ ਭਰਮਣ 'ਚ ਪਏ, ਕੋਹੜੇ ਦੁਵੱਲੀ ਸਖਸ਼ੀਅਤ ਵਾਲੇ, ਮਨ ਖੋਟੇ ਹੋਣ ਕਾਰਨ ਵਿਛੋੜੇ ਦਾ ਕਾਰਨ ਬਣਦੇ ਹਨ। **ਪਉੜੀ ਬਾਰ੍ਹਵੀਂ** ਇਸ ਵਿਚਾਰ ਨੂੰ ਸੰਤ ਜਨ, ਭਗਤ-ਜਨ, ਅਤੇ ਮੁਗਧ ਨਰ ਦੇ ਪਰਿਪੇਖ ਰਾਹੀਂ ਸਪੱਸ਼ਟ ਕਰਦੀ ਹੈ। ਗੁਰੂ ਰਾਮਦਾਸ ਜੀ ਸੰਤ ਜਨਾਂ ਦੀ ਵੀਚਾਰ ਨੂੰ ਚਾਰ-ਵੇਦਾਂ ਦੇ ਵਖਿਆਣ ਸਮਾਨ ਸਮਾਨਤਾ ਦਿੰਦੇ ਹੋਏ ਭਗਤ ਜਨਾਂ ਦੇ ਬੋਲਾਂ ਦਾ ਵਚਨਾਂ ਰਾਹੀਂ ਪੂਰਾ ਹੋਣਾ ਤੇ ਪ੍ਰਤੱਖ ਸੁਣਨਾ

ਪਰ ਮੁਗਧ ਨਰ, ਸੰਤਾਂ ਨਾਲ ਖਹਿਬੜਨ ਕਾਰਨ ਕਦੇ ਸੁੱਖ ਨਹੀਂ ਪਾਉਂਦੇ, ਅਹੰਕਾਰ ਵਿੱਚ ਲੜਦੇ, ਵਿਚਾਰੇ, ਧੁਰੋਂ ਬੇਭਾਗੇ, ਮੰਦੇ, ਪ੍ਰਾਰਬ੍ਰਹਮ ਦੀ ਮਾਰ ਦੇ ਮਾਰੇ ਕਿਸੇ ਦੇ ਸਕੇ ਨਹੀਂ ਬਣਦੇ, ਨਿਰਵੈਰ ਨਾਲ ਵੈਰ ਕਮਾਉਂਦੇ ਹੋਏ ਧਰਮ ਤੇ ਨਿਆਂ ਵਿਚ ਸੜਦੇ, ਸੰਤ ਜਨਾਂ ਦੇ ਸਰਾਪ ਕਾਰਨ ਭਟਕਣਾ ਦਾ ਸ਼ਿਕਾਰ ਹੁੰਦੇ ਹਨ। **ਪਉੜੀ ਤੇਰ੍ਹਵੀਂ** ਫਿਰ ਸੱਚ ਦੀ ਸਾਲਾਹਣਾ ਕਰਨ ਵਾਲੇ ਭਗਤਾਂ ਨੂੰ ਸਾਬਾਸ਼ ਦਿੰਦੀ ਹੋਈ ਕੁਰਬਾਨ ਜਾਂਦੀ ਹੈ। ਸੱਚ-ਸਰੂਪ ਅਕਾਲ ਪੁਰਖ ਸੱਚ ਹੋਣ ਕਾਰਨ ਸਭ ਦਾ ਆਸਰਾ (ਦੀਬਾਣ), ਸੱਚ ਨੂੰ ਧਿਆਉਣਾ ਸੱਚ-ਸਿਮਰਨ ਵਾਲਿਆਂ ਲਈ ਮਾਣ ਹੋਣ ਕਾਰਨ ਅੰਦਰੋਂ ਸੱਚੇ, ਮੁੱਖ ਉਜਲੇ, ਸੱਚ ਦੇ ਬੁਲਾਰੇ, ਸੱਚ ਨੂੰ ਸ਼ਕਤੀ ਮੰਨਦੇ, ਸੱਚ-ਸ਼ਬਦ ਦੀ ਨਿਸ਼ਾਨੀ ਹੋਣ ਕਾਰਨ ਅਜਿਹੇ ਭਗਤਾਂ ਨੂੰ ਗੁਰਮੁਖਿ ਸਲਾਹੁੰਦੇ ਹਨ।**ਪਉੜੀ ਚੌਦ੍ਹਵੀਂ** ਅਕਾਲ ਪੁਰਖ ਦੇ ਸੱਚ-ਸਰੂਪ ਨੂੰ ਸ਼ਾਹ, ਸਾਹਿਬ, ਅਲਖ ਵਜੋਂ ਸੰਬੋਧਨ ਕਰਦੀ ਹੋਈ ਗੁਰ-ਸ਼ਬਦ ਦੀ ਵਡਿਆਈ ਬਾਰੇ ਦੱਸਦੀ ਹੈ। ਸੱਚਾ ਸਾਹਿਬ ਪ੍ਰਭੂ ਅਤੇ ਸ਼ਾਹ ਰੂਪ ਵਿਚ ਸੱਚ ਨਾਮ ਦੀ ਪੂੰਜੀ ਗੁਰਮੁਖਾਂ ਵਣਜਾਰਿਆਂ ਨੂੰ ਦ੍ਰਿੜ ਕਰਵਾਉਂਦਾ ਹੈ। ਸੱਚ ਸਿਮਰਨ ਸੱਚ-ਵਣਜ ਰਾਹੀਂ ਨਿਆਰੇ ਗੁਣਾਂ ਨੂੰ ਕਥਨਾਂ, ਗੁਰ ਸ਼ਬਦ ਰਾਹੀ ਸੰਵਾਰ ਕੇ ਸੇਵਕੀ ਅਪਣਾਕੇ ਸੱਚ ਦਾ ਮਿਲਾਪ ਮਾਣਦੇ ਹਨ। **ਪਉੜੀ ਪੰਦਰ੍ਹਵੀਂ** ਪਿਛਲੀ ਪਉੜੀ ਦੇ ਸੱਚ ਨਾਮ ਦੀ ਵਣਜ ਨੂੰ ਵਿਸਥਾਰ ਦਿੰਦੀ ਹੋਈ ਮਨੁੱਖੀ ਕਾਇਆ ਨੂੰ ਸ਼ਾਨਦਾਰ ਕਿਲ੍ਹੇ ਵਜੋਂ ਰੂਪਮਾਨ ਕਰਦੀ ਹੈ। ਇਸ ਕਾਇਆ ਦੇ ਅੰਤਰਗਤ ਹੱਟੀਆਂ ਰੂਪੀ ਬਜ਼ਾਰ ਵਿਚ ਗੁਰਮੁਖ ਜਨ ਹਰਿ-ਵਸਤੂ ਦਾ ਸੌਦਾ ਲੈਂਦੇ, ਹੀਰਿਆ ਅਤੇ ਕੀਮਤੀ ਪੱਥਰਾਂ ਤੋਂ ਉਪਰ ਹਰਿ-ਨਾਮ ਨਿਧਾਨ ਦਾ ਵਣਜ ਕਰਦੇ ਹਨ, ਪਰ ਇਸ ਦੇ ਵਿਪਰੀਤ ਮੂਰਖ, ਮੂੜ, ਬੇਤਾਲੇ ਜਨ ਕਾਇਆ ਤੋਂ ਬਾਹਰ ਧਨ ਖੋਜਦੇ, ਝਾੜੀਆਂ ਵਿਚ ਫਿਰਦੇ ਮਿਰਗ ਦੀ ਤਰ੍ਹਾਂ ਭਟਕਣਾ ਦਾ ਸ਼ਿਕਾਰ ਹੁੰਦੇ ਹਨ। **ਪਉੜੀ ਸੋਲ੍ਹਵੀਂ** ਕਾਇਆ/ਸਰੀਰ ਨੂੰ ਕੇਂਦਰਿਤ ਕਰਦੀ ਹੋਈ 'ਧਰਮ' ਵਜੋਂ ਪਰਿਭਾਸ਼ਿਤ ਕਰਦੀ ਹੈ। ਇਸ ਕਾਇਆ ਅੰਦਰ ਸੱਚੇ ਦੀ ਜੋਤ, ਨਾਮ ਰੂਪੀ ਕੀਮਤੀ ਗੁੱਝੇ ਰਤਨ ਲੁਕੇ ਹੋਏ ਹਨ, ਜਿਨ੍ਹਾਂ ਨੂੰ ਗੁਰਮੁਖ ਸੋਝੀ ਰਾਹੀਂ ਖੋਤ ਕੇ ਕੱਢਦਾ, ਰਾਮ ਰੂਪ ਵਿੱਚ ਉਸ ਦੀ ਸਾਰੇ ਪਸਾਰੇ ਦੇ ਤਾਣੇ-ਬਾਣੇ ਵਿਚ ਸਰਬ-ਵਿਆਪਕਤਾ ਤੇ ਇਕਰੂਪਤਾ ਦਾ ਪ੍ਰਤੱਖਣ ਤੇ ਮਨਨ ਕਰਦਾ, ਇਕ ਰੂਪ ਧੁਨੀ ਨੂੰ ਰਾਹੀਂ ਸੁਣਦਾ ਹੋਇਆ ਨਾਮ ਦੀ ਸਾਲਾਹਣਾ ਰਾਹੀਂ ਸੱਚੀ ਸੇਵਾ ਕਰਦਾ ਹੈ। **ਪਉੜੀ ਸਤਾਰ੍ਹਵੀਂ,** ਸੋਲਵੀਂ ਪਉੜੀ ਦੇ ਵਿਚਾਰ ਨੂੰ ਅਗਰਭੂਮੀ ਵਿਚ ਰੱਖ ਕੇ ਸਤਿਗੁਰੂ, ਗੁਰਮਖਿ ਅਤੇ ਮਨਮੁਖ ਨੂੰ ਸੰਕਲਪਿਕ ਆਧਾਰ ਦਿੰਦੀ ਹੈ। ਸੱਚਾ ਸਤਿਗੁਰੂ, ਅਗੰਮ-ਹਰਿ

ਨੂੰ ਹਿਰਦੇ ਵਿਚ ਵਸਾਉਂਦਾ, ਵਿਸ਼ੇ-ਵਿਕਾਰਾਂ ਨੂੰ ਖਤਮ ਕਰਨ ਵਾਲਾ ਪੁਰਖ ਹੁੰਦਾ ਹੈ। ਗੁਰੂ ਦੀ ਬਲਿਹਾਰਤਾ ਕਾਰਨ ਗੁਰਮਖਿ ਗੁਰੂ ਦੀ ਸਨਮੁਖਤਾ ਰਾਹੀਂ ਜਿੱਤਦਾ, ਪਰ ਮਨਮੁਖ ਹਾਰ ਦਾ ਸ਼ਿਕਾਰ ਹੁੰਦਾ ਹੈ। **ਪਉੜੀ ਅਠਾਰਵੀਂ** ਗੁਰੂ ਦੇ ਮਾਧਿਅਮ ਰਾਹੀਂ ਸੱਚੇ ਦੀ ਸੱਚੀ ਸਿਫ਼ਤ-ਸਲਾਹਣਾ ਦਾ ਪਰਿਪੇਖ ਸਿਰਜਦੀ ਹੈ। ਸੱਚੀ ਵਡਿਆਈ, ਅਮੁਲ, ਸੱਚ ਨਾਮ-ਰਸ ਨੂੰ ਚੱਖਣ ਵਾਲੇ ਤ੍ਰਿਪਤਵਾਨ ਬਣਦੇ ਤੇ ਹਰਿ ਰਸ ਨੂੰ ਗੂੰਗੇ ਦੀ ਮਠਿਆਈ ਖਾਣ ਵਾਂਗ ਕਥਨ ਤੋਂ ਬਾਹਰ ਹੁੰਦੇ, ਗੁਰੂ ਦੇ ਮਾਰਗ ਦਰਸ਼ਨ ਰਾਹੀਂ ਹਰਿ-ਸਿਮਰਨ ਦੇ ਪ੍ਰਵਰਤਕ ਬਣਨ ਤੇ ਮਨ ਦੇ ਹੁਲਾਸ ਵਿਚ ਆਉਣ ਨੂੰ ਚਿਤਰਿਤ ਕੀਤਾ ਗਿਆ ਹੈ। **ਪਉੜੀ ਉਨੀਵੀਂ** ਸਿਫ਼ਤ ਸਾਲਾਹਣਾ ਦੇ ਸੰਕਲਪ ਨੂੰ ਨਿਰਾਲੇ (ਗੁਰਮੁਖਿ) ਅਤੇ ਬੇਤਾਲੇ (ਮਨਮੁਖ) ਪੁਰਖਾਂ ਦੁਆਰਾ ਪਰਿਭਾਸ਼ਿਤ ਕਰਦੀ ਹੈ। ਨਿਰਾਲੇ ਪੁਰਖ ਸੱਚੀ ਸਾਲਾਹਣਾ ਵਾਲੇ, ਸਿਮਰਨ ਦੇ ਪ੍ਰਵਰਤਕ, ਸੱਚ ਨੂੰ ਮਨ ਵਿਚ ਵਸਾਉਣ ਵਾਲੇ, ਹਰਿ ਰੱਖਿਅਕ ਅਤੇ ਸੱਚ ਵਿਚ ਜਾ ਰਲਦੇ ਹਨ। ਪਰ ਬੇਤਾਲੇ (ਮਨਮੁਖਿ) ਸਿਮਰਨ ਹੀਣੇ, ਮੂੜ੍ਹਮੱਤ, ਸ਼ਰਾਬੀਆਂ ਦੀ ਨਿਆਈਂ ਕਬੋਲ ਬੋਲਦੇ ਹਨ।**ਪਉੜੀ ਵੀਹਵੀਂ** ਸੱਚੇ ਦੀ ਸੱਚੀ ਸਿਫ਼ਤ-ਸਲਾਹਣਾ ਨੂੰ 'ਸੱਚ' ਅਤੇ 'ਸਚਿਆਰ' ਦੇ ਪਰਿਪੇਖ ਵਿਚ ਰੂਪਮਾਨ ਕਰਦੀ ਹੈ। ਸੱਚੇ ਦੀ ਸਿਫ਼ਤ-ਸਲਾਹਣਾ ਦਾ ਸੰਬੰਧ ਆਂਤਰਿਕ ਤੇ ਭਾਵਾਤਮਿਕ ਤੌਰ ਤੇ ਜੁੜਨ, ਇਕ ਮਨ ਇਕ ਚਿੱਤ ਅਰਾਧਣ ਅਤੇ ਸਰੀਰਕ ਅਰੋਗਤਾ ਨਾਲ ਹੈ। ਸਚਿਆਰ ਪੁਰਖ ਅੰਮ੍ਰਿਤਵਾਨ ਹੋਣ ਕਾਰਨ ਸਾਬਾਸ਼ ਦਾ ਪਾਤਰ, ਸੱਚ ਦਾ ਸੱਚਾ ਪ੍ਰਵਰਤਕ, ਸੱਚੀ ਦਰਗਾਹ ਦਾ ਵਸਨੀਕ, ਮੁਬਾਰਕ ਜਨਮ ਅਤੇ ਉਜਲੇ ਮੁੱਖ ਵਾਲੇ ਹੁੰਦੇ ਹਨ। **ਪਉੜੀ ਇੱਕੀਵੀਂ** ਪਿਛਲੇਰੀ ਪਉੜੀ ਦੇ ਸਾਲਾਹਣਾ ਨੂੰ ਅਰਾਧਣ ਨਾਲ ਅਤੇ ਸਚਿਆਰ ਨੂੰ ਗੁਰਮੁਖਿ ਨਾਲ ਜੋੜਦੀ ਹੋਈ ਵਿਚਾਰ ਨੂੰ ਵਿਸਥਾਰ ਦਿੰਦੀ ਹੈ। ਇਸ ਪਉੜੀ ਵਿਚ ਵੀ ਜੁੜੇ ਹੋਇਆ ਨੂੰ ਸੱਚ ਨੂੰ ਭਾਉਂਦੇ, ਸੱਚੀ ਦਰਗਾਹ ਦੇ ਵਸਨੀਕ, ਸੱਚ ਨੂੰ ਸੁੱਤਿਆਂ-ਜਾਗਦਿਆਂ ਅਰਾਧਣ ਵਾਲੇ, ਵਿਰਲੇ ਅਸਤਿਤਵ ਵਾਲੇ, ਰਾਤ-ਦਿਨ ਸੱਚ-ਸਿਮਰਨ ਵਿਚ ਜੁੜੇ, ਤਨੋ-ਮਨੋ ਸੱਚ ਦੇ ਮਾਰਗ ਦਰਸ਼ਕ ਹੋਣ ਕਾਰਨ ਸਦੀਵੀ ਨਵੇਂਪਨ ਨੂੰ ਮਾਣਦੇ ਦਰਸਾਇਆ ਗਿਆ ਹੈ। **ਪਉੜੀ ਬਾਈਵੀਂ** ਸੱਚੇ ਦੇ ਸੱਚੇ-ਜਨ ਭਗਤ ਤੇ ਗੁਰਮੁਖਾਂ ਦੀ ਵਡਿਆਈ ਕਰਦੀ ਹੈ। ਭਗਤ ਜਨਾਂ ਦੁਆਰਾ ਸੱਚੇ ਨੂੰ ਅਰਾਧਣ, ਗੁਰਮੁਖਾਂ ਦੁਆਰਾ ਸੱਚੇ ਨੂੰ ਖੋਜਣ ਤੇ ਅੰਦਰੋਂ ਲੱਭਣ, ਕਾਲ ਮੁਕਤ,ਵੱਡੇ ਦੇ ਸਿਮਰਨ ਰਾਹੀਂ ਸੱਚ-ਰੂਪ ਹੋਣ, ਸੱਚੇ ਦੀ ਸ਼ਾਬਾਸ਼ ਤੇ ਸਿਮਰਨ ਰਾਹੀਂ ਫ਼ਲਵਰਤਕ ਬਣਦੇ ਹਨ। **ਪਉੜੀ ਤੇਈਵੀਂ** ਸੱਚੇ ਦੁਆਰਾ ਸਿਰਜੀ ਕਾਇਨਾਤ ਵਿਚੋਂ ਪੂਰੇ ਸਤਿਗੁਰੂ ਰਾਹੀਂ ਗੁਰਮੁਖਾਂ ਨੂੰ ਹਾਜ਼ਰ-ਨਾਜ਼ਰ ਹੋਣ ਅਤੇ

ਗੁਰਮੁਖਤਾ ਪ੍ਰਾਪਤੀ ਦਾ ਸੰਦੇਸ਼ ਦਿੰਦੀ ਹੈ। ਸੱਚੇ ਦੁਆਰਾ ਸਿਰਜੀ ਕੁਦਰਤਿ, ਦਿਨ-ਰਾਤ ਦੇ ਚੱਕਰ ਨੂੰ ਸੱਚ ਜਾਣਨ, ਸਦੀਵੀਂ ਸੱਚ ਤੇ ਅਮੁਲਤਾ ਸਰੂਪ ਦੀ ਸਾਲਾਹਣਾ ਤੇ ਵਡਿਆਈ ਪੂਰੇ ਸਤਿਗੁਰੂ ਰਾਹੀਂ ਹਾਜ਼ਰ-ਨਾਜ਼ਰ ਰੂਪ ਦਾ ਪ੍ਰਤੱਖਣ, ਗੁਰਮੁਖਾਂ ਦੁਆਰਾ ਸੱਚੇ ਦੀ ਸਿਫ਼ਤ-ਸਾਲਾਹ ਰਾਹੀਂ ਤ੍ਰਿਪਤਵਾਨ ਬਣਨ ਦਾ ਜ਼ਿਕਰ ਹੈ। **ਪਉੜੀ ਚੌਵੀਵੀਂ,** ਤੇਈਵੀਂ ਪਉੜੀ ਵਿਚਲੇ ਕਾਦਰ ਸਰੂਪ ਤੋਂ ਕਰਤਾ ਤੇ ਕਰਣਹਾਰ ਸਰੂਪ ਵੱਲ ਲਿਜਾਂਦੀ ਹੈ। ਕਰਤਾ ਰੂਪ ਵਿਚ ਉਹ ਜੀਆਂ ਅੰਦਰ ਵਰਤਦਾ, ਅਗਣਤ ਰੂਪ ਤੋਂ ਗਣਤ (ਦੁਨੀਆਂ) ਵਿਚ ਸ਼ੁਮਾਰ ਹੁੰਦਾ, ਕਰਣ-ਕਰਾਵਣਹਾਰ, ਸ੍ਰਿਸ਼ਟੀ ਦੇ ਘਟ-ਘਟ ਵਿਚ ਵਰਤਦਾ ਤੇ ਕੌਤਕ ਚਲਾਉਂਦਾ, ਬੇਪਰਵਾਹ ਸਤਿਗੁਰੂ-ਮਿਲਾਪ ਰਾਹੀਂ ਹਰਿ-ਮਿਲਾਪ ਦਾ ਪ੍ਰਵਰਤਕ ਬਣਦਾ ਹੈ। **ਪਉੜੀ ਪੱਚੀਵੀਂ** ਕਾਦਰ ਤੇ ਕਰਤਾ ਸਰੂਪ ਤੋਂ ਅੱਗੇ ਇਸ ਦੀ ਦੀਖਿਆ ਦੇਣ ਵਾਲੇ ਸਤਿਗੁਰੂ ਦੀ ਮਹਿਮਾ ਅਤੇ ਗੁਰਸਿੱਖੀ ਮਾਰਗ ਦੀ ਗੱਲ ਕਰਦੀ ਹੈ। ਸੇਵਾ ਦੀ ਸਫ਼ਲਤਾ, ਪਾਪਾਂ ਦੀ ਨਿਵਿਰਤੀ ਤਾਂ ਹੀ ਹੋ ਸਕਦੀ ਹੈ ਜੇ ਸਤਿਗੁਰੂ ਦੇ ਮਨ ਨੂੰ ਪਤੀਜੇ। ਸਿੱਖ ਦੁਆਰਾ ਸਤਿਗੁਰ ਦੇ ਉਪਦੇਸ਼ ਨੂੰ ਧਿਆਨ ਨਾਲ ਸ੍ਰਵਣ ਕਰਨਾ, ਭਾਣਾ ਮੰਨਣ ਨਾਲ ਚੌਗੁਣਾਂ ਰੂਪ ਅਖ਼ਤਿਆਰ ਕਰਨਾ ਅਤੇ ਗੁਰਮੁਖਾਂ ਨੂੰ ਗੁਰੂ ਦੀਖਿਆ ਰਾਹੀਂ ਖਿੜਾਉ ਦੀ ਅਵਸਥਾ ਪ੍ਰਾਪਤੀ ਦਾ ਵਰਣਨ ਹੈ। **ਪਉੜੀ ਛੱਬੀਵੀ** ਪਿਛਲੇਰੀ ਪਉੜੀ ਦਾ ਵਿਰੋਧਾਤਮਕ ਪਰਿਪੇਖ ਸਿਰਜ ਕੇ ਸਤਿਗੁਰੂ- ਹੀਣੇ ਕੂੜਿਆਰ ਅਤੇ ਸਤਿਗੁਰੂ-ਮਿਲੇ ਸਚਿਆਰ ਦਾ ਸੰਕਲਪਤਾਮਕ ਆਧਾਰ ਪੇਸ਼ ਕਰਦੀ ਹੈ। ਸਤਿਗੁਰੂ-ਹੀਣੇ ਕੂੜਿਆਰ ਕਠੋਰ ਚਿੱਤ, ਉਦਾਸ ਚਿੱਤ, ਛਲ-ਫ਼ਰੇਬੀ, ਕੂੜਿਆਰਾਂ ਦੀ ਕੁਸੰਗਤ ਕਰਦੇ, ਸੱਚ ਤੋਂ ਦੂਰ ਰਹਿੰਦੇ ਹਨ, ਪਰ ਦੂਜੇ ਪਾਸੇ ਸਚਿਆਰ ਸਿੱਖ ਸਤਿਗੁਰੂ ਦੀ ਸੰਗਤ ਤੇ ਮਿਲਾਪ ਨੂੰ ਮਾਣਦੇ ਹਨ। ਛੱਬੀਵੀਂ ਪਉੜੀ ਦੇ ਵਿਚਾਰਧਾਰਕ ਆਧਾਰ ਨੂੰ ਸਪੱਸ਼ਟ ਕਰਨ ਵਾਲੀ **ਸਤਾਈਵੀਂ ਪਉੜੀ** ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਕੂੜਿਆਰ ਪ੍ਰਾਣੀਆਂ ਦੇ ਮਾੜੇ ਕਾਰਜਾਂ ਵੱਲ ਝਾਤੀ ਦਿਵਾਉਂਦੇ ਹਨ। ਅਜਿਹੇ ਪ੍ਰਾਣੀ ਦਿਨ ਦੇ ਚਾਨਣ ਅਤੇ ਜਾਣੀਜਾਣ ਪ੍ਰਭੂ ਤੋਂ ਅਛੋਪਲੇ ਰੱਸੇ/ਫਾਹੀ ਲੈ ਕੇ ਤੁਰਦੇ, ਅੰਦਰ ਬੈਠ ਕੇ ਲੁਕ-ਲੁਕ ਪਰਾਈਆਂ ਨਾਰਾਂ ਤੱਕਦੇ, ਔਖੀਆਂ ਥਾਵਾਂ 'ਤੇ ਸੰਨ੍ਹ ਲਗਾਉਂਦੇ, ਸ਼ਰਾਬ-ਸਵਾਦ ਨੂੰ ਮਾਣਦੇ, ਤਿਲਾਂ ਦੀ ਘਾਣੀ ਦੀ ਤਰ੍ਹਾ ਮੌਤ ਦੇ ਫਰਿਸ਼ਤੇ ਦੁਆਰਾ ਪੀੜੇ ਜਾਂਦੇ ਅਤੇ ਉਹ ਆਪੋ-ਆਪਣੇ ਕਰਮਾਂ ਦਾ ਪਛਤਾਵਾ ਕਰਦੇ ਦਰਸਾਏ ਹਨ। **ਅਠਾਈਵੀਂ ਪਉੜੀ** ਇਸੇ ਵਿਚਾਰ ਨੂੰ ਨਾਰਾਇਣ ਵਜੋਂ 'ਦੁਰਕਾਰੇ' ਤੇ 'ਸਵੀਕਾਰੇ' ਜੀਵ ਦੀ ਤ੍ਰਾਸਦਿਕ ਹਾਲਤ ਰਾਹੀਂ ਪੇਸ਼ ਕਰਦੀ ਹੈ। ਅਕਾਲਪੁਰਖ-ਨਾਰਾਇਣ ਵਲੋਂ ਦੁਰਕਾਰੇ ਦੀ ਅਣਹੋਂਦੀ ਹਸਤੀ

ਅਣਗਿਣਤ ਪਾਪ ਕਰਦੀ, ਵਿਸ਼ੇ-ਵਿਕਾਰਾਂ ਗ੍ਰਸਤ ਜੀਵ ਭਲੇ ਪੁਰਖ ਦੀ ਨਿੰਦਾ ਵਿਚ ਖਚਿਤ ਹੁੰਦਾ ਹੋਇਆ ਸਾਹਿਬ ਦੀ ਮਾਰ ਦਾ ਮਾਰਿਆ ਹੁੰਦਾ ਹੈ, ਪਰ ਅਜਿਹਾ ਪੁਰਖ ਅਲੱਖ ਦੀ ਸ਼ਰਨ ਵਿਚ ਆਉਣ ਨਾਲ ਸਵੀਕਾਰਿਆ ਜਾਂਦਾ ਹੈ। **ਪਉੜੀ ਉਨੱਤੀਵੀਂ** ਸ਼ਰਨਾਗਤੀ ਦੇ ਸੰਕਲਪ ਨੂੰ ਸਪੱਸ਼ਟ ਕਰਨ ਲਈ ਸਤਿਗੁਰੂ ਦੀ ਤ੍ਰੱਠਤਾ ਤੇ ਬਖਸ਼ਿਸ਼ ਰਾਹੀਂ ਹਰਿ ਦੁਆਰਾ ਸੱਚਾ ਅਖੁਟ ਧਨ ਬਖ਼ਸਣਾ, ਸ਼ੰਕਿਆਂ ਤੋਂ ਨਿਵਿਰਤ ਕਰਨਾ, ਜਮਕਾਲ ਦੇ ਡਰ ਤੋਂ ਮੁਕਤ ਹੋਣਾ, ਸਾਧੂ-ਸੰਗ ਨਾਲ ਸਰੀਰਕ ਤੇ ਮਾਨਸਿਕ ਬੁਰਿਆਈਆਂ ਦਾ ਖ਼ਤਮ ਹੋਣਾ, ਸੱਚ-ਸਿਮਰਨ ਹੀਣੇ ਦਾ ਬੋਟਾਂ ਦੀ ਤਰ੍ਹਾਂ ਨਿਆਸਰੇ ਮਰਨਾ ਅਤੇ ਬਖ਼ਸ਼ਿਸ਼ ਰਾਹੀਂ ਨਾਮ ਦੇ ਸੰਗੀ ਹੋਣ ਦਾ ਵਰਣਨ ਕੀਤਾ ਹੈ। **ਪਉੜੀ ਤੀਹਵੀਂ** ਉਨੱਤੀਵੀਂ ਪਉੜੀ ਦੇ ਬਖਸ਼ਿਸ਼ ਦੇ ਸੰਕਲਪ ਨੂੰ ਖਸਮ, ਭਗਤ ਜਨਾਂ ਦਾ ਰਾਖਾ ਤੇ ਅਭਿਮਾਨੀ ਜਨਾਂ ਰਾਹੀਂ ਵਿਸਥਾਰ ਦਿੰਦੀ ਹੈ। ਹਰਿ, ਖਸਮ, ਵੱਡਾ ਧਣੀ ਰੂਪ ਵਿਚ ਭਗਤ ਜਨਾਂ ਦਾ ਰਾਖਾ ਬਣਦਾ ਹੈ, ਪਰ ਗੁਮਾਨੀ/ਅਹੰਕਾਰੀ ਜਨ ਉਨ੍ਹਾਂ ਦਾ ਕੁਝ ਵੀ ਨਹੀਂ ਵਿਗਾੜ ਸਕਦੇ। ਅਹੰਕਾਰ/ਗੁਮਾਨ ਵੱਸ ਵਿਸ਼ ਦਾ ਸ਼ਿਕਾਰ ਹੁੰਦੇ ਜ਼ਿੰਦਗੀ ਦੀ ਅਸਥਿਰਤਾ, ਥੋੜ੍ਹਚਿਰਤਾ ਤੇ ਕਰਮਸ਼ੀਲਤਾ ਨੂੰ ਉਜਾਗਰ ਕਰਦੀ ਹੈ। **ਪਉੜੀ ਇਕੱਤੀਵੀਂ** ਬਾਰ੍ਹਵੀਂ ਪਉੜੀ ਦੇ ਵਿਚਾਰ ਦਾ ਵਿਸਥਾਰ ਹੈ। ਜਿਸ ਵਿਚ ਸੰਤ ਜਨਾਂ ਦੀ ਵਿਚਾਰ, ਭਗਤ ਜਨਾਂ ਦੇ ਵਚਨ ਅਤੇ ਮੁਗਧ ਨਰਾਂ ਦੀ ਹੋਂਦ, ਸੰਤ ਸਰਾਪ ਦੇ ਮਾਰੇ, ਨਿਰਵੈਰ ਦੇ ਵੈਰੀ ਬਣਦੇ ਦਰਸਾਏ ਗਏ ਹਨ। **ਪਉੜੀ ਬੱਤੀਵੀਂ** ਅਸਲ ਵਿਚ ਤੀਹਵੀਂ ਪਉੜੀ ਦਾ ਵਿਸਥਾਰ ਲੱਗਦੀ ਹੈ ਭਾਵੇਂ ਕਿ ਬੱਤੀਵੀਂ ਪਉੜੀ ਵੀ ਇਸ ਵਿਚਾਰ ਨੂੰ ਪ੍ਰਪੱਕਤਾ ਦਿੰਦੀ ਹੈ। ਇਹ ਪਉੜੀ ਕਰਮਹੀਣਾਂ ਦੀ ਕਰਮਗਤੀ ਤੇ ਕਰਮਫ਼ਲ ਦੇ ਵਰਣਨ ਨੂੰ ਦ੍ਰਿਸ਼ਟਾਤਾਂ ਰਾਹੀਂ ਰੂਪਮਾਨ ਕਰਦੀ ਹੈ। ਕਰਮਫ਼ਲ ਦਾ ਸਬੰਧ ਕਰਮਾਂ ਨਾਲ ਹੈ ਜਿਵੇਂ ਵਰਇਤ ਲੋਹੇ ਨੂੰ ਚੱਬਣ ਨਾਲ ਉਹ ਸੰਘ ਵਿਚ ਫਸ ਜਾਂਦਾ ਹੈ, ਤਿਵੇਂ ਕਰਮਹੀਣ ਜਮਦੂਤ ਦੀ ਰੱਸੀ ਵਿਚ ਫਸ ਜਾਂਦੇ, ਨਿੰਦਾ-ਚੁਗਲੀ ਵਿਚ ਖਚਿਤ ਕਿਸੇ ਵੀ ਇੱਛਾਫ਼ਲ ਦੀ ਪ੍ਰਾਪਤੀ ਤੋਂ ਦੂਰ ਰਹਿੰਦੇ, ਅਕ੍ਰਿਤਘਣ ਹੋਣ ਕਾਰਨ ਜੂਨਾਂ ਵਿਚ ਫਿਰਦੇ, ਨਿਖੁਟੀਆਂ ਧਿਰਾਂ, ਅਸ਼ਾਂਤੀ, ਅਹੰਕਾਰ-ਸ ਗ੍ਰਸਤ, ਕਰਤੇ ਤੋਂ ਬੇਪ੍ਰਵਾਹ ਅਤੇ ਧਰਤੀ 'ਤੇ ਪਟਕਦੇ ਡਿੱਗਦੇ ਹਨ। ਅੰਤਿਮ **ਤੇਤੀਵੀਂ ਪਉੜੀ** ਇਸ ਵਾਰ ਦੇ ਮਹਾਤਮ ਨੂੰ ਪੇਸ਼ ਕਰਦੀ ਹੋਈ ਸਾਲਾਹਣਾ ਦੀ ਚਰਮਸੀਮਾ ਨੂੰ ਬਿਆਨ ਕਰਦੀ ਹੋਈ ਸਾਰੀਆਂ ਕਰਮਗਤੀਆਂ, ਕਰਮਫ਼ਲ ਤੇ ਪੂਰਨ ਸਮਰਪਣ ਦਾ ਸਬੰਧ ਤੇ ਅਸੰਬੰਧ ਨੂੰ ਅਕਾਲ ਪੁਰਖ ਦੀ ਭਾਉਣ/ਰਜ਼ਾ ਨਾਲ ਜੋੜਦੀ ਹੈ। ਜਿਵੇਂ:-

ਜਿਉ ਭਾਵੈ ਤਿਉ ਰਖੁ ਤੂ ਸਚਿਆ"

ਨਾਨਕ ਮਨਿ ਆਸ ਤੇਰੀ ਵਡ ਵਡੈ"।।

ਸਚਾ ਸਾਹਿਬ, ਅਤਿ-ਵੱਡਾ, ਵੱਡ-ਵੱਡਾ ਆਦਿ ਵਿਸ਼ੇਸ਼ਣੀ ਨਾਵਾਂ ਨਾਲ ਅਕਾਲਪੁਰਖ ਦੀ ਸਿਫ਼ਤ ਸਾਲਾਹਣਾ ਕਰਦਿਆਂ ਉਸਦੇ ਮਿਲਾਪ, ਉਸਦੀ ਬਖਸ਼ਿਸ਼ ਅਤੇ ਲੇਖੇ ਤੋਂ ਛੁਟਕਾਰਾ ਦਿਵਾਉਣ ਵਾਲੇ ਵਜੋਂ ਦਰਸਾਉਂਦੀ ਹੈ। ਇਹ ਪਉੜੀ ਮਿਲਾਪ ਦਾ ਸੰਬੰਧ ਸਤਿਗੁਰੂ ਦੇ ਮਿਲਾਪ ਰਾਹੀਂ ਮਨੋ ਤੇ ਤਨੋ (ਜੀਉ, ਸਰੀਰ, ਚੰਮ ਤੇ ਹੱਡੀਆਂ) ਪੂਰਨ ਸਮਰਪਣ ਅਤੇ ਸੱਚੇ ਅਕਾਲ ਪੁਰਖ ਦੀ ਰਜ਼ਾ ਤੇ ਵੱਡ-ਰੂਪ ਦੀ ਆਸ ਦੇ ਵਿਚਾਰਾਤਮਕ ਆਧਾਰ ਨੂੰ ਪੇਸ਼ ਕਰਦੀ ਹੈ।

III

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ 'ਗਉੜੀ ਕੀ ਵਾਰ' ਦਾ ਮੁਖ ਮਕਸਦ ਗੁਰਮਤਿ ਕਾਵਿ ਅਤੇ ਅਧਿਆਤਮਕ ਵਾਰ ਦੀ ਤਰ੍ਹਾਂ ਅਕਾਲਪੁਰਖ ਦੀ ਸਿਫ਼ਤ ਸਾਲਾਹਣਾ ਦਾ ਪਰਿਪੇਖ ਸਿਰਜਣਾ ਹੈ। ਸਿਫ਼ਤ ਸਾਲਾਹਣਾ ਦੇ ਵਿਭਿੰਨ ਪਰਿਪੇਖਾਂ ਦੀ ਸਿਰਜਣਾ ਪਹਿਲੀ ਪਉੜੀ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਅਠਾਈ ਪਉੜੀਆਂ ਅਤੇ ਫਿਰ ਗੁਰੂ ਅਰਜਨ ਦੇਵ ਜੀ ਦੁਆਰਾ ਇਸ ਵਾਰ ਵਿਚ ਅੰਕਿਤ ਕੀਤੀਆਂ ਪੰਜ ਪਉੜੀਆਂ ਅਰਥਾਤ ਕੁਲ ਤੇਤੀ ਪਉੜੀਆਂ ਤੱਕ ਚੱਲਦਾ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਅਧਿਆਤਮਕ ਵਾਰ ਵਿਚ ਯੋਧਨ ਅਤੇ ਦੁਰਯੋਧਨ ਦਾ ਭੇੜ ਹੈ। ਜਿਥੇ ਇੱਕ ਪਾਸੇ ਯੋਧਨ ਕੋਲ ਸੱਚ ਤੇ ਸੁੱਚ ਹੈ, ਪਰੰਤੂ ਦੁਰਯੋਧਨ ਕੂੜ ਦੇ ਹੱਕ ਵਿਚ ਲੜਦਾ ਹੈ। ਕੂੜ ਉਤੇ ਸੱਚ ਦੀ ਵਿਜੈ ਇਸ ਰੂਪ ਦਾ ਅੰਤਿਮ ਸੱਚ ਹੈ।[6] ਇਸ ਪ੍ਰਕਾਰ ਇਹ ਵਾਰ ਪਰਮਹਸਤੀ ਅਕਾਲਪੁਰਖ ਦੀ ਸਿਫ਼ਤ ਸਾਲਾਹਣਾ ਦਾ ਬਿਆਨ ਕਰਦੀ ਹੋਈ ਉਸ ਦੇ ਸੱਚ ਸਰੂਪ (ਪ.1), ਸਾਹਿਬ ਰੂਪ (ਪ.2), ਕਰਤਾ ਰੂਪ (ਪ.3), ਅਭੁਲ ਤੇ ਪ੍ਰਤਿਪਾਲਕ ਰੂਪ (ਪ.4) ਸਾਹਿਬ, ਸਤਿਗੁਰੂ ਤੋਂ ਵੱਡ ਜਾਣੀ ਮਨ ਭਾਣੀ ਤੇ ਮੂੜ ਅਜਾਣੀ (ਪ.5), ਸੱਚਾ ਨਿਆਇਕ (ਪ.6), ਹਰਿ ਦੀ ਵੱਡ-ਵਡਿਆਈ (ਪ.7), ਸੱਚ-ਸਤਿਗੁਰੂ ਦੀ ਇਕਰੂਪਤਾ (ਪ.8), ਵੇਪਰਵਾਹ (ਪ.9), ਆਦਿ ਰੂਪ ਵਿਚ ਹੁੰਦੀ ਹੋਈ ਛੱਬੀਵੀਂ ਪਉੜੀ ਵਿਚਲੇ ਵਿਰੋਧਾਤਮਕ ਰੂਪ (ਵਿਰੋਧੀ ਟੱਕਰ/ਟਕਰਾ) ਵਿਚ ਯੋਧਨ (ਸੱਚਿਆਰ) ਅਤੇ ਦੁਰਯੋਧਨ (ਕੂੜਿਆਰ) ਰੂਪ ਵਿਚ ਪੁੱਜਦਾ ਹੈ ਤਾਂ ਮਹਲਾਂ ਪੰਜਵਾਂ ਦੁਆਰਾ ਰਚਿਤ ਸਤਾਈਵੀਂ ਪਉੜੀ ਵਿਚ ਦੁਰਯੋਧਨ ਦੇ ਕਿਰਦਾਰ ਤੇ ਕਾਰਜ ਨੂੰ ਹੋਰ ਗੰਭੀਰ ਰੂਪ ਵਿਚ ਰੂਪਮਾਨ ਕੀਤਾ ਗਿਆ ਹੈ। ਇਸ ਉਪਰੰਤ ਅਗਲੀਆਂ ਪਉੜੀਆਂ ਵਿਚ ਇਹ

ਟਕਰਾ/ਵਿਰੋਧ ਸਵੀਕਾਰੇ-ਦੁਰਕਾਰੇ, ਸ਼ਰਨਾਗਤ-ਤ੍ਰਿਸਕਾਰਿਤ, ਬਖਸ਼ਿਸ਼ਵਾਨ-ਅਭਿਮਾਨੀ, ਭਗਤ ਜਨ-ਮਗਧ ਨਰ, ਕਰਮਸ਼ੀਲ ਅਤੇ ਕਰਮਹੀਣ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ। ਇਸ ਤਰ੍ਹਾਂ ਜਿੱਥੇ 'ਗਉੜੀ ਕੀ ਵਾਰ' ਅਕਾਲਪੁਰਖ ਦੀ ਸਲਾਹਣਾ ਨੂੰ ਵਿਭਿੰਨ ਪਰਿਪੇਖਾਂ ਰਾਹੀਂ ਪੇਸ਼ ਕਰਦੀ ਹੈ, ਉਥੇ ਹੀ ਵਾਰ ਦੇ ਰੂਪ ਵਿਚ ਵਿਭਿੰਨਤਾ ਲਿਆਉਂਦੀ ਹੋਈ ਅਧਿਆਤਕਮ ਵਾਰ-ਕਾਵਿ ਪਰੰਪਰਾ ਦੇ ਵਿਧਾਗਤ ਸਰੂਪ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ।

## ਹਵਾਲੇ

1. ਭਾਈ ਕਾਨ੍ਹ ਸਿੰਘ ਨਾਭਾ,ਗੁਰੂਛੰਦ ਦਿਵਾਕਰ, ਭਾਸ਼ਾ ਵਿਭਾਗ ਪੰਜਾਬ,1991,ਪੰਨਾ 139-140.
2. ਉਹੀ, ਪੰਨਾ 141-145.
3. ਡਾ. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ: ਰਚਨਾ ਰੂਪ, ਨੈਸ਼ਨਲ, ਬੁਕ ਸ਼ਾਪ, ਨਵੀਂ ਦਿੱਲੀ, 1989,
   ਪੰਨਾ 116.
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 301-319
5. ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ।।…ਅੰਗ.301.
6. ਡਾ. ਬਲਦੇਵ ਸਿੰਘ ਚੀਮਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗਤ ਤੇ ਪਾਸਾਰ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2008, ਪੰਨਾ 133.

ISSN: 2584-0509



(Page 39 to 49)

# ਗੁਸਤਾਖ਼ ਹਵਾ : ਸੁਰਤਿ ਤੇ ਸ਼ਬਦ ਦਾ ਆਤਮ ਸੰਵਾਦ



ਪ੍ਰੋ. ਜਸਪਾਲ ਕੌਰ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ,
ਦਿੱਲੀ
+91 98684-54545

ਕੈਨੇਡਾ ਵੱਸਦੀ ਲੇਖਿਕਾ ਸੁਰਿੰਦਰ ਗੀਤ ਪਿਛਲੇ ਪੰਜ ਦਹਾਕਿਆਂ ਤੋਂ ਉੱਥੋਂ ਦੇ ਸ਼ਹਿਰ ਕੈਲਗਰੀ ਵਿੱਚ ਵਿਚਰ ਰਹੀ ਹੈ। ਉਸ ਦਾ ਪਹਿਲਾ ਕਾਵਿ-ਸੰਗ੍ਰਹਿ 'ਤੁਰੀ ਸਾਂ ਮੈਂ ਉਥੋਂ' 1996 ਵਿਚ ਸਾਹਮਣੇ ਆਉਂਦਾ ਹੈ। ਇਸ ਤੋਂ ਮਗਰੋਂ ਉਨ੍ਹਾਂ ਦੀ ਕਲਮ ਪੜਾਅ ਦਰ ਪੜਾਅ ਮੁਕਾਮ ਹਾਸਲ ਕਰਦੀ ਅਨੇਕ ਰਚਨਾਵਾਂ ਦੀ ਸਿਰਜਨਾ ਕਰਦੀ ਕਲਮੀ ਸਫ਼ਰ ਦੇ ਸਿਲਸਿਲੇ ਨੂੰ ਜਾਰੀ ਰੱਖਦੀ ਹੈ। ਮੋਗੇ (ਪੰਜਾਬ) ਤੋਂ ਕੈਲਗਰੀ (ਕੈਨੇਡਾ) ਤਕ ਉਸ ਦਾ ਜੀਵਨ ਸਫ਼ਰ ਵੰਨ-ਸੁਵੰਨੇ ਰੰਗਾਂ ਨੂੰ ਹੰਢਾਉਂਦਾ, ਗਿਆਨ – ਵਿਗਿਆਨ ਤੇ ਸੰਵੇਦਨਾ ਦਾ ਅਜਿਹਾ ਦ੍ਰਿਸ਼ ਸਿਰਜਦਾ ਹੈ, ਜਿਥੇ ਦੋਹਾਂ ਧਰਾਤਲਾਂ ਦਾ ਆਪਸੀ ਟਕਰਾਅ ਦੇਖਣ ਨੂੰ ਨਹੀਂ ਮਿਲਦਾ ਸਗੋਂ ਦੋਵੇਂ ਆਪੋ-ਆਪਣੀ ਥਾਵੇਂ ਇਕ ਦੂਜੇ ਨੂੰ ਪੁਖ਼ਤਾ ਧਰਾਤਲ ਪ੍ਰਦਾਨ ਕਰਦੇ ਹਨ। ਸ਼ਾਇਰਾ ਆਪਣੇ ਜੀਵਨ ਤਜ਼ਰਬਿਆਂ, ਅਨੁਭਵਾਂ ਤੇ ਅਹਿਸਾਸਾਂ ਨੂੰ ਤਰਕ ਸਹਿਤ ਸਹਿਜ ਭਾਵ ਨਾਲ ਸਰਲ ਸਾਦਾ ਸ਼ਬਦਾਵਲੀ ਰਾਹੀਂ ਸ਼ਾਬਦਿਕ ਕਾਵਿ-ਚਿੱਤਰ ਸਿਰਜਦੀ ਹੈ। ਇਹ ਸਾਹਿਤ ਰੂਪ ਤੀਕ ਪਹੁੰਚਣ ਲਈ ਸੁਰਤਿ ਤੇ ਸ਼ਬਦ ਦੇ ਆਤਮ ਸੰਵਾਦ ਤੋਂ ਮੰਥਨ ਤੱਕ ਦਾ ਸਫ਼ਰ ਤੈਅ ਕਰਦੇ ਹਨ। ਨਿੱਕੇ-ਨੰਨ੍ਹੇ ਜੀਵਨ ਪਲਾਂ/ਅਹਿਸਾਸਾਂ ਨੂੰ ਫੜਦੀ ਰਚਨਾਕਾਰ ਸ਼ਬਦਾਂ ਦਾ ਜਾਮਾ ਪਹਿਨਾ ਨਵਾਂ-ਨਕੋਰ ਰੂਪ ਦੇਣ ਦਾ ਅਣਥੱਕ ਜਤਨ ਕਰਦੀ ਆਪਣੇ ਸਾਹਿਤਕ ਸਫ਼ਰ ਨੂੰ ਤੈਅ ਕਰਦੀ ਹੈ।

1996 ਤੋਂ ਲੈ ਕੇ ਹੁਣ ਤੀਕ ਲੇਖਿਕਾ ਦੀ ਕਲਮ ਕੋਮਲ ਜਜ਼ਬਾਤਾਂ ਨੂੰ ਬੜੀ ਸ਼ਿੱਦਤ ਅਤੇ ਸੰਜੀਦਗੀ ਨਾਲ ਬਿਆਨ ਕਰਦੀ ਸ਼ਬਦਾਂ ਦਾ ਸਿਲਸਿਲਾ ਤੋਰਦੀ 'ਸੁਣ ਨੀਂ ਜਿੰਦੇ' (1999)', 'ਚੰਦ ਸਿਤਾਰੇ ਮੇਰੇ ਵੀ ਨੇ (2005)', 'ਮੋਹ ਦੀਆਂ ਛੱਲਾਂ' (2011),'ਕਾਨੇ ਦੀਆਂ ਕਲਮਾਂ (2014)', 'ਰੁੱਖ ਤੇ ਪੰਛੀ (2017)', 'ਸ਼ਬਦ ਸੁਨੱਖੇ (2019)' ਅਤੇ 'ਗੁਸਤਾਖ਼ ਹਵਾ (2020)' ਆਦਿ ਕਾਵਿ-ਪੁਸਤਕਾਂ ਦੀ ਸਿਰਜਣਾ ਕਰਦੀ ਹੈ। ਕਵਿਤਾ ਦੇ ਨਾਲ-ਨਾਲ ਉਹ ਵਾਰਤਕ ਰਚਨਾ 'ਧੀ ਦਾ ਕਰਜ਼' (2019) ਅਤੇ ਕਹਾਣੀ ਸੰਗ੍ਰਹਿ 'ਤੋਹਫ਼ਾ' (2023) ਦੀ ਸਿਰਜਣਾ ਵੀ ਕਰਦੀ ਹੈ। ਇਸ ਦੇ ਨਾਲ ਨਾਲ ਹੀ ਉਸਦੇ ਕਹਾਣੀ ਸੰਗ੍ਰਹਿ ਤੋਹਫ਼ਾ ਦਾ ਅੰਗ੍ਰੇਜ਼ੀ ਅਨੁਵਾਦ 'The Gift and other stories' (2024) ਸਿਰਲੇਖ ਅਧੀਨ ਕੀਤਾ ਜਾ ਚੁੱਕਿਆ ਹੈ। ਇੰਞ ਲੇਖਿਕਾ ਸੁਰਿੰਦਰ ਗੀਤ ਜਿਥੇ ਪੰਜਾਬੀ ਸਾਹਿਤ ਖੇਤਰ ਵਿਚ ਆਪਣਾ ਘੇਰਾ ਵਸੀਹ ਕਰਦੇ ਹਨ ਉਥੇ ਅੰਗ੍ਰੇਜ਼ੀ

ਭਾਸ਼ਾ ਦੇ ਸਾਹਿਤ ਪ੍ਰੇਮੀਆਂ ਲਈ ਉਨ੍ਹਾਂ ਦੀ ਇਹ ਅਨੁਵਾਦਿਤ ਕਹਾਣੀਆਂ ਦੀ ਕਿਤਾਬ ਬਹੁ-ਭਾਸ਼ਾਈ ਪੱਧਰ ਤੇ ਸੰਵਾਦ ਰਚਾ ਕੇ ਉਨ੍ਹਾਂ ਦੇ ਪਾਠਕਾਂ ਦਾ ਘੇਰਾ ਹੀ ਹੋਰ ਵਸੀਹ ਨਹੀਂ ਕਰਦੀ ਸਗੋਂ ਅੰਤਰ-ਅਨੁਸ਼ਾਸਨੀ ਚਿੰਤਨ-ਮਨਨ ਦਾ ਸਬੱਬ ਵੀ ਬਣਦੀ ਹੈ। ਸੁਰਿੰਦਰ ਗੀਤ ਦੀ ਰਚਨਾਤਮਕ ਗਤੀਸ਼ੀਲਤਾ, ਸਮੇਂ ਦੇ ਹਾਣੀ ਹੋ ਕੇ ਚੱਲਣਾ, ਹਰ ਛੋਟੀ ਵੱਡੀ ਘਟਨਾ ਦਾ ਸੰਜੀਦਾ ਹੁੰਗਾਰਾ ਭਰਨਾ, ਹਰ ਸਥੂਲ ਤੋਂ ਸੂਖਮ ਵੱਲ ਪਹੁੰਚ ਕਰਨੀ ਅਤੇ ਲੋਕ ਹਿੱਤਾਂ ਦੀ ਨਬਜ਼ ਪਛਾਣਨੀ, ਉਸ ਉਪਰ ਪਹਿਰਾ ਦੇਣਾ ਅਤੇ ਆਪਣੀ ਬੇਬਾਕੀ ਨੂੰ ਕਾਇਮ ਰੱਖਣਾ ਆਦਿ ਉਸਦੀ ਕਲਾਤਮਕ ਖ਼ੂਬੀਆਂ ਹੀ ਨਹੀਂ ਬਣਦੀਆਂ, ਸਗੋਂ ਉਸਦੀ ਚੇਤਨਾ ਦੇ ਜਗਦੇ-ਮਘਦੇ ਹੋਣ ਦਾ ਪ੍ਰਮਾਣ ਬਣਦੀਆਂ ਹਨ। ਇਹ ਗਿਆਨ ਦੀ ਰੌਸ਼ਨੀ ਹੋਰ ਵੀ ਜਗਮਗ ਹੁੰਦੀ ਹੈ ਜਦੋਂ ਇਹ ਸੁਰਤਿ ਸ਼ਬਦਾਂ ਦਾ ਕਲਮੀ ਜਾਮਾ ਪਹਿਨਦੀ ਹੈ ਤਾਂ ਉਹ ਜਿੰਨੀ ਸਪਸ਼ਟਤਾ ਨਾਲ ਆਪਣੀ ਗੱਲ ਨੂੰ ਕਹਿੰਦੀ ਹੈ ਉਹ ਉਸਦੀ ਸੁਹਿਰਦ ਅਤੇ ਸੁਲਝੀ ਹੋਈ ਮਾਨਸਿਕਤਾ ਦਾ ਹੀ ਪ੍ਰਤਿਰੂਪ ਬਣਦਾ ਹੈ। "ਉਸ ਦੀ ਗਜ਼ਲਕਾਰੀ ਦਾ ਪ੍ਰਮੁੱਖ ਵਿਸ਼ਾ ੍ਵਸਤੂ ਮਨੁੱਖ ਦਾ ਬਹੁ੍ਕਿਸਮੀ ਸਮਾਜਕ੍ਆਰਥਕ, ਧਰਮਾਂ੍ਜਾਤਾਂ ਦੇ ਨਾਂ ਤੇ ਅਵਿਗਿਆਨਕ, ਤਰਕਹੀਣ, ਦੰਭਾਂ, ਪਾਖੰਡਾਂ, ਆਡੰਬਰਾਂ ਜ਼ਰੀਏ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਹੈ। ਉਹ ਸਰਲ ਤੇ ਸਹਿਜ੍ਜੁਗਤ ਨਾਲ ਉਸ ਵਰਗ ਦੇ ਹਿਤ ਤੇ ਹੱਕ ਵਿਚ ਲਗਾਤਾਰ ਆਪਣੇ ਚਿੰਤਨ ਤੇ ਚੇਤਨਾ ਦਾ ਪਸਾਰਾ ਬਤੌਰ ਜ਼ਿੰਮੇਵਾਰ ਸਾਹਿਤਕਾਰ ਕਰਦੀ ਹੋਈ ਹਨੇਰਗਰਦੀ ਤੇ ਦਹਿਸ਼ਤਗਰਦੀ ਦੇ ਖ਼ਿਲਾਫ਼ ਆਪਣੇ ਵਿੱਤ ਮੁਜਬ ਸਮਕਾਲੀ ਸਥਿਤੀਆਂ ਉੱਤੇ ਲਗਾਤਾਰ ਵਾਰ ਕਰਦੀ ਹੈ"। (ਬਲਬੀਰ ਮਾਧੋਪੁਰੀ, 2025, ਪੰ. 10)

ਕਾਵਿ-ਪੁਸਤਕ 'ਗੁਸਤਾਖ਼ ਹਵਾ' ਸ਼ਾਇਰਾ ਦੀ ਅੱਠਵੀਂ ਰਚਨਾ ਹੈ। ਪਹਿਲੀਆਂ ਸੱਤ ਕਾਵਿ-ਪੁਸਤਕਾਂ ਦੀ ਗਤੀਸ਼ੀਲਤਾ ਵਿੱਚ ਇਸ ਨੂੰ ਦੇਖਣਾ ਵਧੇਰੇ ਤਰਕਸੰਗਤ ਹੋਵੇਗਾ ਕਿਉਂ ਜੋ ਹਵਾ ਦੇ ਗੁਸਤਾਖ਼ ਹੋਣ ਦਾ ਸਫ਼ਰ ਇਸ ਕਾਵਿ-ਸਫ਼ਰ ਦੇ ਸਮਾਨੰਤਰ ਤੁਰਦਾ ਹੈ। ਹਵਾ ਜਿਹੜੀ ਕਿ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਪਵਨ ਗੁਰੂ' ਕਿਹਾ ਉਹ ਅੱਜ ਇੱਕੀਵੀਂ ਸਦੀ ਵਿੱਚ 'ਗੁਸਤਾਖ਼' ਕਿਵੇਂ ਹੋ ਗਈ ? ਆਪਣੇ ਆਪ ਵਿੱਚ ਇਹ ਨੁਕਤਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਸ਼ਾਇਰਾ ਦਾ ਗੁੱਝਾ ਕਟਾਖ਼ਸ਼ ਇੱਥੇ ਪਾਠਕਾਂ ਦਾ ਧਿਆਨ ਖਿੱਚਦਾ ਹੈ ਕਿ ਸਾਡੇ ਚੌਗਿਰਦੇ ਵਿਚ ਐਸਾ ਕੀ-ਕੀ ਵਾਪਰ ਗਿਆ ਜੋ ਰਾਜਨੀਤਿਕ, ਸਮਾਜਕ, ਸਭਿਆਚਾਰਕ, ਆਰਥਕ ਅਤੇ ਧਾਰਮਕ ਪੱਖੋਂ ਗੁਸਤਾਖ਼ ਸਥਿਤੀਆਂ ਨੇ ਘਰ ਕਰ ਲਿਆ ਹੈ। ਸ਼ਾਇਰਾ ਦੀ ਸਿੱਖ ਧਾਰਮਕ ਆਸਥਾ ਬੜੀ

ਸ਼ਿੱਦਤ ਨਾਲ ਕਾਵਿ-ਰਚਨਾਵਾਂ ਦੇ ਆਰ-ਪਾਰ ਫੈਲਦੀ ਪਿੱਠਭੂਮੀ ਵਿੱਚ ਪ੍ਰਕਾਰਜਸ਼ੀਲ ਰਹਿੰਦੀ ਹੈ। ਉਸ ਦੀ ਇਹ ਸੋਚ ਮਾਨਵੀ ਸਰੋਕਾਰਾਂ ਨੂੰ ਹੀ ਨਹੀਂ ਪੇਸ਼ ਕਰਦੀ ਸਗੋਂ ਮਨੁੱਖਤਾ ਉਪਰ ਪਹਿਰਾ ਵੀ ਦਿੰਦੀ ਹੈ। ਅਜੋਕੀ ਲੁੱਟ-ਖਸੁੱਟ, ਅਮਾਨਵੀ ਵਿਹਾਰ, ਅਨੈਤਿਕਤਾ, ਬੇਈਮਾਨੀ ਅਤੇ ਆਤੰਕੀ ਮਾਹੌਲ ਨੂੰ ਸ਼ਾਇਰਾ ਕਟਾਖਸ਼ੀ ਸੁਰ ਵਿਚ ਮੁਖ਼ਾਤਿਬ ਹੁੰਦੀ ਬੇਬਾਕੀ ਨਾਲ ਮਨੁੱਖਤਾ ਦੇ ਹਿਤ ਵਿੱਚ ਆਪਣੀ ਆਵਾਜ਼ ਬੁਲੰਦ ਕਰਦੀ ਕਵਿਤਾ ਨੂੰ ਇਸ ਦਾ ਮਾਧਿਅਮ ਬਣਾਉਂਦੀ ਹੈ। ਇੰਝ ਉਸ ਦੀ ਸੁਰਤਿ ਸ਼ਬਦਾਂ ਦੇ ਰਾਹੀਂ ਅਜਿਹੀ ਕ੍ਰਾਂਤੀ ਸਿਰਜਦੀ ਹੈ ਜਿਹੜੀ ਦਮਿਤ ਵਿਅਕਤੀ ਦੇ ਹੱਕ ਵਿਚ ਖੜਦੀ ਹੈ :-

"ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ ਤੇ
ਠੰਡੇ ਚੁਲਿਆ 'ਚ ਅੱਗ
ਬਲ ਪਵੇ
ਭੁੱਖ ਦੀ ਅੱਗ ਨੂੰ
ਠੁੱਲ੍ਹ ਪਵੇ
ਫੁੱਟ – ਪਾਥਾਂ ਤੇ ਸੁੱਤਿਆ ਨੂੰ
ਘਰ ਮਿਲ ਜਾਵੇ
ਚੋਦੀਆ ਝੁੱਗੀਆਂ ਤੇ
ਛੱਤ ਪਵੇ" (ਪੰਨਾ-15)

ਇੰਝ ਸ਼ਾਇਰਾ ਦੀ ਸੰਵੇਦਨਸ਼ੀਲਤਾ ਕਵਿਤਾ ਨੂੰ ਮੁਖ਼ਾਤਬ ਹੁੰਦੀ ਮਨੁੱਖਤਾ ਦੀ ਬਾਤ ਪਾਉਂਦੀ ਹੈ। ਦਮਿਤ ਵਰਗ ਦੇ ਹੱਕ ਦੀ ਗੱਲ ਕਰਦੀ ਉਨ੍ਹਾਂ ਦੀ ਮੂਲ ਲੋੜਾਂ ਤੋਂ ਵਿਰਵੀ ਜ਼ਿੰਦਗੀ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਇੱਥੇ ਸ਼ਾਇਰਾ ਦੀ ਚੇਤਨਾ ਦੋਹਰੇ ਪ੍ਰਕਾਰਜ ਨਾਲ ਜੁੜੀ ਹੈ, ਇੱਕ ਬੰਨੇ ਉਹ ਲੋੜਵੰਦਾਂ ਦੀਆਂ ਥੁੜ੍ਹਾਂ ਨੂੰ ਕੇਂਦਰ ਵਿਚ ਰੱਖਦੀ ਹੈ ਤੇ ਦੂਜੇ ਬੰਨੇ ਉਹ ਕਵਿਤਾ ਨੂੰ ਅਰਜ਼ ਕਰ ਰਹੀ ਹੈ, ਭਾਵ ਸ਼ਬਦਾਂ ਤੋਂ ਆਸ ਕਰਦੀ ਹੈ ਕਿ ਉਹ ਨਿਥਾਂਵਿਆਂ ਲਈ ਥਾਂ ਬਣ ਕੇ ਬਹੁੜਣ। ਕਲਮਕਾਰ ਦੀ ਕਲਮ ਸਮਾਜਕ ਕ੍ਰਾਂਤੀ ਨੂੰ ਸਿਰਜਦੀ ਅਜਿਹੇ ਬਦਲਾਵ ਦੀ ਸੋਚ ਰੱਖਦੀ ਹੈ ਜਿਥੇ ਠੰਡੇ ਪਏ ਚੁੱਲ੍ਹੇ ਵਿੱਚ ਅੱਗ ਬਲੇ, ਭਾਵ ਹਰ ਗ਼ਰੀਬ ਨੂੰ ਰੋਟੀ ਨਸੀਬ ਹੋਵੇ। ਇੰਝ ਸ਼ਾਇਰਾ ਦੀ ਸੁਰਤਿ ਸ਼ਬਦਾਂ ਰਾਹੀਂ ਕ੍ਰਾਂਤੀ

ਦਾ ਅਜਿਹਾ ਦ੍ਰਿਸ਼ ਸਾਕਾਰ ਕਰਦੀ ਹੈ ਜਿਹੜਾ ਕਿ ਗੁੱਝਾ ਵਿਅੰਗ ਬਣ ਇਹ ਸੁਆਲ ਖੜ੍ਹਾ ਕਰਦਾ ਹੈ ਕਿ ਚੁੱਲ੍ਹੇ ਕਦੋਂ ਤੱਕ ਠੰਡੇ ਰਹਿਣਗੇ? ਫੁੱਟਪਾਥਾਂ ਤੇ ਲੋਕ ਕਦੋਂ ਤਕ ਸੌਂਦੇ ਰਹਿਣਗੇ? ਜਾਂ ਚੋਦੀਆਂ ਛੱਤਾਂ ਕਦੋਂ ਤਕ ਰਹਿਣਗੀਆਂ? ਆਦਿ ਜਿਸ ਲਾਚਾਰੀ ਬੇਬਸੀ ਨੂੰ ਪੇਸ਼ ਕਰਨ ਵਾਲੀਆਂ ਸਥਿਤੀਆਂ ਹਨ ਉਨ੍ਹਾਂ ਲਈ ਅਮਾਨਵੀ ਵਿਹਾਰ ਕਦੋਂ ਤਕ ਅਨੈਤਿਕਤਾ ਦਾ ਮਾਹੌਲ ਬਣਾਈ ਰੱਖੇਗਾ ਕੀ ਇਸ ਨੂੰ ਕਦੇ ਠੱਲ੍ਹ ਪਵੇਗੀ ਜਾਂ ਗ਼ਰੀਬ ਵਿਅਕਤੀ ਪੀੜ੍ਹੀ ਦਰ ਪੀੜ੍ਹੀ ਇਸ ਪੀੜਾ ਨੂੰ ਹੀ ਹੰਢਾਉਂਦਾ ਰਹੇਗਾ। ਰਚਨਾਕਾਰ ਕਵੀ ਅੱਗੇ ਵੀ ਪ੍ਰਸ਼ਨ ਰੱਖਦੀ ਹੈ ਕਿ ਤੇਰੀ ਕਲਮ ਸਿਰਫ਼ ਤੇਰੀ ਹੈ, ਇਸ ਉੱਤੇ ਕਿਸੇ ਦਾ ਅਧਿਕਾਰ ਜਾ ਦਬਦਬਾ ਨਹੀਂ ਹੋਣਾ ਚਾਹੀਦਾ, ਭਾਵ ਲੇਖਕ/ ਕਵੀ ਸੁਤੰਤਰ ਰਹਿ ਕੇ ਸੱਚ ਨੂੰ ਬਿਆਨ ਕਰਨ ਦੀ ਜ਼ੁਰਅਤ ਰੱਖਣ ਵਾਲਾ ਹੋਣਾ ਚਾਹੀਦਾ ਹੈ, ਕਲਮ ਅੰਦਰ ਟੱਕਰ ਲੈਣ ਦੀ ਤਾਕਤ ਹੈ ਤੇ ਇਹ ਤਾਕਤ ਹੀ ਕ੍ਰਾਂਤੀ ਦਾ ਸੂਚਕ ਹੈ। ਅਜੋਕੇ ਮਨੁੱਖ ਦੇ ਬੌਣੇਪਨ ਦੀ ਗੱਲ ਕਰਦੀ ਉਹ ਧਰਤੀ ਉਪਰ ਅੱਗ ਦੇ ਖਿਡੌਣਿਆਂ ਦੀ ਗੱਲ ਕਰਦੀ ਕਹਿੰਦੀ ਹੈ ਕਿ ਕਵਿਤਾ ਮੈਨੂੰ ਝੰਜੋੜਦੀ ਹੈ ਤੇ ਅੱਥਰੂ ਬਣ ਕੋਰੇ ਪੰਨਿਆਂ ਉਪਰ ਫੈਲਦੀ ਜਾਂਦੀ ਹੈ। ਕੁਦਰਤ ਤੋਂ ਪਾਰ ਜਾਣ ਦੀ ਮਨੁੱਖ ਦੀ ਤਾਂਘ ਜਦੋਂ ਕੁਦਰਤ ਮਹਾਂਮਾਰੀ ਵਜੋਂ ਆਫ਼ਤ ਬਣ, ਚਾਰੋ ਪਾਸੇ ਪੈਰ ਪਸਾਰਦੀ ਹੈ ਤਾਂ ਵੱਡੇ ਵੱਡੇ ਸਿਰਾਂ ਵਾਲਿਆਂ ਦਾ ਅਸਲ ਬੌਣੇਪਨ ਵਿੱਚ ਵੱਟਦਾ ਵੀ ਸਹਿਜ ਹੀ ਸਪਸ਼ਟ ਹੁੰਦਾ ਹੈ। ਸ਼ਾਇਰਾ ਕਵਿਤਾ ਤੇ ਕਵੀ ਦੋਹਾਂ ਨੂੰ ਬੜੀ ਸੰਜੀਦਗੀ ਨਾਲ ਮੁਖ਼ਾਤਿਬ ਹੁੰਦੀ, ਦੋਹਾਂ ਤੋਂ ਆਸ ਰੱਖਦੀ ਕਿ ਦੋਵੇਂ ਨਿਰਪੇਖ, ਜਾਗਦੀ ਜ਼ਮੀਰ ਵਾਲੇ, ਸੱਚ ਨੂੰ ਬਿਆਨ ਕਰਨ ਵਾਲੇ ਹੋਣੇ ਚਾਹੀਦੇ ਹਨ ਤਾਂ ਜੋ ਮਨੁੱਖਤਾ ਦੀ ਸੇਵਾ ਇਨ੍ਹਾਂ ਦਾ ਮੂਲ ਮਕਸਦ ਹੋ ਨਿਬੜੇ ਅਤੇ ਹਰ ਰਾਹ ਰੋਸ਼ਨ ਨਜ਼ਰ ਆਵੇ। ਨਾ ਕਿ ਕਵਿਤਾ ਤੇ ਕਵੀ ਕੰਡੇ ਬਿਖੇਰਨ ਵਾਲੇ ਹੋਣ ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਚੁਗਦੀਆਂ ਰਹਿਣ, ਨਤੀਜਨ ਦੋ ਧਿਰਾਂ ਦੀ ਪਾੜ ਘਟਣ ਦੀ ਥਾਵੇਂ ਵੱਧਦੀ ਹੀ ਜਾਂਦੀ ਹੈ। ਇੰਝ ਆਤਮ ਚਿੰਤਨ ਤੋਂ ਮੰਥਨ ਤੀਕ ਦੀ ਇਹ ਸਥਿਤੀ ਸਰਲ ਸਾਦਾ ਸ਼ਬਦਾਵਲੀ ਰਾਹੀਂ ਗਹਿਰ ਗੰਭੀਰ ਨੁਕਤਿਆਂ ਸੰਗ, ਮਾਨਵਤਾ ਦਾ ਪੱਖ ਉਭਾਰਦੀ ਹੈ :

"ਪਰ
ਉਹ ਨਹੀਂ ਜਾਣਦੇ
ਕਿ ਸਾਡੀ ਕਵਿਤਾ ਵਿੱਚ
ਉਸ ਜਫ਼ਰਨਾਮੇ ਦੀ ਤਾਸੀਰ ਹੈ

ਜਿਸਨੂੰ ਪੜ੍ਹ ਕੇ
ਔਰੰਗਜ਼ੇਬ ਦੇ
ਦਿਲ ਦੀ ਧੜਕਣ
ਰੁਕ ਜਾਂਦੀ ਹੈ।" (ਪੰਨਾ- 63)

"ਕਵਿਤਾ ਮੁਸਕਰਾਈ
ਗੁਸਤਾਖ਼ ਹਵਾ ਦੀਆਂ
ਅੱਖਾਂ ਵਿੱਚ ਅੱਖਾਂ ਪਾ ਕੇ ਬੋਲੀ
ਮੈਂ ਕਵੀ ਦੀ ਕਲਮ ਦੀ
ਤਿੱਖੀ ਨੋਕ ਚੋ ਜਨਮੀ
ਕਵਿਤਾ ਹਾਂ।" (ਪੰਨਾ 76)

ਸੁਰਿੰਦਰ ਗੀਤ ਆਪਣੀ ਰੋਸ਼ਨ ਚੇਤਨਾ ਨੂੰ ਜ਼ਫਰਨਾਮੇ ਦੀ ਪੁਖ਼ਤਾ ਧਰਾਤਲ 'ਚੋਂ ਤਰਾਸ਼ਦੀ ਹੈ, ਜਿਥੇ ਔਰੰਗਜ਼ੇਬ ਵਰਗੇ ਹੁਕਮਰਾਨ ਦਾ ਫੁਰਮਾਨ ਵੀ ਕਵਿਤਾ ਭਾਵ ਸ਼ਬਦ ਦੀ ਤਾਕਤ ਨੂੰ ਕਮਜ਼ੋਰ ਨਹੀਂ ਕਰ ਪਾਉਂਦਾ। ਸੱਤਾਧਾਰੀ ਦੀ ਦਮਨਕਾਰੀ ਤੇ ਕੂਟਨੀਤਕ ਰਣਨੀਤੀ ਵੀ ਸ਼ਬਦ ਦੀ ਸਮਰੱਥਾ ਮੂਹਰੇ ਮੱਧਮ ਪੈ ਜਾਂਦੀ ਹੈ ਭਾਵ ਕਿਸੇ ਵੀ ਸ਼ਾਇਰ ਨੂੰ ਕੋਈ ਵੀ ਔਰੰਗਜ਼ੇਬੀ ਫ਼ੁਰਮਾਨ ਤਦ ਤਕ ਢਾਅ ਨਹੀਂ ਲਾ ਸਕਦਾ ਜਦੋਂ ਤੱਕ ਸ਼ਾਇਰ ਖ਼ੁਦ ਗੁਸਤਾਖ਼ ਹਵਾ ਦੀ ਰੌਅ ਵਿਚ ਨਹੀਂ ਵਹਿੰਦਾ। ਸ਼ਾਇਰ ਭਾਵ ਸ਼ਬਦ ਆਪਣੇ ਆਪ ਵਿਚ ਤਾਕਤ ਹਨ ਜਿਹੜੇ ਹਵਾ ਦਾ ਰੁਖ਼ ਬਦਲ ਦਿੰਦੇ ਹਨ। ਇੱਥੇ ਉਹ ਜ਼ਫ਼ਰਨਾਮੇ ਦੇ ਮੈਟਾਫਰ /ਚਿਹਨ ਰਾਹੀਂ ਪੰਜ ਸਦੀਆਂ ਦੇ ਇਤਿਹਾਸ ਨੂੰ ਕਲੇਵਰ ਵਿਚ ਲੈਂਦੀ ਜ਼ਬਰ ਤੇ ਜ਼ੁਲਮ ਨੂੰ ਦੁਹਰਾਉਣ ਦੀ ਗੱਲ ਨਹੀਂ ਕਰਦੀ ਸਗੋਂ, ਸ਼ਾਇਰ, ਕਲਮ ਅਤੇ ਕਵਿਤਾ ਸੰਗ ਸਮਾਜਕ ਕ੍ਰਾਂਤੀ ਨੂੰ ਕੇਂਦਰ ਵਿਚ ਰੱਖਦੀ ਸਮਾਜਕ, ਸਭਿਆਚਾਰਕ, ਰਾਜਨੀਤਿਕ ਅਤੇ ਧਾਰਮਕ ਸਰੰਚਨਾਵਾਂ ਨੂੰ ਵਿਕੇਂਦ੍ਰਿਤ ਕਰਦੀ ਹੈ। ਕਵਿਤਾ ਰਾਹੀਂ ਉਹ ਇਤਿਹਾਸਕ ਸੱਚ ਦੇ ਬਿੰਬ ਰਾਹੀਂ ਵਰਤਮਾਨ ਤੋਂ ਭਵਿੱਖ ਵੱਲ ਸਫ਼ਰ ਕਰਦੀ ਅਨੈਤਿਕਤਾ ਅਤੇ ਅਮਾਨਵੀ ਵਿਹਾਰਾਂ ਵਾਲੀ ਸੋਚ ਨੂੰ ਵਿਰਚਿਤ ਕਰਦੀ ਸ਼ਾਇਰ ਦੀ ਤਾਕਤ ਅਤੇ ਸ਼ਬਦ ਦੀ ਤਾਕਤ ਦੇ ਨੁਕਤੇ ਨੂੰ ਦ੍ਰਿੜ੍ਹ ਕਰਦੀ ਹੈ। ਕਵਿਤਾ ਦਮਨਕਾਰੀ ਸੋਚ ਨੂੰ ਪ੍ਰਤੀਉੱਤਰ ਵਜੋਂ ਟੱਕਰਦੀ ਹੈ, ਪਰ ਜੇਕਰ ਸ਼ਾਇਰ ਦੀ ਜ਼ਮੀਰ ਬਰਕਰਾਰ ਰਹੇ ਇਹ ਤਾਂ ਹੀ ਸੰਭਵ ਹੈ। ਫਿਰ ਇਹ ਪ੍ਰਤੀ

ਉੱਤਰ ਹਾਕਮ ਨੂੰ ਅਮਾਨਵੀ ਵਿਹਾਰ ਵਾਲੀ ਕਦਰਾਂ- ਕੀਮਤਾਂ ਤੋਂ ਪਰਾਹਨ ਕਰਨ ਦਾ ਸੰਕੇਤ ਬਣਦਾ ਹੈ। ਇੰਝ ਸ਼ਬਦ ਦੀ ਤਾਕਤ ਨੂੰ ਉਹ ਹੀ ਲਿਖਾਰੀ ਸਿਆਣ ਸਕਦਾ ਹੈ ਜਿਸ ਦੀ ਸੋਚ/ਮਾਨਸਿਕਤਾ ਹੁਕਮਰਾਨ ਦੇ ਦਬਦਬੇ ਤੋਂ ਮੁਕਤ ਹੋ, ਮੋਕਲੀ ਉਡਾਰੀ ਭਰਨ ਦੀ ਤਾਂਘ ਰੱਖਦੀ ਹੈ।

ਪਰਵਾਸ ਬਾਰੇ ਗੱਲ ਕਰਦਿਆਂ ਸੁਰਿੰਦਰ ਗੀਤ ਪਰਵਾਸੀ ਮਨੁੱਖ ਦੀ ਸਥਿਤੀ ਨੂੰ ਕੇਂਦਰ ਵਿਚ ਰੱਖਦੀ ਹੈ, ਫਿਰ ਉਹ ਪਰਵਾਸ, ਭਾਵੇਂ ਮੁਲਕ ਅੰਦਰਲਾ ਹੋਵੇ ਜਾਂ ਫਿਰ ਮੁਲਕ ਤੋਂ ਬਾਹਰ ਭਾਵ ਵਿਦੇਸ਼ ਦਾ ਪਰਵਾਸੀ ਜੀਵਨ ਹੋਵੇ, ਦੋਹਾਂ ਹੀ ਸਥਿਤੀਆਂ ਵਿੱਚ ਮਨੁੱਖ ਨੂੰ ਬੇਘਰੇ ਹੋਣ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ। ਜੜ੍ਹਾਂ ਤੋਂ ਵਿਰਵੇ ਹੋਣ ਦੀ ਇਹ ਸਥਿਤੀ ਦੋਹਾਂ ਤਰ੍ਹਾਂ ਦੇ ਪਰਵਾਸ ਸਮੇਂ ਵੱਖਰੇ-ਵੱਖਰੇ ਅਨੁਭਵ, ਅਹਿਸਾਸ ਅਤੇ ਪੀੜਾ ਨੂੰ ਸਿਰਜਦੀ ਹੈ। ਆਪਣੇ ਹੀ ਮੁਲਕ ਵਿਚਲਾ ਪਰਵਾਸੀ ਮਜ਼ਦੂਰ ਆਪਣਿਆਂ ਦੇ ਹੱਥੋਂ ਹੀ ਦਮਿਤ ਹੁੰਦਾ ਅਮਾਨਵੀ ਵਿਹਾਰ ਦਾ ਸ਼ਿਕਾਰ ਹੁੰਦਾ ਹੈ। ਪਰਾਏ ਮੁਲਕਾਂ ਵਿਚ ਵਿਚਰਦਾ ਪਰਵਾਸੀ ਮਨੁੱਖ ਸਭਿਆਚਾਰਕ ਤਣਾਓ ਨੂੰ ਭੋਗਦਾ ਆਪਣੀ ਸਪੇਸ ਦੀ ਤਲਾਸ਼ ਵਿਚ ਭਟਕਦਾ ਹੈ ਪਰ ਮੁੜ ਪਰਤਣ ਤੀਕ ਉਹ ਅਨੇਕ ਵਾਰ ਉਦਰੇਵੇਂ ਦਾ ਸ਼ਿਕਾਰ ਹੁੰਦਾ ਹੈ, ਅਕਸਰ ਹੀ ਜਦੋਂ ਕਦੇ ਉਹ ਜੜ੍ਹਾਂ ਵਲ ਫੇਰਾ ਪਾਉਂਦਾ ਹੈ ਤਾਂ ਪਿੱਛੇ ਰਹਿ ਗਏ ਖ਼ਾਲੀ ਮਕਾਨ ਦੀਆਂ ਕੰਧਾਂ, ਵਿਹੜੇ ਵਿਚ ਚੜ੍ਹ ਆਏ ਘਾਹ ਦਾ ਦ੍ਰਿਸ਼ ਦੇਖ ਗ਼ਮਗੀਨ ਅਵਸਥਾ ਵਿਚ ਪਹੁੰਚ ਜਾਂਦਾ ਹੈ :

"ਮਾਂ ਦੀ ਮੌਤ ਦੀ ਖ਼ਬਰ ਸੁਣ ਕੇ
ਵਿਦੇਸ਼ ਤੋਂ ਪਰਤਣਾ
ਸਮੇਂ ਸਿਰ ਨਾ ਪੁੱਜ ਸਕਣਾ
ਮਾਂ ਦੀ ਚਿੱਖਾ ਨੂੰ
ਸ਼ਰੀਕਾਂ ਦਾ ਅੱਗ ਦਿਖਾਉਣਾ
ਤੇ ਆਪ
ਬਲਦੀ ਚਿੱਖਾ ਵੱਲ ਚੁੱਪਚਾਪ ਦੇਖੀ ਜਾਣਾ।" (ਪੰਨਾ - 103)

***

"ਦੋ ਤਿੰਨ ਸੌ ਮਜ਼ਦੂਰਾਂ ਨੂੰ
ਇਕੱਠੇ

ਖੁੱਲ੍ਹੇ ਮੈਦਾਨ ਵਿੱਚ
ਪਸ਼ੂਆਂ ਵਾਂਗ ਬਿਠਾ
ਜ਼ਹਿਰੀਲੇ ਪਾਣੀ ਦੀਆਂ ਬੁਛਾੜਾਂ ਪਾ
ਬਿਮਾਰੀ ਦੇ ਕਿਟਾਣੂਆਂ ਦੇ ਨਾਲ ਨਾਲ
ਗ਼ਰੀਬੀ
ਭੁੱਖ
ਬੇਵੱਸੀ
ਅਤੇ ਮਜ਼ਬੂਰੀ ਦੇ ਕਿਟਾਣੂਆਂ ਤੋਂ ਵੀ
ਮੁਕਤ ਕਰਵਾਇਆ ਜਾ ਸਕਦਾ ਹੈ।" (ਪੰਨਾ - 118)

ਇਵੇਂ ਸ਼ਾਇਰਾ ਪਰਵਾਸ ਦੇ ਦੋ ਵੱਖਰੇ ਬਿੰਬਾਂ ਰਾਹੀਂ ਦੋ ਸਥਿਤੀਆਂ ਹੀ ਨਹੀਂ ਸਿਰਜ ਰਹੀ ਸਗੋਂ ਉਸ ਦੀ ਸੰਵੇਦਨਸ਼ੀਲਤਾ ਪਰਵਾਸ ਦੀ ਵੰਗਾਰਮਈ ਜ਼ਿੰਦਗੀ, ਜਜ਼ਬਾਤਾਂ ਦਾ ਘਾਣ, ਮਹਾਂਮਾਰੀ ਵਰਗੀ ਭੁੱਖ, ਗ਼ਰੀਬੀ ਤੇ ਬੇਵੱਸੀ ਆਦਿ ਨੂੰ ਗੁੱਝੇ ਵਿਅੰਗ ਰਾਹੀਂ ਸਿਰਜਦੀ ਹੈ। ਹਕੂਮਤਾਂ ਨੂੰ ਸੰਬੋਧਿਤ ਹੁੰਦੀ ਉਹ ਵਰਤਮਾਨ ਤੋਂ ਅਤੀਤ ਤੇ ਭਵਿੱਖ ਵੱਲ ਨੂੰ ਸਫ਼ਰ ਕਰਦੀ ਗ਼ਰੀਬ ਮਨੁੱਖ ਦੀ ਗੱਲ ਕਰਦੀ ਉਸਦੀ ਨਾ ਬਦਲਣ ਵਾਲੀ ਸਥਿਤੀ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਡਿਜੀਟਲ ਇੰਡੀਆ ਦੇ ਸੰਕਲਪ ਨੂੰ ਕਟਾਖਸ਼ੀ ਸੁਰ ਵਿਚ ਬਿਆਨ ਕਰਦੀ ਉਹ ਅਵਾਮ ਮੂਹਰੇ ਪ੍ਰਸ਼ਨ ਰੱਖਦੀ ਹੈ, ਕਿ ਇਕ ਬੰਨੇ ਅਸੀਂ ਸੂਚਨਾ ਤਕਨਾਲੋਜੀ ਦੀ ਸਪੇਸ ਵਿੱਚ ਵਿਚਰ ਰਹੇ ਹਾਂ ਦੂਜੇ ਬੰਨੇ ਸਾਡੀ ਗ਼ਰੀਬੀ ਰੇਖਾ ਦੇ ਥੱਲੇ ਵਿਚਰਨ ਵਾਲੀ ਜਨਤਾ ਅੱਜ ਵੀ ਰੋਜ਼ੀ-ਰੋਟੀ ਲਈ ਦਰ ਦਰ ਭਟਕ ਰਹੀ ਕੁਦਰਤੀ ਵੰਗਾਰਾਂ ਨਾਲ ਨਜਿੱਠਣ ਲਈ ਆਪਣੇ ਘਰਾਂ ਵੱਲ ਨੂੰ ਪਰਤਦੀ ਲਹੂ- ਲੁਹਾਨ ਹੁੰਦੀ ਅਮਾਨਵੀ ਵਤੀਰੇ ਦਾ ਸ਼ਿਕਾਰ ਹੁੰਦੀ ਹੈ। ਜਿਥੇ ਸਲਤਨਤ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਨ੍ਹਾਂ ਲੋੜਵੰਦਾਂ, ਬੇਘਰਿਆਂ ਦੀ ਮਦਦ ਲਈ ਕੋਈ ਰਾਹਦਾਰੀ ਲੱਭਦੀ, ਸਗੋਂ ਉਨ੍ਹਾਂ ਦਾ ਪ੍ਰਸ਼ਾਸਨਿਕ ਅਮਲਾ ਇਨ੍ਹਾਂ ਨੂੰ ਤਸੀਹੇ ਦਿੰਦਾ ਇਨ੍ਹਾਂ ਨਾਲ ਅਨੈਤਿਕ ਵਿਹਾਰ ਰੱਖਦਾ ਹੈ। ਦੂਜੀ ਪਰਵਾਸ ਦੀ ਸਥਿਤੀ ਮਾਂ ਦੀ ਮੌਤ ਦੇ ਸਮੇਂ ਹਾਜ਼ਿਰ ਨ ਹੋ ਸਕਣ ਦੀ ਬੇਵਸੀ ਤੇ ਬਲਦੀ ਚਿਖਾ ਨੂੰ ਚੁੱਪਚਾਪ ਦੇਖਣ ਤਕ ਹੀ ਸੀਮਿਤ ਨਹੀਂ ਸਗੋਂ ਕਾਵਿ 'ਮੈਂ' ਦੀ ਮਾਨਸਿਕਤਾ ਲਗਾਤਾਰ ਖ਼ੁਦ ਚਿਖਾ ਹੋਣ ਦੇ ਅਹਿਸਾਸ ਨਾਲ ਬੱਝ ਜਾਂਦੀ ਹੈ ਅਤੇ ਦਰਦ ਦੀ ਇਹ ਸਥਿਤੀ ਇੱਕ ਨਾਸੂਰ ਵਾਂਗ ਘਰ ਕਰ ਜਾਂਦੀ ਹੈ। "ਸੁਰਿੰਦਰ ਦੀਆਂ ਕਵਿਤਾਵਾਂ ਵਿਚਲੀ ਅਹਿਸਾਸਾਂ, ਭਾਵਾਂ ਅਤੇ

ਵਿਚਾਰਾਂ ਦੀ ਖ਼ੂਬਸੂਰਤੀ ਇਸਦੀ ਸ਼ਕਤੀ ਹੈ ਤੇ ਉਸ ਦੀਆਂ ਕਵਿਤਾਵਾਂ ਵਿਚਲਾ ਸਰੋਦੀਪਨ ਵੀ ਉਸਦੀ ਸ਼ਕਤੀ ਹੈ, ਜਿਹੜੀ ਉਸਦੇ ਗੀਤਾਂ ਅਤੇ ਗ਼ਜ਼ਲਾਂ ਵਿੱਚ ਵਿਸ਼ੇਸ਼ ਤੌਰ 'ਤੇ ਨੁਮਾਇਆ ਹੁੰਦੀ ਹੈ"। (ਸੁਰਜੀਤ ਪਾਤਰ, 2022, ਪੰ. 20)

ਸੁਰਿੰਦਰ ਗੀਤ ਆਪਣੀ ਸ਼ਾਇਰੀ ਰਾਹੀਂ ਜਦੋਂ ਨਾਰੀ ਦੀ ਸਥਿਤੀ, ਭੂਮਿਕਾ ਜਾਂ ਹੋਂਦ ਬਾਰੇ ਗੱਲ ਕਰਦੀ ਹੈ ਤਾਂ ਉਹ ਉਸਦੀ ਮਨਫ਼ੀ ਕੀਤੀ ਜਾਂਦੀ ਰਹੀ ਹੋਂਦ ਨੂੰ ਕੇਂਦਰ ਵਿਚ ਰੱਖ ਨਾਰੀ ਅਸਤਿਤਵ ਪੱਖੋਂ ਗੱਲ ਕਰਦੀ ਹੈ। ਪਿੰਡ ਵਿੱਚ ਪਾਥੀਆਂ ਪੱਥਦੀ 'ਤਾਰੋ' ਹੋਵੇ ਜਾਂ ਤ੍ਰੇਤਾ ਯੁੱਗ ਦੀ ਸੀਤਾ, ਭਾਰਤ ਮਾਤਾ ਵਾਂਗ ਜਾਪਦੀ ਦਾਦੀ ਜਾਂ ਫਿਰ ਚੌਰਾਹਿਆਂ ਤੇ ਬੇਪੱਤ ਹੁੰਦੀ ਨਾਰੀ ਆਦਿ ਅਜਿਹੇ ਅਨੇਕ ਨਾਰੀ ਬਿੰਬ ਹਨ ਜਿਹੜੇ ਨਾਰੀ ਹੋਂਦ ਪੱਖੋਂ ਪਿਤਰਕੀ ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਤਹਿਤ ਆਪਣੀ ਪਛਾਣ ਤੋਂ ਵਿਰਵੇ ਹਨ। ਕਿਤੇ ਉਹ ਦੇਵੀ ਦਾ ਰੂਪ ਸਵੀਕ੍ਰਿਤ ਕੀਤੀ ਜਾਂਦੀ ਹੈ ਤੇ ਕਿਤੇ ਪਿਤਰੀ ਸੱਤਾ ਉਸ ਨੂੰ ਅਨੁਸ਼ਾਸਿਤ ਕਰਦੀ ਆਪਣੇ ਅਧੀਨ ਤੁਰਨ ਲਈ ਬੇਬਸ ਕਰਦੀ ਹੈ। ਨਾਰੀ ਮੁੱਢ ਤੋਂ ਹੀ ਆਪਣੇ ਘਰ-ਪਰਿਵਾਰ ਨੂੰ ਸਾਂਭਦੀ ਸਮਾਜਕ ਤ੍ਰਿਸਕਾਰ ਦੀ ਸ਼ਿਕਾਰ ਹੁੰਦੀ ਰਹੀ ਹੈ। ਜਿਵੇਂ-ਜਿਵੇਂ ਸਮਾਜ ਸੁਸਿੱਖਿਅਤ ਹੁੰਦੇ ਗਏ ਤਿਵੇਂ ਤਿਵੇਂ ਹੀ ਸਮਾਜਾਂ ਅੰਦਰ ਨਾਰੀ ਦੀ ਸਥਿਤੀ ਵੱਧ ਵੰਗਾਰਮਈ ਬਣਦੀ ਗਈ। ਸਰੀਰਕ ਤੇ ਮਾਨਸਿਕ ਤਸੀਹੇ ਝਲਦੀ ਉਹ ਭਾਵੇਂ ਸ੍ਰਿਸ਼ਟੀ ਦੀ ਸਿਰਜਕ ਕਹੀ ਜਾਂਦੀ ਰਹੀ ਹੋਵੇ, ਪਰ ਉਸ ਦਾ ਸਮਾਜਕ ਕੱਦ ਹਮੇਸ਼ਾ ਬੌਣੇਪਨ ਵੱਲ ਧੱਕਿਆ ਜਾਂਦਾ ਰਿਹਾ ਹੈ। ਮਰਦ ਸੱਤਾ ਦੀ ਨਾਰੀ ਨੂੰ ਹਾਸ਼ੀਆਕ੍ਰਿਤ ਕਰਨ ਦੀ ਰਣਨੀਤੀ ਉਸ ਦੀ ਸਰਦਾਰੀ ਵਾਂਗ ਪਛਾਣ ਹਾਸਲ ਕਰਦੀ ਹੈ ਉਥੇ ਦੂਜੇ ਪਾਸੇ ਨਾਰੀ ਹਾਸ਼ੀਏ ਅਧੀਨ ਵਿਚਰਦੀ ਦੇਖੀ ਜਾ ਸਕਦੀ ਹੈ ਜਿਥੇ ਕਿ ਉਹ ਆਪਣੇ ਅਧਿਕਾਰਾਂ ਤੋਂ ਵਾਂਝੀ ਮਰਦਾਵੀਂ ਸੱਤਾ ਵਾਲੀਆਂ ਕਦਰਾਂ-ਕੀਮਤਾਂ ਰਾਹੀਂ ਅਨੁਸ਼ਾਸਿਤ ਹੁੰਦੀ ਹੈ। ਮਿਥਿਕ ਪੌਰਾਣਿਕ ਸੰਸਾਰ ਤੋਂ ਵਰਤਮਾਨ ਤਕ ਉਹ ਔਰਤ ਹਸਤੀ ਦੇ ਵੱਖੋ-ਵੱਖਰੇ ਰੂਪ ਪਾਠਕਾਂ ਦੀ ਨਜ਼ਰ ਕਰਦੀ ਇੱਕੀਵੀਂ ਸਦੀ ਤੀਕ ਪਹੁੰਚ ਕਰਦੀ ਨਾਰੀ ਦੀ ਹੋਂਦ ਪੱਖੋਂ ਬਹੁਪਰਤੀ ਸਥਿਤੀਆਂ ਰਾਹੀਂ ਸੀਤਾ ਦੇ ਕਿਰਦਾਰ ਨੂੰ ਸਮਾਜਕ ਦ੍ਰਿਸ਼ਟੀ ਤੋਂ ਮੁਖ਼ਾਤਿਬ ਹੁੰਦੀ ਕਹਿੰਦੀ ਹੈ :

"ਰਾਮ ਨੇ
ਸੀਤਾ ਨੂੰ
ਜਿੱਤਿਆ ਸੀ
ਜਿੱਤੀ ਚੀਜ਼ ਤੇ

ਕਬਜ਼ਾ ਹੁੰਦਾ ਹੈ
ਪਿਆਰ ਨਹੀਂ ” (ਪੰਨਾ- 64)

ਪਿਤਰੀ ਸੱਤਾ ਦੀਆਂ ਕਦਰਾਂ ਕੀਮਤਾਂ ਨਾਰੀ ਹਸਤੀ ਦੀ ਪਛਾਣ ਕਬਜ਼ੇ ਵਾਲੀ ਸੁਰ ਵਿਚ ਹੀ ਕਰਦੀ ਹੈ। ਰਾਵਣ ਨੇ ਸੀਤਾ ਨੂੰ ਚੋਰੀ ਕਰਕੇ ਆਪਣੇ ਕਬਜ਼ੇ ਵਿਚ ਰੱਖਿਆ, ਸ਼ਾਇਰਾ ਕਹਿੰਦੀ ਹੈ ਕਿ ਚੁਰਾਈ ਚੀਜ਼ ਨੂੰ ਪਿਆਰ ਨਹੀਂ ਕੀਤਾ ਜਾਂਦਾ ਲੁਕੋ ਕੇ ਰੱਖਿਆ ਜਾਂਦਾ ਹੈ, ਤਾਂ ਜੋ ਕਬਜ਼ਾ ਬਣਿਆ ਰਹੇ। ਇੰਝ ਸ਼ਾਇਰਾ ਸੀਤਾ ਤੇ ਕਬਜ਼ੇ ਦੇ ਵੱਖ-ਵੱਖ ਕਾਰਨਾਂ ਨੂੰ ਬਿਆਨ ਕਰਦੀ ਨਾਰੀ ਹੋਂਦ ਦੀ ਮਨਫ਼ੀ ਸਥਿਤੀ ਨੂੰ ਬਿਆਨ ਕਰਦੀ ਹੈ। ਇਹ ਸਥਿਤੀ ਵਰਤਮਾਨ ਵਿਚ ਆਪਣਾ ਰੂਪ ਵਟਾ ਅੱਜ ਆਮ ਚੌਰਾਹਿਆਂ ਤੀਕ ਪਹੁੰਚ ਕਰ ਗਈ ਹੈ। ਇੰਝ ਸ਼ਾਇਰਾ ਦੀ ਸੂਖ਼ਮ ਦ੍ਰਿਸ਼ਟੀ ਬਹੁਕਾਲਿਕ ਸਪੇਸ ਅੰਦਰ ਫੈਲਦੀ ਨਾਰੀ ਹੋਂਦ ਦੀ ਸ਼ਨਾਖ਼ਤ ਨੂੰ ਬਹੁਤ ਹੀ ਸਹਿਜਤਾ ਅਤੇ ਸੁਹਿਰਦਤਾ ਸੰਗ ਪੇਸ਼ ਕਰਦੀ ਹੈ।

ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ ਗੁਸਤਾਖ਼ ਹਵਾ ਵਿਸ਼ਵ ਪੱਧਰ ’ਤੇ ਆ ਰਹੀਆਂ ਤਬਦੀਲੀਆਂ, ਸੰਕਟਾਂ, ਕੁਦਰਤੀ ਆਫ਼ਤਾਂ ਦੀ ਗੱਲ ਕਰਦਿਆਂ, ਮਨੁੱਖਤਾ ਦੇ ਕੇਂਦਰੀ ਨੁਕਤੇ ਦੇ ਆਰ-ਪਾਰ ਫੈਲਦਾ ਹੈ। ਸ਼ਾਇਰਾ ਅੰਦਰ ਤੋਂ ਬਾਹਰ ਵੱਲ ਅਤੇ ਬਾਹਰ ਤੋਂ ਅੰਦਰ ਵੱਲ ਸੂਖ਼ਮ ਨੀਝ ਨਾਲ ਝਾਕਣ ਲਈ ਪ੍ਰੇਰਿਤ ਕਰਦੀ ਮਨੁੱਖੀ ਕਦਰਾਂ-ਕੀਮਤਾਂ ਉੱਪਰ ਪਹਿਰਾ ਦਿੰਦੀ ਬਹੁਪਰਤੀ ਅਤੇ ਬਹੁਪਾਸਾਰੀ ਸੰਭਾਵਨਾਵਾਂ ਨੂੰ ਫਰੋਲਦੀ ਪਾਠਕਾਂ ਨੂੰ ਚਿੰਤਨ ਤੇ ਮੰਥਨ ਲਈ ਕਾਰਜਸ਼ੀਲ ਹੋਣ ਦਾ ਹੁੰਗਾਰਾ ਦਿੰਦੀ ਹੈ। ਬਾਬਾ ਨਾਨਕ, ਮਰਦਾਨਾ, ਭਾਈ ਲਾਲੋ, ਮਲਕ ਭਾਗੋ, ਬਾਣੀ, ਭਾਈ ਕਨ੍ਹਈਆ ਜੀ ਆਦਿ ਮਹਿਜ਼ ਕਾਵਿ ਰੂਪ ਦਾ ਅੰਸ਼ ਨਹੀਂ ਬਣਦੇ ਸਗੋਂ ਸ਼ਾਇਰਾ ਇਨ੍ਹਾਂ ਬਿੰਬਾਂ/ਪ੍ਰਤੀਕਾਂ/ਚਿਹਨਾਂ ਰਾਹੀਂ ਉਸ ਵਿਰਾਸਤ ਨਾਲ ਜੋੜ ਦਿੰਦੀ ਹੈ ਜੋ ਸਾਡੀ ਅਜੋਕੀ ਕਦਰਾਂ-ਕੀਮਤਾਂ ਦਾ ਅਨਿੱਖੜ ਅੰਗ ਹੋਣੀਆਂ ਚਾਹੀਦੀਆਂ ਹਨ। ਜਿਸ ਨੂੰ ਵਿਸਾਰ ਅੱਜ ਅਸੀਂ ਅਨੈਤਿਕਤਾ, ਲੁੱਟ-ਖਸੁੱਟ, ਅਮਾਨਵੀ ਅਤੇ ਬੇਈਮਾਨੀ ਨੂੰ ਆਪਣੇ ਸਵੈ ਲਈ ਸਾਧਨ ਵਜੋਂ ਅਪਣਾ ਲਿਆ ਹੈ। ਅੱਜ ਪੰਜਾਬ ਦੀ ਧਰਤੀ ਤੇ ਪਾਣੀ ਜਿਸ ਪ੍ਰਦੂਸ਼ਣ ਦਾ ਸ਼ਿਕਾਰ ਹੋ ਗਏ ਹਨ ਉਹ ਮੌਤ ਜਾਂ ਜ਼ਹਿਰ ਵਜੋਂ ਸਿਆਣਿਆ ਗਿਆ ਹੈ। ਜੜ੍ਹਾਂ ਨਾਲ ਸ਼ਾਇਰਾ ਭਾਵੁਕ ਸਾਂਝ ਨਹੀਂ ਰੱਖਦੀ ਸਗੋਂ ਬੌਧਿਕ ਪੱਖੋਂ ਉਹ ਆਪਣੇ ਅਮੀਰ ਵਿਰਸੇ ਅੰਦਰ ਮੌਜੂਦ ਮਾਨਵੀ ਪੱਖ ਨੂੰ ਮੁੜ ਤੋਂ ਸੁਰਜੀਤ ਕਰਨਾ

ਲੋਚਦੀ ਸਾਂਝੀ ਪੀੜ ਤੇ ਸਾਂਝੀਵਾਲਤਾ ਦਾ ਨੁਕਤਾ ਪੇਸ਼ ਕਰਦੀ ਹੈ। ਸ਼ੁਭ ਸਵੇਰ ਦੀ ਖੁਸ਼ਆਮਦੀਦ ਦੀ ਗੱਲ ਕਰਦੀ ਉਹ ਕਹਿੰਦੀ ਹੈ :

ਸ਼ੁਭ ਸਵੇਰ
ਮਨੁੱਖਤਾ ਲਈ
ਕੁਛ ਚੰਗਾ ਕਰਨ
ਵਿਚ ਹੁੰਦੀ ਹੈ। (ਪੰਨਾ - 66)

ਇੰਝ ਗੁਸਤਾਖ਼ ਹਵਾ ਦਾ ਕੇਂਦਰੀ ਸੂਤਰ ਵਿਸ਼ਵ ਸਰੋਕਾਰਾਂ ਨਾਲ ਸੰਵਾਦ ਰਚਾਉਂਦਾ ਅਜਿਹੇ ਸੰਸਾਰ ਦੀ ਘਾੜਤ ਕਰਦਾ ਹੈ ਜਿਹੜਾ ਪਾਰ-ਰਾਸ਼ਟਰੀ, ਪਾਰ-ਸਭਿਆਚਾਰਕ, ਪਾਰ-ਭਾਸ਼ਾਈ ਅਤੇ ਪਾਰ-ਲੈਂਗਿਕਤਾ ਦੇ ਨੁਕਤਾ-ਨਿਗਾਹ ਤੋਂ ਮਨੁੱਖੀ ਕਦਰਾਂ-ਕੀਮਤਾਂ ਨੂੰ ਤਰਜੀਹ ਦਿੰਦਾ ਲੋਕ ਭਲਾਈ ਤੇ ਮਨੁੱਖਤਾ ਦਾ ਪੱਖ ਪੂਰਨ ਵਾਲਾ ਹੋਵੇ। ਕਵਿਤਾ ਨੂੰ ਕ੍ਰਾਂਤੀ ਵਜੋਂ ਦੇਖਦੀ ਸ਼ਾਇਰਾ ਸਮਾਜਕ-ਸਭਿਆਚਾਰਕ ਬਦਲਾਅ ਦੀ ਗੱਲ ਕਰਦੀ ਹੈ। ਅਨੈਤਿਕਤਾ ਨੂੰ ਨੈਤਿਕਤਾ ਵਿਚ ਬਦਲਣ ਦੀ ਤਾਕਤ ਰੱਖਦੀ ਲੇਖਿਕਾ ਦੀ ਕਲਮ, ਸੋਚ ਤੇ ਸ਼ਬਦ 'ਗੁਸਤਾਖ਼ ਹਵਾ' ਦਾ ਰੁਖ਼ ਬਦਲਣ ਦੀ ਸਮਰੱਥਾ ਨੂੰ ਆਪਣੇ ਅੰਦਰ ਸਮੋਏ ਹੋਏ ਹੈ। ਸੰਸਾਰ ਅੰਦਰ ਮਹਾਂਮਾਰੀ ਦੇ ਦੌਰ ਨੇ ਅਜਿਹੀ ਚੇਤਨਾ ਪੈਦਾ ਕੀਤੀ ਜਿਹੜੀ ਮਨੁੱਖਤਾ ਪੱਖੋਂ ਬੜੀ ਤਬਦੀਲੀਆਂ ਲਿਆਉਂਦੀ ਹੈ ਇਕ ਬੰਨੇ ਲੋਕ ਸੇਵਾ ਭਾਵ ਨਾਲ ਆਪਣਾ ਆਪ ਦਾਅ 'ਤੇ ਲਾ ਰਹੇ ਹਨ ਦੂਜੇ ਪਾਸੇ ਸ੍ਵੈ-ਮੁਨਾਫ਼ੇ ਵਾਲੀ ਸੋਚ ਮਾਨਵਤਾ ਪੱਖੋਂ ਹੀਣੀ ਹੁੰਦੀ ਜਾਂਦੀ ਹੈ। ਸੁਰਿੰਦਰ ਗੀਤ ਦੀ ਮਾਨਵੀ ਸੰਵੇਦਨਾ ਦੀ ਬੁਲੰਦ ਸੁਰ ਹਰ ਸੰਰਚਨਾ ਨਾਲ ਟੱਕਰ ਲੈਂਦੀ ਉਸ ਨੂੰ ਤ੍ਰੋੜਦੀ ਵਿਰਚਿਤ ਕਰਦੀ ਹੈ। ਸ਼ਾਇਰਾ ਸਰਲ ਸਾਦਾ ਭਾਸ਼ਾ ਰਾਹੀਂ ਗਹਿਰ ਗੰਭੀਰ ਮਸਲਿਆਂ ਨੂੰ ਛੋਹਦੀ ਆਪਣੇ ਅੰਦਰ ਵੱਲ ਝਾਤ ਮਾਰ ਆਪਣੇ ਆਪੇ ਨੂੰ ਮੁੜ ਸੋਧਣ ਦਾ ਨੁਕਤਾ ਰੱਖਦੀ ਹੈ। ਲੋਕ ਵਿਰਸੇ ਤੋਂ ਸਿੱਖ ਇਤਿਹਾਸ ਤੇ ਡਿਜ਼ੀਟਲ ਇੰਡੀਆ ਤੀਕ ਪਹੁੰਚ ਕਰਦੀ ਗੁਸਤਾਖ਼ ਹਵਾ ਦੀ ਸਪੇਸ ਬਹੁਪਰਤੀ ਬਹੁਦਿਸ਼ਾਵੀ ਤੇ ਬਹੁਸੰਭਾਵੀ ਸੁਰ ਵਾਲੀ ਹੋ ਨਿੱਬੜਦੀ ਹੈ।

## ਹਵਾਲੇ


1. ਸੁਰਜੀਤ ਪਾਤਰ. (2022). ਕਵਿਤਾ ਤੂੰ ਆ....ਪਰ ਇਸ ਤਰ੍ਹਾਂ ਆ. (ਡਾ. ਨਰੇਸ਼ ਕੁਮਾਰ, ਸੰਪਾ.) ਜਲੰਧਰ: ਯੂਨੀਮੈਕਸ ਪਬਲੀਕੇਸ਼ਨਜ਼.
2. ਸੁਰਿੰਦਰ ਗੀਤ. (2020). ਗੁਸਤਾਖ਼ ਹਵਾ. ਪਟਿਆਲਾ: ਕੈਲੀਬਰ ਪਬਲੀਕੇਸ਼ਨ.
3. ਬਲਬੀਰ ਮਾਧੋਪੁਰੀ. (2025). ਸੁਰਿੰਦਰ ਗੀਤ: ਵਿਲੱਖਣ ਪਰਵਾਸੀ ਸਾਹਿਤਕਾਰ. (ਪ੍ਰੋ. ਜਸਪਾਲ ਕੌਰ, ਸੰਪਾ.) ਫਤਿਹਗੜ੍ਹ ਚੰਨਾ: ਰੀਥਿੰਕ ਬੁਕਸ.

ISSN: 2584-0509


(Page 50 to 64)

# ਰਣਧੀਰ ਰਚਿਤ ਕਾਵਿ ਸੰਗ੍ਰਹਿ 'ਖ਼ਤ ...ਜੋ ਲਿਖਣੋਂ ਰਹਿ ਗਏ' ਵਿਚ ਮਨੁੱਖੀ ਪਛਾਣ ਦੀ ਦਵੰਦਾਤਮਕ ਸਥਿਤੀ



ਡਾ. ਸਿਮਰਨਜੀਤ ਸਿੰਘ
ਐਸੋਸੀਏਟ ਪ੍ਰੋਫ਼ੈਸਰ ਅਤੇ ਮੁਖੀ,
ਪੋਸਟ ਗ੍ਰੈਜੂਏਟ, ਪੰਜਾਬੀ ਵਿਭਾਗ,
ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ।
+91 78073-02105

ਵਿਸ਼ਵ ਪੱਧਰ 'ਤੇ ਜਿੱਥੇ ਕਵਿਤਾ ਸਾਹਿਤ ਦਾ ਪਲੇਠਾ ਰੂਪ ਹੈ ਉੱਥੇ ਇਹ ਮਨੁੱਖੀ ਭਾਵਾਂ ਦੀ ਸਹਿਜ ਬੋਲੀ ਹੈ ਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਆਪਣੀ ਗੱਲ ਕਹਿਣ ਲਈ ਕਵੀ ਨੂੰ ਖੁਦ-ਬ-ਖੁਦ ਚੁਣਦੀ ਹੈ। ਕਿਸੇ ਸਮੇਂ ਇਹ ਨਿਰੋਲ ਰੂਪ ਵਿਚ ਕਵੀ ਮਨ ਦੇ ਭਾਵਾਂ ਦਾ ਕਥਾਰਸਿਸ ਹੁੰਦੀ ਸੀ ਪਰ ਜਿਵੇਂ-ਜਿਵੇਂ ਬਦਲਦੀਆਂ ਪ੍ਰਸਿਥਿਆਂ ਦੇ ਅੰਤਰਗਤ ਸਾਹਿਤ ਵਿਚ ਕਲਾਤਮਕ ਜੁਗਤਾਂ ਅਤੇ ਨਵੀਆਂ ਤਕਨੀਕਾਂ ਦਾ ਬੋਲ-ਬਾਲਾ ਹੋਇਆ ਉਦੋਂ ਤੋਂ ਇਸ ਦੇ ਥੀਮਿਕ ਪਾਸਾਰਾਂ ਅਤੇ ਸਰੋਕਾਰਾਂ ਦਾ ਰਾਹ ਵੀ ਮੋਕਲਾ ਹੋਇਆ ਹੈ। ਇਹੀ ਨਹੀਂ ਪੰਜਾਬੀ ਕਵਿਤਾ ਦੇ ਸਮਕਾਲੀ ਦੌਰ ਵਿਚ ਨਵੇਂ ਪੋਚ ਦੇ ਕਾਲਜੀਏਟ ਪਾੜ੍ਹਿਆਂ ਦੇ ਆਉਣ ਸਦਕਾ ਪੰਜਾਬੀ ਕਵਿਤਾ ਦਾ ਮੁਹਾਂਦਰਾ ਫੋਕੇ ਰੁਮਾਂਸਵਾਦ ਦੀ ਥਾਂ ਸਮਕਾਲੀ ਪ੍ਰਸਿਥੀਆਂ ਦੇ ਰੂ-ਬ-ਰੂ ਹੁੰਦਾ ਹੈ ਜਿਸ ਵਿਚ ਰਣਧੀਰ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਖ਼ਤ ... ਜੋ ਲਿਖਣੋਂ ਰਹਿ ਗਏ' ਵਿਚਲੀਆਂ ਕਵਿਤਾਵਾਂ ਦੇ ਅੰਤਰਗਤ ਸਮਕਾਲ ਅਤੇ ਭਵਿੱਖਮੁਖੀ ਚੁਣੌਤੀਆਂ ਸੰਗ ਸੰਵਾਦ ਰਚਾਉਂਦਾ ਦੇਖਿਆ ਜਾ ਸਕਦਾ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਉਸਨੂੰ ਉਸਦੇ ਇਸ ਪਲੇਠੇ ਕਾਵਿ ਸੰਗ੍ਰਹਿ ਉੱਪਰ ਚਰਨਾ ਵਿਚਾਰ ਮੰਚ ਨਾਭਾ, ਵੱਲੋਂ 'ਕੰਵਰ ਚੌਹਾਨ ਨਵ ਪ੍ਰਤਿਭਾ ਐਵਾਰਡ-2023, ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ-2024 ਅਤੇ ਭਾਸ਼ਾ ਵਿਭਾਗ ਵੱਲੋਂ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਐਵਾਰਡ (ਕਵਿਤਾ)-2024 ਪ੍ਰਾਪਤ ਹੋ ਚੁੱਕੇ ਹਨ।

ਰਣਧੀਰ ਦੇ ਹੱਥਲੇ ਕਾਵਿ ਸੰਗ੍ਰਹਿ 'ਖ਼ਤ ... ਜੋ ਲਿਖਣੋਂ ਰਹਿ ਗਏ' ਵਿਚ ਕੁੱਲ 78 ਕਵਿਤਾਵਾਂ ਹਨ ਤੇ ਇਹ ਸਾਰੀਆਂ ਕਵਿਤਾਵਾਂ ਖੁੱਲ੍ਹੀ ਕਵਿਤਾ ਦੀ ਸ਼੍ਰੇਣੀ ਦੀਆਂ ਹਨ। ਇਸ ਪੁਸਤਕ ਦੇ ਸਿਰਲੇਖ ਨੂੰ ਜੇਕਰ ਪਰਤ-ਦਰ-ਪਰਤ ਖੋਲ੍ਹੀਏ ਤਾਂ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਪਿੱਛੇ ਪਈ ਵਿਚਾਰਧਾਰਾ ਨੂੰ ਫੜ੍ਹਿਆ ਜਾ ਸਕਦਾ ਹੈ। ਅਸਲ ਵਿਚ ਕਵੀ ਦਾ ਜੋ ਕੁਝ ਖ਼ਤਾਂ ਵਿਚ ਨਹੀਂ ਲਿਖ ਹੋਇਆ, ਭਾਵ ਜੋ ਬਚ ਗਿਆ ਉਹੀ ਸ਼ਬਦ ਅਸਲ ਵਿਚ ਇਸ ਪੁਸਤਕ ਦੀਆਂ ਕਵਿਤਾਵਾਂ ਹਨ ਕਿਉਂਕਿ ਜੋ ਖ਼ਤ ਲਿਖੇ ਗਏ ਉਹ ਤਾਂ ਸ਼ਬਦ ਰੂਪ ਧਾਰਨ ਕਰਕੇ ਬੋਲ ਬਣ ਗਏ ਤੇ ਉਹਨਾਂ ਦਾ ਤਾਂ ਭਾਵ ਸੰਚਾਰ ਹੋ ਗਿਆ ਪਰ ਜੋ ਖ਼ਤ ਨਹੀਂ ਲਿਖੇ ਗਏ, ਉਹੀ ਭਾਵ ਕਵੀ ਦੇ ਕੋਲ ਪਏ ਹਨ ਤੇ ਇਹ ਭਾਵ ਹੀ ਇਸ ਕਾਵਿ-ਸੰਗ੍ਰਹਿ ਦਾ ਸਰਮਾਇਆ ਹਨ। ਇਸ ਬਾਰੇ ਰਣਧੀਰ ਆਪਣੀ ਕਵਿਤਾ

ਵਿਚ ਇਸਦਾ ਖੁਲਾਸਾ ਕਰਦਾ ਆਖਦਾ ਹੈ ਕਿ, 'ਗੱਲਾਂ/ਜੋ ਤੂੰ ਤੇ ਮੈਂ/ਕਰ ਨਹੀਂ ਸਕੇ/ਹੁਣ ਕਵਿਤਾਵਾਂ ਨੇ ਮੇਰੀਆਂ'[1] ਇਸ ਪੁਸਤਕ ਦੇ ਮੁੱਢ ਵਿਚ ਵੀ ਰਣਧੀਰ ਕਵੀ ਅਤੇ ਕਵਿਤਾ ਬਾਰੇ ਆਪਣੀ ਸਟੀਕ ਟਿੱਪਣੀ ਕਰਦਾ ਹੋਇਆ ਆਪਣੀ ਵਿਚਾਰਧਾਰਾ ਦਾ ਪ੍ਰਗਟਾਅ ਕਰਦਾ ਦੇਖਿਆ ਜਾ ਸਕਦਾ ਹੈ। ਉਸਦਾ ਮੰਨਣਾ ਹੈ ਕਿ, "ਕਵੀ ਸਮੇਂ-ਸਥਾਨ ਦੀ ਸੀਮਾ 'ਚ ਬੱਝਾ ਹੈ। ਸਮੇਂ ਤੋਂ ਪਾਰ ਸਿਰਫ਼ ਕਵਿਤਾ ਜਾਂਦੀ ਹੈ। ਕਵੀ ਦੀ ਚੁਣੌਤੀ ਸਮੇਂ ਸਥਾਨ ਤੋਂ ਪਾਰ ਜਾ ਕੇ ਕਵਿਤਾ ਸਿਰਜਣ ਦੀ ਹੈ। ਪਰ ਕਵੀ 'ਕਵੀ ਹੈ ਕਵਿਤਾ ਨਹੀਂ। ਉਹਦੀਆਂ ਨਿੱਜੀ ਇੱਛਾਵਾਂ, ਅਹਿਸਾਸ ਅਤੇ ਜ਼ਿੰਦਗੀ ਪ੍ਰਤੀ ਪਹੁੰਚ ਉਸਦੀ ਕਵਿਤਾ ਦੀ ਸੀਮਾ ਨਿਰਧਾਰਿਤ ਕਰਦੀਆਂ ਹਨ, ਉਸਦੀ ਸਾਰਥਿਕਤਾ/ਸਦੀਵਤਾ ਨੂੰ ਪ੍ਰਭਾਵਿਤ ਕਰਦੀਆਂ ਹਨ। ਕਈ ਵਾਰ ਕਵੀ ਅਚੇਤ ਹੀ ਕਵਿਤਾ ਨੂੰ ਸਮੂਹਿਕਤਾ ਨਾਲੋਂ ਨਿਖੇੜ ਸਵੈ ਨਾਲ ਜੋੜ ਲੈਂਦਾ ਹੈ। ਇਹ ਸੰਕਟ ਮੇਰਾ ਵੀ ਹੈ। ਮੈਂ ਕਵਿਤਾ ਨਾਲ ਉੱਡ ਕੇ ਦੂਰ ਦੇਸ਼ ਜਾਣ ਦੀ ਥਾਂ ਉਹਦੇ ਉੱਪਰ ਸਵੈ ਦਾ ਬੋਝ ਲੱਦ ਦਿੰਦਾ ਹਾਂ। ਮੇਰਾ ਮੰਨਣਾ ਹੈ ਕਿ ਸਵੈ ਦੀ ਤਸਦੀਕ ਨਹੀਂ ਕੀਤੀ ਜਾ ਸਕਦੀ। ਸਵੈ ਡੋਲਦਾ ਪਾਰਾ ਹੈ । ਕਵਿਤਾ ਫੈਲਣਾ ਚਾਹੁੰਦੀ ਹੈ ਪਰ ਮੈਂ ਖੁਦ ਦੁਆਲੇ ਸੁੰਗੜਿਆ ਹੋਇਆਂ ਹਾਂ।"[2] ਉਸਦੀ ਇਹ ਸਟੇਟਮੈਂਟ ਜਿੱਥੇ ਉਸਦੀ ਕਵਿਤਾ ਬਾਬਤ ਸਮਝ-ਸੂਝ ਨੂੰ ਪ੍ਰਭਾਸ਼ਿਤ ਕਰਦੀ ਹੈ ਉੱਥੇ ਉਸਦੀ ਕਾਵਿ ਰਚਣ ਪ੍ਰਕਿਰਿਆ ਅਤੇ ਕਾਵਿ-ਸਰੂਪ ਦੀਆਂ ਸੀਮਾਵਾਂ ਨੂੰ ਵੀ ਨਿਰਧਾਰਿਤ ਕਰਦੀ ਹੈ। ਉਸਦਾ ਇਹ ਵੀ ਮੰਨਣਾ ਹੈ ਕਿ, 'ਕਵਿਤਾ 'ਵਕਤ' ਲਈ ਨਹੀਂ/ ਹਰ ਪੂਰੇ 'ਕਾਲ' ਲਈ ਹੁੰਦੀ ਹੈ'[3] ਤੇ ਦੂਜੀ ਗੱਲ ਕਵਿਤਾ ਦੇ ਅਰਥ ਹੁਣ ਪਹਿਲਾਂ ਵਾਂਗ ਸਰਲ ਤੇ ਇਕਹਿਰੇ ਨਹੀਂ ਰਹੇ ਕਿਉਂਕਿ ਅਜੋਕੇ ਮਨੁੱਖ ਦੀ ਜ਼ਿੰਦਗੀ ਵੀ ਟੇਢੀ-ਮੇਢੀ ਤੇ ਗੁੰਝਲਦਾਰ ਹੈ ਤਾਂ ਫਿਰ ਬੰਦੇ ਬਾਰੇ ਲਿਖੀ ਗਈ ਕਵਿਤਾ ਕਿਵੇਂ ਸਿੱਧ-ਪੱਧਰੀ ਹੋ ਸਕਦੀ ਹੈ-

- ਪਹਿਲਾਂ ਕਵਿਤਾ ਕਿੰਨੀ ਮਾਸੂਮ ਹੁੰਦੀ ਸੀ
  ਨਿੱਕੇ-ਨਿੱਕੇ ਪੋਟਿਆਂ ਨਾਲ ਪੜ੍ਹ ਕੇ
  ਜ਼ੁਬਾਨੀ ਮੂੰਹ ਚੜ੍ਹ ਜਾਂਦੀ
  ਤੇ ਹੁਣ ਕਵਿਤਾ ਹੋ ਗਈ ਹੈ
  ਕਿੰਨੀ ਤਿਗੜਮਬਾਜ਼
  ਸਿਆਣਿਆਂ ਦੇ ਦਿੱਤੇ ਅਰਥ ਵੀ
  ਬਹੁਤੀ ਵਾਰ ਯਾਦ ਨਹੀਂ ਰੱਖਦੀ [4]

ਰਣਧੀਰ ਦੀ ਸਮੁੱਚੀ ਕਵਿਤਾ ਦਾ ਕੇਂਦਰੀ ਬਿੰਦੂ ਮਨੁੱਖੀ ਪਛਾਣ ਨਾਲ ਜੁੜਿਆ ਹੈ। ਇਹ ਪਛਾਣ ਦਾ ਸੰਕਟ ਐਨਾ ਦਵੰਦਾਤਮਕ ਹੈ ਕਿ ਕਦੇ ਬੰਦੇ ਨੂੰ ਇਹ ਲੱਗਦਾ ਹੈ ਕਿ ਉਸਦੀ ਇਹ ਪਛਾਣ ਉਸਦੇ ਅਸਤਿੱਤਵ ਨਾਲ ਜੁੜ ਚੁੱਕੀ ਹੈ ਪਰ ਦੂਜੇ ਹੀ ਪਲ਼ ਉਹ ਆਪਣੀ ਨਵੀਂ ਪਛਾਣ ਬਣਾਉਣ ਵਿਚ ਜੁੱਟ ਜਾਂਦਾ ਹੈ। ਇਹ ਮਨੁੱਖੀ ਪਛਾਣ ਦੀ ਦਵੰਦਮਈ ਸਥਿਤੀ ਹੈ ਕਿ ਉਸ ਕੋਲ ਕਈ ਵਾਰ ਸਭ ਕੁਝ ਹੁੰਦਿਆਂ ਹੋਇਆਂ ਵੀ ਅੱਜ ਖਾਲੀਪਣ ਦਾ ਅਹਿਸਾਸ ਹੁੰਦਾ। ਅਜੋਕੀ ਪਛਾਣ ਪਦਾਰਥਕ ਵਰਤਾਰੇ ਨਾਲ ਜੁੜ ਕੇ ਆਪਣਾ ਕਾਰਜ ਕਰਦੀ ਹੈ ਤਾਂ ਹੀ ਤਾਂ ਮਨੁੱਖੀ ਪਛਾਣ ਅਗਲੇ ਹੀ ਪਲ ਆਪਣਾ ਨਵਾਂ ਬਦਲ ਭਾਲ ਲੈਂਦੀ ਹੈ। ਪਰ ਰਣਧੀਰ ਅਜਿਹੇ ਸਮਿਆਂ ਵਿਚ ਪਛਾਣ ਦੇ ਪੁਰਾਤਨ ਪੂਰਨਿਆਂ ਦੀ ਥਾਂ ਨਵੇਂ ਪੂਰਨੇ ਪਾਉਂਦਾ ਦੇਖਿਆ ਜਾ ਸਕਦਾ ਹੈ –

- ਅਕਸਰ ਉਹ ਕਹਿੰਦਾ
  ਕਿ ਬੰਦੇ ਕੋਲ
  ਅਕਲ ਹੋਵੇ
  ਕਲਾ ਹੋਵੇ
  ਮਹਿਕਦੇ ਫੁੱਲ ਹੋਣ
  ਜਾਗਦਾ ਅੰਬਰ ਹੋਵੇ
  ਵਗਦਾ ਦਰਿਆ ਹੋਵੇ
  ਮੈਂ ਅਕਸਰ ਮਹਿਸੂਸਦਾਂ
  ਬੰਦੇ ਕੋਲ ਅੱਖ ਹੋਵੇ
  ਸਿਰ ਹੋਵੇ
  ਪੈਰ ਹੋਣ
  ਹੱਥ ਹੋਣ
  ਬੰਦਾ –
  ਸਫ਼ਰ, ਦਰਿਆ, ਅੰਬਰ, ਸੂਰਜ
  ਖੁਦ ਹੀ ਬਣ ਜਾਂਦਾ ...[5]

ਇਹ ਬੰਦੇ ਦੀ ਦੇਖਣ ਦ੍ਰਿਸ਼ਟੀ ਹੈ ਕਿ ਉਹ ਚੀਜ਼ਾਂ ਨੂੰ ਕਿੰਞ ਨਵੇਂ ਜਾਵੀਏ ਤੋਂ ਕਈ ਕੋਣਾਂ ਤੋਂ ਦੇਖ ਸਕਦਾ ਹੈ ਪਰ ਮਸਲਾ ਇਹ ਹੈ ਕਿ ਬੰਦਾ ਅਜਿਹਾ ਕਰਦਾ ਨਹੀਂ।

ਠੀਕ ਉਵੇਂ ਜਿਵੇਂ ਬੰਦੇ ਨੇ ਇਹ ਨਿਰਧਾਰਿਤ ਕਰ ਲਿਆ ਹੈ ਕਿ ਸਤਰੰਗੀ ਪੀਂਘ ਵਿਚ ਸੱਤ ਰੰਗਾਂ ਦਾ ਸੁਮੇਲ ਹੁੰਦਾ ਹੈ ਪਰ ਅਸਲ ਵਿਚ ਅਜਿਹਾ ਨਹੀਂ ਬਲਕਿ ਉਸ ਵਿਚ ਕਈ ਹੋਰ ਸੈਂਕੜੇ ਰੰਗ ਘੁਲੇ-ਮਿਲੇ ਹੁੰਦੇ ਹਨ। ਰਣਧੀਰ ਮਨੁੱਖੀ ਪਛਾਣ ਨੂੰ ਨਵੇਂ ਕੋਣ ਤੋਂ ਦੇਖਦਾ ਇਹ ਸੰਵਾਦ ਛੇੜਦਾ ਹੈ ਕਿ ਬੰਦਾ ਵੀ ਬਾਕੀ ਜੂਨਾਂ ਵਾਂਗ ਆਮ ਪ੍ਰਾਣੀ ਹੀ ਹੈ ਬੱਸ ਫ਼ਰਕ ਸਿਰਫ਼ ਸਾਂਚਿਆਂ ਦਾ ਹੈ, ਕੋਈ ਸਾਂਚਾ ਮਨੁੱਖ ਦਾ ਹੈ ਤੇ ਕੋਈ ਸਾਂਚਾ ਜਾਨਵਰ ਦਾ, ਇਹ ਪਛਾਣ ਦਾ ਮਸਲਾ ਹੀ ਮਨੁੱਖ ਅਤੇ ਜਾਨਵਰ ਵਿਚ ਭੇਦ ਨਿਰਧਾਰਿਤ ਕਰਦਾ ਹੈ–

- ਹੁੰਦਾ ਤਾਂ ਇਉਂ ਹੀ ਏ
  ਇਕ ਸਾਂਚਾ ਹੁੰਦਾ
  ਇਕ ਬੰਦਾ ਹੁੰਦਾ
  ਇਕ ਪੰਛੀ ਹੁੰਦਾ
  ਮੋਟਾ-ਪਤਲਾ
  ਤੁਰਦਾ-ਤੁਰਦਾ
  ਸਾਂਚਿਆ ਅੱਗੇ ਆ ਬਹਿੰਦਾ ।[6]

ਪਛਾਣ ਦੇ ਮਸਲੇ ਵਿਚ ਲੰਘਦਾ ਹੋਇਆ ਰਣਧੀਰ ਇਤਿਹਾਸ ਨੂੰ ਵੀ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਦਾ ਆਪੇ ਦੀ ਪਛਾਣ ਕਰਦਾ ਦੇਖਿਆ ਜਾ ਸਕਦਾ ਹੈ ਜਿਸਦੇ ਸਬੰਧ ਵਿਚ ਉਸਦੀ ਕਵਿਤਾ 'ਬਾਰ੍ਹਾਂ ਅਪ੍ਰੈਲੀਏ' ਵਿਚਲੀ ਵਿਚਾਰਧਾਰਾ ਸਦੀਆਂ ਤੋਂ ਚੱਲੇ ਆਉਂਦੇ ਇਤਿਹਾਸ ਨੂੰ ਪੁਨਰ-ਪੜਚੋਲਣ ਅਤੇ ਸਮਕਾਲ ਵਿਚ ਉਸਦੀ ਪੁਨਰ-ਪਰਿਭਾਸ਼ਾ ਕਰਦੀ ਦੇਖੀ ਜਾ ਸਕਦੀ ਹੈ। ਉਸਦੀ ਇਸ ਕਵਿਤਾ ਨੂੰ ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ 'ਸਤਾਈ ਜਨਵਰੀ' ਦੇ ਸਮਾਂਤਰ ਰੱਖਦਿਆਂ ਸਮਕਾਲੀ ਪ੍ਰਸਿਥੀਆਂ ਵਿਚ ਬੰਦੇ ਦੇ ਪਛਾਣ ਅਤੇ ਅਸਤਿੱਤਵੀ ਸੰਕਟ ਨੂੰ ਨਜਿੱਠਣ ਦੀ ਇਕ ਨਿਵੇਕਲੀ ਕੋਸ਼ਿਸ਼ ਮੰਨਿਆ ਜਾ ਸਕਦਾ ਹੈ-

- ਅੱਜ 13 ਅਪ੍ਰੈਲ ਹੈ
  ਖਾਲਸੇ ਦਾ ਸਾਜਨਾ ਦਿਵਸ
  ਲੰਘੀ 12 ਅਪ੍ਰੈਲ ਦਾ ਮਹੱਤਵ
  ਬਸ ਏਨਾਂ
  ਇਕ ਦਿਨ ਪਹਿਲਾਂ ਹੈ

13 ਅਪ੍ਰੈਲ ਤੋਂ
ਜਾਂ ਕਹਿ ਲਵੋ
331 ਵਰ੍ਹੇ ਪਿਛੋਂ ਹੈ
ਖਾਲਸੇ ਦੇ ਸਾਜਨਾ ਤੋਂ
ਜਦ ਗੁਰੂ ਸਾਹਿਬ ਨੇ
ਸ਼ਬਦ ਤੇ ਸ਼ਾਸਤਰ ਨੂੰ ਨਾਲੋ-ਨਾਲ ਰੱਖਿਆ
ਸੰਤ-ਸਿਪਾਹੀ ਨੂੰ ਇਕ ਸੂਤਰ 'ਚ ਬੰਨ੍ਹਿਆ ...
ਗੁਰੂ ਨੇ
13 ਅਪ੍ਰੈਲ ਨੂੰ
ਸਿਰ ਮੰਗਿਆ
ਖਾਲਸਾ ਸਿਰਜਿਆ
ਖਾਲਸਾ ਜੋ ਮੁਕਤ ਹੈ –
ਹਰ ਸਹਿਮ, ਹਿੰਸਾ, ਵੈਰ, ਦਵੈਤ ਤੋਂ
ਅਸੀਂ 12 ਅਪ੍ਰੈਲੀਏ
ਡਰ, ਸਹਿਮ, ਹਿੰਸਾ 'ਚ ਹੀ ਘਿਰੇ ਰਹੇ
13 ਅਪ੍ਰੈਲ ਨੂੰ ਸਾਬਤ ਸਿਰ ਮੁੜਦੇ
ਮਾਣ ਕਰਦੇ ਹਾਂ ...[7]

ਮੁੱਹਬਤ ਦੀ ਪਛਾਣ ਵੀ ਉਸ ਲਈ ਇਕ ਮਸਲਾ ਹੀ ਹੈ, ਉਸ ਅਨੁਸਾਰ ਅੱਜ ਮੁੱਹਬਤ ਵੀ ਸਵਾਲਾਂ 'ਚ ਘਿਰੀ ਹੋਈ ਆਪਣੀ ਪਛਾਣ ਦੀ ਉਡੀਕ 'ਚ ਹੈ। ਕੀ ਮੁਹੱਬਤ ਬਿਨਾਂ ਪਛਾਣ ਦੇ ਹੋ ਸਕਦੀ ਹੈ? ਮੁਹੱਬਤ ਨਿਰ-ਸੁਆਰਥ ਅਤੇ ਗਰਜ਼ ਦੀ ਭਾਵਨਾ ਤੋਂ ਬੇਲਾਗ ਹੋ ਸਕਦੀ ਹੈ? ਰਣਧੀਰ ਅਨੁਸਾਰ ਅਸਲ ਮੁਹੱਬਤ ਦਾਇਰਿਆਂ ਵਿਚ ਕੈਦ ਨਹੀਂ ਹੁੰਦੀ ਤੇ ਨਾ ਹੀ ਉਸਦੇ ਅਰਥ ਸੰਕੋਚਵੇਂ ਤੇ ਸੀਮਾਵਾਂ ਵਿਚ ਬੱਝੇ ਹੁੰਦੇ ਹਨ ਸਗੋਂ ਮੁਹੱਬਤ ਦੇ ਅਰਥ ਹਰ ਸ਼ੈਅ ਵਿਚ ਲੁਕੇ ਹੋਣ ਸਦਕਾ ਅਨੰਤ ਪਸਾਰੇ ਤੱਕ ਫੈਲੇ ਹੋਏ ਹਨ, ਮਸਲਾ ਤਾਂ ਪਰਤ-ਦਰ-ਪਰਤ ਹਰ ਤੈਅ ਵਿਚਲੇ ਮੁਹੱਬਤ ਦੇ ਸੈਆਂ ਰੰਗਾਂ ਨੂੰ ਪਛਾਨਣ ਦਾ ਹੈ ਕਿਉਂਕਿ ਮੁਹੱਬਤ ਨੂੰ ਬੌਧਿਕ ਪ੍ਰਸ਼ਨਾਂ ਨਾਲ ਕਦੇ ਨਹੀਂ ਨਿਜੱਠਿਆ ਜਾ ਸਕਦਾ -

- ਮੈਂ ਜਿੱਥੇ ਵੀ ਗਿਆ

ਸਵਾਲਾਂ ਦੀ ਕਿਤਾਬ ਲੈ ਕੇ ਗਿਆ
ਧਰਤੀ, ਫੁੱਲ, ਮਾਂ, ਨਦੀ, ਮਹਿਬੂਬ
ਸਭ ਉਹਦਾ ਤਤਕਰਾ ਬਣੇ
ਉਮਰ ਭਰ
ਮੁਹੱਬਤ ਨੂੰ
ਮਮਤਾ ਨੂੰ
ਫੁੱਲਾਂ ਨੂੰ
ਤਿਤਲੀਆਂ ਨੂੰ
ਸਵਾਲਾਂ ਰਾਹੀਂ ਨਿੱਕਾ ਕੀਤਾ
ਤਰਕ ਮੁਹੱਬਤ ਨਹੀਂ
ਪ੍ਰਸ਼ਨ ਮਾਂ ਦਾ ਗਰਭ ਨਹੀਂ
ਮਹਿਬੂਬ ਕੋਈ ਮਿਲਿਆ ਮੌਕਾ ਨਹੀਂ
ਜੇ ਨਹੀਂ ਹੈ
ਤਾਂ ਇਸ ਪ੍ਰਸ਼ਨ ਦਾ ਵੀ ਕੋਈ ਉੱਤਰ ਨਹੀਂ
ਕਿ
ਮੁਹੱਬਤ ਕੀ ਹੈ ???[8]

ਰਣਧੀਰ ਮਨੁੱਖ ਨੂੰ ਗੁੰਝਲਦਾਰ ਜ਼ਿੰਦਗੀ ਜਿਉਣ ਦੀ ਥਾਂ ਸਹਿਜਤਾ ਨਾਲ ਜਿਉਣ ਦੀ ਹਾਮੀ ਭਰਦਾ ਹੈ। ਉਸ ਅਨੁਸਾਰ ਅਜੋਕਾ ਮਨੁੱਖ ਦਿਮਾਗੀ ਗੁੰਝਲਾਂ ਵਿਚ ਘਿਰਿਆ ਸਹਿਜਤਾ ਦਾ ਪੱਲਾ ਛੱਡਦਾ ਹੋਇਆ ਜ਼ਿੰਦਗੀ ਦਾ ਹੱਲ ਬੌਧਿਕਤਾ ਵਿਚੋਂ ਲੱਭ ਰਿਹਾ ਹੈ ਜਦੋਂ ਕਿ ਜ਼ਿੰਦਗੀ ਦੇ ਅਸਲ ਅਰਥ ਸਹਿਜਤਾ ਵਿਚ ਲੁਕੇ ਹਨ ਤੇ ਇਸਦੀ ਸੌਖੀ ਉਦਾਹਰਨ ਬਚਪਨ ਹੈ -

- ਬਚਪਨ ਤੋਂ
  ਸਮਝਦੇ ਆਏ ਹਾਂ
  ਸਵਾਲ ਪੁੱਛਣਾ
  ਉੱਤਰ ਨਾਲੋਂ ਵੱਡਾ
  ਵੱਡੇ ਹੋਣ ਦੇ ਲਾਲਚ 'ਚ

ਉਮਰ ਭਰ
ਗਿਆਨ ਦੇ ਹਨੇਰੇ ਜੰਗਲ 'ਚੋਂ
ਲੱਭਦੇ ਰਹੇ ਜਿਉਣ
ਜੋਗੇ ਸਵਾਲ ...[9]

ਅਜੋਕੇ ਮਨੁੱਖ ਦੀ ਸਭ ਤੋਂ ਵੱਡੀ ਸਮੱਸਿਆ ਹੈ ਉਸਦੀ ਪਛਾਣ ਦਾ ਅਸਤਿੱਤਵੀ ਸੰਕਟ। ਅੱਜ ਜਿੱਥੇ ਪੂਰੀ ਦੁਨੀਆਂ ਵਿਚ ਪਛਾਣਾਂ ਦਾ ਸੰਕਟ ਛਾਇਆ ਹੋਇਆ ਹੈ ਉੱਥੇ ਸਮੂਹਿਕ ਪਛਾਣਾਂ ਉੱਪਰ ਰਾਜਨੀਤੀ ਦੀ ਖੇਡ ਵੀ ਖੇਡੀ ਜਾ ਰਹੀ ਹੈ। ਰਣਧੀਰ ਅਨੁਸਾਰ ਬੰਦੇ ਉੱਪਰ ਪਛਾਣ ਐਨੀ ਕੁ ਭਾਰੂ ਹੈ ਕਿ ਬੰਦੇ ਦਾ ਨਾਂ ਅਤੇ ਸਿਰਨਾਵਾਂ ਮਹਿਜ਼ ਉਸਦੀ ਪਛਾਣ ਨਿਰਧਾਰਿਤ ਕਰਦਾ ਹੈ ਜਦੋਂ ਕਿ ਦੂਜੇ ਪਾਸੇ ਉਸਦਾ ਕਰਮ ਅਤੇ ਵਿਵਹਾਰ ਹਾਸ਼ੀਏ 'ਤੇ ਭਾਵ ਦੁਜੈਲੇ ਪੱਧਰ 'ਤੇ ਧੱਕਿਆ ਗਿਆ ਹੈ। ਬੰਦੇ ਦੀ ਬਾਹਰੀ ਪਛਾਣ, ਉਸਦਾ ਸਟੇਟਸ ਸਿੰਬਲ, ਉਸਦਾ ਨਾਂ ਅਤੇ ਪਤਾ-ਟਿਕਾਣਾ ਉਸਦੀ ਵਿਅਕਤੀਗਤ ਪਛਾਣ ਦੇ ਹੀ ਸੂਚਕ ਨਹੀਂ ਸਗੋਂ ਇਹ ਪਛਾਣ ਉਸਦੀ ਸਮੂਹਿਕ ਹੁੰਦੀ ਹੋਈ ਪੀੜ੍ਹੀ-ਦਰ-ਪੀੜ੍ਹੀ ਨਾਲ ਚੱਲਦੀ ਹੈ, ਉਸਦਾ ਕਥਨ ਹੈ –

- ਪਰ
  ਮੈਂ ਜਿਥੇ ਵੀ ਜਾਂਦਾ ਹਾਂ
  ਮੇਰੇ ਨਾਲ ਭੁੱਖ ਚਲੀ ਜਾਂਦੀ ਹੈ
  ਰੰਗ
  ਨਸਲ ਅੱਗੇ ਜਾ ਖੜ੍ਹਦੀ ਹੈ
  ਭੱਜ ਨਹੀਂ ਸਕਦਾ ਕਿਤੇ
  ਫੇਰ ਵੀ ਭੱਜਦਾ ਹਾਂ

ਭੀੜ 'ਚ ਰਲ਼ ਕੇ
ਖੜ੍ਹਾ-ਖੜ੍ਹਾ ਹਫ਼ ਕੇ
ਸਾਬਤ ਕਰ ਰਿਹਾ ਹਾਂ
ਮੈਂ ਉਹਨਾਂ 'ਚੋਂ ਨਹੀਂ !!![10]

ਦੂਜੇ ਪਾਸੇ ਪਛਾਣ ਅਤੇ ਸਿਰਨਾਵਿਓਂ ਵਿਰਵੇ ਬੰਦੇ ਦੀ ਹੋਣੀ ਦਾ ਦੁਖਾਂਤ ਇਹ ਹੈ ਕਿ ਉਹ ਵੀ ਚਾਹੁੰਦੇ ਹਨ ਕਿ ਉਹਨਾਂ ਦੀ ਵੀ ਕੋਈ ਪਛਾਣ ਹੋਵੇ। ਇੱਥੇ ਨਾਵਾਂ ਦੀ ਸਿਹਾਰੀ-ਬਿਹਾਰੀ ਮੋਟੀ ਲਿਖਣ ਦਾ ਮੈਟਾਫ਼ਰ ਅਸਲ ਵਿਚ ਉਹਨਾਂ ਦੀ ਸ਼ਨਾਖ਼ਤ ਦਾ ਭਾਵ ਸੰਚਾਰ ਕਰਦਾ ਹੈ। ਇਸ ਸ਼ਨਾਖ਼ਤ ਵਿਚ ਜਿੱਥੇ ਉਹਨਾਂ ਦੇ ਸੰਘਰਸ਼ ਦਾ ਇਤਿਹਾਸ ਹੈ ਉੱਥੇ ਦੂਜੇ ਪਾਸੇ ਇਸ ਵਿਚ ਉਹਨਾਂ ਦੀ ਅਸਫ਼ਲਤਾ ਦੀ ਟੀਸ ਵੀ ਲੁਕੀ ਹੈ -

- ਅਸੀਂ ਸਿਰਨਾਵਿਆਂ ਵਿਹੂਣੇ ਬੰਦੇ
  ਮੋਢਿਆਂ ਮੱਥਿਆਂ 'ਤੇ
  ਪਛਾਣ ਦਾ ਨਿਸ਼ਾਨ ਖੁਣਦੇ ਫਿਰਦੇ ਹਾਂ
  ਚਾਹੁੰਦੇ ਹਾਂ
  ਕਿ ਸਾਡਿਆਂ ਨਾਵਾਂ ਦੀ
  ਸਿਹਾਰੀ ਬਿਹਾਰੀ ਨੂੰ
  ਸਦਾ 'ਮੋਟਾ' ਕਰਕੇ ਲਿਖਿਆ ਜਾਵੇ
  ਉਮਰ ਬੀਤ ਗਈ ਸਿਖਦਿਆਂ
  ਅੱਖ 'ਚ ਅੱਖ ਪਾਉਣ ਦੀ ਅਦਾ
  ਸਾਡਿਆਂ ਪੈਰਾਂ 'ਚ ਦਫ਼ਨ
  ਸਾਡੇ ਨਾਵਾਂ ਦੀਆਂ ਤਖ਼ਤੀਆਂ –
  ਜਿੰਨਾ 'ਚ ਭਰਨ ਲਈ ਰੰਗ
  ਆਪਣੀ ਹੀ ਛਾਵੇਂ ਬਹਿਣਾ ਪਊ
  ਅਸੀਂ ਜੋ
  ਆਪਣੇ ਯੁੱਗ ਦਾ ਨਾਮ ਤੱਕ ਨਹੀਂ ਰੱਖ ਸਕੇ
  ਨਾਵਾਂ ਦੇ ਸਿਰਨਾਵਿਆਂ ਤੋਂ ਰੱਖਦੇ ਹਾਂ ਬੜੀ ਆਸ [11]

ਪਛਾਣ ਦੀ ਦਵੰਦਾਤਮਕ ਸਥਿਤੀ ਦਾ ਇਕ ਪਹਿਲੂ ਇਹ ਵੀ ਹੈ ਕਿ ਕਿਰਤੀ ਲੋਕ ਸਾਰੀ ਉਮਰ ਆਪਣੀ ਸ਼ਨਾਖ਼ਤ ਬਣਾਉਣ ਵਿਚ ਸਫ਼ਲ ਨਹੀਂ ਹੁੰਦੇ। ਉਹਨਾਂ ਦੀ ਸ਼ਨਾਖ਼ਤ ਉਹਨਾਂ ਦੇ ਕੰਮ-ਕਾਜ ਵਿਚ ਨਹੀਂ ਸਗੋਂ ਉਹਨਾਂ ਦੀ ਗੁਰਬਤ ਵਿਚ ਲੁਕੀ ਹੈ। ਇਹ ਗੁਰਬਤ ਸਾਰੀ ਉਮਰ ਉਹਨਾਂ ਦਾ ਪਿੱਛਾ ਨਹੀਂ ਛੱਡਦੀ ਜਿਸ ਵਿਚ

ਲਗਾਤਾਰ ਉਹਨਾਂ ਦੇ ਉਜਾੜੇ ਦੀ ਦਾਸਤਾਨ ਹੈ ਜਦੋਂ ਕਿ ਉਹਨਾਂ ਦੀ ਕਿਰਤ ਅਤੇ ਕਲਾ ਦੋਨੋਂ ਹਾਸ਼ੀਏ 'ਤੇ ਧੱਕੀਆਂ ਰਹਿੰਦੀਆਂ ਹਨ-

- ਮੈਂ
  ਦੇਖਦਾ ਹਾਂ ਹਰ ਰੋਜ਼
  ਸੂਰਜ ਚੜ੍ਹ ਰਿਹਾ ਹੈ
  ਪੌਣ ਵਗ ਰਹੀ
  ਫੁੱਲ ਖਿੜ ਰਹੇ ਹਨ
  ਕਰੂੰਬਲ ਫੁੱਟ ਰਹੀ ਹੈ
  ਮੈਂ ਹਰ ਰੋਜ਼ ਦੇਖਦਾ ਹਾਂ
  ਟਿਫ਼ਨ 'ਚ ਬੰਨ੍ਹੀ ਰੋਟੀ
  ਜਾ ਰਹੇ ਹਨ ਮਜ਼ਦੂਰ
  ਬਣ ਰਹੀ ਹੈ ਕੋਈ ਇਮਾਰਤ
  ਉੱਜੜ ਰਿਹਾ ਕਿਤੇ ਕੋਈ ਆਸ਼ਿਆਨਾ
  ਮੈਂ ਹਰ ਰੋਜ਼ ਵੇਖਦਾ ਹਾਂ ...[12]

ਜਦੋਂ ਸਮੁੱਚਾ ਸੰਸਾਰ ਆਪਣੀ ਪਛਾਣ ਦੇ ਮਸਲੇ ਨਾਲ ਜੂਝ ਰਿਹਾ ਤਾਂ ਉਸਦੇ ਦੂਜੇ ਪਾਸੇ ਖੜ੍ਹਾ ਰਣਧੀਰ ਆਪਣੀ ਪਛਾਣ ਭੁੱਲਣੀ ਚਾਹੁੰਦਾ, ਉਹ ਇਹ ਪਛਾਣ ਕਿਉਂ ਭੁੱਲਣੀ ਚਾਹੁੰਦਾ, ਇਹ ਇਕ ਘੋਰ ਸੰਕਟਮਈ ਸਥਿਤੀ ਹੈ। ਇਹ ਸੰਕਟ ਮਨੁੱਖ ਦੇ ਇਕਲਾਪੇ ਦਾ ਸੰਕਟ ਹੈ। ਉਸ ਕੋਲ ਵਸਤ-ਵਰਤਾਰਿਆਂ ਦੀ ਚੋਖੀ ਭੀੜ ਹੈ, ਪਰ ਰਿਸ਼ਤਿਆਂ ਦਾ ਸੱਖਣਾਪਣ ਹੈ। ਉੱਤਰ ਮਨੁੱਖਤਾਵਾਦ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਜਿੱਥੇ ਮਨੁੱਖ ਦਾ ਪੂਰਨ ਬਦਲ ਮਸ਼ੀਨ ਵਿਚ ਬਦਲ ਦਿੱਤਾ ਹੈ ਪਰ ਫਿਰ ਵੀ ਪਦਾਰਥਕ ਚਕਾਚੌਂਧ ਤੇ ਮਸ਼ੀਨਾਂ ਦੀ ਚਮਕ ਜਿੰਨੀ ਮਰਜ਼ੀ ਹੋਵੇ ਉਹ ਮਨੁੱਖ ਦੇ ਕੰਮ-ਕਾਜ ਤਾਂ ਕਰ ਸਕਦੇ ਹਨ ਪਰ ਉਸਦੇ ਭਾਵਾਂ ਦਾ ਅਦਾਨ-ਪ੍ਰਦਾਨ ਕਰਨਾ ਹਾਲੇ ਸ਼ਾਇਦ ਮਸ਼ੀਨਾਂ ਕੋਲੋਂ ਸੰਭਵ ਨਹੀਂ। ਰਣਧੀਰ ਦਾ ਕਥਨ ਹੈ -

- ਮੇਰੇ ਕੋਲ
  'ਪਤਾ' ਹੈ ...
  ਜ਼ਿਹਨ 'ਚ ਉੱਕਰਿਆ

ਮੈਂ ਲੱਖ ਚਾਹੁੰਨਾਂ
ਗੁਆਚਣਾ
ਕਮਬਖ਼ਤ .... ਪਤਾ
ਗੁੰਮਣ ਨਹੀਂ ਦਿੰਦਾ ਕਿਤੇ !![13]

- ਭਰੇ ਮੇਲੇ 'ਚ ਕਿਤੇ
  ਛੁਟ ਗਿਆ ਮੈਥੋਂ ਮੇਰਾ ਹੱਥ
  ਹੁਣ ਹਰ ਭੀੜ ਦੇ ਹੱਥ ਨੂੰ
  ਛੂਹ
  ਖੁਦ ਨੂੰ ਭਾਲਦਾਂ [14]

ਇਸ ਸੰਗ੍ਰਹਿ ਵਿਚਲੀਆਂ ਜ਼ਿਆਦਾਤਰ ਕਵਿਤਾਵਾਂ ਉਸਦੇ ਨਿੱਜੀ ਅਨੁਭਵ ਜਾਂ ਉਸਦੇ ਅੰਤਰਮੁਖੀ ਵਿਚਾਰਾਂ ਦੀਆਂ ਜਾਮਨ ਹਨ ਪਰ ਫਿਰ ਵੀ ਉਸਦੀਆਂ ਕੁਝ ਕਵਿਤਾਵਾਂ ਵਿਚ ਦਾਰਸ਼ਿਨਕਤਾ ਦਾ ਝਾਉਲਾ ਪੈਂਦਾ ਵੀ ਦੇਖਿਆ ਜਾ ਸਕਦਾ। ਪਰ ਉਸਦੀ ਖਾਸ ਗੱਲ ਇਹ ਹੈ ਕਿ ਉਸਦੀਆਂ ਇਹਨਾਂ ਕਵਿਤਾਵਾਂ ਦੀ ਸੁਰ ਭਾਵੇਂ ਦਾਰਸ਼ਨਿਕ ਹੈ ਪਰ ਇਹ ਦਾਰਸ਼ਨਿਕਤਾ ਨਿਰੀ ਉਪਦੇਸ਼ਾਤਮਕ ਨਹੀਂ ਬਲਕਿ ਇਹ ਵਿਹਾਰਕ ਦਾਰਸ਼ਨਿਕਤਾ ਹੈ ਜੋ ਉਸਦੇ ਕਮਾਏ ਅਨੁਭਵਾਂ ਵਿਚੋਂ ਨਿੱਕਲੀ ਹੈ –

- ਬਚਪਨ
  ਜਿੱਥੇ ਬੁੱਧ ਹੋਣ ਲਈ
  ਕੋਈ ਵੀ ਮਾਰਗ
  ਨਹੀਂ ਚੁਣਨਾ ਪੈਂਦਾ [15]
- ਸਫ਼ਰ
  ਮੇਰੇ ਜ਼ਿਹਨ 'ਚ ਹੈ
  ਤੇ ਮੈਂ ਇਥੇ
  ਪੈਰ ਕਿਤੇ ਹੋਰ [16]

ਰਣਧੀਰ ਪਛਾਣਾਂ ਦੇ ਮਸਲੇ ਵਿਚ ਆਪਣੇ-ਆਪ ਨੂੰ ਮੁਸਾਫਿਰ ਹੋਣਾ ਲੋਚਦਾ ਕਿਉਂਕਿ ਮੁਸਾਫਿਰ ਦੀ ਪਛਾਣ ਸਥਾਈ ਨਹੀਂ ਹੁੰਦੀ ਤੇ ਮੁਸਾਫਿਰ ਲਈ ਸਫ਼ਰ ਹਮੇਸ਼ਾਂ ਅਮੁੱਕ ਹੁੰਦਾ ਬਲਕਿ ਚੱਲਦੇ ਰਹਿਣਾ ਹੀ ਜ਼ਿੰਦਗੀ ਦੇ ਅਸਲ ਅਰਥ ਹਨ।

ਮੁਸਾਫਿਰ ਆਪਣੀ ਪਛਾਣ ਨਾਲ ਬੰਨੇ ਨਹੀਂ ਜਾਂਦੇ ਸਗੋਂ ਉਹਨਾਂ ਦੇ ਨਿਰੰਤਰ ਚੱਲਦੇ ਰਹਿਣ ਵਿਚ ਹੀ ਬੰਦੇ ਦੀ ਸ਼ਨਾਖ਼ਤ ਦੇ ਸੈਆਂ ਭੇਦ ਛਿਪੇ ਹੁੰਦੇ ਹਨ -

- ਓਹ ਸਫ਼ਰ
  ਜੋ ਉਲੀਕਿਆ ਨਹੀਂ ਜਾ ਸਕਦਾ
  ਮਿਥਿਆ ਨਹੀਂ ਜਾ ਸਕਦਾ
  ਮਾਪਿਆ ਤਾਂ ਉੱਕਾ ਹੀ ਨਹੀਂ
  ਬਸ
  ਤੂੰ ਆ
  ਕਿ ਆਪਾਂ ਮੁਸਾਫਿਰ ਹੋਈਏ [17]

ਰਣਧੀਰ 'ਧੀ ਤੇ ਕਵਿਤਾ' ਸਿਰਲੇਖ ਨਾਮੀ ਕਵਿਤਾ ਵਿਚ ਬੱਚਿਆਂ ਦੀਆਂ ਸਹਿਜ-ਕਿਰਿਆਵਾਂ ਜੋ ਬੌਧਿਕਤਾ ਦੀ ਲਾਗ ਤੋਂ ਕੋਹਾਂ ਦੂਰ ਹੁੰਦੀਆਂ ਹਨ, ਉਹਨਾਂ ਵਿਚਲੀ ਸੂਖ਼ਮ ਕਾਵਿ-ਸੰਵੇਦਨਾ ਨੂੰ ਫੜ੍ਹਦਾ ਵੀ ਦੇਖਿਆ ਜਾ ਸਕਦਾ ਹੈ। ਉਹ ਵਰਤਾਰੇ ਜੋ ਬਹੁਤ ਸਹਿਜ ਵਾਪਰ ਰਹੇ ਹਨ ਪਰ ਮਨੁੱਖ ਆਪਣੀ ਬੌਧਿਕ ਤਿਮਗੜਬਾਜ਼ੀ ਸਦਕਾ ਉਹਨਾਂ ਵਿਚੋਂ ਖੋਜਾਂ ਖੋਜ ਰਿਹਾ। ਮਸਲਾ ਇਹ ਹੈ ਕਿ ਉਸਦੀਆਂ ਇਹ ਖੋਜਾਂ ਉਸਨੂੰ ਸੰਤੁਸ਼ਟੀ ਦੇਣ ਦੀ ਥਾਂ ਉਸਨੂੰ ਬੇਚੈਨ ਅਤੇ ਅਸਿਹਜ ਕਰਦੀਆਂ ਹਨ। ਆਪਣੀ ਧੀ ਦੀਆਂ ਨਿੱਕੀਆਂ-ਨਿੱਕੀਆਂ ਕਿਰਿਆਵਾਂ ਰਾਹੀਂ ਉਹ ਇਸ ਸਹਿਜਤਾ ਦਾ ਪੱਲਾ ਫੜ੍ਹਨਾ ਲੋਚਦਾ –

- ਮੇਰੀ ਨਿੱਕੀ ਧੀ
  ਲਿਖ ਰਹੀ ਹੈ
  ਹਰ ਪਲ ਕਵਿਤਾ ... ... ...
  ਉਹਦੀ ਕਵਿਤਾ ਲਈ
  ਰੰਗ ਮਹਿਜ਼ ਰੰਗ
  ਪਾਣੀ ਮਹਿਜ਼ ਪਾਣੀ
  ਚਾਨਣ, ਮਿੱਟੀ, ਫੁੱਲ
  ਜਿਵੇਂ ਹਨ
  ਉਵੇਂ ਸਾਹ ਲੈਂਦੇ

ਆਪਣੇ ਆਪ 'ਚ ਪੂਰੇ ...[18]

- ਮੈਂ ਸਾਰਾ ਕੁਝ
  ਗਿਆਨ ਦੇ ਉਣੇ ਭੰਡਾਰੇ 'ਚੋਂ ਦੇਖਦਾਂ
  ਦੁਖ ਭੋਗਦਾ ਸਭ ਜਿਉਂਦਾ
  ਬਸ ਮਾਣਦਾ ਕੁਝ ਨਹੀਂ
  ਇਕ ਦਿਨ ਖੇਡੇ-ਖੇਡਦੇ
  ਮੇਰੀ ਨਿੱਕੀ ਬੱਚੀ
  ਸੂਰਜ ਨੂੰ ਟਾਫੀ ਸਮਝ ਖਾ ਗਈ ...[19]

ਬੰਦੇ ਦੀ ਕੋਝੀ ਤੇ ਟੀਰੀ ਸੋਚ ਹੈ ਕਿ ਉਹ ਆਪਣੇ-ਆਪ ਨੂੰ ਸ੍ਰਿਸ਼ਟੀ ਦਾ ਸੁਲਤਾਨ ਤਸੱਵਰ ਕਰਦਾ ਹੋਇਆ ਬਾਕੀ ਜੂਨਾਂ ਨੂੰ ਆਪਣੀਆਂ ਪਣਹਾਰੀਆਂ ਸਮਝਦਾ। ਇਹ ਟੀਰ ਹੀ ਸਮੁੱਚੀ ਕਾਇਨਾਤ ਅਤੇ ਕੁਦਰਤੀ ਵਰਤਾਰਿਆਂ ਦੇ ਵਿਗਾੜ ਦਾ ਕਾਰਨ ਹੈ। ਮਨੁੱਖ ਆਪਣੀ ਪਛਾਣ ਨਿਰਧਾਰਿਤ ਕਰਦਾ ਹੋਇਆ ਬ੍ਰਹਿਮੰਡ ਵਿਚ ਪੱਸਰੇ ਵਰਤਾਰੇ ਦਾ ਘਾਣ ਕਰਨ ਲੱਗਾ ਬਿਲਕੁਲ ਨਹੀਂ ਸੋਚਦਾ। ਉਸਦੀ ਹਉਂ ਅਤੇ ਹੜੱਪਣਵਾਦੀ ਨੀਤੀ ਨੇ ਉਸ ਅੰਦਰੋਂ ਸਹਿਜ, ਸਬਰ ਤੇ ਸੰਤੋਖ ਖਾਰਿਜ ਕਰ ਦਿੱਤਾ, ਇਹੀ ਸੁਆਰਥੀ ਸੋਚ ਬ੍ਰਹਿਮੰਡੀ ਵਿਨਾਸ਼ ਦਾ ਕਾਰਨ ਬਣ ਰਹੀ ਹੈ ਜਿਸ ਬਾਰੇ ਰਣਧੀਰ ਲਿਖਦਾ –

- ਬੰਦਾ ਹਾਂ
  ਮੈਂ ਖਾਸੀ ਥਾਂ ਮੱਲੀ ਹੈ
  ਪਸ਼ੂ-ਪਰਿੰਦੇ
  ਰੁੱਖ-ਬੂਟੇ
  ਨਦੀਆਂ-ਸਾਗਰ
  ਸਭ ਤ੍ਰਭਕਦੇ ਨੇ
  ਸਹਿਮ ਕੇ ਸਾਰੇ ਸੁੰਗੜ ਰਹੇ ਨੇ
  ਬੰਦੇ ਨੂੰ ਭਰਮ ਹੈ
  ਫੈਲ ਰਿਹਾ ਉਹ
  ਸਾਹ ਲੈਂਦਿਆਂ
  ਬੰਦਾ ਨਹੀਂ ਮਹਿਸੂਸਦਾ

ਕਿਸੇ ਰੁੱਖ ਨੂੰ
ਨਾ ਹੀ ਹੁੰਦਾ ਸ਼ੁਕਰਗੁਜ਼ਾਰ
ਕਿਸੇ ਬੂਟੇ ਦਾ
ਕੁਦਰਤ ਦੀ ਲੜੀ 'ਚੋਂ ਭੱਜਿਆ ਬੰਦਾ
ਸੋਚਦਾ
ਥਾਂ ਸਿਰ ਕਰਨੀ ਹੈ ਧਰਤ [20]

ਰੂਪਕਾਰਕ ਪੱਖ ਤੋਂ ਇਸ ਕਾਵਿ-ਸੰਗ੍ਰਹਿ ਵਿਚਲੀਆਂ ਸਾਰੀਆਂ ਕਵਿਤਾਵਾਂ ਖੁੱਲ੍ਹੀ ਕਵਿਤਾ ਦੀ ਕਿਸਮ ਦੀਆਂ ਹਨ। ਰਣਧੀਰ ਦੀ ਕਵਿਤਾ ਵਿਚਲਾ ਸੁਹਜ ਦ੍ਰਿਸ਼-ਵਰਨਣ ਦੇ ਨਾਲ-ਨਾਲ ਸਪਰਸ਼ ਬਿੰਬ ਦੀ ਮਦਦ ਨਾਲ ਅਜਿਹਾ ਵਾਤਾਵਰਨ ਉਸਾਰਦਾ ਹੈ ਕਿ ਕਵਿਤਾ ਉਸਦੇ ਹੱਡਾਂ ਵਿਚੋਂ ਲੰਘਦੀ ਹੋਈ ਪਾਠਕ ਤੱਕ ਪਹੁੰਚਦੀ ਹੈ ਜਿਸਦਾ ਇਕ ਨਮੂਨਾ ਇਹ ਦੇਖਿਆ ਜਾ ਸਕਦਾ -

- ਮੈਂ
  ਬਾਰਿਸ਼ ਦੀ ਹਰ ਬੂੰਦ ਨਾਲ
  ਮਹਿਸੂਸ ਕੀਤਾ
  ਕਿੰਨੇ ਸਾਗਰਾਂ ਦਰਿਆਵਾਂ ਨੂੰ
  ਛੂਹ ਸਕਣ ਦਾ ਅਨੁਭਵ [21]

ਸਮੁੱਚੇ ਰੂਪ ਵਿਚ ਰਣਧੀਰ ਆਪਣੀ ਕਵਿਤਾ ਸਦਕਾ ਸਮੇਂ ਦੇ ਨਕੇਲ ਪਾ ਉਸਨੂੰ ਆਪਣੀ ਚਾਲ ਰੋਕਣਾ ਚਾਹੁੰਦਾ, ਇਹ ਉਸਦਾ ਸ਼ੁਦਾਈਪਣ ਵੀ ਹੋ ਸਕਦਾ ਤੇ ਇਹ ਉਸਦੀ ਪਛਾਣ ਦਾ ਨਵਾਂ ਮਾਡਲ ਵੀ ਮੰਨਿਆ ਜਾ ਸਕਦਾ ਹੈ। ਉਸਦੀ ਪਛਾਣ ਜ਼ਿੰਦਗੀ ਵਿਚ ਅੱਗੇ ਵੱਧਣ ਨਾਲ ਜੁੜੀ ਹੈ –

- ਕੁਝ ਵੀ ਹੋਵੇ
  ਮੈਂ ਤਾਂ ਬੱਸ ਚਾਹੁੰਨਾ
  ਵਕਤ ਰੁਕ ਜਾਏ
  ਤੇ ਮੈਂ ਉਹਦੇ ਬੂਹੇ ਅੱਗੋਂ
  ਮੜ੍ਹਕ ਨਾਲ ਲੰਘਾ ...[22]

'ਤਾਰਾ' ਨਾਮੀ ਉਸਦੀ ਲੰਮੀ ਕਵਿਤਾ ਪੜ੍ਹਦਿਆ ਮੈਨੂੰ ਸੋਹਣ ਸਿੰਘ ਮੀਸ਼ਾ ਦੀ ਲਿਖੀ ਬਹੁਤ ਮਕਬੂਲ ਕਵਿਤਾ 'ਚੀਕ ਬੁਲਬੁਲੀ' ਵਿਚਲਾ ਪਾਤਰ 'ਨੰਦੂ ਛੜਾ' ਯਾਦ ਆ ਗਿਆ। ਇਸ ਕਵਿਤਾ ਵਿਚਲੀ ਭਾਵਨਾ ਅਤੇ ਪ੍ਰਸਥਿਤੀ ਭਾਵੇਂ ਨੰਦੂ ਛੜੇ ਨਾਲੋਂ ਵੱਖਰੀ ਹੈ ਪਰ ਕਿਤੇ ਨਾ ਕਿਤੇ 'ਤਾਰੇ' ਦੇ ਦੁਖਾਂਤ ਅਤੇ ਪਛਾਣ ਦਾ ਮਸਲਾ 'ਨੰਦੂ ਛੜੇ' ਦੇ ਦੁਖਾਂਤ ਨਾਲ ਮਿਲ ਜਾਂਦਾ ਹੈ ਜਿਸ ਵਿਚ 'ਚੀਖਣ' ਦੀ ਥਾਂ ਉਹ ਗਾ-ਗਾ ਕੇ ਆਪਣੀਆਂ ਅਤ੍ਰਿਪਤ ਭਾਵਨਾਵਾਂ ਦਾ ਪ੍ਰਗਟਾ ਕਰਦਾ ਹੈ। ਉਪਰੋਕਤ ਵਿਚਾਰ ਚਰਚਾ ਦੇ ਅਧਾਰ 'ਤੇ ਜੇਕਰ ਉਸਦੀ ਕਵਿਤਾ ਦੀ ਸਮੀਖਿਆ ਕਰੀਏ ਤਾਂ ਉਸਦੀ ਕਵਿਤਾ ਪੰਜਾਬੀ ਕਾਵਿ ਜਗਤ ਵਿਚ ਸ਼ੁਭ ਸ਼ਗਨ ਹੈ। ਉਸਦੀ ਕਵਿਤਾ ਨਾਲ ਪੰਜਾਬੀ ਕਵਿਤਾ ਅੰਦਰ ਮਨੁੱਖੀ ਪਛਾਣ ਦੇ ਮਸਲੇ ਦੀ ਗੱਲ ਅੱਗੇ ਤੁਰਦੀ ਹੈ। ਉਸਦੀ ਕਵਿਤਾ ਮਹਿਜ਼ ਕੋਰੇ ਰੁਮਾਂਸਵਾਦ ਵੱਲ ਪਿੱਠ ਕਰਕੇ ਹੀ ਨਹੀਂ ਖੜ੍ਹੀ ਬਲਕਿ ਬਦਲਦੀਆਂ ਪ੍ਰਸਥਿਤਿਆਂ ਵਿਚੋਂ ਮੁਹੱਬਤ ਦੇ ਨਵੇਂ ਅਰਥ ਤਲਾਸ਼ਦੀ ਹੈ। ਰਣਧੀਰ ਦੀਆਂ ਕੁਝ ਲੰਮੀਆਂ ਕਵਿਤਾਵਾਂ ਵਿਚ ਅੰਤਰਮੁਖਤਾ ਦੀ ਸੁਰ ਜ਼ਿਆਦਾ ਭਾਰੂ ਹੈ, ਅਜਿਹੀਆਂ ਕਵਿਤਾਵਾਂ ਵਿਚ ਉਹ ਵਿਸ਼ੇ ਨਾਲ ਨਜਿੱਠਦਾ ਹੋਇਆ ਕੁਝ ਜ਼ਿਆਦਾ ਵਿਸਥਾਰ ਵਿਚ ਪੈ ਜਾਂਦਾ ਹੈ ਜਿਸ ਸਦਕਾ ਉੱਥੇ ਸ਼ਬਦ ਭਾਰੇ ਤੇ ਬੋਝਲ ਲੱਗਦੇ ਹਨ ਤੇ ਵਿਸ਼ੇ ਵਿਚ ਖਿੰਡਾਅ ਆ ਜਾਂਦਾ ਹੈ ਜੋ ਮੈਂ ਇਕ ਪਾਠਕ ਹੋਣ ਦੇ ਨਾਤੇ ਮਹਿਸੂਸ ਕੀਤਾ ਹੈ। ਪਰ ਸਮੁੱਚ ਵਿਚ ਜੇਕਰ ਦੇਖਿਆ ਜਾਵੇ ਤਾਂ ਉਸਦੀ ਕਵਿਤਾ ਮਨੁੱਖੀ ਸ਼ਨਾਖ਼ਤ ਦੇ ਸੰਦਰਭ ਵਿਚ ਪਛਾਣ ਦੇ ਅਸਤਿੱਤਵੀ ਸੰਕਟ ਨਾਲ ਆਪਣਾ ਸੰਵਾਦ ਸਿਰਜਦੀ ਹੋਈ ਪਛਾਣ ਨੂੰ ਨਵੇਂ ਜਾਵੀਏ ਤੋਂ ਦੇਖਣ ਦਾ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਰਣਧੀਰ, ਖ਼ਤ ... ਜੋ ਲਿਖਣੋਂ ਰਹਿ ਗਏ, ਔਟਮ ਆਰਟ, ਪਟਿਆਲਾ, 2024, ਪੰਨਾ-80
2. ਉਹੀ, ਪੰਨੇ, 11-12
3. ਉਹੀ, ਪੰਨਾ-67
4. ਉਹੀ, ਪੰਨਾ-61
5. ਉਹੀ, ਪੰਨਾ-16
6. ਉਹੀ, ਪੰਨਾ-17

**7.** ਉਹੀ, ਪੰਨੇ, 31-34

**8.** ਉਹੀ, ਪੰਨਾ-15

**9.** ਉਹੀ, ਪੰਨੇ, 45-46

**10.** ਉਹੀ, ਪੰਨਾ- 49

**11.** ਉਹੀ, ਪੰਨਾ- 60

**12.** ਉਹੀ, ਪੰਨਾ-70

**13.** ਉਹੀ, ਪੰਨਾ- 75

**14.** ਉਹੀ, ਪੰਨਾ-78

**15.** ਉਹੀ, ਪੰਨਾ-51

**16.** ਉਹੀ, ਪੰਨਾ-76

**17.** ਉਹੀ, ਪੰਨਾ- 14

**18.** ਉਹੀ, ਪੰਨੇ, 36-37

**19.** ਉਹੀ, ਪੰਨੇ, 56-57

**20.** ਉਹੀ, ਪੰਨਾ-114

**21.** ਉਹੀ, ਪੰਨਾ-67

**22.** ਉਹੀ, ਪੰਨਾ-66

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਪੰਜਾਬੀ ਲੋਕ ਗੀਤਾਂ ਦੀ ਡਿਜ਼ੀਟਾਈਜੇਸ਼ਨ: ਲੋੜ ਅਤੇ ਮਹੱਤਵ



1. ਡਾ. ਜਸਵਿੰਦਰ ਸਿੰਘ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ,
ਬਠਿੰਡਾ



2. ਡਾ. ਸਟਾਲਿਨਜੀਤ ਸਿੰਘ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ,
ਬਠਿੰਡਾ

ਪੰਜ ਦਰਿਆਵਾਂ ਦੀ ਜ਼ਰਖੇਜ ਧਰਤੀ ਪੰਜਾਬ, ਸ਼ੁਰੂ ਤੋਂ ਹੀ ਮਨੁੱਖ ਦੇ ਵਸੇਬੇ ਲਈ ਖਿੱਚ ਦਾ ਕੇਂਦਰ ਰਿਹਾ ਹੈ। ਪੰਜਾਬ ਅਤੇ ਪੰਜਾਬੀਆਂ ਕੋਲ ਸੱਭਿਆਚਾਰ ਅਤੇ ਲੋਕਧਾਰਾ ਦੀ ਇੱਕ ਅਮੀਰ ਪਰੰਪਰਾ ਹੈ। ਹੜੱਪਾ ਅਤੇ ਮਹਿੰਜੋਦਾੜੋ ਦੀ ਖੁਦਾਈ ਦੌਰਾਨ ਮਿਲੇ ਸਿੰਧੂ ਘਾਟੀ ਸੱਭਿਅਤਾ ਦੇ ਅਵਸ਼ੇਸ਼ ਪੰਜਾਬ ਦੀ ਅਮੀਰ ਸੱਭਿਆਚਾਰਕ ਪਰੰਪਰਾ ਦੀ ਸ਼ਾਹਦੀ ਭਰਦੇ ਹਨ। ਪੰਜਾਬ ਦੀ ਅਮੀਰ ਸੱਭਿਆਚਾਰਕ ਪਰੰਪਰਾ ਕਾਰਨ ਹੀ ਇਸ ਨੂੰ ਸੱਭਿਆਚਾਰ ਦਾ ਪੰਘੂੜਾ ਕਿਹਾ ਜਾਂਦਾ ਹੈ। ਸੱਭਿਆਚਾਰ ਇੱਕ ਜਟਿਲ ਪ੍ਰਬੰਧ ਹੈ ਜਿਸ ਵਿੱਚ ਕਿਸੇ ਖਿੱਤੇ ਦੇ ਲੋਕਾਂ ਦੀ ਸਮੁੱਚੀ ਜੀਵਨ ਜਾਂਚ ਨਾਲ ਜੁੜੇ ਹੋਏ ਵੱਖ-ਵੱਖ ਪਹਿਲੂ ਸ਼ਾਮਿਲ ਹੁੰਦੇ ਹਨ। ਸੱਭਿਆਚਾਰ ਦੇ ਜਟਿਲ ਢਾਂਚੇ ਨੂੰ ਵਿਦਵਾਨ ਮੁੱਖ ਤੌਰ 'ਤੇ ਤਿੰਨ ਭਾਗਾਂ ਕ੍ਰਮਵਾਰ ਪਦਾਰਥਕ, ਪ੍ਰਤੀਮਾਨਿਕ ਅਤੇ ਬੋਧਾਤਮਕ ਸੱਭਿਆਚਾਰ ਵਿੱਚ ਵੰਡਦੇ ਹਨ। ਪਦਾਰਥਕ ਸੱਭਿਆਚਾਰ ਵਿੱਚ ਕੰਮ-ਧੰਦੇ, ਇਨ੍ਹਾਂ ਨਾਲ ਜੁੜਿਆ ਸੰਦ-ਸੰਦੇੜਾ, ਪਹਿਰਾਵਾ, ਗਹਿਣਾ-ਗੱਟਾ, ਖਾਣ-ਪੀਣ ਦੇ ਪਦਾਰਥ ਅਤੇ ਰਿਹਾਇਸ਼ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਪ੍ਰਤੀਮਾਨਿਕ ਸੱਭਿਆਚਾਰ ਦੇ ਅੰਤਰਗਤ ਲੋਕਾਚਾਰ ਅਤੇ ਸਦਾਚਾਰ ਦੇ ਨਿਯਮਾਂ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਬੌਧਿਕ ਸੱਭਿਆਚਾਰ ਦੇ ਅੰਤਰਗਤ ਕਲਾ, ਧਰਮ, ਸਾਹਿਤ, ਇਤਿਹਾਸ, ਮਿਥਿਹਾਸ ਅਤੇ ਵਿਸ਼ਵਾਸ਼ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਹੱਥਲੇ ਖੋਜ ਪੱਤਰ ਵਿੱਚ ਸੱਭਿਆਚਾਰ ਦੇ ਤੀਸਰੇ ਭਾਗ ਭਾਵ ਬੌਧਿਕ ਸੱਭਿਆਚਾਰ ਨਾਲ ਸੰਬੰਧਿਤ ਲੋਕ ਕਲਾਵਾਂ ਦੇ ਮਹੱਤਵਪੂਰਨ ਰੂਪ 'ਲੋਕ ਗੀਤ' ਅਤੇ ਇਨ੍ਹਾਂ ਦੀ ਡਿਜ਼ੀਟਾਈਜੇਸ਼ਨ ਦੀ ਲੋੜ ਅਤੇ ਮਹੱਤਵ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ ਹੈ।

## ਲੋਕ ਗੀਤ

ਲੋਕ ਗੀਤ ਵਹਿੰਦੇ ਹੋਏ ਦਰਿਆ ਦੀ ਦੀ ਤਰ੍ਹਾਂ ਹੁੰਦੇ ਹਨ। ਇਨ੍ਹਾਂ ਵਿੱਚ ਕਦੇ ਖੜੋਤ ਨਹੀਂ ਆਉਂਦੀ, ਇਹ ਲਗਾਤਾਰ ਪੀੜ੍ਹੀਓ-ਪੀੜ੍ਹੀ ਚਲਦੇ ਰਹਿੰਦੇ ਹਨ ਅਤੇ ਇਨ੍ਹਾਂ ਪੀੜ੍ਹੀਆਂ ਦੇ ਤਵੀਲ ਸਫ਼ਰ ਨੂੰ ਤੈਅ ਕਰਦਿਆਂ ਕੇਵਲ ਓਹੀ ਗੀਤ ਜਿਉਂਦੇ ਰਹਿੰਦੇ ਹਨ, ਜਿਹੜੇ ਲੋਕ ਦੀ ਜ਼ੁਬਾਨ 'ਤੇ ਚੜ੍ਹ ਜਾਂਦੇ ਹਨ। ਹਰੇਕ ਗੀਤ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਨ ਦੇ ਸਮਰੱਥ ਨਹੀਂ ਹੁੰਦਾ ਲੋਕਾਂ ਦੀ ਜ਼ੁਬਾਨ 'ਤੇ ਓਹੀ ਗੀਤ ਚੜ੍ਹਦੇ ਹਨ, ਜਿੰਨ੍ਹਾਂ ਵਿੱਚ ਲੋਕਾਂ ਨੂੰ ਆਪਣੇ ਆਪੇ ਦੀ ਗੱਲ ਕੀਤੀ ਗਈ ਪ੍ਰਤੀਤ ਹੁੰਦੀ ਹੈ ਜਾਂ ਜਿੰਨ੍ਹਾਂ ਵਿੱਚ ਜਨ ਮਾਨਸ ਦੇ ਭਾਵਾਂ ਦਾ ਪ੍ਰਗਟਾਵਾ ਬੜੇ ਹੀ ਸਹਿਜ ਅਤੇ ਸਰਲ ਸ਼ਬਦਾਂ ਰਾਹੀਂ ਕੀਤਾ ਗਿਆ ਹੁੰਦਾ ਹੈ।

ਇਸ ਤਰ੍ਹਾਂ ਲੋਕ ਗੀਤ ਉਹੀ ਗੀਤ ਬਣਦੇ ਹਨ ਜੋ ਆਮ ਲੋਕਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਦੇ ਦੁੱਖਾਂ-ਤਕਲੀਫਾਂ ਅਤੇ ਖੁਸ਼ੀਆਂ-ਖੇੜਿਆਂ ਦੇ ਭਾਵਾਂ ਨੂੰ ਇੱਕ ਲੈਅਮਈ ਸੁਰ ਅਤੇ ਤਾਲ ਵਿੱਚ ਪੇਸ਼ ਕਰਦੇ ਹਨ। ਡਾ. ਸੋਹਿੰਦਰ ਸਿੰਘ ਵਣਜ਼ਾਰਾ ਬੇਦੀ ਦੇ ਸ਼ਬਦਾਂ ਵਿੱਚ "ਲੋਕ-ਗੀਤ ਜਾਤੀ ਦੇ ਅੰਤ੍ਰੀਵ ਜਜ਼ਬਿਆਂ ਤੇ ਮਨੋਭਾਵਾਂ ਦਾ ਕਾਵਿਮਈ ਪ੍ਰਵਾਹ ਹੁੰਦੇ ਹਨ, ਇਹ ਚੇਤਨ ਅਵਚੇਤਨ ਮਨ ਵਿੱਚ ਵਸਦੇ, ਮਚਲਦੇ ਜਾਂ ਦੱਬੇ ਘੁੱਟੇ ਵਲਵਲਿਆਂ ਦਾ ਸਹਿਜ ਪ੍ਰਗਟਾਅ ਹਨ। ਜੇ ਕਵਿਤਾ ਕਿਸੇ ਆਪ ਮਹਿਸੂਸੀ, ਭਾਵਾਂ ਗੁੱਦੀ ਰਚਨਾ ਦਾ ਨਾਮ ਹੈ ਤਾਂ ਲੋਕ ਗੀਤਾਂ ਤੋਂ ਸੁੱਚੀ ਕਵਿਤਾ ਹੋਰ ਨਹੀਂ ਹੋ ਸਕਦੀ। ਇਹ ਵੇਗ ਵਿੱਚ ਆਏ ਭਾਵ ਹਨ, ਜੋ ਬੇਕਾਬੂ ਹੋਏ, ਅਛੋਪਲੇ ਹੀ ਸ਼ਬਦਾਂ ਦਾ ਬਾਣਾ ਪਹਿਨ ਕੇ ਰੂਪਮਾਨ ਹੋ ਗਏ ਹਨ, ਇਹ ਦਿਲਾਂ ਦੇ ਅਥਾਹ ਚਸ਼ਮਿਆਂ ਤੋਂ ਫੁੱਟੀਆਂ, ਸ਼ਬਦਾਂ ਦੀਆਂ ਮਿੱਠੀਆਂ ਤੇ ਰਸ ਗ੍ਰਸੀਆਂ ਛਲਾਂ ਹਨ"। (ਪੰਜਾਬ ਦੀ ਲੋਕਧਾਰਾ, 2018, ਪੰ. 119)

ਜਿੱਥੇ ਵਣਜਾਰਾ ਬੇਦੀ ਲੋਕ ਗੀਤਾਂ ਨੂੰ ਅਵਚੇਤਨ ਵਿੱਚ ਪਏ ਭਾਵਾਂ ਦਾ ਵੇਗਮਈ ਪ੍ਰਗਟਾਵਾ ਮੰਨਦੇ ਹਨ ਉੱਥੇ ਹੀ ਡਾ. ਕਰਨੈਲ ਸਿੰਘ ਥਿੰਦ ਲੋਕ ਗੀਤਾਂ ਵਿੱਚ ਪਰੰਪਰਾ ਦੇ ਅੰਸ਼ਾਂ ਦੀ ਸ਼ਮੂਲੀਅਤ ਨੂੰ ਲਾਜ਼ਮੀ ਤੱਤ ਵਜੋਂ ਸਵੀਕਾਰਦੇ ਹੋਏ ਲਿਖਦੇ ਹਨ ਕਿ "ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ, ਲੋਕ ਬੋਲੀ ਦੁਅਰਾ, ਮੌਖਿਕ ਰੂਪ ਵਿੱਚ ਸੰਚਾਰਿਤ ਅਜਿਹੀ ਸੰਗੀਤਮਈ ਰਚਨਾ, ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ, ਜਿਹੜੀ ਕਿਸੇ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਨਾ ਕੀਤੀ ਗਈ ਹੋਵੇ ਅਤੇ ਲੋਕ ਸਮੂਹ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅੱਗੇ ਤੋਰਦਾ ਆਇਆ ਹੋਵੇ, ਉਹ ਗੀਤ ਹੈ।"

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ "ਲੋਕ ਗੀਤ ਕਿਸੇ ਜਾਤੀ/ਸਮੂਹ ਦੇ ਲੋਕਾਂ ਦੁਆਰਾ ਪ੍ਰਵਾਨਗੀ ਪ੍ਰਾਪਤ ਅਜਿਹਾ ਕਾਵਿ ਰੂਪ ਹੁੰਦਾ ਹੈ ਜੋ ਲੈਅ ਅਤੇ ਸੰਗੀਤ ਦੀ ਮੱਦਦ ਨਾਲ ਸਮੂਹ ਦੇ ਲੋਕਾਂ ਦੇ ਅਵਚੇਤਨ ਵਿੱਚ ਪਏ ਭਾਵਾਂ ਦੀ ਤਰਜ਼ਮਾਨੀ ਕਰਦਾ ਹੋਇਆ ਪੀੜ੍ਹੀਓ-ਪੀੜ੍ਹੀ ਮੌਖਿਕ ਪਰੰਪਰਾ ਦੇ ਰੂਪ ਵਿੱਚ ਨਿਰੰਤਰ ਕਾਰਜਸ਼ੀਲ ਰਹਿੰਦਾ ਹੈ।"

**ਲੋਕ ਗੀਤਾਂ ਦੀ ਡਿਜ਼ੀਟਾਈਟੇਜ਼ਨ ਲੋੜ ਅਤੇ ਮਹੱਤਵ**

ਅਜੋਕਾ ਦੌਰ ਵਿਗਿਆਨ ਅਤੇ ਤਕਨਾਲੋਜੀ ਦਾ ਦੌਰ ਹੈ। ਇਸ ਦੌਰ ਅੰਦਰ ਮਨੁੱਖ ਨੇ ਅਥਾਹ ਤਰੱਕੀ ਕੀਤੀ ਹੈ। ਮਨੁੱਖ ਨੇ ਧਰਤੀ ਤੋਂ ਇਲਾਵਾਂ ਹੋਰਨਾ ਗ੍ਰਹਿਆਂ ਤੱਕ ਕੇਵਲ ਆਪਣੀ ਪਹੁੰਚ ਹੀ ਨਹੀਂ ਕੀਤੀ, ਸਗੋਂ ਵੱਡੇ ਪੱਧਰ 'ਤੇ ਉਨ੍ਹਾਂ ਦੇ ਅਧਿਐਨ ਅਤੇ ਵਿਸ਼ਲੇਸ਼ਣ ਦਾ ਕਾਰਜ ਵੀ ਕੀਤਾ ਹੈ, ਜੋ ਨਿਰੰਤਰ ਜਾਰੀ ਹੈ। ਮਨੁੱਖ ਆਪਣੇ ਆਪ ਨੂੰ ਇਸ ਧਰਤੀ ਦਾ

ਸਰਵ-ਸ੍ਰੇਸ਼ਠ ਪ੍ਰਾਣੀ ਪਹਿਲਾਂ ਹੀ ਘੋਸ਼ਿਤ ਕਰ ਚੁੱਕਿਆ ਹੈ, ਹੁਣ ਇਹ ਵਾਰੀ ਸਮੁੱਚੇ ਬ੍ਰਹਿਮੰਡ ਦਾ ਨਾਇਕ ਬਣਨ ਦੀ ਹੈ। ਇਸ ਤਰੱਕੀ ਦੀ ਦੌੜ ਵਿੱਚ ਬਿਨ੍ਹਾਂ ਸ਼ੱਕ ਮਨੁੱਖ ਨੇ ਬਹੁਤ ਕੁੱਝ ਹਾਸਿਲ ਕੀਤਾ ਹੈ, ਪਰ ਮਨੁੱਖ ਨੇ ਮਹਿਜ਼ ਹਾਸਿਲ ਹੀ ਨਹੀਂ ਕੀਤਾ, ਗਵਾਇਆ ਵੀ ਬਹੁਤ ਕੁੱਝ ਹੈ, ਦੂਜੇ ਸ਼ਬਦਾਂ ਵਿੱਚ ਜੇਕਰ ਮਨੁੱਖ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨਾ ਮੁਸ਼ਕਿਲ ਹੈ ਤਾਂ ਮਨੁੱਖ ਕੋਲੋਂ ਗੁਆਚੇ ਦਾ ਲੇਖਾ ਜੋਖਾ ਕਰਨਾ ਵੀ ਇੱਕ ਕਠਿਨ ਕਾਰਜ ਹੈ। ਅੱਜ ਦੁਨੀਆਂ ਭਰ ਦੇ ਬੁੱਧੀਜੀਵੀ, ਮਨੁੱਖ ਕੋਲੋਂ ਵਿਸਰੇ ਵਿਰਸੇ ਅਤੇ ਵਿਰਾਸਤ ਨੂੰ ਲੈ ਕੇ ਬੇਹੱਦ ਚਿੰਤਤ ਹਨ। ਵਿਰਾਸਤ ਅਤੇ ਵਿਰਸੇ ਦੇ ਪ੍ਰੇਮੀ ਵਿਸ਼ਵ ਭਰ ਵਿੱਚ ਪੁਰਾਤਨ ਸਾਹਿਤ, ਕਲਾਵਾਂ, ਵਸਤਾਂ ਅਤੇ ਸਥਾਨਾਂ ਆਦਿ ਦੀ ਸਾਂਭ ਸੰਭਾਲ ਕਰਨ ਲਈ ਨਿਰੰਤਰ ਯਤਨਸ਼ੀਲ ਹਨ। ਪੰਜਾਬ ਅਤੇ ਪੰਜਾਬੀਅਤ ਦਾ ਖੇਤਰ ਵੀ ਇਸ ਤੋਂ ਅਛੂਤੇ ਨਹੀਂ ਹਨ। ਦੋ-ਢਾਈ ਦਹਾਕੇ ਪਹਿਲਾਂ ਆਪਣੇ ਆਪ ਨੂੰ ਆਧੁਨਿਕਤਾ ਦੀ ਦੌੜ ਵਿੱਚ ਸ਼ਾਮਿਲ ਕਰਨ ਲਈ ਮਨੁੱਖ ਜਿਨ੍ਹਾਂ ਰੀਤਾਂ, ਰਸਮਾਂ, ਰਿਵਾਜ਼ਾਂ ਅਤੇ ਵਸਤਾਂ ਆਦਿ ਨੂੰ ਅਨਪੜ੍ਹ ਅਤੇ ਪਛੜੇ ਹੋਏ ਲੋਕਾਂ ਦੀ ਪਛੜੀ ਸੋਚ ਆਖ ਕੇ ਨਸ਼ਟ ਕਰਨ ਜਾਂ ਛੱਡਣ ਵਿੱਚ ਆਪਣੀ ਵਡਿਆਈ ਸਮਝਦਾ ਸੀ, ਅੱਜ ਉਨ੍ਹਾਂ ਰਸਮਾਂ-ਰਿਵਾਜਾਂ ਦੀ ਅਮੀਰੀ ਨੂੰ ਸਮਝਦਿਆਂ ਹੋਇਆ ਬਜ਼ੁਰਗਾਂ ਦਾ ਸਰਮਾਇਆ ਆਖ ਕੇ ਸਾਂਭਣ ਦੇ ਉਪਰਾਲੇ ਕਰ ਰਿਹਾ ਹੈ। ਦੁਨੀਆਂ ਭਰ ਦੇ ਲੋਕ ਆਪਣੀ ਅਮੀਰ ਵਿਰਾਸਤ ਵੱਲ ਵਾਪਿਸ ਮੁੜਨਾ ਲੋਚਦੇ ਹਨ, ਪਰੰਤੂ ਪਦਾਰਥਵਾਦੀ ਦੌਰ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਆਪਣੇ ਅਤੀਤ ਨਾਲ ਜੁੜਨਾ ਏਨਾ ਸਹਿਜ ਨਹੀਂ ਹੈ, ਜਿੰਨ੍ਹੀ ਸਹਿਜਤਾ ਨਾਲ ਇਸਦੀ ਇੱਛਾ ਪ੍ਰਗਟਾਈ ਜਾਂਦੀ ਹੈ। ਲੋਕਾਂ ਦੇ ਅਤੀਤ ਨਾਲ ਜੁੜਨ ਦੀ ਇਸ ਇੱਛਾ ਦਾ ਕਾਰੋਬਾਰੀ ਲੋਕਾਂ ਨੇ ਖ਼ੂਬ ਲਾਹਾ ਲਿਆ ਹੈ। ਵਪਾਰਿਕ ਮੁਨਾਫ਼ੇ ਨੂੰ ਧਿਆਨ ਵਿੱਚ ਰੱਖ ਕੇ ਇਨ੍ਹਾਂ ਲੋਕਾਂ ਨੇ ਪੁਰਾਤਨਤਾ ਦੇ ਨਾਮ ਜਰਨੈਲੀ ਸੜਕਾਂ ਉੱਪਰ ਵੱਡੀਆਂ-ਵੱਡੀਆਂ ਹਵੇਲੀਆਂ ਉਸਾਰ ਦਿੱਤੀਆਂ ਹਨ, ਜਿੰਨ੍ਹਾਂ ਵਿੱਚ ਪੁਰਾਤਨ ਦਿੱਖ ਵਾਲੇ ਮੰਜਿਆਂ ਤੋਂ ਲੈ ਕੇ ਖਾਣਾ ਖਾਣ ਵਾਲੇ ਪੁਰਾਣੇ ਪਿੱਤਲ ਦੇ ਬਰਤਨ ਆਦਿ ਸ਼ਾਮਿਲ ਹੁੰਦੇ ਹਨ। ਬੇਸ਼ੱਕ ਇਨ੍ਹਾਂ ਵਪਾਰਿਕ ਅਦਾਰਿਆਂ ਦਾ ਇਹ ਉੱਦਮ ਪਹਿਲੀ ਨਜ਼ਰ ਵਿੱਚ ਵਿਰਾਸਤੀ ਪਿਆਰ ਨੂੰ ਦਰਸਾਉਂਦਾ ਹੈ, ਪਰੰਤੂ ਇਸ ਦਾ ਅਸਲ ਮਕਸਦ ਪੰਜਾਬੀ ਵਿਰਸੇ ਦੀ ਸਾਂਭ-ਸੰਭਾਲ ਤੋਂ ਵਧੇਰੇ ਵਪਾਰਿਕ ਮੁਨਾਫ਼ਾ ਕਮਾਉਣਾ ਹੈ। ਜਿਸ ਲਈ ਇਹ ਬਹੁਤੀਆਂ ਚੀਜ਼ਾਂ ਨੂੰ ਅਸਲ ਰੂਪ ਵਿੱਚ ਪੇਸ਼ ਕਰਨ ਦੀ ਬਜਾਇ ਵਪਾਰਿਕ ਦ੍ਰਿਸ਼ਟੀ ਤੋਂ ਆਪਣੇ ਹਿਸਾਬ ਨਾਲ ਤੋੜ-ਮਰੋੜ ਕੇ ਵੀ ਪੇਸ਼ ਕਰ ਰਹੇ ਹਨ। ਇਸ ਲਈ ਸਾਨੂੰ ਆਪਣੇ ਪੂਰਵਜਾਂ ਦਾ

ਸਰਮਾਇਆ ਅਸਲ ਰੂਪ ਵਿੱਚ ਸਾਂਭਣ ਲਈ ਇਨ੍ਹਾਂ ਦੀ ਡਿਜ਼ੀਟਾਇਜ਼ੇਸ਼ਨ ਕਰਨੀ ਲਾਜ਼ਮੀ ਹੈ। ਲੋਕ ਗੀਤ ਸਾਡਾ ਪੀੜ੍ਹੀਆਂ ਦਾ ਸਰਮਾਇਆ ਹੈ, ਇਸ ਲਈ ਇਨ੍ਹਾਂ ਨੂੰ ਇਨ੍ਹਾਂ ਦੇ ਅਸਲੀ ਰੂਪ ਵਿੱਚ ਸਾਂਭਣ ਲਈ ਲੋਕ ਗੀਤਾਂ ਦੀ ਡਿਜ਼ੀਟਾਈਜ਼ੇਸ਼ਨ ਕਰਨ ਦੀ ਬੇਹੱਦ ਲੋੜ ਹੈ। ਇਸਦੀ ਲੋੜ ਅਤੇ ਮਹੱਤਵ ਨੂੰ ਹੇਠ ਲਿਖੇ ਨੁਕਤਿਆਂ ਤੋਂ ਵੀ ਵਿਚਾਰਿਆ ਜਾ ਸਕਦਾ ਹੈ:-

1. **ਸ਼ੋਸ਼ਲ ਮੀਡੀਆਂ/ ਡਿਜ਼ੀਟਲ ਮੀਡੀਆ ਦਾ ਦੌਰ/ ਲੋਕਾਂ ਤੱਕ ਸੁਖਾਲੀ ਪਹੁੰਚ:-** ਅਜੋਕਾ ਦੌਰ ਸ਼ੋਸ਼ਲ ਮੀਡੀਆ/ ਡਿਜ਼ੀਟਲ ਮੀਡੀਆ ਦਾ ਦੌਰ ਹੈ, ਇੰਟਰਨੈੱਟ ਦੇ ਆਉਣ ਨਾਲ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਹਰ ਕੋਈ ਸ਼ੋਸ਼ਲ ਮੀਡੀਆ ਨਾਲ ਜੁੜ ਚੁੱਕਿਆ ਹੈ। ਯੂਟਿਊਬ ਅਤੇ ਫੇਸਬੁੱਕ ਆਦਿ 'ਤੇ ਅਨੇਕਾਂ ਅਜਿਹੇ ਚੈਨਲ ਅਤੇ ਪੇਜ਼ ਹੋਂਦ ਵਿੱਚ ਆ ਗਏ ਹਨ ਜਿੱਥੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਅਥਾਹ ਸਮੱਗਰੀ ਉਪਲੱਬਧ ਹੁੰਦੀ ਹੈ। ਖਬਰਾਂ ਤੋਂ ਲੈ ਕੇ, ਨੌਕਰੀਆਂ ਲਈ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ, ਮੰਨੋਰੰਜਨ ਅਤੇ ਵਿਰਾਸਤੀ ਚੀਜ਼ਾਂ ਦੀਆ ਪ੍ਰਦਰਸ਼ਨੀਆਂ ਆਦਿ ਸਭ ਕੁੱਝ ਇਨ੍ਹਾਂ ਚੈਨਲਾਂ/ਪੇਜ਼ਾਂ 'ਤੇ ਸਹਿਜੇ ਹੀ ਮਿਲ ਜਾਂਦਾ ਹੈ। ਇੱਕ ਵਿਹਲੜ ਤੋਂ ਲੈ ਕੇ ਜਗਿਆਸੂ ਤੱਕ ਹਰ ਕੋਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਨ੍ਹਾਂ ਤੱਕ ਆਪਣੀ ਪਹੁੰਚ ਜ਼ਰੂਰ ਕਰਦਾ ਹੈ, ਜਿੱਥੇ ਜਗਿਆਸੂ ਦੀ ਪਹੁੰਚ ਆਪਣੀ ਕਿਸੇ ਜਗਿਆਸਾ ਨੂੰ ਸ਼ਾਂਤ ਕਰਨ ਹਿੱਤ ਹੁੰਦੀ ਹੈ ਉੱਥੇ ਹੀ ਵਿਹਲੜ ਦੀ ਪਹੁੰਚ ਆਪਣਾ ਟਾਇਮ ਪਾਸ ਕਰਨ ਦੇ ਮਕਸਦ ਵਜੋਂ ਹੁੰਦੀ ਹੈ। ਬਿਨਾਂ ਸ਼ੱਕ ਸ਼ੋਸ਼ਲ ਮੀਡੀਆ ਦੇ ਅਨੇਕਾਂ ਨੁਕਸਾਨ ਹਨ, ਪਰੰਤੂ ਜੇਕਰ ਇੱਕ ਸਮੇਂ ਸ਼ੋਸ਼ਲ ਮੀਡੀਆਂ ਤੋਂ ਹੋਣ ਵਾਲੇ ਨੁਕਸਾਨ ਨੂੰ ਇੱਕ ਪਾਸੇ ਰੱਖ ਕੇ ਸੋਚੀਏ ਤਾਂ ਅਜੋਕੇ ਦੌਰ ਵਿੱਚ ਸ਼ੋਸ਼ਲ ਮੀਡੀਆ/ਡਿਜ਼ੀਟਲ ਮੀਡੀਆ ਜਾਣਕਾਰੀ ਅਤੇ ਗਿਆਨ ਦਾ ਵੱਡਾ ਸ੍ਰੋਤ ਹੈ। ਇਸ ਲਈ ਸੁਭਾਵਿਕ ਹੈ ਕਿ ਲੋਕ ਗੀਤਾਂ ਦਾ ਖੋਜੀ ਅਤੇ ਲੋਕ ਗੀਤਾਂ ਦਾ ਦਰਸ਼ਕ/ਸ੍ਰੋਤਾ ਨਿਸ਼ਚਿਤ ਹੀ ਆਪਣੀ ਪਹਿਲੀ ਪਹੁੰਚ ਇਨ੍ਹਾਂ ਉਪਰੋਕਤ ਜ਼ਿਕਰ ਕੀਤੇ ਸ੍ਰੋਤਾਂ ਤੱਕ ਹੀ ਕਰੇਗਾ। ਡਿਜ਼ੀਟਾਈਜ਼ ਕੀਤੇ ਲੋਕ ਗੀਤ ਰਾਜਨੀਤਿਕ ਹੱਦਾਂ ਦੇ ਬੰਦਨਾਂ ਤੋਂ ਮੁਕਤ ਹੋ ਕੇ ਵਿਸ਼ਵ ਲੋਕਧਾਰਾ ਚਿੰਤਨ ਦਾ ਹਿੱਸਾ ਬਣਨਗੇ। ਇਸ ਲਈ ਲੋਕ ਗੀਤਾਂ ਦੀ ਵਿਸ਼ਵ ਪੱਧਰੀ ਪਹਿਚਾਣ ਅਤੇ ਖੋਜ ਦੇ ਮੱਦੇ ਨਜ਼ਰ ਇਨ੍ਹਾਂ ਦੀ ਡਿਜ਼ੀਟਾਈਜ਼ੇਸ਼ਨ ਕੀਤੇ ਜਾਣ ਦੀ ਬੇਹੱਦ ਲੋੜ ਹੈ ਤਾਂ ਕਿ ਅਸੀਂ ਆਪਣੀ ਵਿਰਾਸਤ ਨੂੰ ਉਸ ਪਲੇਟਫਾਰਮ ਤੱਕ ਲੈ ਕੇ ਆਈਏ ਜਿਸ ਪਲੇਟਫਾਰਮ ਨਾਲ ਵੱਡੀ ਗਿਣਤੀ ਲੋਕ ਜੁੜੇ ਹੋਏ ਹਨ। ਇਸ ਨਾਲ ਜਿੱਥੇ ਅਸੀਂ ਆਪਣੇ ਵਿਰਾਸਤੀ ਲੋਕ ਗੀਤਾਂ ਨੂੰ ਵਿਸ਼ਵ ਪੱਦਰੀ ਮੰਚ ਪ੍ਰਦਾਨ ਕਰਾਂਗੇ ਉੱਥੇ

ਹੀ ਆਪਣੇ ਅਮੀਰ ਵਿਰਸੇ ਦੀ ਪ੍ਰਦਰਸ਼ਨੀ ਨਾਲ, ਵਿਰਾਸਤ ਤੋਂ ਟੁੱਟ ਚੁੱਕੇ ਲੋਕਾਂ ਨੂੰ ਵੀ ਨਾਲ ਜੋੜਨ ਦੇ ਸਮੱਰਥ ਹੋਵਾਂਗੇ।

2. **ਲੋਕ ਗੀਤਾਂ ਦੀ ਪੇਸ਼ਕਾਰੀ ਦੀਆਂ ਅਦਾਵਾਂ ਨੂੰ ਰਿਕਾਰਡ ਕਰਨਾ:-** ਲੋਕ ਗੀਤਾਂ ਦੀ ਮਨੁੱਖੀ ਜੀਵਨ ਵਿੱਚ ਕੀ ਮਹੱਤਤਾ ਨੂੰ ਧਿਆਨ ਵਿੱਚ ਰੱਖਦਿਆ ਵਿਸ਼ਵ ਭਰ ਦੇ ਚਿੰਤਕਾਂ ਨੇ ਬਹੁਤ ਪਹਿਲਾਂ ਹੀ ਵੱਖ-ਵੱਖ ਸੁਮਦਾਇ ਦੇ ਲੋਕਾਂ ਵਿੱਚ ਪ੍ਰਚਲਿਤ ਲੋਕ ਗੀਤਾਂ ਦਾ ਦਸਤਾਵੇਜ਼ੀਕਰਨ ਆਰੰਭ ਕਰ ਦਿੱਤਾ ਸੀ। ਪੰਜਾਬ ਅਤੇ ਪੰਜਾਬੀਅਤ ਦੇ ਸੰਦਰਭ ਵਿੱਚ ਵੀ ਲੋਕ ਗੀਤਾਂ ਨੂੰ ਇੱਕਠੇ ਕਰਨ ਵਾਲੇ ਵਿਦਵਾਨਾਂ ਵਿੱਚ ਦਵਿੰਦਰ ਸੱਤਿਆਰਥੀ, ਵਣਜਾਰਾ ਬੇਦੀ, ਮਹਿੰਦਰ ਸਿੰਘ ਰੰਧਾਵਾ, ਪ੍ਰੋ. ਨਾਹਰ ਸਿੰਘ ਅਤੇ ਅਮ੍ਰਿਤਾ ਪ੍ਰੀਤਮ ਆਦਿ ਦੇ ਨਾਮ ਪ੍ਰਮੁੱਖ ਹਨ। ਇਨ੍ਹਾਂ ਲੋਕਧਾਰਾ ਪ੍ਰੇਮੀਆਂ ਨੇ ਬੜੀ ਹੀ ਮਿਹਨਤ ਅਤੇ ਲਗਨ ਨਾਲ ਪੰਜਾਬ ਦੇ ਲੋਕਗੀਤਾਂ ਨੂੰ ਇੱਕਤਰ ਕੀਤਾ ਹੈ। ਪਰੰਤੂ ਇਨ੍ਹਾਂ ਵਿਦਵਾਨਾਂ ਦੁਆਰਾ ਲੋਕ ਗੀਤਾਂ ਦਾ ਦਸਤਾਵੇਜ਼ੀਕਰਨ ਲਿਖਤੀ ਪੱਧਰ 'ਤੇ ਹੀ ਕੀਤਾ ਗਿਆ। ਜਿਸ ਕਾਰਨ ਇਸ ਦਸਤਾਵੇਜ਼ੀਕਰਨ ਵਿੱਚੋਂ ਲੋਕ ਗੀਤਾਂ ਦਾ ਵੱਡਮੁੱਲਾ ਪੱਖ ਲੈਅ, ਹੇਕ ਅਤੇ ਸਰੀਰਕ ਅਦਾਵਾਂ ਆਦਿ ਸਾਡੇ ਕੋਲ ਨਹੀਂ ਪਹੁੰਚ ਸਕਿਆ। ਲੋਕ ਗੀਤਾਂ ਵਿੱਚ ਲੈਅ, ਹੇਕ ਅਤੇ ਆਦਾਵਾਂ ਆਦਿ ਦਾ ਆਪਣਾ ਹੀ ਮਹੱਤਵ ਹੁੰਦਾ ਹੈ ਜਿਵੇਂ ਕਿ ਮਹਿੰਦਰ ਸਿੰਘ ਰੰਧਾਵਾ ਆਖਦੇ ਹਨ ਕਿ:- "ਗੀਤ ਦਾ ਅਸਲੀ ਨਿਤਾਰਾ ਗਾਉਣ ਨਾਲ ਹੁੰਦਾ ਹੈ, ਜਿਹੜਾ ਗੀਤ ਗਾਉਣ ਲੱਗਿਆਂ ਸਵਾਦ ਨਾ ਦੇਵੇ, ਉਹ ਕਿਤਾਬ ਦੇ ਵਰਕਿਆਂ 'ਤੇ ਭਾਵੇਂ ਜਿਉਂਦਾ ਰਹੇ ਪਰ ਲੋਕਾਂ ਦੇ ਬੁੱਲ੍ਹਾਂ 'ਤੇ ਜਿਉਂਦਾ ਨਹੀਂ ਰਹਿ ਸਕਦਾ, ਲੋਕ ਗੀਤਾਂ ਨੂੰ ਕਿਤਾਬਾਂ ਦੀ ਛੂਹ ਤਾਂ ਥੋੜ੍ਹੇ ਚਿਰ ਤੋਂ ਹੀ ਲੱਗੀ ਹੈ, ਪਹਿਲਾਂ ਇਹ ਲੋਕ ਬੁੱਲ੍ਹਾਂ 'ਤੇ ਹੀ ਜਿਉਂਦੇ ਰਹੇ। ਇਸ ਲਈ ਇਹ ਰਸ ਅਤੇ ਲੈਅ ਵਿੱਚ ਦੂਜੀਆਂ ਕਵਿਤਾਵਾਂ ਨੂੰ ਪਿੱਛੇ ਛੱਡ ਜਾਂਦੇ ਹਨ। ਇਹ ਚੀਜ਼ਾਂ ਲੋਕ ਗੀਤਾਂ ਦੀ ਹੋਂਦ ਲਈ ਮੁੱਢਲੀ ਸ਼ਰਤ ਹਨ। ਜਿਸ ਤਰ੍ਹਾਂ ਪਹਾੜੀ ਇਲਾਕਿਆਂ ਦੀਆਂ ਗਾਵਾਂ ਦੀ ਹੋਂਦ ਲਈ ਇਹ ਸ਼ਰਤ ਹੈ ਕਿ ਉਹ ਹੌਲੀਆਂ ਹੋਣ ਅਤੇ ਪਹਾੜਾਂ 'ਤੇ ਚੜ੍ਹ ਕੇ ਚੁੱਕ ਸਕਣ, ਜਾਂ ਠੰਡੇ ਮੁਲਕਾਂ ਦੇ ਪਸ਼ੂਆਂ ਲਈ ਜ਼ਰੂਰੀ ਹੈ ਕਿ ਉਹਨਾਂ ਉੱਤੇ ਮੋਟੀ ਮੋਟੀ ਜੱਤ ਹੋਵੇ, ਨਹੀਂ ਤਾਂ ਉਹ ਪਾਲੇ ਨਾਲ ਹੀ ਮਰ ਜਾਣਗੇ। ਇਹ ਗੀਤ ਆਪਣੇ ਰਾਗ ਅਤੇ ਮਿਠਾਸ ਕਰਕੇ ਹੀ ਜਿਊਂਦੇ ਹਨ।" (ਪੰਜਾਬ ਦੇ ਲੋਕ-ਗੀਤ, 1955, ਪੰ. 9)

ਮਹਿੰਦਰ ਸਿੰਘ ਰੰਧਾਵਾ ਦੇ ਉਪਰੋਕਤ ਕਥਨ ਦੀ ਲੋਅ ਵਿੱਚ ਕਿਹਾ ਜਾ ਸਕਦਾ ਹੈ ਕਿ ਅਜੋਕੇ ਤਕਨੀਕੀ ਦੌਰ ਵਿੱਚ ਸਾਡੇ ਕੋਲ ਕੈਮਰਾ ਆਦਿ ਦੀ ਸੁਵਿਧਾ ਉਪਲੱਬਧ ਹੈ ਅਤੇ

ਸਾਨੂੰ ਲੋਕ ਗੀਤਾਂ ਦੀ ਵੀਡਿਓ ਰਿਕਾਰਡ ਲਾਜ਼ਮੀ ਤੌਰ 'ਤੇ ਕਰ ਲੈਣੀ ਚਾਹੀਦੀ ਹੈ ਤਾਂ ਜੋ ਅਸੀਂ ਲੋਕ ਗੀਤਾਂ ਨੂੰ ਉਨ੍ਹਾਂ ਦੇ ਸਹੀ ਰੂਪ (ਸ਼ਾਬਦਿਕ ਅਤੇ ਮੌਖਿਕ) ਵਿੱਚ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਕੇ ਰੱਖ ਸਕੀਏ।

3. **ਪਾਪੂਲਰ ਗੀਤਾਂ/ਜਾਅਲੀ ਲੋਕ ਗੀਤਾਂ ਨਾਲੋਂ ਨਿਖੇੜਾ**-ਇਸ ਸਮੇਂ ਵਪਾਰੀ ਵਰਗ ਲੋਕਾਂ ਦੀ ਮਾਨਸਿਕਤਾ ਨੂੰ ਸਮਝ ਕੇ ਪੁਰਾਤਨਤਾ ਦੇ ਨਾਮ 'ਤੇ ਕੁੱਝ-ਨ-ਕੁੱਝ ਪਰੋਸ ਕੇ ਵੱਡੀ ਕਮਾਈ ਕਰਨ ਲਈ ਨਿਰੰਤਰ ਯਤਨਸ਼ੀਲ ਹੈ। ਜਰਨੈਲੀ ਸੜਕਾਂ ਉੱਪਰ ਬਣੀਆ ਵੱਡੀਆਂ-ਵੱਡੀਆਂ ਹਵੇਲੀਆਂ ਤੋਂ ਲੈ ਕੇ ਫਿਲਮ ਇੰਡਸਟਰੀ ਤੱਕ ਪੁਰਾਤਨਤਾ ਨੂੰ ਅਧਾਰ ਬਣਾ ਕੇ ਕਮਾਈ ਕੀਤੀ ਜਾ ਰਹੀ ਹੈ। ਪਰੰਤੂ ਇਨ੍ਹਾਂ ਦਾ ਉਦੇਸ਼ ਪੰਜਾਬੀ ਲੋਕਧਾਰਾ ਜਾਂ ਸੱਭਿਆਚਾਰ ਦੀ ਸਹੀ ਪੇਸ਼ਕਾਰੀ ਹਰਗਿਜ਼ ਨਹੀਂ ਹੈ, ਇਨ੍ਹਾਂ ਦਾ ਉਦੇਸ਼ ਤਾਂ ਪਾਪੂਲਰ ਕਲਚਰ ਨੂੰ ਅਧਾਰ ਬਣਾ ਕੇ ਮੋਟੀ ਕਮਾਈ ਕਰਨਾ ਹੈ। ਜਿਸ ਨਾਲ ਪੰਜਾਬੀ ਸੱਭਿਆਚਾਰ ਅਤੇ ਲੋਕਧਾਰਾ ਦੀ ਸਾਂਭ ਸੰਭਾਲ ਦੀ ਬਜਾਇ ਬਰਬਾਦੀ ਵਧੇਰੇ ਹੋ ਰਹੀ ਹੈ। ਅਮਰੀਕੀ ਲੋਕਧਾਰਾ ਸ਼ਾਸ਼ਤਰੀ ਰਿਚਰਡ ਡੌਰਸਨ ਨੇ 1950 ਕੁੱਝ ਅਜਿਹੀ ਕਿਤਾਬਾਂ ਦੀ ਪਛਾਣ ਕੀਤੀ ਜਿੰਨ੍ਹਾਂ ਨੂੰ ਅਮਰੀਕਾ ਦੀ ਲੋਕਧਾਰਾ ਦੇ ਨਾਮ 'ਤੇ ਵੇਚਿਆ ਜਾ ਰਿਹਾ ਸੀ, ਜਦਕਿ ਅਸਲ ਵਿੱਚ ਉਨ੍ਹਾਂ ਦਾ ਅਮਰੀਕੀ ਲੋਕਧਾਰਾ ਨਾਲ ਕੋਈ ਵਾਬਾਸਤਾ ਨਹੀਂ ਸੀ। "ਡੌਰਸਨ ਨੇ ਇਸ ਵਰਤਾਰੇ ਬਾਰੇ ਅਮੈਰੀਕਨ ਮਰਕਰੀ' ਨਾਮ ਦੇ ਰਸਾਲੇ ਵਿਚ 'ਫੋਕਲੋਰ ਅਤੇ ਫੇਕਲੋਰ' ਸਿਰਲੇਖ ਅਧੀਨ ਇੱਕ ਲੇਖ ਲਿਖਿਆ। ਉਸ ਵਿੱਚ ਉਸਨੇ ਕਿਹਾ ਕਿ ਜਾਅਲੀ ਲੋਕਧਾਰਾ ਇੱਕ ਅਜਿਹਾ ਸੰਸ਼ਲੇਸ਼ਣਾਤਮਕ ਉਤਪਾਦ ਹੈ ਜੋ ਪ੍ਰਮਾਣਿਕ ਮੌਖਿਕ ਪਰੰਪਰਾ ਹੋਣ ਦਾ ਦਾਅਵਾ ਕਰਦਾ ਹੈ, ਪਰ ਅਸਲ ਵਿਚ ਜਨਤਾ ਦੇ ਵਿਚਾਰਾਂ ਨੂੰ ਸਧਾਉਣ ਲਈ ਘੜਿਆ ਗਿਆ ਹੁੰਦਾ ਹੈ"। (ਡਾ. ਸੁਰਜੀਤ ਸਿੰਘ, 2020) ਪੰਜਾਬ ਦੇ ਸੰਦਰਭ ਵਿੱਚ ਵੀ ਇਹ ਸਪੱਸ਼ਟ ਤੌਰ 'ਤੇ ਦੇਖਣ ਨੂੰ ਮਿਲਦਾ ਹੈ ਕਿਉਂਕਿ ਪੰਜਾਬ ਦੇ ਨੌਜਵਾਨਾਂ/ਲੋਕਾਂ ਨੂੰ ਫ਼ਿਲਮਾਂ ਅਤੇ ਗੀਤਾਂ ਵਿੱਚ ਸੱਭਿਆਚਾਰ, ਵਿਰਾਸਤ ਅਤੇ ਲੋਕਧਾਰਾ ਦੇ ਨਾਮ 'ਤੇ ਜੋ ਕੁਝ ਦਿਖਾਇਆ ਸੁਣਾਇਆ ਰਿਹਾ ਹੈ, ਉਹ ਸਭ ਕੁੱਝ ਅਸਲ ਨਹੀ ਹੈ। ਬਲਕਿ ਵਪਾਰੀਆਂ ਵੱਲੋਂ ਮੁਨਾਫੇ ਦੀ ਦ੍ਰਿਸ਼ਟੀ ਤੋਂ ਤਿਆਰ ਕੀਤੀ ਗਈ ਜਾਅਲੀ ਲੋਕਧਾਰਾ ਹੈ। ਜਿਸ ਨਾਲ ਜਿੱਥੇ ਸੱਭਿਆਚਾਰ, ਵਿਰਾਸਤ ਅਤੇ ਲੋਕਧਾਰਾ ਨੂੰ ਵੱਡੇ ਪੱਧਰ 'ਤੇ ਖੋਰਾ ਲੱਗ ਰਿਹਾ ਹੈ ਉੱਥੇ ਹੀ ਪੰਜਾਬ ਦੀ ਜਵਾਨੀ ਨੂੰ ਮਾਨਸਿਕ ਤੌਰ 'ਤੇ ਕੰਮਜ਼ੋਰ ਕਰਕੇ ਫਿਲਮਾਂ/ਗੀਤਾਂ ਦੀ ਚਕਾਚੌਂਧ ਨਾਲ ਗਲਤ ਰਾਹਾਂ 'ਤੇ ਤੁਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ । ਅਜਿਹੇ ਵਿੱਚ ਲੋੜ ਹੈ

ਕਿ ਪੰਜਾਬ ਦੇ ਅਸਲ ਸੱਭਿਆਚਾਰ, ਲੋਕਧਾਰਾ ਅਤੇ ਵਿਰਾਸਤ ਦੀ ਨੁਮਾਇੰਦਗੀ ਕਰਦੇ ਲੋਕ ਗੀਤਾਂ ਦੀ ਡਿਜ਼ੀਟਾਈਜੇਸ਼ਨ ਕਰਕੇ ਉਨ੍ਹਾਂ ਨੂੰ ਅਸਲ ਰੂਪ ਵਿੱਚ ਲੋਕਾਂ ਦੇ ਸਾਹਮਣੇ ਪੇਸ਼ ਕਰਨ ਦੇ ਨਾਲ-ਨਾਲ ਆਉਣ ਵਾਲੀ ਪੀੜ੍ਹੀ ਲਈ ਸੁਰੱਖਿਅਤ ਕੀਤਾ ਜਾ ਸਕੇ।

੪. **ਚਿਰ ਸਥਾਈ ਸਾਂਭ ਸੰਭਾਲ:** ਇੱਕ ਲੰਮੇ ਅਰਸੇ ਤੋਂ ਲੋਕ ਗੀਤ ਮੌਖਿਕ ਪਰੰਪਰਾ ਰਾਹੀਂ ਹੀ ਪੀੜ੍ਹੀ ਦਰ ਪੀੜ੍ਹੀ ਚਲਦੇ ਰਹੇ ਹਨ। ਪਰੰਤੂ ਸਮੇਂ ਦੀ ਲੋੜ ਅਤੇ ਨਜ਼ਾਕਤ ਨੂੰ ਸਮਝਦਿਆਂ ਲਗਭਗ ਹਰ ਸੱਭਿਆਚਾਰ ਦੇ ਬੁੱਧੀ ਜੀਵੀਆਂ ਨੇ ਮਨੁੱਖ ਜਾਤੀ ਦੇ ਅਮੀਰ ਵਿਰਸੇ ਨੂੰ ਦੀ ਨੁਮਾਇੰਦਗੀ ਕਰਨ ਵਾਲੇ ਲੋਕ ਗੀਤਾਂ ਨੂੰ ਲਿਖਤੀ ਰੂਪ ਵਿੱਚ ਸਾਂਭ ਕੇ ਰੱਖਣ ਦੇ ਉਪਰਾਲੇ ਸ਼ੁਰੂ ਕੀਤੇ। ਪਰੰਤੂ ਕਾਗਜ਼ ਅਤੇ ਸਿਆਹੀ ਦੀ ਆਪਣੀ ਇੱਕ ਮੁਨਿਆਦ ਹੈ, ਜਿੱਥੇ ਇੱਕ ਅਰਸੇ ਬਅਦ ਕਗਾਜ਼ ਬੋਦਾ ਹੋ ਕੇ ਭੁਰਨ ਲੱਗ ਜਾਂਦਾ ਹੈ ਉੱਥੇ ਹੀ ਇਸ ਦਾ ਰੱਖ-ਰਖਾਵ ਅਤੇ ਸਾਂਭ ਸੰਭਾਲ ਕਰਨਾ ਹੀ ਖਰਚੀਲਾ ਕੰਮ ਹੈ। ਪਰੰਤੂ ਅਜੋਕੇ ਦੌਰ ਵਿੱਚ ਤਕਨੀਕੀ ਸਾਧਨਾਂ ਦੀ ਮੱਦਦ ਨਾਲ ਇਨ੍ਹਾਂ ਲੋਕ ਗੀਤਾਂ ਨੂੰ ਇੱਕ ਪੈੱਨ ਡਰਾਈਵ, ਆਰਕਾਈਵ ਅਤੇ ਹੋਰ ਡਿਜ਼ੀਟਲ ਤਰੀਕਿਆਂ ਨਾਲ ਬੜੇ ਹੀ ਸੌਖੇ ਤਰੀਕੇ ਨਾਲ ਸੰਭਾਲ ਕੇ ਰੱਖਿਆਂ ਜਾ ਸਕਦਾ। ਡਿਜ਼ੀਟਲ ਪਲੇਟ ਫਾਰਮ ‘ਤੇ ਪਈ ਫਾਇਲ ਨੂੰ ਬੜੇ ਅਰਾਮ ਨਾਲ ਪੂਰੀ ਦੁਨੀਆਂ ਵਿੱਚ ਕਿਸੇ ਨਾਲ ਵੀ ਕੁੱਝ ਸੈਕਿੰਡਾ ਵਿੱਚ ਹੀ ਸਾਂਝਾ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਲੋਕ ਗੀਤਾਂ ਦੀ ਡਿਜ਼ੀਟਾਈਜ਼ੇਸ਼ਨ ਨਾਲ ਜਿੱਥੇ ਸੌਖੀ ਅਤੇ ਸਸਤੀ ਸਾਂਭ ਸੰਭਾਲ ਸੰਭਵ ਹੈ ਉੱਥੇ ਹੀ ਇਹ ਲਿਖਤੀ ਰੂਪ ਨਾਲੋਂ ਕਿਤੇ ਵੱਧ ਚਿਰ ਸਥਾਈ ਅਤੇ ਟਿਕਾਊ ਹੈ।

5. **ਲੋਕ ਗੀਤਾਂ ਦੀ ਸਿਰਜਕ ਅਤੇ ਲੋਕ ਗੀਤਾਂ ਨਾਲ ਨੇੜਿਓਂ ਜੁੜੀ ਆਖਰੀ ਪੀੜ੍ਹੀ:-** ਜੰਮਣਾ ਤੇ ਮਰਨਾ ਕੁਦਰਤ ਦਾ ਨਿਯਮ ਹੈ, ਕੁਦਰਤ ਦੇ ਇਸ ਸਦੀਵੀ ਨਿਯਮ ਨੂੰ ਧਿਆਨ ਵਿੱਚ ਰੱਖਦਿਆਂ ਜੇਕਰ ਡੂੰਘਾਈ ਨਾਲ ਸੋਚਿਆ ਜਾਵੇ ਤਾਂ ਲੋਕ ਗੀਤਾਂ ਦੀ ਸਿਰਜਣਾ ਕਰਨ ਦੇ ਸਮਰੱਥ ਅਤੇ ਇਨ੍ਹਾਂ ਨਾਲ ਨੇੜਿਓ ਜੁੜੀ ਪੀੜ੍ਹੀ ਕੋਲ ਜੀਵਨ ਦਾ ਬਹੁਤਾ ਸਮਾਂ ਬਾਕੀ ਨਹੀਂ ਹੈ। ਨਵੀਂ ਪੀੜ੍ਹੀ ਕੋਲ ਉਹ ਸਰਮਾਇਆ ਅਤੇ ਸਮਰੱਥਾ ਨਹੀਂ ਹੈ, ਜੋ ਪੁਰਾਣੀ ਪੀੜ੍ਹੀ ਕੋਲ ਮੌਜੂਦ ਹੈ। ਇਸਦਾ ਵੱਡਾ ਕਾਰਨ ਸਮੇਂ ਦੀ ਤਬਦੀਲੀ ਹੈ। ਜੀਵਨ ਦੀਆਂ ਤੰਗੀਆਂ, ਤੁਰਸ਼ੀਆਂ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਉਤਰਾਅ-ਚੜ੍ਹਾਅ ਅਤੇ ਬੰਦਸ਼ਾਂ ਪੁਰਾਣੀ ਪੀੜੀ ਨੇ ਆਪਣੇ ਤਨ ‘ਤੇ ਹੰਢਾਉਂਦਿਆਂ, ਜੋ ਭਾਈਚਾਰਕ ਸਾਂਝ ਮਾਣੀ ਹੈ, ਸ਼ਾਇਦ ਉਹ ਨਵੀਂ ਪੀੜੀ ਦੇ ਹਿੱਸੇ ਕਦੇ ਵੀ ਨਹੀਂ ਆਵੇਗੀ। ਇਸ ਲਈ ਪੁਰਾਣੀ ਪੀੜੀ ਦੇ

ਤਲਖ਼ ਅਤੇ ਖੁਸ਼ਨੁਮਾ ਅਨੁਭਵ ਵਿਚੋਂ ਪੈਦਾ ਹੋਏ ਲੋਕ ਗੀਤਾਂ ਨੂੰ ਜਿੰਨਾਂ ਖ਼ੂਬਸੂਰਤੀ ਨਾਲ ਉਸਦੇ ਸਿਰਜਕ ਬਿਆਨ ਕਰ ਸਕਦੇ ਹਨ, ਉਨ੍ਹਾਂ ਕੋਈ ਹੋਰ ਨਹੀਂ। ਬੜੇ ਅਫਸੋਸ ਨਾਲ ਇਹ ਕਹਿਣਾ ਪੈ ਰਿਹਾ ਹੈ ਕਿ ਸਾਡੇ ਇਨ੍ਹਾਂ ਬਜ਼ੁਰਗਾਂ ਕੋਲ ਹੁਣ ਜ਼ਿੰਦਗੀ ਦਾ ਬਹੁਤਾ ਸਮਾਂ ਬਾਕੀ ਨਹੀਂ ਰਿਹਾ ਹੈ, ਇਸ ਲਈ ਪੰਜਾਬੀ ਸੱਭਿਆਚਾਰ ਦੇ ਇਸ ਬਹੁਮੁੱਲੇ ਸਰਮਾਏ ਨੂੰ ਕੈਮਰੇ ਵਿੱਚ ਜਲਦ ਤੋਂ ਜਲਦ ਰਿਕਾਰਡ ਕਰ ਲੈਣਾ ਚਾਹੀਦਾ ਹੈ, ਕਿਉਂਕਿ ਲੋਕਗੀਤ ਲੋਕ ਜ਼ੁਬਾਨ ਅਤੇ ਲੋਕ ਚੇਤਿਆਂ ਨਾਲ ਜੁੜੇ ਹੁੰਦੇ ਹਨ, ਇਹ ਉਨ੍ਹਾਂ ਦੇ ਇਸ ਦੁਨੀਆਂ ਤੋਂ ਰੁਖ਼ਸਤ ਲੈਂਦਿਆਂ ਹੀ ਸਦਾ ਲਈ ਸਾਡੀ ਪਹੁੰਚ ਤੋਂ ਦੂਰ ਹੋ ਜਾਣਗੇ।

ਇਸ ਪ੍ਰਕਾਰ ਸਮੁੱਚੇ ਤੌਰ ‘ਤੇ ਕਿਹਾ ਜਾ ਸਕਦਾ ਹੈ ਕਿ ਲੋਕ ਗੀਤ ਕਿਸੇ ਵੀ ਸੱਭਿਆਚਾਰ/ਜਾਤੀ ਦਾ ਪੀੜ੍ਹੀਆਂ ਦਾ ਸਮਰਮਾਇਆ ਹੁੰਦਾ ਹੈ, ਜੋ ਕਿਸੇ ਸੱਭਿਆਚਾਰ ਜਾਂ ਜਾਤੀ ਦੇ ਲੋਕਾਂ ਦੇ ਮਨੋਭਾਵਾਂ , ਜਜ਼ਬਾਤਾਂ ਆਦਿ ਦੇ ਪ੍ਰਗਟਾਵੇ ਦੇ ਨਾਲ-ਨਾਲ ਜੀਵਨ ਫਲਸਫੇ ਦੀ ਵੀ ਪ੍ਰਤਿਨਿਧਤਾ ਕਰਦੇ ਹਨ। ਅਜੋਕੇ ਪਦਾਰਥਵਾਦੀ ਦੌਰ ਵਿੱਚ ਮਨੁੱਖ ਆਪਣੇ ਇਸ ਬੇਸ਼ਕੀਮਤੀ ਵਿਰਾਸਤੀ ਸਰਮਾਇ ਤੋਂ ਪੂਰੀ ਤਰ੍ਹਾਂ ਟੁੱਟਦਾ ਜਾ ਰਿਹਾ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਸਾਡੇ ਕੋਲੋਂ ਇਸ ਅਮੀਰ ਵਿਰਾਸਤ ਨਾਲ ਜੁੜੀ ਆਖਰੀ ਪੀੜ੍ਹੀ ਆਉਣ ਵਾਲੇ 10-20 ਸਾਲਾਂ ਵਿੱਚ ਪੂਰੀ ਤਰ੍ਹਾਂ ਇਸ ਜਹਾਨ ਤੋਂ ਰੁਖ਼ਸਤ ਹੋ ਜਾਵੇਗੀ। ਇਸ ਲਈ ਪੰਜਾਬੀ ਸੱਭਿਆਚਾਰ ਦੀ ਅਮੀਰ ਪਰੰਪਰਾ ਲੋਕ ਗੀਤਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿੱਚ ਨਿਭਾਉਣ ਵਾਲੀ ਪੀੜ੍ਹੀ ਦੀਆਂ ਅਵਾਜ਼ਾਂ ਅਤੇ ਅਦਾਵਾਂ ਨੂੰ ਰਿਕਾਰਡ ਕਰਕੇ ਰੱਖਣਾ ਬੇਹੱਦ ਲਾਜ਼ਮੀ ਹੈ।

## ਹਵਾਲੇ

1.ਸੋਹਿੰਦਰ ਸਿੰਘ ਬੇਦੀ. (2018). ਪੰਜਾਬ ਦੀ ਲੋਕਧਾਰਾ. ਦਿੱਲੀ: ਨੈਸ਼ਨਲ ਬੁੱਕ ਟਰੱਸਟ ਇੰਡੀਆ.

2.ਡਾ. ਸੁਰਜੀਤ ਸਿੰਘ. (2020). ਰਿਚਰਡ ਡੌਰਸਨ ਦਾ ਲੋਕਧਾਰਾ ਚਿੰਤਨ. ਡਾ. ਗੁਰਮੀਤ ਸਿੰਘ, & ਡਾ. ਸੁਰਜੀਤ ਸਿੰਘ (ਸੰਪਾ.) ਵਿੱਚ, ਸਭਿਆਚਾਰ ਅਤੇ ਲੋਕਧਾਰਾ ਵਿਸ਼ਵ ਚਿੰਤਨ (ਪੰਨੇ 148-173). ਲੁਧਿਆਣਾ: ਚੇਤਨਾ ਪ੍ਰਕਾਸ਼ਨ ਲੁਧਿਆਣਾ.

3. ਮਹਿੰਦਰ ਸਿੰਘ ਰੰਧਾਵਾ, & ਕੁਲਵੰਤ ਸਿੰਘ ਵਿਰਕ ਤੇ ਨੌਰੰਗ ਸਿੰਘ. (1955). ਪੰਜਾਬ ਦੇ ਲੋਕ-ਗੀਤ. ਲੁਧਿਆਣਾ: ਸਾਹਿਤ ਸੰਗ੍ਰਮ.

ISSN: 2584-0509

# ਲੋਕ-ਕਾਵਿ ਰੂਪ ਸਿੱਠਣੀ ਵਿੱਚ ਹਾਸ਼ੀਆਕ੍ਰਿਤ ਧਿਰਾਂ ਦੇ ਬਿੰਬ ਦੀ ਨਿਰਮਾਣਕਾਰੀ



**ਲਖਵੀਰ ਸਿੰਘ**
ਸਹਾਇਕ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਦੇਸ਼ ਭਗਤ ਕਾਲਜ
ਬਰੜਵਾਲ (ਧੂਰੀ)
Lakhvirsingh66237@gmail.com
+91 94630-53462

ਲੋਕ-ਸਾਹਿਤ ਪੀੜ੍ਹੀ-ਦਰ-ਪੀੜ੍ਹੀ ਲੋਕਮਨ ਨੂੰ ਮੌਖਿਕ ਰੂਪ ਵਿੱਚ ਸੰਚਾਰ ਕਰਦਾ ਹੈ। ਇਹ ਸਾਡੇ ਰਹਿਣ-ਸਹਿਣ, ਰਸਮ-ਰਿਵਾਜ, ਕੰਮ-ਧੰਦੇ, ਪਹਿਰਾਵੇ ਅਤੇ ਲੋਕ-ਵਿਸ਼ਵਾਸਾਂ ਨਾਲ ਓਤ-ਪੋਤ ਹੁੰਦਾ ਹੈ। ਲੋਕ-ਸਾਹਿਤ ਦੇ ਮੁੱਖ ਰੂਪ ਲੋਕ-ਕਾਵਿ, ਲੋਕ-ਕਹਾਣੀਆਂ ਅਤੇ ਲੋਕ-ਸਿਆਣਪਾਂ ਹਨ। ਲੋਕ-ਕਾਵਿ ਵਿੱਚ ਸਿੱਠਣੀਆਂ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਸਿੱਠਣੀ ਪੰਜਾਬੀ ਲੋਕ-ਸਾਹਿਤ ਵਿੱਚ ਵਿਅੰਗ ਭਰਪੂਰ ਲੋਕ-ਕਾਵਿ ਰੂਪ ਹੈ। ਸਿੱਠਣੀਆਂ ਵਿਆਹ ਵਰਗੇ ਖ਼ੁਸ਼ੀ ਦੇ ਮੌਕਿਆਂ ਤੇ ਆਏ ਪ੍ਰਾਹੁਣਿਆਂ ਨਾਲ ਹਾਸਾ ਠੱਠਾ ਕਰਨ ਅਤੇ ਉਨ੍ਹਾਂ ਦੇ ਔਗੁਣਾਂ ਤੋਂ ਪਰਦਾ ਉਠਾਉਣ ਲਈ ਦਿੱਤੀਆਂ ਜਾਂਦੀਆਂ ਹਨ। ਵਿਆਹ ਵੇਲੇ ਨਾਨਕਾ ਮੇਲ ਦੀਆਂ ਔਰਤਾਂ ਪਿੰਡ ਦੇ ਨਜ਼ਦੀਕ ਪਹੁੰਚਦਿਆਂ ਹੀ ਸਿੱਠਣੀਆਂ ਦੇ ਕੇ ਆਪਣੇ ਆਉਣ ਦੀ ਖ਼ਬਰ ਦਿੰਦੀਆਂ ਹਨ। ਵਿਆਹ ਵਾਲ਼ੇ ਘਰ ਪਹੁੰਚਣ ਤੇ ਦਾਦਕਾ ਮੇਲ ਦੀਆਂ ਇਸਤਰੀਆਂ ਨਾਨਕਾ ਮੇਲ ਨੂੰ ਜੁਆਬੀ ਸਿੱਠਣੀਆਂ ਦਿੰਦੀਆਂ ਹਨ। ਇਸ ਤਰ੍ਹਾਂ ਕੁਝ ਚਿਰ ਸ਼ੁਗਲ ਹੁੰਦਾ ਰਹਿੰਦਾ ਹੈ। ਜਿਵੇਂ:-

ਕਿੱਧਰ ਉੱਧਲ ਗਈਆਂ ਵੇ ਲਾੜਿਆ, ਤੇਰੀਆਂ ਦਾਦਕੀਆਂ ?
ਚੂਹੜੇ ਛੱਡ ਚਮਾਰਾਂ ਦੇ ਗਈਆਂ ਵੇ ਲਾੜਿਆ, ਤੇਰੀਆਂ ਦਾਦਕੀਆਂ ?

ਸਿੱਠਣੀਆਂ ਆਹਮੋ-ਸਾਹਮਣੇ ਹਾਜ਼ਰੀ ਵਿੱਚ ਤੱਟ-ਫੱਟ ਸਿਰਜੀਆਂ ਜਾਂਦੀਆਂ ਹਨ। ਕੁੜੀ ਵਾਲ਼ੀ ਧਿਰ ਵਲੋਂ ਜੀਜੇ ਅਤੇ ਬਰਾਤੀਆਂ ਨੂੰ ਨੀਵਾਂ ਝੁਕਾਉਣ ਅਤੇ ਉਨ੍ਹਾਂ ਦੇ ਔਗੁਣਾਂ ਨੂੰ ਜੱਗ-ਜ਼ਾਹਰ ਕਰਨ ਲਈ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਮਨ ਦੀ ਭੜਾਸ ਨੂੰ ਕੱਢਣ ਲਈ ਚੁੱਭਵੇਂ ਮਖੌਲਾਂ ਤੇ ਤਾਹਨਿਆਂ ਮਿਹਣਿਆਂ ਰਾਹੀਂ ਵਿਅੰਗ ਕਸਕੇ ਠਿੱਠ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਸਿੱਠਣੀ ਦਾ ਮੂਲ ਅਰਥ ਹੀ ਠਿੱਠ ਕਰਨਾ ਹੈ। ਡਾ.ਵਣਜਾਰਾ ਬੇਦੀ ਦੇ ਅਨੁਸਾਰ "ਸਿੱਠਣੀ ਦਾ ਸ਼ਾਬਦਿਕ ਅਰਥ ਅਯੋਗ ਵਚਨ ਅਥਵਾ ਭੰਡੀ ਭਰੇ ਬੋਲ ਹਨ। ਸਿੱਠਣੀਆਂ ਵਿਚ ਹਾਸ-ਵਿਅੰਗ ਤੇ ਮਸ਼ਕਰੀ ਦਾ ਰੰਗ ਹੁੰਦਾ ਹੈ ਅਤੇ ਉਨ੍ਹਾਂ ਦੁਆਰਾ ਲਾੜੇ ਦੀ ਕਿਸੇ ਕਮਜ਼ੋਰੀ, ਉਸ ਦੇ ਪਿਉ ਦੇ ਸੂਮਪੁਣੇ ਜਾਂ ਵਰੀ ਵਿਚ ਘੱਟ ਤੇਵਰ ਤੇ ਗਹਿਣੇ ਢੋਣ ਦੀ ਭੰਡੀ ਪਾਈ ਗਾਈ ਹੁੰਦੀ ਹੈ"[1]

ਡਾ. ਨਾਹਰ ਸਿੰਘ ਸਿੱਠਣੀ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ "ਸਿੱਠਣੀ, ਵਿਆਹ ਵੇਲੇ, ਧੀ ਵਾਲੀ ਧਿਰ ਵਲੋਂ ਪੁੱਤ ਵਾਲੀ ਧਿਰ ਨੂੰ ਸਿੱਧਾ ਸੰਬੋਧਤ ਕਾਟਵੇਂ ਵਿਅੰਗ ਅਤੇ ਮਸ਼ਕਰੀ ਭਰਿਆ ਅਜੇਹਾ ਪ੍ਰਕਾਰਜ-ਮੂਲਕ ਗੀਤ-ਰੂਪ ਹੈ ਜਿਸ ਵਿਚ ਆਸਾਧਾਰਨ

ਬਿੰਬ ਸਿਰਜ ਕੇ ਨੈਤਿਕ ਜੀਵਨ ਮੁੱਲਾਂ ਨੂੰ ਅਨੈਤਿਕ ਬਣਾ ਕੇ ਪੁੱਤ ਵਾਲੀ ਧਿਰ ਨਾਲ ਸਬੰਧਤ ਕਰਕੇ ਚੋਟ ਮਾਰੀ ਜਾਂਦੀ ਹੈ ਅਤੇ ਦੂਜੀ ਧਿਰ ਨੂੰ ਨੈਤਿਕ ਪੱਧਰ ਤੇ ਠਿੱਠ ਕਰ ਕੇ ਹੱਸਿਆ ਜਾਂਦਾ ਹੈ। ਇਸ ਕਰਕੇ ਸਿੱਠਣੀ, ਅੰਤਮ ਰੂਪ ਵਿਚ ਭਾਵ-ਵਿਰੇਚਕ ਗੀਤ-ਰੂਪ ਹੈ"[2]

ਇਸ ਤਰ੍ਹਾਂ ਲੋਕਧਾਰਾਈ ਪੱਖ ਤੋਂ ਸਿੱਠਣੀ ਪੰਜਾਬੀ ਲੋਕਮਾਨਸ ਦੀਆਂ ਕਈਂ ਅਣਫਰੋਲੀਆਂ ਪਰਤਾਂ ਨੂੰ ਉਜਾਗਰ ਕਰਦੀ ਹੈ। ਸਿੱਠਣੀਆਂ ਰਾਹੀਂ ਟਿੱਚਰਾਂ ਅਤੇ ਮਸ਼ਕਰੀਆਂ ਕਰਕੇ ਖ਼ੁਸ਼ੀ ਦੇ ਮੌਕੇ ਹਾਸਿਆਂ ਦੇ ਰੰਗ ਭਰੇ ਜਾਂਦੇ ਹਨ ਅਤੇ ਰੌਣਕਾਂ ਨੂੰ ਚਾਰ ਚੰਨ ਲਾਏ ਜਾਂਦੇ ਹਨ। ਵਿਅੰਗਮਈ ਅੰਦਾਜ਼ 'ਚ ਸਰੋਤਿਆਂ ਦਾ ਦਿਲ ਪ੍ਰਚਾਵਾ ਕੀਤਾ ਜਾਂਦਾ ਹੈ। ਇਹ ਮਾਨਸਿਕ ਖ਼ੁਸ਼ੀ ਨਾਲ਼ ਭਰਪੂਰ ਹੁੰਦੀਆਂ ਹਨ ਤੇ ਹਾਸਰਸੀ ਵਾਤਾਵਰਨ ਉਪਜਾਉਂਦੀਆਂ ਹਨ। ਔਰਤਾਂ ਵੱਲੋਂ ਸਿੱਠਣੀਆਂ ਵਿੱਚ ਆਰਥਿਕ ਪੱਖੋਂ ਕਮਜ਼ੋਰੀ, ਸਰੀਰਕ ਬਣਤਰ, ਸ਼ਕਲ-ਸੂਰਤ, ਪਹਿਰਾਵੇ, ਜ਼ਿੰਦਗੀ ਜਿਉਣ ਦੇ ਸਹੀ ਚੱਜ-ਆਚਾਰ ਨਾ ਆਉਣ ਆਦਿ ਨੂੰ ਵਿਅੰਗ ਦੇ ਹਥਿਆਰ ਰਾਹੀਂ ਠਕੋਰਿਆ ਜਾਂਦਾ ਹੈ। ਇਨ੍ਹਾਂ ਦੇ ਬੋਲ ਅਕਸਰ ਚੋਭਵੇਂ ਤੇ ਤਿੱਖੇ ਹੁੰਦੇ ਹਨ। ਇਨ੍ਹਾਂ ਵਿੱਚ ਅਪਣੱਤ ਵੀ ਹੁੰਦੀ ਹੈ ਤੇ ਕਟਾਖਸ਼ ਵੀ। ਸਿੱਠਣੀਆਂ ਰਾਹੀਂ ਇੱਕ ਧਿਰ ਵੱਲੋਂ ਦੂਜੀ ਧਿਰ ਦਾ ਮਖੌਲ ਉਡਾਇਆ ਜਾਂਦਾ ਹੈ ਤੇ ਇੱਕ ਦੂਜੇ ਦੀ ਚੰਗੀ ਖੁੰਭ ਠੱਪੀ ਜਾਂਦੀ ਹੈ। ਸਿੱਠਣੀਆਂ ਸੁਣਨ ਵਿੱਚ ਜਿੰਨੀਆਂ ਹਲਕੀਆਂ-ਫੁਲਕੀਆਂ ਲੱਗਦੀਆਂ ਹਨ ਵਿਚਾਰਧਾਰਾ ਦੇ ਪੱਖੋਂ ਇਹ ਅਤਿ ਗੰਭੀਰ ਮਸਲਿਆਂ ਨੂੰ ਪੇਸ਼ ਕਰਦੀਆਂ ਹਨ।

ਸਿੱਠਣੀ ਨੂੰ ਜੇ ਅਸੀਂ ਵਿਸ਼ਾਲ ਅਰਥਾਂ ਵਿੱਚ ਲਈਏ ਤਾਂ ਇਸਦੀ ਬੁੱਕਲ ਵਿਚ ਟਿੱਚਰ, ਗਾਲ੍ਹ, ਠਿੱਠ, ਮਸ਼ਕਰੀ, ਟਕੋਰ, ਵਿਅੰਗ, ਚੋਟ, ਕਟਾਕਸ਼, ਅਤੇ ਫ਼ਿਟ-ਲਾਹਣਤ ਵਰਗੇ ਸਾਰੇ ਤੱਤ ਸਮਾਏ ਹੋਏ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਠਣੀ ਦੇ ਜਿੱਥੇ ਸ਼ਾਬਦਿਕ ਅਰਥ ਝੂਠੀ ਊਜ ਲਾਹੁਣੀ, ਚੰਗੇ ਭਲੇ ਬੰਦੇ ਨੂੰ ਬਦਮਾਸ਼ ਬਣਾ ਕੇ 'ਧਰ ਦੇਣਾ', ਸੋਹਣੇ ਸੁਨੱਖੇ ਬੰਦੇ ਨੂੰ ਉੱਕਾ ਬੌਰੀਆ, ਕੋਹਜਾ, ਬਦਸੂਰਤ ਬਣਾ ਦੇਣਾ, ਸੁਚੱਜੇ ਨੂੰ ਕੁਚੱਜਾ ਬਣਾ ਦੇਣਾ, ਖਾਂਦੇ ਪੀਂਦੇ ਘਰ ਦੇ ਬੰਦੇ/ਬੰਦਿਆਂ ਨੂੰ ਨੰਗ ਮਲੰਗ, ਭੁੱਖੜ, ਕੰਗਲੇ, ਮੰਗਤੇ ਫਕੀਰ ਬਣਾ ਦੇਣਾ, ਔਰਤ ਨੂੰ ਚਰਿੱਤਰਹੀਣ ਅਤੇ ਬਦਕਾਰ ਬਣਾ ਦੇਣਾ, ਗੁਣੀ ਗਿਆਨੀ ਅਤੇ ਇੱਜ਼ਤ ਆਬਰੂ ਵਾਲੇ ਬੰਦੇ ਨੂੰ ਮੂਰਖਾਂ ਦਾ ਮੂਰਖ ਕਰਾਰ ਦੇ ਕੇ, ਖਿੱਚ ਧੂਹ ਕੇ ਮੰਦੜੇ ਹਾਲ ਕਰ ਦੇਣ ਤੋਂ ਵੀ ਲਏ ਜਾ ਸਕਦੇ ਹਨ। "ਸਿੱਠਣੀ ਵਿਰੋਧੀ

ਧਿਰ ਨੂੰ ਅਤਿ ਦਰਜੇ ਦਾ ਲਿੱਚੜ, ਕੰਜੂਸ, ਕੰਮਚੋਰ, ਨਕਾਰਾ, ਬੇਈਮਾਨ, ਝੂਠਾ, ਮਕਾਰ, ਇਖ਼ਲਾਕ ਪੱਖੋਂ ਗਿਆ ਗੁਜ਼ਰਿਆ, ਮਾਂ ਭੈਣ ਦੀ ਇੱਜ਼ਤ ਬੇਇੱਜ਼ਤੀ ਵੱਲੋਂ ਅਵੇਸਲਾ, ਘਰ ਦੀਆਂ ਔਰਤਾਂ ਦੀ ਇੱਜ਼ਤ ਬਚਾਉਣ ਵਿਚ ਅਸਮਰਥ, ਲੱਲੂ, ਬੱਤਮੀਜ਼, ਅੰਨਪਾੜ, ਵਿਚਾਰਾ, ਭੌਂਦੂ, ਬੌਰੀਆ ਅਤੇ ਤੀਵੀਂ ਦਾ ਪਿੱਛਲੱਗ ਦੱਸਕੇ ਮਾਨਸਿਕ ਤਸੱਲੀ ਦੇਣ ਦੇ ਨਾਲ ਨਾਲ ਅਚੇਤ ਹੀ ਆਪਣੀਆਂ ਦਬੀਆਂ ਹੋਈਆਂ ਕਾਮੁਕ ਰੁਚੀਆਂ ਨੂੰ ਦੱਸਣ ਵਰਗਾ ਕਾਰਜ ਵੀ ਸਿੱਠਣੀ ਰਾਹੀਂ ਪ੍ਰਗਟ ਕਰਦੀ ਹੈ।”[3]

ਪੰਜਾਬੀ ਸਿੱਠਣੀਆਂ ਵਿੱਚ ਜਾਤੀ ਭੇਦ-ਭਾਵ ਅਤੇ ਊਚ-ਨੀਚ ਦੀ ਭਾਵਨਾ ਢੁੱਕਵੇਂ ਰੂਪ ਵਿੱਚ ਸਾਹਮਣੇ ਆਉਂਦੀ ਹੈ। ਜਿਸ ਵਿੱਚ ਇੱਕ ਧਿਰ ਵੱਲੋਂ ਦੂਜੀ ਧਿਰ ਨੂੰ ਦਬਾਉਣ ਤੇ ਦਬਕਾਉਣ ਦਾ ਕਾਰਜ ਕੀਤਾ ਜਾਂਦਾ ਹੈ। ਉੱਚ-ਵਰਗੀ ਵਿਚਾਰਧਾਰਾ ਜਾਂ ਸਮਾਜਿਕ ਦਾਬੇ ਕਾਰਨ ਦਲਿਤ ਵਰਗ ਨੂੰ ਸਦੀਆਂ ਤੋਂ ਲਤਾੜਿਆ ਤੇ ਨਕਾਰਿਆ ਜਾਂਦਾ ਰਿਹਾ ਹੈ। ਇਸ ਵਰਗ ਨੂੰ ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ ਅਤੇ ਮਾਨਸਿਕ ਤੌਰ ’ਤੇ ਨਪੀੜਿਆ ਤੇ ਦੁਰਕਾਰਿਆ ਹੋਣ ਕਰਕੇ ਸਮਾਜ ਵਿੱਚ ਅਜ਼ਾਦੀ ਨਾਲ਼ ਚੱਲਣ ਫਿਰਨ ਅਤੇ ਸਮਾਜਿਕ ਹੱਕਾਂ ਤੋਂ ਵਿਰਵੇ ਰੱਖਿਆ ਗਿਆ ਹੈ। ਜਿਸ ਕਰਕੇ ਇਹ ਦਮਨ ਦਾ ਸ਼ਿਕਾਰ, ਉਤਪੀੜਤ, ਸ਼ੋਸਿਤ ਅਤੇ ਘ੍ਰਿਣਾ ਦਾ ਸ਼ਿਕਾਰ ਹੈ। ਡਾ. ਚਰਨਜੀਤ ਇਸ ਸੰਬੰਧੀ ਲਿਖਦੇ ਹਨ ਕਿ “ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚ ਜਾਤ ਪਾਤ ਅਤੇ ਊਚ-ਨੀਚ ਦਾ ਵਿਤਕਰਾ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਰਿਹਾ ਹੈ। ਸਿੱਠਣੀ ਰਚੈਤਾ ਇਸ ਗੱਲ ਤੋਂ ਪੂਰੀ ਸੁਚੇਤ ਹੈ ਕਿ ਜਿਸ ਤਰ੍ਹਾਂ ਅਸਲ ਜ਼ਿੰਦਗੀ ਵਿਚ ਇਹ ਨੀਵੀਆਂ ਜ਼ਾਤਾਂ ਦੇ ਮਰਦ ਉੱਚੀਆਂ ਜ਼ਾਤਾਂ ਦੀਆਂ ਔਰਤਾਂ ਨਾਲ ਕਿਸੇ ਕਿਸਮ ਦਾ ਰਿਸ਼ਤਾ ਬਣਾਉਣ ਦੀ ਪਹਿਲ ਨਹੀਂ ਸਨ ਕਰ ਸਕਦੇ, ਠੀਕ ਉਸੇ ਤਰ੍ਹਾਂ ਉਸਨੇ ਸਿੱਠਣੀਆਂ ਵਿਚ ਵੀ ਇਸ ਸ਼੍ਰੇਣੀ ਦੇ ਮਰਦਾਂ ਵਲੋਂ ਕਿਧਰੇ ਬਹੁਤੀ ਪਹਿਲ ਹੁੰਦੀ ਨਹੀਂ ਦਰਸਾਈ। ਬਹੁਤ ਘੱਟ ਸਿੱਠਣੀਆਂ ਵਿਚ ਇਹ ਆਦਮੀ ਥੋੜ੍ਹੀ ਬਹੁਤੀ ਹਰਕਤ ਕਰਦੇ ਦਿਖਾਏ ਗਏ ਹਨ ਪਰ ਉਹ ਵੀ ਬਹੁਤ ਹੀ ਦਬਵੀਂ ਸੁਰ ਵਿੱਚ, ਦਬਵੇਂ ਲਹਿਜ਼ੇ ਵਿਚ।”[4]

ਲਾੜੇ ਮਾਂ ਦੇ ਲਾਡਲੇ ਚਾਰ
ਪਿਓ ਦਾ ਇਕ ਕਿ ਵੀ ਨਹੀਂ
ਦੋ ਮਰਾਸੀ ਦੇ
ਦੋ ਗਡਰੀਏ ਦੇ

ਸ਼ਕਲਾਂ ਮਿਲਦੀਆਂ ਬਾਪਾਂ ਨਾਲ਼
ਪਿਓ ਦਾ ਇਕ ਵੀ ਨਹੀਂ
ਮਿਲਦੀਆਂ ਮਰਾਸੀ ਡੂਮਾਂ ਨਾਲ
ਪਿਓ ਦਾ ਇਕ ਵੀ ਨਹੀਂ। [5]

ਜਾਂ

ਲਾੜਿਆ ਬੇ ਬੱਜ ਮਾਰਿਆ ਵੇ
ਤੈਨੂੰ ਗੜੱਪ ਗੜੱਪ ਖਾਣੇ ਦੀ ਪਈ ਵੇ
ਬੇਬੇ ਜੱਧਣੀ ਵੇ ਬੇਬੇ ਬੱਦਣੀ ਵੇ
ਮਰਾਸੀ ਬੁੱਧੇ ਨਾਲ਼ ਉੱਧਲ ਗਈ ਵੇ।[6]

ਸਿੱਠਣੀ ਕਾਵਿ ਰੂਪ ਵਿੱਚ ਮਰਾਸੀ, ਡੂੰਮ, ਨਾਈ ਅਤੇ ਬਾਜ਼ੀਗਰ ਦੀ ਸ਼ਮੂਲੀਅਤ ਵਧਰੇ ਹੈ। ਵਧੇਰੇ ਸਿੱਠਣੀਆਂ ਦੇ ਅੰਤਰਗਤ ਇਹ ਪਾਤਰ ਬਿਲਕੁਲ ਮੌਨ ਹਨ ਤੇ ਕਿਸੇ ਵੀ ਤਰ੍ਹਾਂ ਦੀ ਕਿਰਿਆ ਪ੍ਰਤੀਕਿਰਿਆ ਨਹੀਂ ਕਰਦੇ। ਜਿਸ ਕਰਕੇ ਇਹ ਪਾਤਰ ਹਾਸ਼ੀਆਗਤ ਧਿਰ ਵਜੋਂ ਵਿਚਰਦੇ ਹਨ। ਸਿੱਠਣੀਆਂ ਵਿੱਚ ਉੱਚ ਸ਼੍ਰੇਣੀਆਂ ਦੀਆਂ ਔਰਤਾਂ ਦੇ ਸੰਬੰਧ ਮਰਾਸੀਆਂ, ਨਾਈਆਂ ਡੂੰਮਾਂ ਅਤੇ ਬਾਜ਼ੀਗਰਾਂ ਨਾਲ਼ ਜੋੜ ਕੇ ਉਹਨਾਂ ਨੂੰ ਜ਼ਲੀਲ ਕਰਨ ਦੀ ਪੁਰਜ਼ੋਰ ਕੋਸ਼ਿਸ਼ ਵੀ ਕੀਤੀ ਗਈ ਹੈ। ਇਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜਿਸ ਕਾਲ ਵਿੱਚ ਇਹ ਸਿੱਠਣੀਆਂ ਰਚੀਆਂ ਗਈਆਂ, ਉਸ ਕਾਲ ਵਿੱਚ ਜਾਤ-ਪਾਤ, ਉਚ-ਨੀਚ, ਵਿਤਕਰੇਬਾਜੀ ਅਤੇ ਜਾਤਾਂ ਵਿੱਚਲੇ ਟਕਰਾਓ ਦਾ ਕਿੰਨਾ ਜ਼ਿਆਦਾ ਬੋਲਬਾਲਾ ਰਿਹਾ ਹੋਵੇਗਾ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ “ਪੰਜਾਬ ਵਿਚ ਇਸ ਸਮੇਂ ਬਹੁਤ ਸਾਰੇ ਸਮੂਹ ਹਾਸ਼ੀਏ ਤੇ ਧੱਕੇ ਹੋਏ ਹਨ ਪਰ ਵੱਡਾ ਸਮੂਹ ਸਾਧਨਹੀਣ ਪੇਂਡੂ ਦਲਿਤ ਅਨਪੜ੍ਹ ਸਿਰਫ਼ ਪੰਜਾਬੀ ਜਾਣਦੀ ਔਰਤ ਦਾ ਹੈ। ਇਹ ਸਮੂਹ ਸਾਧਨਹੀਣ ਹੋਣ ਕਰਕੇ ਹੀ ਆਰਥਿਕ ਪੱਖੋਂ ਧੱਕਿਆ ਹੋਇਆ ਹੈ, ਭੂਗੋਲਿਕ ਸਥਿਤੀ ਕਾਰਨ ਵੀ ਘਾਟੇ ਵਿੱਚ ਹੈ ਅਤੇ ਦਲਿਤ ਜਾਤੀ ਵਿੱਚੋਂ ਹੋਣ ਕਰਕੇ ਸਮਾਜਕ ਤੌਰ ਤੇ ਨਪੀੜਿਆ ਹੋਇਆ ਹੈ। ਔਰਤ ਹੋਣ ਕਰਕੇ ਆਪਣੇ ਹੀ ਸਮੂਹ ਦੇ ਅੰਦਰ ਦਬਾਈ ਹੋਈ ਹੈ ਅਤੇ ਅਨਪੜ੍ਹ ਹੋਣ ਕਰਕੇ ਨੌਕਰੀ ਅਤੇ ਚੇਤਨਾ ਦੋਹਾਂ ਤੋਂ ਵਾਂਝੀ ਹੈ। ਇਸ ਔਰਤ ਦੀ ਸਾਹਿਤ ਕਲਾ ਵਿੱਚ ਕੋਈ ਆਵਾਜ਼ ਨਹੀਂ ਹੈ, ਜੇ ਇਸਦੇ ਕਿਤੇ ਸਾਹਿਤ ਜਾਂ ਹੋਰ ਕਲਾ-ਰੂਪਾਂ ਵਿਚ ਪੇਸ਼ਕਾਰੀ ਹੁੰਦੀ ਹੈ ਤਾਂ ਉਹ ਦੂਸਰਿਆਂ ਵੱਲੋਂ ਹੁੰਦੀ ਹੈ ਅਤੇ ਦੂਸਰਿਆਂ ਦਾ

ਮੰਤਵ ਉਸਦਾ ਸੰਕਟ ਹਰਨ ਵਿਚ ਨਹੀਂ ਸਗੋਂ ਉਸਦੇ ਸੰਕਟ ਨੂੰ ਕਲਾ ਵਿਚ ਪੇਸ਼ ਕਰਕੇ ਖੁਦ ਪ੍ਰਵਾਨਗੀ ਬਣਾਉਂਦੀ ਹੈ ਅਤੇ ਕਿਤੇ ਕਿਤੇ ਇਸ ਤੋਂ ਪੈਸਾ ਕਮਾਉਣਾ ਮਕਸਦ ਹੈ"[7]

ਸਿੱਠਣੀਆਂ ਦਾ ਅਧਿਐਨ ਕਰਦਿਆਂ ਇੱਕ ਸ਼ੰਕਾ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਕੀ ਇਨ੍ਹਾਂ ਸਿਠਣੀਆਂ ਦੀਆਂ ਰਚੈਤਾ ਸਿਰਫ਼ ਉੱਚੀ ਜਾਤੀ ਦੀਆਂ ਔਰਤਾਂ ਹੀ ਰਹੀਆਂ ਹੋਣਗੀਆਂ? ਦੂਸਰਾ ਇਹ ਕਿ, ਕੀ ਕਾਰਨ ਰਹੇ ਹੋਣਗੇ ਕਿ ਇਨ੍ਹਾਂ ਸਿੱਠਣੀਆਂ ਰਾਹੀਂ ਸਾਹਮਣੀ ਧਿਰ ਦੀਆਂ ਔਰਤਾਂ ਨੂੰ ਨੀਵੀਂ ਜਾਤੀ ਦੇ ਮਰਦਾਂ ਨਾਲ਼ ਸੰਬੰਧ ਜੋੜਕੇ ਖ਼ਾਨਦਾਨ ਦੀ ਨੱਕ ਨਜੂਮ ਦਾਗੀ ਕਰਦੀਆਂ ਦਿਖਾਇਆ ਗਿਆ ਹੈ। ਕਾਰਨ ਭਾਵੇਂ ਕੁਝ ਵੀ ਰਹੇ ਹੋਣ ਪਰ ਬਹੁਤ ਸਾਰੀਆਂ ਸਿੱਠਣੀਆਂ ਅਜਿਹੀਆਂ ਹਨ, ਜਿਨ੍ਹਾਂ ਵਿੱਚ ਸਾਹਮਣੀ ਧਿਰ ਦੀਆਂ ਔਰਤਾਂ ਖ਼ੁਦ-ਬਖ਼ੁਦ ਮਰਾਸੀਆਂ, ਸੈਂਸੀਆਂ, ਨਾਈਆਂ, ਡੂੰਮਾਂ ਨਾਲ਼ ਰਿਸਤੇ ਜੋੜਦੀਆਂ ਹਨ। ਬਹੁਤੀਆਂ ਸਿੱਠਣੀਆਂ ਵਿੱਚ ਔਰਤ ਵੱਲੋਂ ਪਹਿਲ ਕੀਤੀ ਗਈ ਹੈ। ਔਰਤਾਂ ਹੀ ਮਰਾਸੀਆਂ ਨਾਲ਼ ਉਧਲਦੀਆਂ ਦੱਸੀਆਂ ਗਈਆਂ ਹਨ। ਬਹੁਤ ਥੋੜੀਆਂ ਸਿੱਠਣੀਆਂ ਹਨ, ਜਿਨਾਂ ਵਿੱਚ ਇਨ੍ਹਾਂ ਮਰਦਾਂ ਵੱਲੋਂ ਪਹਿਲ ਕੀਤੀ ਦੱਸੀ ਗਈ ਹੋਵੇ।

ਇਸੇ ਤਰ੍ਹਾਂ ਵਧੇਰੇ ਸਿੱਠਣੀਆਂ ਵਿੱਚ ਉੱਚੀ ਜਾਤ ਦੀਆਂ ਔਰਤਾਂ ਹੀ ਭੱਜਕੇ ਨੀਵੀਂ ਜਾਤੀ ਦੇ ਮਰਦਾਂ ਦੇ ਘਰ ਵੜਦੀਆਂ, ਭੱਜਦੀਆਂ ਅਤੇ ਖੇਹ ਖਾਂਦੀਆਂ ਦਿਖਾਈ ਦਿੰਦੀਆਂ ਹਨ। ਦੂਸਰੇ ਪਾਸੇ ਨੀਵੀਂ ਜਾਤੀ ਦੇ ਮਰਦ ਸਿੱਠਣੀਆਂ ਵਿੱਚ ਹੁੰਗਾਰਾ ਨਹੀਂ ਭਰਦੇ। ਇਸ ਤਰ੍ਹਾਂ ਸਿੱਠਣੀ ਰਚੈਤਾ ਨੇ ਸਾਹਮਣੀ ਧਿਰ ਦੀਆਂ ਔਰਤਾਂ ਨੂੰ ਜਲੀਲ ਕਰਨ ਲਈ ਹੀ ਇਨ੍ਹਾਂ ਨੀਵੀਂ ਜਾਤੀ ਦੇ ਮਰਦਾਂ ਨੂੰ ਧੱਕੇ ਨਾਲ਼ ਭਾਗੀਦਾਰ ਬਣਾਇਆ ਹੈ। "ਸਾਰੇ ਹੀ ਮਰਦ ਪ੍ਰਧਾਨ ਸਮਾਜਾਂ ਵਿੱਚ ਨਾਰੀ ਦੀ ਸਥਿਤੀ ਦੂਜੈਲੀ ਹੀ ਰਹੀ ਹੈ ਪਰ ਪੰਜਾਬੀ ਸਮਾਜ ਵਿੱਚ ਨਾਰੀ ਨੂੰ ਬਹੁਤ ਹੀ ਮਾੜੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਜ਼ਦੂਰ ਵਰਗ ਦੀ ਨਾਰੀ ਨੂੰ ਵੱਖਰੇ ਹੀ ਕਿਸਮ ਦੇ ਸੰਤਾਪ ਵਿੱਚੋਂ ਗੁਜ਼ਰਨਾ ਪੈਂਦਾ ਹੈ ਅਤੇ ਇਹ ਸੰਤਾਪ ਜਨਮ ਸਮੇਂ ਤੋਂ ਲੈ ਕੇ ਮਰਨ ਤੱਕ ਚੱਲਦਾ ਹੈ"[8]

ਸਿੱਠਣੀਆਂ ਵਿੱਚ ਇੱਕ ਹੋਰ ਤੱਥ ਉੱਭਰਕੇ ਸਾਹਮਣੇ ਆਉਂਦਾ ਹੈ ਕਿ ਸਿੱਠਣੀਆਂ ਸਿਰਫ਼ ਉੱਚ ਜਾਤੀ ਦੀਆਂ ਔਰਤਾਂ ਹੀ ਦਿੰਦੀਆਂ ਹਨ ਜਾਂ ਖ਼ੁਦ ਮਰਾਸੀਆਂ ਅਤੇ ਨਾਈਆਂ ਦੀਆਂ ਔਰਤਾਂ ਵੀ ਠੀਕ ਇਸੇ ਤਰ੍ਹਾਂ ਦੀਆਂ ਸਿੱਠਣੀਆਂ ਦਿੰਦੀਆਂ ਹਨ। ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਪੱਛੜੀਆਂ ਸ਼੍ਰੇਣੀਆਂ ਅਤੇ ਦਲਿਤ ਵਰਗ ਦੀਆਂ ਔਰਤਾਂ ਵੀ ਇਹੋ ਜਿਹੀਆਂ ਸਿੱਠਣੀਆਂ ਦਿੰਦੀਆਂ ਹਨ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਅਹਿਸਾਸ ਨਹੀਂ ਹੁੰਦਾ

ਕਿ ਇਨ੍ਹਾਂ ਸਿੱਠਣੀਆਂ ਵਿੱਚ ਉੱਚੀ ਜਾਤ ਦੀਆਂ ਔਰਤਾਂ ਨੂੰ ਉਨ੍ਹਾਂ ਦੀ ਜਾਤ ਦੇ ਮਰਦਾਂ ਨਾਲ਼ ਜੋੜ ਕੇ ਇਨ੍ਹਾਂ ਦੀ ਰਚਨਾ ਕੀਤੀ ਗਈ ਹੈ। ਅੱਜ ਬੇਸ਼ੱਕ ਜ਼ਮਾਨਾ ਬਦਲ ਗਿਆ ਹੈ, ਹੁਣ ਸਮਾਜ ਵਿੱਚ ਜਾਤ-ਪਾਤ ਜਾਂ ਊਚਨੀਚ ਬਹੁਤੀ ਅਹਿਮੀਅਤ ਨਹੀਂ ਰੱਖਦੀਆਂ ਸਗੋਂ ਹੁਣ ਤਾਂ ਅੰਤਰਜਾਤੀ ਵਿਆਹਾਂ ਨੂੰ ਸਮਾਜ ਵੱਲੋਂ ਮਾਨਤਾ ਦਿੱਤੀ ਜਾ ਰਹੀ ਹੈ। ਪਰੰਤੂ ਜਿਸ ਕਾਲ ਵਿੱਚ ਇਨ੍ਹਾਂ ਸਿੱਠਣੀਆਂ ਦੀ ਰਚਨਾ ਹੋਈ ਹੋਵੇਗੀ ਉਸ ਸਮੇਂ ਜਾਤੀ-ਪਾਤੀ ਵਿਤਕਰਾ ਕੁਝ ਵਧੇਰੇ ਰਿਹਾ ਹੋਵੇਗਾ।

ਪੰਜਾਬੀ ਸਿੱਠਣੀਆਂ ਵਿੱਚ ਲਾੜੇ ਦੀ ਮਾਂ ਦੇ ਪਿਛੋਕੜ ਨੂੰ ਨਿਮਨ ਜਾਤੀਆਂ ਨਾਲ਼ ਸੰਬੰਧਿਤ ਦੱਸ ਕੇ ਵਧੇਰੇ ਸਿੱਠਣੀਆਂ ਰਚੀਆਂ ਗਈਆਂ ਹਨ। ਉਂਝ ਤਾਂ ਸਾਰਾ ਹੀ ਲੋਕ ਸਾਹਿਤ ਸਾਡੇ ਸਮਕਾਲੀ ਜੀਵਨ ਦੀਆਂ ਅੰਦਰਲੀਆਂ ਪਰਤਾਂ ਉੱਤੇ ਝਾਤ ਪੁਆਉਂਦਾ ਹੈ ਪਰ ਸਿੱਠਣੀ ਗੀਤ ਰੂਪ ਸਾਡੇ ਸਮਾਜਿਕ ਵਰਤਾਰੇ ਦੀਆਂ ਬਹੁਤ ਅੰਦਰਲੀਆਂ ਪਰਤਾਂ ਨੂੰ ਬੜੀ ਬਾਰੀਕੀ ਅਤੇ ਵਿਸਥਾਰ ਨਾਲ਼ ਬਿਆਨ ਕਰਦਾ ਹੈ।

ਲਾੜਿਆ ਬੇਬੇ ਨੇ ਕਰਿਆ ਮੋਚੀ
ਵੇ ਉਹਨੇ ਦੂਰ ਦੀ ਸੋਚੀ
ਧੌੜੀ ਦੀਆਂ ਜੁੱਤੀਆਂ ਦਊਗਾ ਬਣਾਕੇ
ਲਾੜਿਆ ਬੇਬੇ ਨੇ ਕਰਿਆ ਨਾਈ
ਵੇ ਉਹਨੇ ਸਮਝਦਾਰੀ ਦਖਾਈ
ਨਾਈ ਲੋਰੀ ਦਊ ਗੋਦੀ ਬਠਾਕੇ[9]

ਪੰਜਾਬੀ ਸਭਿਆਚਾਰ ਵਿੱਚ ਜ਼ਮੀਨ ਦੀ ਥੁੜ ਕਰਕੇ ਸਾਰੇ ਭਾਈਆਂ ਵਿੱਚੋਂ ਇੱਕਾ-ਦੁੱਕਾ ਹੀ ਵਿਆਹੇ ਜਾਂਦੇ ਸਨ, ਬਾਕੀ ਛੜੇ ਰਹਿ ਜਾਂਦੇ ਸਨ। ਅਕਸਰ ਵਿਆਹੇ ਭਾਈ ਦੀ ਵਸਦੀ ਰਸਦੀ ਗ੍ਰਹਿਸਥੀ ਨੂੰ ਦੇਖ ਕੇ ਇਨ੍ਹਾਂ ਛੜਿਆਂ ਦੇ ਮਨ ਵਿੱਚ ਵੀ ਵਿਆਹ ਕਰਾਉਣ ਦੀ ਰੀਝ ਆਉਂਦੀ ਹੁੰਦੀ ਸੀ ਪਰ ਹੁਣ ਵਕਤ ਲੰਘ ਜਾਣ ਸਦਕਾ ਇਨ੍ਹਾਂ ਨੂੰ ਸਿਹਰੇ ਬੰਨ੍ਹ ਕੇ ਢੁੱਕਣ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੁੰਦਾ ਤੇ ਇਹ ਲੋਕ ਹਾਰ ਕੇ ਕਰੇਵਾ ਕਰਵਾ ਲੈਂਦੇ ਸਨ, ਕੋਈ ਪੂਰਬਣੀ ਲੈ ਆਉਂਦੇ ਸਨ ਜਾਂ ਕੋਈ ਮੁੱਲ ਦੀ ਤੀਵੀਂ। ਅਜਿਹੇ ਮੌਕੇ ’ਤੇ ਸ਼ਰਤਾਂ ਪੂਰੀਆਂ ਨਹੀਂ ਸਨ ਹੁੰਦੀਆਂ, ਕਹਿਣ ਦਾ ਮਤਲਬ ਇਹ ਕਿ ਫੇਰ ਜਾਤ-ਪਾਤ ਨਹੀਂ ਸੀ ਦੇਖੀ ਜਾਂਦੀ। ਇਨ੍ਹਾਂ ਛੜਿਆਂ ਨੂੰ ਤੀਵੀਂ ਦੀ ਜਰੂਰਤ ਹੁੰਦੀ ਸੀ ਤੇ ਕਿਸੇ ਗਰੀਬ ਅਤੇ ਛੋਟੀ

ਜਾਤ ਵਾਲੇ ਨੂੰ ਗਰੀਬੀ ਦੀ ਮਾਰ ਝੱਲਦਿਆਂ ਪੈਸੇ ਦੀ ਜਰੂਰਤ ਹੁੰਦੀ ਸੀ। ਦੋਹਾਂ ਦਾ ਕੰਮ ਸਰ ਜਾਂਦਾ ਸੀ। ਇੱਥੇ ਇਹ ਕਹਾਵਤ ਬੜੀ ਢੁੱਕਦੀ ਹੁੰਦੀ ਸੀ।

ਥੋਡੀ ਤੂੜੀ ਗਲ਼ਦੀ ਸੀ ਤੇ ਸਾਡੀ ਮੈਸ੍ਹ ਭੁੱਖੀ ਮਰਦੀ ਸੀ[10]

ਇਹ ਛੜੇ ਕਿਸੇ ਨੀਵੀਂ ਜਾਤ ਦੀ ਧੀ ਵਿਆਹ ਲਿਆਉਂਦੇ ਸਨ ਪਰ ਉਨ੍ਹਾਂ ਸਮਿਆਂ ਵਿੱਚ ਇਹ ਜਾਤੋਂ ਬਾਹਰਾ ਰਿਸ਼ਤਾ ਸਾਰੀ ਉਮਰ ਲਈ ਮਿਹਣੇ ਅਤੇ ਨਮੋਸ਼ੀ ਦਾ ਕਾਰਨ ਬਣਿਆ ਰਹਿੰਦਾ ਸੀ। ਬੰਦਾ ਇੱਕ ਤਰ੍ਹਾਂ ਦੇ ਅਪਰਾਧ-ਬੋਧ ਜਿਹੇ ਦੀ ਹਾਲਤ ਵਿੱਚ ਜ਼ਿੰਦਗੀ ਬਤੀਤ ਕਰਦਾ ਸੀ। ਦੂਸਰੇ ਪਾਸੇ ਦਲਿਤ ਔਰਤ ਸਮਾਜਿਕ, ਆਰਥਿਕ ਅਤੇ ਸਭਿਆਚਾਰਿਕ ਪੱਖ ਤੋਂ ਲਿਤਾੜੀ ਹੋਣ ਕਰਕੇ ਅਨਜੋੜ ਵਿਆਹ ਦੀ ਭੇਟ ਚੜ੍ਹ ਜਾਂਦੀ ਸੀ। ਇਸ ਤਰ੍ਹਾਂ ਦਲਿਤ ਔਰਤਾਂ ਦੀ ਸਥਿਤੀ ਬਦ-ਤੋਂ ਬਦਤਰ ਹੋ ਜਾਂਦੀ ਸੀ। ਭਾਰਤੀ ਸਮਾਜ ਵਿੱਚ ਜਾਤੀ ਆਧਾਰਿਤ ਸੰਰਚਨਾ ਵਿੱਚ ਦਲਿਤ ਮਰਦ ਜਿੱਥੇ ਦਲਿਤ ਹੋਣ ਦੇ ਨਾਤੇ ਵਿਤਕਰਾ ਕਈ ਪੱਧਰਾ 'ਤੇ ਸਹਿੰਦਾ ਹੈ ਉੱਥੇ ਦਲਿਤ ਔਰਤ ਦੇ ਉਤਪੀੜਨ ਅਤੇ ਸ਼ੋਸ਼ਣ ਦਾ ਪੱਧਰ ਉਸ ਤੋਂ ਵੀ ਕਈ ਗੁਣਾ ਜ਼ਿਆਦਾ ਹੈ। ਭਾਰਤੀ ਸਮਾਜ ਦੇ ਇਤਿਹਾਸਿਕ ਕ੍ਰਮ ਵਿੱਚ ਹਾਸ਼ੀਆਗਤ ਸਮੂਹਾਂ ਵਿੱਚੋਂ ਦਲਿਤ ਔਰਤ ਸਾਰਿਆਂ ਨਾਲੋਂ ਵੱਧ ਉਤਪੀੜਤ, ਨਪੀੜੀ, ਦਰੜੀ, ਸ਼ੋਸ਼ਿਤ ਅਤੇ ਦਬਾਈ ਗਈ ਧਿਰ ਹੈ। ਦਲਿਤ ਔਰਤ ਪ੍ਰਾਚੀਨ ਕਾਲ ਤੋਂ ਵਰਤਮਾਨ ਸਮੇਂ ਤੱਕ ਅਜਿਹੇ ਸਮੂਹ ਵਜੋਂ ਵਿਦਮਾਨ ਰਹਿੰਦੀ ਹੈ ਜਿਸਦਾ ਹਰ ਤਰ੍ਹਾਂ ਦਾ ਸ਼ੋਸ਼ਣ ਹਰ ਇੱਕ ਵਰਗ (ਉਹ ਭਾਂਵੇਂ ਉੱਚਾ ਹੋਵੇ ਜਾਂ ਨੀਵਾਂ ਹੋਵੇ) ਕਰਦਾ ਰਿਹਾ ਹੈ। ਭਾਰਤ ਵਿੱਚ ਦਲਿਤ ਔਰਤ ਨਾਲ ਵਿਤਕਰਾ ਅਤੇ ਭੇਦਭਾਵ ਸਿਰਫ ਔਰਤ ਹੋਣ ਨਾ ਤੇ ਹੀ ਨਹੀਂ ਹੁੰਦਾ ਸਗੋਂ ਇਸ ਨਾਲ ਜਾਤ, ਸੰਸਥਾਗਤ, ਧਰਮ, ਆਰਥਿਕ ਅਤੇ ਹੋਰ ਕਈ ਕਾਰਨਾਂ ਕਰਕੇ ਵੀ ਵਿਤਕਰਾ ਅਤੇ ਭੇਦਭਾਵ ਹੁੰਦਾ ਹੈ। ਵਿਸ਼ਵ ਅਤੇ ਭਾਰਤ ਪੱਧਰ 'ਤੇ ਮਰਦ ਅਤੇ ਔਰਤ ਲਈ ਜਿਹੜੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ ਉਨ੍ਹਾਂ ਵਿੱਚ ਦਲਿਤ ਔਰਤ ਦੀ ਹੋਂਦ ਅਤੇ ਸਥਿਤੀ ਕਿਤੇ ਵੀ ਨਜ਼ਰ ਨਹੀਂ ਆਉਂਦੀ। ਭਾਰਤ ਵਿੱਚ ਦਲਿਤ ਔਰਤ ਦੇ ਮਨੁੱਖੀ ਅਧਿਕਾਰਾਂ ਉੱਪਰ ਉਸ ਦੇ ਔਰਤ ਹੋਣ, ਜਾਤੀ, ਧਰਮ, ਸੰਸਥਾ ਅਤੇ ਗਰੀਬੀ ਭਾਰੂ ਪੈ ਜਾਂਦੇ ਹਨ ਅਤੇ ਜਨਤਕ ਥਾਵਾਂ ਉੱਪਰ ਸ਼ਰੇਆਮ ਬੇਇੱਜ਼ਤੀ, ਬਲਾਤਕਾਰ ਤੇ ਕਤਲ, ਨੰਗੇ ਜਲੂਸ, ਮਾਰਕੁੱਟ, ਜਾਤੀ ਛੇਕਣ, ਅੱਗ ਨਾਲ ਦਾਗਣਾ, ਜੀਭ/ਨਹੁੰ ਕੱਢਣੇ, ਅਸ਼ਲੀਲ ਅਤੇ ਵਰਜਿਤ ਸ਼ਬਦਾਵਲੀ ਅਤੇ ਨਾਵਾਂ ਨਾਲ ਸੰਬੋਧਿਤ ਜਿਹੇ ਅਨੁਭਵ ਉਸਦੇ ਹਿੱਸੇ ਆਉਂਦੇ ਹਨ। ਹਰ ਪ੍ਰਕਾਰ ਦੀ ਹਿੰਸਾ ਦਲਿਤ

ਔਰਤ ਲਈ ਸਦੀਆਂ ਤੋਂ ਰਾਖਵੀ ਹੈ। ਡਾ. ਅੰਬੇਡਕਰ ਭਾਰਤੀ ਸਮਾਜ ਨੂੰ ਪਰਿਭਾਸ਼ਿਤ ਕਰਦੇ ਹੋਏ ਦਲਿਤ ਔਰਤ ਦੀ ਸਥਿਤੀ ਨੂੰ ਬਿਆਨ ਕਰਦੇ ਹਨ ਕਿ "ਭਾਰਤੀ ਸਮਾਜ ਵਿਚਲਾ ਜਾਤੀ ਸਿਸਟਮ ਇੱਕ ਮਿੱਟੀ ਦੇ ਬਰਤਨਾਂ ਦੇ ਬਣੇ ਪਿਰਾਮਿਡ ਵਾਂਗ ਹੈ ਜਿਸ ਵਿਚ ਵੱਖ ਵੱਖ ਭਾਗ ਇੱਕ ਦੂਜੇ ਤੋਂ ਉੱਪਰ ਇਸ ਤਰ੍ਹਾਂ ਟਿਕੇ ਹੋਏ ਹਨ ਕਿ ਉਹ ਆਪਣੀ ਥਾਂ ਤੋਂ ਉੱਪਰ-ਹੇਠਾਂ ਨਹੀਂ ਹੋ ਸਕਦੇ। ਨਾ ਸਿਰਫ ਬ੍ਰਾਹਮਣ ਤੇ ਖੱਤਰੀ ਉੱਪਰ ਹਨ ਅਤੇ ਸ਼ੂਦਰ ਨੀਵੇਂ ਹਨ, ਬਲਕਿ ਹਰ ਇੱਕ ਭਾਗ ਵਿੱਚ ਮਰਦ ਉੱਪਰ ਹਨ ਔਰਤ ਆਪਣੀ ਜਾਤੀ ਵਿੱਚ ਹੇਠਾਂ-ਵਾਧੂ ਅਤੇ ਕੁਚਲੇ ਸਮਾਨ ਵਾਂਗ ਹੈ। ਇਸ ਪ੍ਰਕਾਰ ਸਾਰਿਆਂ ਨਾਲੋਂ ਹੇਠਾਂ ਦਲਿਤ ਅਤੇ ਉਸ ਤੋਂ ਵੀ ਹੇਠਾਂ ਦਬਾਈ ਹੋਈ ਦਲਿਤ ਔਰਤ ਹੈ"[11] ਪੰਜਾਬੀ ਸਿੱਠਣੀਆਂ ਜਿੱਥੇ ਪੱਖਪਾਤੀ/ਨਾਂਹਮੁਖੀ ਵਿਚਾਰਧਾਰਾ ਅੰਤਰਗਤ ਦਲਿਤ ਔਰਤ ਦੇ ਅਕਸ ਨੂੰ ਵਿਕਰਿਤ ਰੂਪ ਵਿੱਚ ਸਾਕਾਰ ਕਰਦੀਆਂ ਹਨ ਉੱਥੇ ਸਿੱਧੇ ਤੌਰ 'ਤੇ ਦੂਜੀ ਧਿਰ ਦਾ ਸਮਾਜਿਕ ਤੇ ਮਾਨਸਿਕ ਸ਼ੋਸ਼ਣ ਕਰਨ ਦਾ ਸਾਧਨ ਵੀ ਬਣਦੀਆਂ ਹਨ। ਉੱਚ ਵਰਗ ਆਪਣੇ ਨਿੱਜੀ ਹਿਤਾਂ ਨੂੰ ਪੂਰਨ ਦੇ ਸੰਦਰਭ ਵਿੱਚ ਨਿਮਨ ਵਰਗ ਨੂੰ ਨਿਰੰਤਰ ਦਬਾਉਣ ਤੇ ਦਬਕਾਉਣ ਲਈ ਝੂਠੀ ਚੇਤਨਾ ਦੇ ਪਾਸਾਰ ਲਈ ਸਿੱਠਣੀਆਂ ਦੀ ਸਿਰਜਨਾ ਕਰਦਾ ਹੈ ਜਿਹੜੀਆਂ ਕਿ ਲੋਕਮਨ ਵਿੱਚ ਸਹਿਜੇ ਹੀ ਪ੍ਰਸਾਰਿਤ ਤੇ ਪ੍ਰਚਲਿਤ ਹੋ ਜਾਂਦੀਆਂ ਹਨ। ਇਹਨਾਂ ਜ਼ਰੀਏ ਦੱਬੀਆਂ ਜਾਤਾਂ ਦੀ ਮਾਨਸਿਕਤਾ ਨੂੰ ਸਦਾ ਲਈ ਆਪਣੇ ਕਲਾਵੇ ਵਿੱਚ ਲੈ ਲਿਆ ਜਾਂਦਾ ਹੈ ਤੇ ਉਹਨਾਂ ਨੂੰ ਖੁੱਲ੍ਹ ਕੇ ਜਿਉਣ ਦੇ ਹੱਕਾਂ ਤੋਂ ਵਿਰਵੇ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਬੱਚਿਆਂ ਦੇ ਰਿਸ਼ਤਿਆਂ ਵੇਲੇ ਚਾਰ ਗੋਤ ਮਿਲਾਉਣ ਸਮੇਂ ਇਹ ਗੱਲ ਬਹੁਤੀ ਆੜੇ ਆਉਂਦੀ ਸੀ। ਉਸ ਵੇਲੇ ਕਰੇਵੇ ਦਾ, ਤੀਵੀਂ ਦੇ ਪਿਛੋਕੜ ਦਾ ਜਾਂ ਮੁੱਲ ਦੀ ਤੀਵੀਂ ਦਾ ਮਾਮਲਾ ਬਹੁਤ ਉੱਛਲਦਾ ਸੀ। ਇਹ ਗੱਲ ਖਾਨਦਾਨ ਉੱਤੇ ਬੱਜ ਸਮਝੀ ਜਾਂਦੀ ਸੀ। ਇਹ ਬੱਜ ਅਕਸਰ ਬੱਚਿਆਂ ਦੇ ਰਿਸ਼ਤੇ ਹੋਣ ਵਿੱਚ ਅੜਿੱਕਾ ਬਣਦਾ ਸੀ ਤੇ ਸਮਾਜਿਕ ਉਪਹਾਸ ਦਾ ਕਾਰਨ ਵੀ ਬਣਦਾ ਸੀ। ਸਮਾਜ ਵਿੱਚ ਚਰਚਾ ਦਾ ਵਿਸ਼ਾ ਵੀ ਬਣਦਾ ਸੀ। ਇਹ ਚਰਚਾ ਅਤੇ ਗੁੱਝੇ ਤਾਅਨੇ ਸਿੱਠਣੀਆਂ ਵਿੱਚ ਬਿਲਕੁਲ ਸਿੱਧੇ ਸਪਾਟ, ਬਿਨਾਂ ਕਿਸੇ ਲੁੱਕ-ਲਪੇਟ ਦੇ ਵਰਣਨ ਕੀਤੇ ਗਏ ਹਨ—

ਪੱਗ ਤਾਂ ਲਿਆਇਆ ਜੀਜਾ ਮਾਂਗਮੀ
ਵੇ ਤੂੰ ਝਾਲ ਫਰਾ ਕੇ ਪਾਏ ਗਹਿਣੇ
ਮਾਂ ਦਾ ਪਿਛੋਕਾ ਗਾਡਰੀਆਂ ਦਾ

ਤੇਰੇ ਨਾਨਕਿਆਂ ਦੇ ਕੀ ਕਹਿਣੇ[12]

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਸਿੱਠਣੀਆਂ ਵਿੱਚ ਨਾਈ ਮਰਾਸੀ ਬਿਲਕੁਲ ਮੌਨ ਹਨ, ਬਸ ਕਾਰੇ ਸਾਹਮਣੀ ਧਿਰ ਦੀਆਂ ਔਰਤਾਂ ਹੀ ਕਰਦੀਆਂ ਹਨ। ਪਹਿਲ ਵੀ ਉਹੀ ਕਰਦੀਆਂ ਹਨ ਤੇ ਦੂਜ ਵੀ ਉਹੀ ਕਰਦੀਆਂ ਹਨ। ਨਿਮਨ ਲਿਖਤ ਸਿੱਠਣੀ ਵਿੱਚ ਲਾੜੇ ਅੰਮਾਂ ਹੀ ਨਾਈ ਨੂੰ 'ਕਰਦੀ' ਹੈ ਨਾਈ ਵਿਚਾਰੇ ਦਾ ਤਾਂ ਜਿਵੇਂ ਰੋਲ ਹੀ ਕੋਈ ਨਹੀਂ

ਲਾੜੇ ਅੰਮਾਂ ਨੇ ਪਹਿਲਾਂ ਨਾਈ ਕਰਿਆ
ਨਾਈ ਤੋਂ ਪਿੱਛੋਂ ਡੇਰੇ ਦਾ ਭਾਈ ਕਰਿਆ
ਤੀਜਾ ਲਏ ਲਾੜੇ ਬਾਪੂ ਨਾਲ ਫੇਰੇ
ਪਹਿਲਾ ਮੁੰਡਾ ਜੰਮਿਆ ਨਾਈ ਦਾ
ਦੂਜਾ ਜੰਮਿਆ ਡੇਰੇ ਦੇ ਭਾਈ ਦਾ
ਲਾੜੇ ਬਾਪੂ ਨੂੰ ਕਹਿੰਦੀ ਸਾਰੇ ਤੇਰੇ
ਲਾੜੇ ਬਾਪੂ ਨੇ ਪੰਚ ਸਦਾਏ ਸਰਪੰਚ ਬੁਲਾਏ
ਕਹਿੰਦੇ ਪੰਚੋ ਮੇਰੇ ਕਰਿਓ ਨਬੇੜੇ
ਪਹਿਲਾ ਮੁੰਡਾ ਪੰਚਾਂ ਨਾਈ ਨੂੰ ਦਿੱਤਾ
ਦੂਜਾ ਡੇਰੇ ਦੇ ਭਾਈ ਨੂੰ ਦਿੱਤਾ
ਕਹਿੰਦੇ ਬਚੇ ਖੁਚੇ ਹੁਣ ਸਾਰੇ ਤੇਰੇ[13]

ਇਸ ਸਿੱਠਣੀ ਵਿੱਚ ਨਾਈ ਜਾਂ ਡੇਰੇ ਦੇ ਭਾਈ ਵੱਲੋਂ ਪਹਿਲ ਨਹੀਂ ਹੋਈ ਸਗੋਂ ਲਾੜੇ ਅੰਮਾਂ ਦੇ ਹੀ ਇਹ 'ਕਰੇ' ਹਨ। ਇਹ ਵੱਖਰੀ ਗੱਲ ਹੈ ਕਿ ਡਿਕਟੇਟਰ ਸਿੱਠਣੀਕਾਰਾ ਨੇ ਇਨਸਾਫ ਆਪਣੀ ਮਨਪਸੰਦ ਦਾ ਕਰਵਾਇਆ ਹੈ। ਇਸੇ ਤਰ੍ਹਾਂ ਦੀ ਸਿੱਠਣੀਆਂ ਵਿੱਚ ਮਰਦਾਂ ਵੱਲੋਂ ਕੋਈ ਹੀਲ-ਹੁੱਜਤ ਨਹੀਂ ਕੀਤੀ ਗਈ, ਬੱਸ ਗੁਨਾਹਗਾਰ-ਕਸੂਰਵਾਰ ਸਿਰਫ ਸਾਹਮਣੀ ਧਿਰ ਦੀ ਔਰਤ ਹੀ ਹੈ।

ਜਲ ਮੁਰਗੀ ਨੀ ਭੈਣੋ ਜਲ ਮੁਰਗੀ
ਕੁੜਮਾ ਜੋਰੋ ਪਾ ਕੇ ਘੱਗਰੀ
ਪਿੰਡ ਦੇ ਮਰਾਸੀ ਨਾਲ਼ ਤੁਰ 'ਗੀ[14]

ਇੱਥੇ ਮਰਾਸੀ ਭਾਵ ਦਲਿਤ ਵਿਅਕਤੀ ਵੱਲੋਂ ਨਾ ਕੋਈ ਪਹਿਲ ਹੁੰਦੀ ਹੈ ਨਾ ਕੋਈ ਕਿਰਿਆ ਪ੍ਰਤੀਕਿਰਿਆ। ਇਹ ਗੱਲ ਇਸ ਤੱਥ ਦੀ ਗਵਾਹੀ ਭਰਦੀ ਹੈ ਕਿ ਉਸ ਸਮੇਂ ਜਾਤ-ਪਾਤ

ਦਾ ਵਿਤਕਰਾ ਲੋਕ ਮਾਨਸ ਉੱਤੇ ਕਿੰਨਾ ਜ਼ਿਆਦਾ ਪ੍ਰਭਾਵ ਪਾਉਂਦਾ ਸੀ ਤੇ ਨੀਵੀਂ ਜਾਤ ਦੇ ਮਰਦਾਂ ਵੱਲੋਂ ਉੱਚੀ ਜਾਤ ਦੀਆਂ ਔਰਤਾਂ ਅੱਗੇ ਕਿਸੇ ਕਿਸਮ ਦੀ ਪਹਿਲ ਦਾ ਸਵਾਲ ਹੀ ਨਹੀਂ ਸੀ ਉੱਠਦਾ। ਰਵਿੰਦਰ ਕੁਮਾਰ ਦੇ ਅਨੁਸਾਰ "ਮਨੁੱਖੀ ਸ਼ੋਸ਼ਣ ਦੇ ਲਈ ਇਹ ਜਾਤੀ ਵਰਤਾਰਾ ਸੰਸਥਾਗਤ ਰੂਪ ਇਕ ਪਰਪੱਕ ਅਤੇ ਅਟਲ-ਅਬਦਲ ਹੈ। ਇਹ ਵੰਚਿਤ ਲੋਕਾਂ ਨੂੰ ਅਜਿਹੇ ਹੀਣੇ, ਨਿਮਨ ਦਰਜੇ ਦਾ ਬਣਾ ਕੇ ਉਸ ਵਿੱਚੋਂ ਮਨੁੱਖੀ ਗੌਰਵ, ਸਵੈ-ਸਨਮਾਨ ਖਤਮ ਕਰ ਦਿੰਦਾ ਹੈ ਤੇ ਉਹਨਾਂ ਨੂੰ ਹਾਸ਼ੀਆਕ੍ਰਿਤ ਪ੍ਰਾਣੀਆਂ ਵਿਚ ਬਦਲ ਦਿੰਦਾ ਹੈ। ਇਹ ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ ਨਾਲ ਸਮਾਜਿਕ, ਸਭਿਆਚਾਰਕ, ਧਾਰਮਿਕ, ਮਾਨਸਿਕ, ਰਾਜਨੀਤਕ ਅਤੇ ਜਾਤੀ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ"[15] ਇਸ ਤਰ੍ਹਾਂ ਇਹ ਸਦੀਆਂ ਤੋਂ ਪੈਦਾਵਾਰੀ ਸਾਧਨਾਂ, ਸਮਾਜਿਕ ਰੁਤਬੇ, ਸਭਿਆਚਾਰਿਕ ਗੌਰਵ, ਧਾਰਮਿਕ ਆਧਾਰਾਂ, ਰਾਜਨੀਤਿਕ ਅਧਿਕਾਰਾਂ ਅਤੇ ਕਲਾਵਾਂ ਤੋਂ ਵਿਛੁੰਨਿਆ ਵਰਗ ਹੈ। ਭਾਰਤੀ ਦਲਿਤ ਵਰਗ ਦੀ ਵਿਭਿੰਨ ਸਭਿਆਚਾਰਾਂ ਅਤੇ ਸਮਾਜੀ-ਆਰਥਿਕ ਬਣਤਰਾਂ ਤੋਂ ਇਹ ਗੁਣਾਤਮਕ ਰੂਪ ਵਿਚ ਭਿੰਨਤਾ ਹੈ ਕਿ ਇਨ੍ਹਾਂ ਕੋਲ ਤਾਂ ਸਦੀਆਂ ਭਰ ਮਨੁੱਖ ਹੋਣ ਦਾ ਰੁਤਬਾ ਵੀ ਨਹੀਂ ਰਿਹਾ। ਇਸ ਤਰ੍ਹਾਂ ਦਲਿਤ ਵਰਗ ਅਧਿਕਾਰਾਂ ਤੋਂ ਵਿਛੁੰਨਿਆ ਹਮੇਸ਼ਾ ਹਾਸ਼ੀਆਕ੍ਰਿਤ ਅਤੇ ਦਾਬੇ ਦਾ ਸ਼ਿਕਾਰ ਰਿਹਾ ਹੈ। ਵਿਗਿਆਨਿਕ ਦੌਰ ਵਿੱਚ ਇਹ ਵਰਤਾਰਾ ਖ਼ਤਮ ਹੋਣ ਦੀ ਥਾਂ ਲੁਕਵੇਂ ਰੂਪ ਵਿਚ ਹੋਰ ਵੀ ਘਿਨਾਉਣੇ ਰੂਪ ਵਿੱਚ ਰੂਪਾਂਤਰਿਤ ਹੋ ਗਿਆ ਹੈ। ਇਹੀ ਤੱਥ ਸਿੱਠਣੀ ਰਚੈਤਾ ਦੀ ਮਾਨਸਿਕਤਾ ਵਿੱਚੋਂ ਸਾਫ਼ ਝਲਕਦਾ ਨਜ਼ਰ ਆਉਂਦਾ ਹੈ।

ਭਲਾ ਜੀ ਚਰਖੇ ਦੀ ਟੁੱਟ ਗਈ ਮਾਹਲ
ਭਲਾ ਜੀ ਲਾੜੇ ਅੰਮਾਂ ਦੀ ਬਿਗੜੀ ਚਾਲ
ਭਲਾ ਜੀ ਉਹ ਤਾਂ ਉਧਲ ਚੱਲੀ ਮਰਾਸੀ ਨਾਲ
ਭਲਾ ਜੀ ਮਰਾਸੀ ਨੇ ਕਰ 'ਤੀ ਮਾਲੋ-ਮਾਲ
ਭਲਾ ਜੀ ਚਰਖੇ ਦੀ ਟੁੱਟ ਗਈ ਮਾਹਲ[16]

ਜਿਸ ਸਮੇਂ ਸਿੱਠਣੀਆਂ ਰਚੀਆਂ ਗਈਆਂ ਉਸ ਸਮੇਂ ਮੁੰਡੇ ਕੁੜੀ ਦੇ ਰਿਸ਼ਤੇ ਨਾਤੇ ਸਮੇਂ ਚਾਰ ਗੋਤ ਰੱਖੇ ਜਾਂਦੇ ਸਨ। ਵਿਆਂਦੜ ਦਾ, ਉਸ ਦੀ ਮਾਂ ਦਾ, ਦਾਦੀ ਦਾ ਅਤੇ ਨਾਨੀ ਦਾ। ਇਸ ਪ੍ਰਥਾ ਪਿੱਛੇ ਵਿਗਿਆਨਕ ਕਾਰਨ ਵੀ ਸੀ। ਉਹ ਇਹ ਕਿ ਖ਼ੂਨ ਦੇ ਰਿਸ਼ਤਿਆਂ ਵਿੱਚ ਕੀਤੇ

ਵਿਆਹ ਤੋਂ ਬਾਅਦ ਪੈਦਾ ਹੋਏ ਬੱਚੇ ਵਿਸੰਗਤੀਆਂ ਅਤੇ ਵਿਕ੍ਰਤੀਆਂ ਦਾ ਸ਼ਿਕਾਰ ਹੁੰਦੇ ਹਨ। ਇਸ ਕਰਕੇ ਸਿੱਠਣੀਕਾਰਾ ਲਾੜੇ ਨੂੰ ਪੁੱਛਦੀ ਹੈ ਕਿ

ਦੋ ਟੋਟੇ ਕਰ ਲਿਆ ਬੇ ਨਰੰਜਣਾ
ਕਰ ਲਿਆ ਮੁੰਜ ਦੀ ਰੱਸੀ ਦੇ
ਤੂੰ ਸਾਨੂੰ ਸੱਚ ਸੱਚ ਦੱਸ ਦੇ ਬੇ
ਤੇਰੇ ਕਿੱਥੇ ਨਾਨਕੇ ਦੱਸੀਂ ਦੇ
ਮੇਰੀ ਮਾਂ ਦਾ ਪਿਛੋਕਾ ਗੁੱਜਰਾਂ ਦਾ
ਭੈਣੇ ਚਾਟੇ ਰਿੜਕਦੇ ਲੱਸੀ ਦੇ[17]

ਨਿਮਨ ਸ਼੍ਰੇਣੀਆਂ ਅਧੀਨ ਵਿਚਰਦੇ ਲੋਕ ਹਮੇਸ਼ਾ ਤੋਂ ਹੀ ਭੈਅ, ਰੋਹ, ਹਿੰਸਾ ਅਤੇ ਦਮਨ ਤੋਂ ਉਤਪੀੜਤ ਰਹੇ ਹਨ ਜਿਸ ਕਰਕੇ ਇਨ੍ਹਾਂ ਦੀ ਮਾਨਸਿਕ ਅਵਸਥਾ ਪਿਛਾਂਹ ਖਿੱਚੂ ਅਤੇ ਬਰਾਬਰਤਾ ਦੀਆਂ ਵਲਗਣਾ ਤੋਂ ਊਣੀ ਰਹੀ ਹੈ। ਸੱਤਾ 'ਚ ਸਥਾਪਿਤ ਧਿਰਾਂ ਅਧੀਨ ਇਹ ਦਲਿਤ ਲੋਕ ਆਪਣੇ ਆਪ ਨੂੰ ਸਪੱਸ਼ਟ ਨਹੀਂ ਕਰ ਸਕਦੇ। ਜਿਸ ਦੇ ਤਹਿਤ ਉਨ੍ਹਾਂ ਦੇ ਨਾਵਾਂ ਨੂੰ ਜਾਤੀ ਵਿਵਸਥਾ ਨਾਲ ਜੋੜ ਕੇ ਮਜ਼ਾਕ ਦੇ ਪਾਤਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸਮਾਜਿਕ, ਆਰਥਿਕ, ਧਾਰਮਿਕ ਅਤੇ ਮਾਨਸਿਕ ਪੱਧਰ ਤੇ ਲਿਤਾੜੇ ਵਰਗ ਲਈ ਕਿਸੇ ਸਹਿਨਸ਼ਾਹ ਜਾਂ ਸਹਿਜ਼ਾਦੀ ਦੇ ਨਾ ਤੇ ਨਾਮ ਰੱਖਣਾ ਵੀ ਵਰਜਿਤ ਸਮਝਿਆ ਜਾਂਦਾ ਹੈ। ਉਲਟਾ ਉਸ ਨੂੰ ਭੈਅ ਅਤੇ ਦਾਬੇ ਤਹਿਤ ਨਾਬਰਾਬਰੀ ਵਾਲਾ ਸਲੂਕ ਕੀਤਾ ਜਾਂਦਾ ਹੈ। ਉਸ ਦੀ ਸਾਨੋ-ਸ਼ੌਕਤ ਅਤੇ ਸਮਾਜਿਕ ਬਰਾਬਰੀ ਲਈ ਜੂਝ ਰਹੇ ਵਰਗ ਦੀ ਸੋਚ ਨੂੰ ਖੁੰਡਾ ਕਰਨ ਲਈ ਹੀ ਅਯੋਗ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਡਾ. ਧਰਮਪਾਲ ਸਿੰਗਲ ਦੇ ਅਨੁਸਾਰ "ਸਾਡੇ ਦੇਸ ਦਾ ਤਤਕਾਲੀਨ ਨਿਆਇ ਪ੍ਰਬੰਧ ਸਮਾਜਿਕ ਨਿਯਮਾਂ ਤੇ ਉਪਨਿਯਮਾਂ ਅਨੁਸਾਰ ਨਹੀਂ ਚਲਾਇਆ ਜਾਂਦਾ ਸੀ ਸਗੋਂ ਕੁੱਝ ਗਿਣੇ-ਚੁਣੇ ਪਰ ਸਾਧਨ ਸੰਪੰਨ ਲੋਕਾਂ ਦੇ ਹੱਥਾਂ ਵਿੱਚ ਸੀ। ਉਨ੍ਹਾਂ ਦੀ ਇੱਛਾ, ਅਣਇੱਛਾ, ਪਸੰਦ ਤੇ ਨਾਪਸੰਦ ਉੱਤੇ ਨਿਰਭਰ ਕਰਦਾ ਸੀ। ਕੌਣ ਨਹੀਂ ਜਾਣਦਾ ਕਿ ਮੱਧਕਾਲੀਨ ਭਾਰਤ ਵਿੱਚ ਸਮਾਜ ਦੇ ਅਖੌਤੀ ਠੇਕੇਦਾਰ ਇੱਕ ਪਾਸੇ ਪੰਡੇ ਪੁਜਾਰੀ ਅਤੇ ਦੂਜੇ ਪਾਸੇ ਮੁੱਲਾਂ ਤੇ ਮੁਲਾਣੇ ਆਪਣੇ ਮਨ ਮੰਨੇ ਢੰਗ ਨਾਲ ਆਪੋ ਆਪਣੇ ਸ਼ਾਸਨਤੰਤਰ ਦੀ ਵਾਂਗਡੋਰ ਸੰਭਾਲੀ ਬੈਠੇ ਸਨ"[18] ਮੰਤਰਾਂ ਜਾਂ ਕੁਰਾਨ ਦੀਆਂ ਆਈਤਾਂ ਦਾ ਨਾ ਲੈ ਕੇ ਅਤੇ ਫਤਵੇ ਦੇ ਕੇ ਕਿਸ ਕਿਸ ਨੂੰ ਮੌਤ ਦੇ ਘਾਟ ਨਹੀਂ ਉਤਾਰ ਦਿੱਤਾ ਗਿਆ। ਪੰਜਾਬੀ ਲੋਕ-ਰੂਪ

ਸਿੱਠਣੀਆਂ ਵਿੱਚ ਦਲਿਤ ਵਰਗ ਦੀ ਵਿਚਾਰਧਾਰਾ ਪਿੱਛੇ ਦਲਿਤ ਮਨੁੱਖ ਦਾ ਇਤਿਹਾਸ, ਸਮਾਜ, ਜੀਵਨ, ਨਕਾਰ, ਪ੍ਰੇਰਨਾ ਸਰੋਤ, ਉਦੇਸ਼ ਅਤੇ ਦਲਿਤ ਮੁਕਤੀ ਦੇ ਪਿਛੋਕੜੀ ਅਨੁਭਵ ਮੁੱਖ ਰੂਪ ਵਿੱਚ ਕਾਰਜਸ਼ੀਲ ਹੁੰਦੇ ਹਨ। ਦਲਿਤ ਸਿੱਠਣੀਆਂ ਦਾ ਵਿਚਾਰਧਾਰਕ ਉਦੇਸ਼ ਸਮਾਜਿਕ ਅਤੇ ਸੰਸਕ੍ਰਿਤਕ ਰੂਪ ਵਿੱਚ ਪਿਛੜੇ ਜੀਵਨ ਦਾ ਸੱਚਾ ਅਤੇ ਪ੍ਰਮਾਣਿਕ ਰੂਪ ਪੇਸ਼ ਕਰਨਾ ਹੈ। ਦਲਿਤ ਮਨੁੱਖ ਜਾਂ ਦਲਿਤ ਸਮਾਜ ਨੂੰ ਨਰਕ ਭਰਿਆ ਜੋ ਜੀਵਨ ਮਿਲਿਆ ਇੱਕ ਵਿਅਕਤੀ ਵਿਸ਼ੇਸ਼ ਦਾ ਅਪਰਾਧ ਨਹੀਂ ਸਗੋਂ ਇੱਕ ਪੂਰੀ ਦੀ ਪੂਰੀ ਸਮਾਜਿਕ ਵਿਵਸਥਾ ਕਾਰਨ ਹੈ। ਇਸ ਸਮਾਜਿਕ ਵਿਵਸਥਾ ਨੇ ਨਿਮਨ ਜਾਤੀ ਵਿਅਕਤੀਆਂ ਨੂੰ ਰਾਜੇ-ਮਹਾਰਾਜੇ, ਦਰਬਾਰੀ, ਫ਼ਕੀਰ ਅਤੇ ਸਹਿਜ਼ਾਦੀਆਂ ਨਾਲ਼ ਤੁਲਨਾ ਕੇ ਸਿਧਾਂਤਕ ਘੇਰਾਬੰਦੀ ਕੀਤੀ ਜਾਂਦੀ ਹੈ। ਨੀਵੀਂ ਜਾਤ ਦੇ ਲੋਕਾਂ ਨਾਲ ਸਾਹਮਣੀ ਧਿਰ ਦੀਆਂ ਔਰਤਾਂ ਦੇ ਰਿਸ਼ਤੇ ਨਾਤੇ ਜੋੜ ਕੇ ਸਿੱਠਣੀਕਾਰਾ ਨੇ ਸਿਰਫ ਉਨ੍ਹਾਂ ਨੂੰ ਜਲੀਲ ਕਰਨਾ ਹੈ।

ਕੁੜਤੀ ਸੀਮੇ ਦਰਜੀ ਜੀਜਾ
ਸੱਗੀ ਘੜੇ ਸੁਨਿਆਰ
ਤੂੰ ਮਾਂ ਆਪਣੀ ਨੂੰ ਪੁੱਛ ਲੈ ਜੀਜਾ
ਕਿੰਨੇ ਨੇ ਉਹਦੇ ਯਾਰ
ਦੋ ਮੋਚੀ ਨੇ ਦੋ ਮਰਾਸੀ ਨੇ
ਦੋ ਤਾਜੇ ਨੇ ਦੋ ਬਾਸੀ ਨੇ
ਦੋ ਪਿੰਡ ਦੇ ਲੰਬੜਦਾਰ
ਨੀ ਭੈਣਾਂ ਗਿਣਦੀ ਜਾਹ
ਦੋ ਨਾਭੇ ਦੇ ਘੁਮਿਆਰ
ਨੀ ਭੈਣਾਂ ਗਿਣਦੀ ਜਾਹ[19]

ਸਿੱਠਣੀਕਾਰਾ ਨੇ ਜਿੱਥੇ ਸਾਹਮਣੀ ਧਿਰ ਨੂੰ ਠਿੱਠ ਕਰਨ ਲਈ ਹਰ ਤਰ੍ਹਾਂ ਦੀਆਂ ਜ਼ਾਇਜ ਨਜ਼ਾਇਜ, ਸੰਭਵ-ਅਸੰਭਵ, ਜਾਨਦਾਰ ਅਤੇ ਨਿਰਜੀਵ ਚੀਜਾਂ ਕੱਠੀਆਂ ਕੀਤੀਆਂ ਹਨ, ਉੱਥੇ ਉਸਨੇ ਇਨ੍ਹਾਂ ਕਿੱਤਾਗਤ ਜਾਤਾਂ ਦੇ ਆਦਮੀਆਂ ਨੂੰ ਵੀ ਸ਼ਾਮਿਲ ਕਰ ਲਿਆ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਿੱਠਣੀਕਾਰਾ ਦਾ ਸੁਚੇਤ ਤੌਰ ਉੱਤੇ ਇਨ੍ਹਾਂ ਪੱਛੜੀਆਂ ਜਾਤੀਆਂ ਦੇ ਮਰਦ ਪਾਤਰਾਂ ਨੂੰ ਜਲੀਲ ਕਰਨ ਦਾ ਕੋਈ ਇਰਾਦਾ ਨਹੀਂ ਹੈ

ਸਗੋਂ ਜਲੀਲ ਸਾਹਮਣੀ ਧਿਰ ਦੀਆਂ ਔਰਤਾਂ ਹੋ ਰਹੀਆਂ ਨੇ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਿੱਠਣੀਕਾਰਾ ਨੇ ਸਿਰਫ਼ ਆਪਣਾ ਮਕਸਦ ਪੂਰਾ ਕਰਨ ਲਈ ਹੀ ਇਨ੍ਹਾਂ ਪਾਤਰਾਂ ਦੀ ਸ਼ਮੂਲੀਅਤ ਕੀਤੀ ਗਈ ਹੈ। ਇਸ ਦੇ ਨਾਲ਼ ਹੀ ਕੁਝ ਥਾਂਈ ਸਮਾਜਿਕ ਵਰਜਣਾਵਾਂ ਨੂੰ ਉਲੰਘਦੀਆਂ ਸਿੱਠਣੀਆਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਨ੍ਹਾਂ ਵਿੱਚ ਸਾਹਮਣੀ ਧਿਰ ਅਸੱਭਿਅਕ, ਗ਼ੈਰ ਕਾਨੂੰਨੀ, ਗੈਰ ਜ਼ਿੰਮੇਵਾਰਨਾ, ਗੈਰ ਇਖ਼ਲਾਕੀ ਅਤੇ ਟੈਬੂਜ਼ ਉਲੰਘਣਾ ਕਰਦੀ ਹੋਈ ਦਿਖਾਈ ਜਾਂਦੀ ਹੈ। ਕਿਉਂਕਿ ਸਿੱਠਣੀ ਵਿੱਚ ਨਾਟ ਦ੍ਰਿਸ਼ ਜਾਂ ਬਿੰਬ ਸੱਭਿਆਚਾਰਕ ਪ੍ਰਤੀਮਾਨਾਂ ਦੇ ਉਲਟ ਰੂਪ ਵਿੱਚ ਪੇਸ਼ ਹੁੰਦੇ ਹਨ। ਇਸ ਲਈ ਸਿੱਠਣੀਕਾਰਾ ਕੁਦਰਤੀ ਪ੍ਰਸਥਿਤੀਆਂ ਅਤੇ ਸਮਾਜਕ ਤਾਣੇ ਬਾਣੇ ਦੇ ਪ੍ਰਵਾਣਿਤ ਮੁੱਲਾਂ ਤੋਂ ਪਰ੍ਹੇ ਹਟ ਕੇ ਮਨ ਮਰਜ਼ੀ ਦੇ ਬਿੰਬਾਂ ਨੂੰ ਸਿਰਜਣ ਦਾ ਪੂਰਾ ਯਤਨ ਕਰਦੀ ਹੈ। ਸਿੱਠਣੀਕਾਰਾ ਕਦੇ ਕਦੇ ਵਿਰੋਧੀ ਧਿਰ ਨੂੰ ਬਹੁਤ ਹੀ ਚਤਰਾਈ ਨਾਲ ਤਾਹਨਾ ਮਾਰਕੇ ਜਲੀਲ ਕਰਨ ਦੀ ਜੁਗਤ ਭਿੜਾਉਂਦੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕ ਸਾਹਿਤ ਵਿੱਚ ਜਾਤ ਨੂੰ ਆਧਾਰ ਬਣਾ ਕੇ ਬਹੁਤ ਸਾਰੀਆਂ ਸਿੱਠਣੀਆਂ ਰਚੀਆਂ ਗਈਆਂ ਮਿਲਦੀਆਂ ਹਨ ਪਰ ਇਨ੍ਹਾਂ ਵਿੱਚ ਨਾਈ, ਮਰਾਸੀ, ਡੂੰਮ, ਬਾਜ਼ੀਗਰ, ਸੁਨਿਆਰ, ਤਰਖਾਣ, ਤੇਲੀ ਅਤੇ ਜੁਲਾਹਾ ਆਦਿ ਪੇਸ਼ੇਵਰ ਜਾਤੀਆਂ ਦਾ ਜ਼ਿਕਰ ਵਧੇਰੇ ਹੈ। ਪੰਜਾਬੀ ਸਿੱਠਣੀਆਂ ਵਿੱਚ ਉੱਚ-ਵਰਗੀ ਵਿਚਾਰਧਾਰਾ ਜਾਂ ਸਮਾਜਿਕ ਦਾਬੇ ਕਾਰਨ ਦਲਿਤ ਮਨੁੱਖ ਸਮਾਜਿਕ, ਆਰਥਿਕ, ਧਾਰਮਿਕ, ਸਭਿਆਚਾਰਿਕ ਅਤੇ ਮਾਨਸਿਕ ਤੌਰ ’ਤੇ ਨਪੀੜੀਆ, ਦਮਨ ਦਾ ਸ਼ਿਕਾਰ, ਉਤਪੀੜਤ ਅਤੇ ਸ਼ੋਸ਼ਿਤ ਹੋਣ ਕਰਕੇ ਅਜ਼ਾਦ ਹੋਂਦ ਤੋਂ ਸੱਖਣਾ ਹੈ। ਸਿੱਠਣੀਆਂ ਜਿੱਥੇ ਪੱਖਪਾਤੀ/ਨਾਂਹਮੁਖੀ ਵਿਚਾਰਧਾਰਾ ਅੰਤਰਗਤ ਦਲਿਤ ਵਿਅਕਤੀ ਦੇ ਅਕਸ ਨੂੰ ਵਿਕਰਿਤ ਰੂਪ ਵਿੱਚ ਸਾਕਾਰ ਕਰਦੀਆਂ ਹਨ ਉੱਥੇ ਸਿੱਧੇ ਤੌਰ ’ਤੇ ਦੂਜੀ ਧਿਰ ਦਾ ਸਮਾਜਿਕ ਤੇ ਮਾਨਸਿਕ ਸ਼ੋਸ਼ਣ ਕਰਨ ਦਾ ਸਾਧਨ ਵੀ ਬਣਦੀਆਂ ਹਨ। ਉੱਚ ਵਰਗ ਆਪਣੇ ਨਿੱਜੀ ਹਿਤਾਂ ਨੂੰ ਪੂਰਨ ਦੇ ਸੰਦਰਭ ਵਿੱਚ ਨਿਮਨ ਵਰਗ ਨੂੰ ਨਿਰੰਤਰ ਦਬਾਉਣ ਤੇ ਦਬਕਾਉਣ ਲਈ ਝੂਠੀ ਚੇਤਨਾ ਦੇ ਪਾਸਾਰ ਲਈ ਸਿੱਠਣੀਆਂ ਦੀ ਸਿਰਜਨਾ ਕਰਦਾ ਹੈ ਜਿਹੜੀਆਂ ਕਿ ਲੋਕਮਨ ਵਿੱਚ ਸਹਿਜੇ ਹੀ ਪ੍ਰਸਾਰਿਤ ਤੇ ਪ੍ਰਚਲਿਤ ਹੋ ਜਾਂਦੀਆਂ ਹਨ। ਇਹਨਾਂ ਜ਼ਰੀਏ ਦੱਬੀਆਂ ਜਾਤਾਂ ਦੀ ਮਾਨਸਿਕਤਾ ਨੂੰ ਸਦਾ ਲਈ ਆਪਣੇ ਕਲਾਵੇ ਵਿੱਚ ਲੈ ਲਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਖੁੱਲ੍ਹ ਕੇ ਜਿਉਣ ਦੇ ਹੱਕਾਂ ਤੋਂ ਵਿਰਵੇ

ਕਰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸਿੱਠਣੀ ਵਿੱਚ ਸਾਹਮਣੀ ਧਿਰ ਅਸੱਭਿਅਕ, ਗ਼ੈਰ ਕਾਨੂੰਨੀ, ਗੈਰ ਜ਼ਿੰਮੇਵਾਰਨਾ, ਗੈਰ ਇਖ਼ਲਾਕੀ ਅਤੇ ਟੈਬੂਜ਼ ਉਲੰਘਣਾ ਕਰਦੀ ਹੋਈ ਦਿਖਾਈ ਜਾਂਦੀ ਹੈ। ਕਿਉਂਕਿ ਸਿੱਠਣੀ ਵਿੱਚ ਨਾਟ ਦ੍ਰਿਸ਼ ਜਾਂ ਬਿੰਬ ਸੱਭਿਆਚਾਰਕ ਪ੍ਰਤੀਮਾਨਾਂ ਦੇ ਉਲਟ ਰੂਪ ਵਿੱਚ ਪੇਸ਼ ਹੁੰਦੇ ਹਨ, ਇਸ ਲਈ ਸਿੱਠਣੀਕਾਰਾ ਕੁਦਰਤੀ ਪ੍ਰਸਥਿਤੀਆਂ ਅਤੇ ਸਮਾਜਕ ਤਾਣੇ ਬਾਣੇ ਦੇ ਪ੍ਰਵਾਣਿਤ ਮੁੱਲਾਂ ਤੋਂ ਪਰ੍ਹੇ ਹਟ ਕੇ ਮਨ ਮਰਜ਼ੀ ਦੇ ਬਿੰਬਾਂ ਨੂੰ ਸਿਰਜਣ ਦਾ ਪੂਰਾ ਯਤਨ ਕਰਦੀ ਹੈ। ਸਿੱਠਣੀਕਾਰਾ ਕਦੇ ਕਦੇ ਵਿਰੋਧੀ ਧਿਰ ਨੂੰ ਬਹੁਤ ਹੀ ਚਤੁਰਾਈ ਨਾਲ ਤਾਹਨਾ ਮਾਰਕੇ ਜਲੀਲ ਕਰਨ ਦੀ ਜੁਗਤ ਵੀ ਭਿੜਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006, ਪੰਨਾ-656
2. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-174
3. ਡਾ. ਚਰਨਜੀਤ, ਵਿਆਹ ਦੇ ਗੀਤ ਸਿੱਠਣੀਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ-11
4. ਡਾ. ਚਰਨਜੀਤ, ਉਹੀ, ਪੰਨਾ-125
5. ਡਾ. ਚਰਨਜੀਤ, ਉਹੀ, ਪੰਨਾ-125
6. ਚਰਨਜੀਤ, ਉਹੀ, ਪੰਨਾ-125
7. ਰਾਜਿੰਦਰ ਪਾਲ ਸਿੰਘ ਬਰਾੜ, ਹਾਸ਼ੀਆਗਤ ਸਮੂਹਾਂ ਦੀ ਬਦਲਦੀ ਚੇਤਨਾ: ਨਿਸ਼ਾਨਦੇਹੀ, ਵਿਚਾਰਧਾਰਾ ਤੇ ਸਰੋਕਾਰ, 16 ਨਵੰਬਰ, 2013, (http://rajinderpalsingh.blogspot.com/2013/11/blog-post_16.html?m=1)
8. ਚਰਨਜੀਤ ਕੌਰ, ਸੰਤ ਰਾਮ ਉਦਾਸੀ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ-47
9. ਨਾਹਰ ਸਿੰਘ, ਰੜੇ ਭੰਬੀਰੀ ਬੋਲੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ-208

10. ਡਾ. ਚਰਨਜੀਤ, ਉਹੀ, ਪੰਨਾ-126
11. The hundu caste system as a earthenware pots set one on top of another. Not onlyare Brahmins and kshariyas at the top and shudras and untouchables at the bottom, but withim each earthware pot, men are at the top and women of that caste are at the bottom likecrushed and wasted power. So, at the very bottom are the dalit and below are the suppressed dalit women, Encyclopaedia of Dalits in india (vol,-9), kalpaz publications, delhi, 2002, page-72
12. ਡਾ. ਚਰਨਜੀਤ, ਉਹੀ, ਪੰਨਾ-126
13. ਨਾਹਰ ਸਿੰਘ, ਉਹੀ, ਪੰਨਾ-210
14. ਡਾ. ਚਰਨਜੀਤ, ਉਹੀ, ਪੰਨਾ-127
15. ਰਵਿੰਦਰ ਕੁਮਾਰ, ਔਰਤ ਤੇ ਦਲਿਤ ਹਾਸ਼ੀਆਗਤ ਪ੍ਰਵਚਨ: ਨਵ-ਇਤਿਹਾਸਵਾਦੀ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-45
16. ਨਾਹਰ ਸਿੰਘ, ਉਹੀ, ਪੰਨਾ-235
17. ਡਾ. ਚਰਨਜੀਤ, ਉਹੀ, ਪੰਨਾ-128
18. ਧਰਮਪਾਲ ਸਿੰਗਲ, ਗੁਰੂ ਰਵਿਦਾਸ: ਜੀਵਨ ਤੇ ਵਿਚਾਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1996, ਪੰਨਾ-22
19. ਡਾ. ਚਰਨਜੀਤ-ਉਹੀ, ਪੰਨਾ-129

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਵਨੀਤਾ ਕਾਵਿ: ਨਾਬਰੀ ਦਾ ਪ੍ਰਵਚਨ



ਵੀਰਪਾਲ ਕੌਰ
ਸਹਾਇਕ ਪ੍ਰੋਫੈਸਰ
ਬਾਬਾ ਫ਼ਰੀਦ ਕਾਲਜ,
ਬਠਿੰਡਾ।
+91 7986086731
siviaveerpalkaur5@gmail.com

ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਵਨੀਤਾ ਇਕ ਵਿਲੱਖਣ ਹਸਤਾਖ਼ਰ ਹੈ। ਵਨੀਤਾ ਨੇ ਕਾਵਿ ਰਚਨਾ ਤੋਂ ਆਪਣਾ ਸਿਰਜਨਾਤਮਿਕ ਸਫ਼ਰ ਸ਼ੁਰੂ ਕੀਤਾ ਅਤੇ ਫਿਰ ਆਲੋਚਨਾ, ਸੰਪਾਦਨ ਤੇ ਅਨੁਵਾਦ ਦੀਆਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਸਦੀ ਕਾਵਿ—ਚੇਤਨਾ ਰਿਸ਼ਤਿਆਂ ਦੀ ਟੁੱਟ—ਭੱਜ ਤੋਂ ਸ਼ੁਰੂ ਹੋ ਚੁੱਪ ਦੀਆਂ ਪਰਤਾਂ ਨੂੰ ਫਰੋਲਦੀ ਹੋਈ ਸਭ ਦਾਇਰਿਆਂ ਤੋਂ ਪਾਰ ਜਾਣਾ ਲੋਚਦੀ ਹੈ। ਵਨੀਤਾ ਦਾ ਕਾਵਿ—ਪੈਰਾਡਾਈਮ ਬਰਾਬਰ ਦੇ ਹੱਕ ਲਈ ਚੇਤਨ ਹੋਣ ਤੇ ਵਿਖਾਵੇ ਵਾਲੇ ਜੀਵਨ ਦੀ ਐਬਸਰਡਿਟੀ ਨੂੰ ਖ਼ਤਮ ਕਰਨ ਵੱਲ ਫੈਲਿਆ ਹੋਇਆ ਹੈ। ਵਨੀਤਾ—ਕਾਵਿ ਅਜਿਹੇ ਮਰਦ ਪ੍ਰਧਾਨ ਸਮਾਜ ਪ੍ਰਤੀ ਨਾਬਰੀ ਦਾ ਰਵੱਈਆ ਅਖ਼ਤਿਆਰ ਕਰਦਾ ਹੈ ਜਿਹੜਾ ਔਰਤ ਨੂੰ ਭੋਗਣ ਵਾਲੀ ਵਸਤ ਤੱਕ ਸੀਮਤ ਕਰਦਾ ਹੈ। ਵਨੀਤਾ ਦੇ ਹੁਣ ਤੱਕ ਸੱਤ ਕਾਵਿ—ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਜਿਨ੍ਹਾਂ ਵਿਚੋਂ ਸੁਪਨਿਆਂ ਨੂੰ ਪਗਡੰਡੀ (1985), ਹਰੀਆਂ ਛਾਵਾਂ ਦੀ ਕਬਰ (1968) , ਬੋਲ ਅਲਾਪ (1993), ਮੰਦਰ ਸਪਤਕ(1997), ਖਰਜਨਾਦ (2002), ਕਾਲ ਪਹਿਰ ਘੜੀਆ, (2006), ਆਦਿ ਹਨ। ਕਾਲ ਪਹਿਰ ਘੜੀਆ ਕਾਵਿ—ਸੰਗ੍ਰਹਿ 'ਤੇ ਵਨੀਤਾ ਨੂੰ ਭਾਰਤੀ ਸਾਹਿਤ ਅਕਦਾਮੀ ਪੁਰਸਕਾਰ 2013 ਈ. ਵਿਚ ਮਿਲਿਆ।

ਅਜੋਕੇ ਸਮੇਂ ਵਿਚ ਵਧੀ ਚੇਤਨਾ ਕਾਰਨ ਤੇ ਮਨੁੱਖੀ ਸਮਾਜ ਦੇ ਹੋਏ ਵਿਕਾਸ ਕਾਰਨ ਇਹਨਾਂ ਰਸਮਾਂ—ਰਿਵਾਜਾਂ ਦੇ ਗਿਲਾਫ਼ 'ਚ ਘਿਰਿਆ ਮਨੁੱਖ ਆਪਣੇ ਆਪ ਨੂੰ ਆਜ਼ਾਦ ਕਰਨਾ ਚਾਹੁੰਦਾ ਹੈ ਤਾਂ ਜੋ ਆਜ਼ਾਦ ਹੋ ਆਪਣੀਆਂ ਇੱਛਾਵਾਂ ਨੂੰ ਪੂਰੀਆਂ ਕਰ ਸਕੇ। ਇਸ ਵਿਗਿਆਨਕ ਦੌਰ ਵਿਚ ਇਹ ਪਰੰਪਰਿਕ ਰਸਮਾਂ ਉਸਨੂੰ ਪੈਰਾਂ ਦੀਆਂ ਬੇੜੀਆਂ ਲੱਗਦੀਆਂ ਹਨ ਇਸ ਲਈ ਮਨੁੱਖ ਖਾਸ ਕਰ ਆਧੁਨਿਕ ਔਰਤ ਇਹਨਾਂ ਨੂੰ ਭੋਗਣ ਤੋਂ ਮੁਨਕਰ ਹੋਣਾ ਲੋਚਦੀ ਹੈ, ਉਹ ਇਹਨਾਂ ਨੂੰ ਲਾਹ ਸੁੱਟਣਾ ਚਾਹੁੰਦੀ ਹੈ। ਵਨੀਤਾ—ਕਾਵਿ ਇਸ ਨੂੰ ਬੜੀ ਸ਼ਿੱਦਤ ਨਾਲ ਸਾਹਮਣੇ ਲਿਆਉਂਦਾ ਹੈ। ਪ੍ਰੋ. ਬਚਨਜੀਤ ਅਨੁਸਾਰ ਉਸ ਲਈ ਇਸਤਰੀ ਹੋਣ ਦਾ ਗੌਰਵ ਇਕ ਵੱਖਰਾ ਸੱਚ ਹੈ ਪਰ ਮਰਦ ਦਾ ਸੰਬੰਧ ਤੇ ਘਰ ਉਸ ਲਈ ਕੇਵਲ ਪਿੰਜਰੇ ਵਰਗਾ ਹੈ ਜਿਸ ਵਿਚ ਉਸਦੀ ਚੈਨ ਦਾ ਇਕ ਪਲ ਜਿਉਂ ਸਕਣ ਦੀ ਖਾਹਿਸ਼ ਤੜਫਦੀ ਤੇ ਵਿਲਕਦੀ ਪ੍ਰਤੀਤ ਹੁੰਦੀ ਹੈ। ਸੰਸਕਾਰਾਂ ਦੀ ਜਕੜ ਅਧੀਨ



www.khojnama.com khojnamapb03@gmail.com

ਤੁਰ ਰਹੀ ਹੈ ਜਿਸ ਵਿਚੋਂ ਮੱਧ ਸ਼੍ਰੇਣਿਕ ਇਸਤਰੀ ਦੀ ਇਕ ਸੁਤੰਤਰ ਵਿਅਕਤੀ ਬਣਨ ਦੀ ਲਟ—ਲਟ ਬਲਦੀ ਅਕਾਂਖਿਆ ਦਾ ਸਿਰਨਾਵਾਂ ਆਪਣੇ ਹੀ ਦੁੱਖ ਦੇ ਚਿਹਰੇ ਵਰਗਾ ਜਾਪਦਾ ਹੈ।[1] ਵਨੀਤਾ—ਕਾਵਿ ਵਿਚਲੀ ਜਾਗਰਿਤਔਰਤ ਪੁਸ਼ਤ-ਦਰ-ਪੁਸ਼ਤ ਚੱਲੇ ਆ ਰਹੇ ਪਿਤਰਕੀ ਨਿਯਮਾਂ, ਬੰਧਨਾਂ ਨੂੰ ਲਾਹ ਸੁੱਟਣਾ ਚਾਹੁੰਦੀ ਹੈ ਤੇ ਆਪਣੇ ਨਾਰੀਤਵ ਲਈ ਸਪੇਸ ਮੋਕਲੀ ਕਰਨਾ ਚਾਹੁੰਦੀ ਹੈ। ਇਸ ਦੇ ਪ੍ਰਮਾਣ ਵਜੋਂ ਪੁਸ਼ਤਾ ਦੇ ਵੱਟੇ ਹਾਰ (ਮੰਦਰ ਸਪਤਕ), ਸੰਸਕਾਰਾਂ ਦੀਆਂ ਸਲਾਖਾਂ ( ਹਰੀਆਂ ਛਾਵਾਂ ਦੀ ਕਬਰ), ਅਹਿਸਾਨ (ਸੁਪਨਿਆਂ ਦੀ ਪਗਡੰਡੀ) , ਲੋਹੇ ਦੀਆਂ ਮਿਜਰਾਬ (ਮੰਦਰ ਸਪਤਕ) ਆਦਿ ਕਵਿਤਾਵਾਂ ਪੜ੍ਹੀਆਂ ਜਾ ਸਕਦੀਆਂ ਹਨ:

ਮੇਰੀ ਮਾਂ ਨੇ ਪੜ੍ਹ ਲਈ ਸੀ
ਮੇਰੀਆਂ ਅੱਖਾਂ 'ਚ ਲਿਸ਼ਕਦੀ
ਉਹ ਬਾਗੀ ਨਜ਼ਮ
ਇਨ੍ਹਾਂ ਹੱਥਾਂ ਵਿਚ ਪੰਜਾਗੜੇ ਨਹੀ ਸਜਣੇ
ਇਨ੍ਹਾਂ ਹੱਥਾਂ ਨੇ ਲਿਖਣੀ ਹੈ
ਸੋਨੇ 'ਚ ਲੱਦੀਆਂ
ਮਿੱਟੀਆਂ ਦੇ ਸਾਹਾਂ ਦੀ ਇਬਾਰਤ।[2]

ਵਨੀਤਾ ਦੀ ਕਾਵਿ—ਪਾਤਰ ਨਾਰੀ ਅਜੋਕੇ ਸਮਾਜ ਵਿਚ ਆਪਣੀ ਪਹਿਚਾਣ ਲਈ ਬਚਨਵੱਧ ਹੈ। ਉਹ ਅਜਿਹੇ ਸੰਦੇਹਵਾਦੀ ਰਿਸ਼ਤਿਆਂ ਅਤੇ ਤੰਗਦਿਲੀ ਸੋਚਾਂ 'ਚੋਂ ਆਜ਼ਾਦ ਹੋਣਾ ਚਾਹੁੰਦੀ ਹੈ ਅਤੇ ਆਪਣੇ ਹੱਕ ਹਾਸਿਲ ਕਰਨਾ ਲੋਚਦੀ ਹੈ। ਉਹ ਅਜਿਹੇ ਰਿਸ਼ਤੇ ਸਵੀਕਾਰ ਕਰਨਾ ਚਾਹੁੰਦੀ ਹੈ ਜਿਸ ਵਿਚ ਔਰਤ ਅਤੇ ਮਰਦ ਦੋਵਾਂ ਨੂੰ ਸਮਾਨਤਾ ਮਿਲੇ ਤੇ ਜਿਸ ਵਿਚ ਉਸਦੀ ਹੋਂਦ ਮੌਜੂਦ ਹੋਵੇ, ਗੁੰਮ ਨਾ ਹੋਵੇ। ਇਸ ਲਈ ਉਹ ਮਰਦਾਵੇਂ ਪ੍ਰਵਚਨਾਂ ਦੁਆਰਾ ਸਥਾਪਿਤ ਕੀਤੀਆਂ ਔਰਤਪਣ ਦੀਆਂ ਪਰਿਭਾਸ਼ਾਵਾਂ ਨੂੰ ਰੱਦ ਕਰਦੀ ਹੋਈ ਆਪਣੇ ਆਪ ਨੂੰ ਦੇਵੀ ਮੰਨਣ ਤੋਂ ਇਨਕਾਰੀ ਹੈ ਤੇ ਵੈਸ਼ਿਆ ਹੋਣ ਦੇ ਕਲੰਕ ਤੋਂ ਮੁਕਤ ਹੋਣਾ ਚਾਹੁੰਦੀ ਹੈ। ਜੋ ਉਸਨੂੰ ਮਰਦ ਪ੍ਰਧਾਨ ਸਮਾਜ ਦੀ ਇਕ ਚਾਲ ਲੱਗਦੀ ਹੈ ਕਿਉਂਕਿ ਦੇਵੀ ਰੂਪ ਸਦਾ ਹੀ ਮਰਦ ਦੇ ਹੱਕ ਵਿਚ ਭੁਗਤਿਆ ਹੈ। ਉਹ ਆਪਣੀ ਨਿਵੇਕਲੇ ਨਾਰੀਤਵ ਵਾਲੀ ਹੋਂਦ ਨੂੰ ਸਵੀਕਾਰ ਕਰਨਾ ਚਾਹੁੰਦੀ ਹੈ ਤਾਂ ਜੋ ਉਸਨੂੰ ਮਰਦ ਦੇ

ਬਰਾਬਰ ਅਧਿਕਾਰ ਪ੍ਰਾਪਤ ਹੋ ਸਕਣ। ਆਪਣੀਆਂ ਦਮਿਤ ਇਛਾਵਾਂ ਨੂੰ ਜ਼ੁਬਾਨ ਦਿੰਦੀ ਹੈ ਤੇ ਪਤੀ ਨੂੰ ਪਰਮੇਸ਼ਰ ਮੰਨਣ ਤੋਂ ਮੁਨਕਰ ਹੈ।

ਪਤੀ ਪਰਮੇਸ਼ਰ ਨਹੀਂ
ਅਸੀਂ ਮਾਦਾ ਤੇ ਨਰ ਹਾਂ
ਨਾ ਉਹ ਖ਼ੁਦਾ ਹੈ ਨਾ ਮੈਂ ਦੇਵੀ
ਰੂਹ ਰੂਹ 'ਚ ਸਮਾਵੇਗੀ ਤਾਂ ਠੀਕ
ਨਹੀ ਤਾਂ ਝੂਠੀ ਭਗਤੀ
ਐਵੇਂ ਇਕ ਭਰਮ ਮਾਤਰ।[3]

ਇਸ ਤਰ੍ਹਾਂ ਇਹ ਨਾਰੀ ਪਾਤਰ ਹਰ ਤਰ੍ਹਾਂ ਦੀ ਮਿੱਥ ਨੂੰ ਵੰਗਾਰਦੀ ਹੈ ਜੋ ਉਸਨੂੰ ਛੋਟਾ ਦਿਖਾਉਂਦੀ ਹੈ ਅਤੇ ਪਿਤਰਕੀ ਸੱਤਾ ਦਾ ਹਥਿਆਰ ਬਣਦੀ ਹੈ। ਉਸ ਦੀਆਂ ਸਿਮਰਤੀਆਂ ਜਾਗਦੀਆਂ ਹਨ ਕਿ ਇਹ ਸਭ ਇਤਿਹਾਸ/ਮਿਥਿਹਾਸ ਮਰਦ ਨੇ ਆਪਣੇ ਲਈ ਹਥਿਆਰ ਵਜੋਂ ਅਪਨਾਏ ਹਨ ਤਾਂ ਜੋ ਉਸਨੂੰ ਅਧੀਨ ਰੱਖ ਸਕੇ। ਉਹ ਸੀਤਾ ਬਣ ਜਾਂ ਯਸ਼ੋਧਰਾ ਬਣ ਵਿਛੋੜਾ ਭੋਗਣ ਅਤੇ ਸ਼ੰਕੁਤਲਾ ਵਾਂਗ ਆਪਣੀ ਪਛਾਣ 'ਮੁੰਦਰੀ ' ਦੁਆਰਾ ਨਹੀਂ ਸਗੋਂ ਆਪਣੇ ਇਸ ਸੰਤਾਪ ਤੋਂ ਨਾਬਰ ਹੋ ਕੇ ਕਰਵਾਉਣਾ ਚਾਹੁੰਦੀ ਹੈ। ਉਹ ਇਸ ਆਵਾਗਮਨ ਨੂੰ ਖ਼ਤਮ ਕਰਕੇ ਆਪਣੀ ਨਿਵੇਕਲੀ ਪਛਾਣ ਬਣਾਉਣਾ ਲੋਚਦੀ ਹੈ ਜਿਥੇ ਰਿਸ਼ਤਿਆਂ ਤੋਂ ਪਾਰ ਸਭ ਕੁਝ ਬਰਾਬਰ ਹੋਵੇ। ਅਜਿਹੀ ਵਿਦਰੋਹੀ ਸੁਰ ਵਨੀਤਾ ਦੀਆਂ ਕਵਿਤਾਵਾਂ ਸੁਪਨਿਆਂ ਦੀ ਪਗਡੰਡੀ , ਨਾਨੀ ਨੇ ਕਿਹਾ ਸੀ, ਵਿਦਰੋਹ ਤੇ ਮੈ ਸ਼ੰਕੁਤਲਾ ਨਹੀ ਆਦਿ ਵਿਚ ਉਭਰਕੇ ਸਾਹਮਣੇ ਆਉਂਦੀ ਹੈ:

ਹੇ ਦਸ਼ਯੰਤ!
ਇਹ ਆਸ ਮੂਲੋਂ ਹੀ ਨਾ ਰੱਖੀਂ
ਕਿ ਮੁੰਦਰੀ ਨੂੰ ਆਪਣੀ ਜਾਮਣ ਬਣਾ
ਮੈਂ ਤੈਨੂੰ ਆਪਣੀਆਂ ਸੁੰਗਧੀਆਂ
ਜਾਂ ਮਜ਼ਬੂਰੀਆਂ ਦਾ ਵਾਸਤਾ ਪਾਵਾਂਗੀ
ਮੈਂ ਸ਼ੰਕੁਤਲਾ ਨਹੀਂ
ਜੋ ਮਜ਼ਬੂਰੀਆਂ ਦਾ ਵਸਤਾ ਪਾਵਾਂ। [4]

ਵਨੀਤਾ ਦੇ ਕਾਵਿ—ਪਾਤਰ ਨਾਰੀ ਦੀ ਜੰਗ ਮਰਦ ਜਾਂ ਆਪਣੇ ਪਤੀ ਨਾਲ ਨਹੀਂ ਸਗੋਂ ਉਸਦੇ ਅੰਦਰਲੇ ਆਦਮ ਨਾਲ ਹੈ ਜੋ ਆਪਣੀ ਹਾਉਮੈਂ ਕਾਰਨ ਔਰਤ ਨੂੰ ਆਪਣੇ ਅਧੀਨ ਰੱਖਣਾ ਚਾਹੁੰਦਾ ਹੈ। ਇਹ ਨਾਰੀ ਪਾਤਰ ਅਜਿਹੇ ਸਿਸਟਮ ਪ੍ਰਤੀ ਬਗਾਵਤੀ ਸੁਰ ਅਪਣਾਉਂਦੀ ਹੈ ਕਿਉਂਕਿ ਸਾਡੇ ਸਮਾਜ ਦੇ ਇਹ ਮੁੱਲ ਵਿਧਾਨ, ਧਰਮ, ਰਿਸ਼ਤਿਆਂ ਦੀ ਜਕੜ ਆਦਿ ਸਭ ਦੋਗਲੇ ਹਨ ਜੋ ਮਰਦ ਅਤੇ ਔਰਤ ਲਈ ਵੱਖਰੇ—ਵੱਖਰੇ ਹਨ ਜਿਨ੍ਹਾਂ ਦੇ ਕਾਰਨ ਔਰਤ ਦਾ ਨਾਰੀਤਵ ਖ਼ਤਮ ਹੁੰਦਾ ਹੈ ਤਾਂ ਮਰਦ ਦੀ ਪ੍ਰਭੂਸੱਤਾ ਉੱਭਰਦੀ ਹੈ ਤੇ ਦੋਗਲੀ ਨੀਤੀ ਦਾ ਭ੍ਰਿਸ਼ਟ ਚਿਹਰਾ ਸਾਹਮਣੇ ਆਉਂਦਾ ਹੈ।

ਮੇਰੀ ਜੰਗ ਆਦਮੀ ਨਾਲ ਨਹੀਂ
ਉਸਦੇ ਮਸਤਕ 'ਚ ਬੈਠੇ
ਫੰਕਾਰਦੇ ਸੱਪ ਨਾਲ ਹੈ।
ਮੇਰੀ ਜੰਗ ਤੇਰੇ ਨਾਲ ਤਾਂ
ਕਦਾਚਿਤ ਵੀ ਨਹੀਂ
ਤੇਰੇ ਮਨ 'ਚ ਬੈਠੇ
ਪੁਰਖੇ ਦੇ ਵਿਚਾਰ ਦੀ ਹਉਂ ਨਾਲ ਹੈ।[5]

ਔਰਤ ਨੂੰ ਦੇਵੀ ਦਾ ਰੂਪ ਮੰਨਣ ਵਾਲੇ ਭਾਰਤ ਵਿਚ ਔਰਤ ਦੀ ਹੋਂਦ ਇਕ ਵਸਤੂ ਤੋਂ ਵੱਧ ਕੁਝ ਨਹੀਂ ਉਸਨੂੰ ਭੋਗਣ ਵਾਲੀ ਵਸਤੂ ਹੀ ਸਮਝਿਆ ਗਿਆ ਹੈ। ਭਾਵੇਂ ਉਹ ਘਰ ਵਿਚ ਹੈ ਤੇ ਭਾਵੇਂ ਘਰ ਤੋਂ ਬਾਹਰ ਵੇਸਵਾ। ਮਰਦ ਨੂੰ ਉਸ ਨਾਲ ਕੋਈ ਹਮਦਰਦੀ ਨਹੀਂ। ਉਸਦੀ ਇੱਜ਼ਤ ਦਿਲ ਪ੍ਰਚਾਵੇ ਲਈ ਹਰ ਥਾਂ 'ਤੇ ਰੋਲੀ ਜਾਂਦੀ ਹੈ। ਉਸ ਦੀਆਂ ਮਜ਼ਬੂਰੀਆਂ ਨੂੰ ਦੂਰ ਕਰਨ ਲਈ ਕੋਈ ਯਤਨ ਨਹੀਂ ਹੁੰਦਾ। ਅਜਿਹੀ ਸਥਿਤੀ ਵਿਚ ਘਰ ਦੇ ਅੰਦਰ ਤੇ ਬਾਹਰ ਔਰਤ ਦਾ ਅਸਤਿਤਵ ਇਕ 'ਤਵਾਇਫ਼' ਤੋਂ ਵੱਧ ਹੋਰ ਕੁਛ ਨਹੀਂ। ਵਨੀਤਾ ਨੇ ਔਰਤ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਉਸਨੂੰ ਉੱਚਾ ਦਰਜਾ ਪ੍ਰਦਾਨ ਕੀਤਾ ਹੈ ਅਤੇ ਉਸ ਦੀ ਅਜਿਹੀ ਸਥਿਤੀ ਦਾ ਜ਼ਿੰਮੇਵਾਰ ਸਿਸਟਮ ਤੇ ਮਰਦ ਜਾਤ ਨੂੰ ਕਿਹਾ ਹੈ। ਜਿਸ ਵਿਚ ਔਰਤ ਆਪਣੇ ਹੱਕਾਂ ਲਈ, ਥੁੜਾਂ ਲਈ ਜੇ ਘਰ ਦੀ ਦਹਿਲੀਜ਼ ਵੀ ਟੱਪਦੀ ਹੈ ਤਾਂ ਉਸਨੂੰ 'ਤਵਾਇਫ਼' ਆਦਿ ਤਖੱਲਸ ਦਿੱਤੇ ਜਾਂਦੇ ਹਨ। ਉਸ ਦੀ ਅਜਿਹੀ ਸਥਿਤੀ ਲਈ ਜਿੰਮੇਵਾਰ ਕਾਰਣਾਂ ਨੂੰ ਪਛਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਸੁਣੋ:

ਜਿਸ ਔਰਤ ਨੂੰ ਤਵਾਇਫ ਕਹਿੰਦੇ ਹੋ
ਜੋ ਕਿ ਸਾਗਰ ਹੈ।
ਸਬਰ ਦੇ ਚਰਣਾਮਤ ਦੀ
ਜਣਨੀ ਹੈ ਰਾਮ ਤੇ ਨਾਨਕ ਦੀ
... ... ... ...
ਕਮਜਾਤ ਤਾਂ ਮਰਦ ਹੈ
ਜੋ ਰੱਤ ਨਿਚੋੜ ਕੇ ਬੇਗੁਨਾਹ ਦਾ
ਬੱਦਲ ਵਾਂਗ ਉੱਡ ਜਾਂਦਾ ਹੈ।[6]

ਸਾਡੇ ਸਮਾਜ ਵਿਚ ਪਿਤਰਕੀ ਪ੍ਰਬੰਧ ਦੀਆਂ ਕਰਦਾਂ—ਕੀਮਤਾਂ ਕਾਰਨ ਕੁੜੀ ਨੂੰ ਬਚਪਨ ਤੋਂ ਹੀ ਬੰਦਿਸ਼ਾਂ ਵਿਚ ਰਹਿਣਾ ਪੈਦਾ ਹੈ। ਇੱਥੋਂ ਤੱਕ ਕੇ ਉਸਨੂੰ ਆਪਣੇ ਵਰ ਦੀ ਸੁਤੰਤਰ ਚੋਣ ਦਾ ਅਧਿਕਾਰ ਨਹੀਂ। ਉਸ ਦੀਆਂ ਇੱਛਾਵਾਂ ਨੂੰ ਦੋਗਲੀਆਂ ਕਦਰਾਂ—ਕੀਮਤਾਂ ਦੇ ਮਲਬੇ ਹੇਠ ਦੱਬ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਔਰਤ ਇਕ ਘਰ ਤੋਂ ਦੂਜੇ ਘਰ ਵਿਚ ਸਫ਼ਰ ਤਾਂ ਕਰਦੀ ਹੈ ਪਰ ਉਸ ਦੀ ਦਸ਼ਾ ਦੂਜੇ ਘਰ ਵਿਚ ਵੀ ਗੁਲਾਮਾਂ ਵਾਲੀ ਹੁੰਦੀ ਹੈ। ਇਸ ਤਰ੍ਹਾਂ ਉਸਦੀ ਹੋਂਦ ਇਕ ਹਸਤਾਖ਼ਰ ਹੋਈ ਰਸੀਦ ਤੋਂ ਵੱਧ ਕੁਝ ਨਹੀਂ।

ਮੈਨੂੰ ਲੱਗਾ ਮੈਂ ਕੈਸਾ ਚੈੱਕ ਹਾਂ
ਮਾਪਿਆ ਨੇ ਸਾਈਨ ਕੀਤਾ
ਤੇ ਸੁਹਰਿਆਂ ਨੇ ਕੈਸ਼ ਕਰਵਾ ਲਿਆ
ਇਕ ਦਾ ਭਾਰ
ਦੂਜੇ ਦੀ ਅਮਾਨਤ
... ... ... ...
ਤੇ ਮੇਰਾ ਵਜੂਦ ਕਾਗਜ਼ ਵਾਂਗ
ਹਸਤਾਖ਼ਰ ਹੋ ਕੇ ਰਸੀਦ ਹੋ ਗਿਆ।[7]

ਵਨੀਤਾ ਕਾਵਿ ਵਿਚ ਸੰਸਕ੍ਰਿਤੀ ਦੇ ਦਾਇਰਿਆਂ ਅਤੇ ਰਿਸ਼ਤਿਆਂ ਦੀ ਵਲਗਣ ਤੋਂ ਆਜ਼ਾਦ ਹੋਣ ਦੀ ਚੇਤਨਾ ਵੀ ਝਲਕਦੀ ਹੈ। ਸਾਡੀਆਂ ਸਮਾਜਿਕ ਕਦਰਾਂ—ਕੀਮਤਾਂ ਅਤੇ ਸੰਸਕਾਰਾਂ ਦੇ ਰੂਪ ਵਿਚ ਮਿਲੀ ਗੁਲਾਮੀ ਤੇ ਵਨੀਤਾ ਕਾਵਿ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਸਾਡੀ ਸੰਸਕ੍ਰਿਤੀ ਵਿਚ ਜਿਥੇ ਔਰਤ ਲਈ ਪਿਆਰ ਵਰਜਿਤ ਹੈ, ਉਥੇ ਹੀ ਵਨੀਤਾ ਆਪਣੇ ਕਾਵਿ ਵਿਚ ਸੁੰਤਤਰ ਪਿਆਰ ਦਾ ਐਲਾਨ ਕਰਦੀ ਹੈ। ਸ਼ਾਇਦ ਕਿਸੇ ਕਰਕੇ

ਵਿਦਰੋਹੀ ਸੁਰ ਹੁੰਦਿਆਂ ਹੋਇਆਂ ਵੀ ਵਨੀਤਾ ਦੀ ਕਵਿਤਾ ਵਿਚ ਕਠੋਰਤਾ ਨਹੀਂ ਸਗੋਂ ਨਿੱਘ ਹੈ ਜੋ ਸੰਸਕ੍ਰਿਤੀ ਦੇ ਦਾਇਰਿਆਂ ਤੋਂ ਮੁਕਤ ਹੋ ਸਿਰਫ਼ ਪਿਆਰ ਦੀ ਹੋਂਦ ਨੂੰ ਅਪਣਾਉਣਾ ਚਾਹੁੰਦੀ ਹੈ। ਵਨੀਤਾ ਕਾਵਿ ਵਿਚ ਦਾਜ ਜਿਹੀ ਲਾਹਨਤ 'ਤੇ ਵੀ ਚੋਟ ਕੀਤੀ ਗਈ ਹੈ। ਜਿਸ ਕਾਰਨ ਔਰਤ ਮਨ ਦੀਆਂ ਭਾਵਨਾਵਾਂ ਦੱਬ ਕੇ ਰਹਿ ਜਾਂਦੀਆਂ ਹਨ ਤੇ ਸਿਰਫ਼ ਦਾਜ ਹੀ ਉਸਦੀ ਘਰ ਵਿਚ ਥਾਂ ਨਿਸਚਿਤ ਕਰਦਾ ਹੈ। ਅਜਿਹਾ 'ਦਾਜ' ਕਵਿਤਾ ਵਿਚ ਵਾਚਿਆ ਜਾ ਸਕਦਾ ਹੈ।

ਜਿਹੜਾ ਦਾਜ ਉਹ ਲਿਆਈ ਸੀ
ਆਪਣੇ ਖਾਵੰਦ ਲਈ
ਸੱਸ ਸੁਹਰੇ ਲਈ
ਰਿਸ਼ਤੇਦਾਰਾਂ ਲਈ
ਉਸਦੀ ਪਰਖ ਪੜਚੋਲ ਤੇ ਮੁਲਾਂਕਣ ਨਾਲ
ਉਸਦਾ ਘਰ ਵਿਚ ਥਾਂਉਂ
ਕਿੰਨਾ ਕੁ ਤੇ ਕਿੱਥੇ ਕੁ ਹੈ
ਨੀਹਿਤ ਹੋਣਾ ਸੀ
ਇਕ ਦਾਜ
ਲਿਆਈ ਸੀ ਹੋਰ ਉਹ ਨਾਲ
ਆਪਣੀਆਂ ਸਿਮਰਤੀਆਂ ਦਾ
ਕਿਸੇ ਉਸ ਦਾ
ਰੈਪਰ ਤਾਂ ਕੀ ਖੋਲ੍ਹਣਾ ਸੀ।
ਓਪਰੀ ਨਜ਼ਰ ਵੀ ਨਾ ਮਾਰੀ।[8]

ਵਨੀਤਾ ਦਾ ਕਾਵਿ—ਪਾਤਰ ਸ਼ਹਿਰ ਦੀ ਤਨਾਅ ਭਰੀ ਜ਼ਿੰਦਗੀ ਤੋਂ ਇਲਾਵਾ ਮਹਾਂਨਾਗਰਾਂ ਦੀ ਗੁੰਝਲਤਾ ਭਰੀ ਜ਼ਿੰਦਗੀ ਪ੍ਰਤੀ ਵੀ ਬੇਰੁਖੀ ਅਪਣਾਉਂਦਾ ਹੈ। ਉਸ ਅਨੁਸਾਰ ਮਨੁੱਖ ਦਾ ਇਹ ਸ਼ਹਿਰੀ ਜੀਵਨ ਪਿੰਡ ਦੇ ਸਾਦੇ—ਸਿੱਧੜਪੁਣੇ ਵਾਲੇ ਜੀਵਨ ਨਾਲੋਂ ਜ਼ਿਆਦਾ ਸਵਾਰਥੀ,ਕੂੜ ਭਰਿਆ ਹੈ।ਪਿੰਡਾਂ ਦਾ ਜੀਵਨ ਕੁਦਰਤ ਨਾਲ ਜੁੜਿਆ ਹੋਇਆ ਸੱਚ ਅਤੇ ਸਿਦਕ ਵਾਲਾ ਹੁੰਦਾ ਹੈ ਜਦੋਂ ਕਿ ਸ਼ਹਿਰ ਦੇ ਜੀਵਨ ਵਿਚ ਝੂਠ ਦਾ ਬੋਲਬਾਲਾ ਹੈ ਤੇ ਕੁਦਰਤੀ ਜੀਵਨ ਦੀ ਥਾਂ ਪੱਥਰ ਦੀ ਕਠੋਰਤਾ ਵਰਗਾ ਹੈ:

ਜਦੋਂ ਦਾ ਮੈ ਸ਼ਹਿਰ ਆਇਆ ਹਾਂ
ਮਿੱਟੀ ਨੂੰ ਛੱਡ ਕੇ ਪੱਥਰ ਨੂੰ ਪਾਇਆ ਹੈ।
ਮੈਨੂੰ ਆਪਣੀ ਹੋਂਦ ਭੁੱਲ ਗਈ ਹੈ।
ਉਥੇ ਕੁਦਰਤ ਨੰਗੀ ਸੀ
ਸਚਾਈ ਨੰਗੀ ਸੀ
ਇਥੇ ਜੀਊਦੀਆਂ ਲਾਸ਼ਾ ਦੇ ਪਿੰਡੇ ਨੰਗੇ ਹਨ
ਮੇਰਾ ਸੱਚ ਕੂੜ ਦੇ ਨੰਗੇਜ਼ ਵਿਚ ਬਦਲਦਾ ਜਾ ਰਿਹਾ ਹੈ।[9]

ਸੋ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਵਨੀਤਾ ਕਾਵਿ ਵਿਚਲੀ ਨਾਰੀ ਪਾਤਰ ਪਿਤਰਕੀ ਪ੍ਰਬੰਧ ਦੀਆਂ ਵੇਲਾ ਵਿਹਾ ਚੁੱਕੀਆਂ ਕਦਰਾਂ—ਕੀਮਤਾਂ ਪ੍ਰਤੀ ਨਾਬਰੀ ਰਵੱਈਆ ਅਖਤਿਆਰਦੀ ਹੈ। ਉਹ ਅਜਿਹੇ ਸਮਾਜ ਦੀ ਲੋਚਾ ਕਰਦੀ ਹੈ ਜਿਸ ਵਿਚ ਔਰਤ ਅਤੇ ਮਰਦ ਨੂੰ ਬਰਾਬਰ ਦੇ ਹੱਕ ਅਤੇ ਅਧਿਕਾਰ ਮਿਲਣ ।ਇਹ ਨਾਰੀ ਪਾਤਰ ਆਪਣੇ ਅਸਤਿਤਵ ਦੀ ਤਲਾਸ਼ ਪ੍ਰਤੀ ਅਗਰਸਰ ਹੈ।

**ਹਵਾਲੇ**

1. ਪ੍ਰੋ. ਬਚਨਜੀਤ ਸਿੰਘ, 'ਧੁਖਦੇ ਅਹਿਸਾਸ ਦੀ ਕਵਿਤਾ ', ਹਰੀਆਂ ਛਾਵਾਂ ਦੀ ਕਬਰ, ਮਨਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 2014,ਪੰਨਾ 7
2. ਵਨੀਤਾ, ਮੰਦਰ ਸਪਤਕ, ਅਮਿਤ ਪ੍ਰਕਾਸ਼ਨ,ਨਵੀਂ ਦਿੱਲੀ,1997, ਪੰਨਾ 67
3. ਵਨੀਤਾ, ਹਰੀਆਂ ਛਾਵਾਂ ਦੀ ਕਬਰ,ਮਨਪ੍ਰੀਤ ਪ੍ਰਕਾਸ਼ਨ,ਨਵੀਂ ਦਿੱਲੀ, 2014, ਪੰਨਾ 50
4. ਵਨੀਤਾ, ਖਰਜਨਾਦ,ਨਵ ਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2002, ਪੰਨਾ 84
5. ਵਨੀਤਾ, ਮੰਦਰ ਸਪਤਕ,ਅਮਿਤ ਪ੍ਰਕਾਸ਼ਨ, ਨਵੀਂ ਦਿੱਲੀ,1997, ਪੰਨਾ 123
6. ਵਨੀਤਾ, ਹਰੀਆਂ ਛਾਵਾਂ ਦੀ ਕਬਰ,ਮਨਪ੍ਰੀਤ ਪ੍ਰਕਾਸ਼ਨ,ਨਵੀਂ ਦਿੱਲੀ, 2014, ਪੰਨਾ 50
7. ਵਨੀਤਾ, ਹਰੀਆ ਛਾਵਾਂ ਦੀ ਕਬਰ,ਮਨਪ੍ਰੀਤ ਪ੍ਰਕਾਸ਼ਨ,ਨਵੀਂ ਦਿੱਲੀ, 2014, ਪੰਨਾ 40
8. ਵਨੀਤਾ, ਮੰਦਰ ਸਪਤਕ, ਅਮਿਤ ਪ੍ਰਕਾਸ਼ਨ, ਨਵੀਂ ਦਿੱਲੀ,1997, ਪੰਨਾ 66
9. ਵਨੀਤਾ, ਸੁਪਨਿਆਂ ਦੀ ਪਗਡੰਡੀ,ਨਿਊ ਏਜ਼ ਬੁੱਕ ਸੈਂਟਰ,1985, ਪੰਨਾ 29

# ਗੁਰਸ਼ਰਨ ਸਿੰਘ ਦੀਆਂ ਰੰਗਮੰਚੀ ਜੁਗਤਾਂ



ਹਰਵਿੰਦਰ ਸਿੰਘ
ਸਹਾਇਕ ਪ੍ਰੋਫੈਸਰ
(ਪੰਜਾਬੀ)
ਮਾਲਵਾ ਕਾਲਜ ਬਠਿੰਡਾ।
+91 98888-51848
rcbharwinder@gmail.com

ਨਾਟਕ ਸਾਹਿਤ ਦੀ ਇੱਕ ਸਤੰਤਰ ਵਿਧਾ ਹੈ। ਜਿੱਥੇ ਨਾਵਲ, ਕਹਾਣੀ ਕਵਿਤਾ ਵਰਗੀਆਂ ਵਿਧਾਵਾਂ ਨੂੰ ਪਾਠਕ ਸਿਰਫ਼ ਪੜ੍ਹ ਕੇ ਆਨੰਦ ਮਾਣਦਾ ਹੈ, ਉੱਥੇ ਹੀ ਨਾਟਕ ਇੱਕ ਅਜਿਹੀ ਵਿਧਾ ਹੈ, ਜਿਸਨੂੰ ਪਾਠਕ ਪੜ੍ਹਨ ਦੇ ਨਾਲ-ਨਾਲ ਮੰਚ ਤੇ ਵੇਖ ਕੇ ਵੀ ਆਨੰਦ ਮਾਣਦਾ ਹੈ। ਇਸ ਤਰ੍ਹਾਂ ਨਾਟਕ ਇਕੋ ਸਮੇਂ ਸਾਹਿਤਕ ਰਚਨਾ ਵੀ ਹੈ ਤੇ ਮੰਚੀ ਕਲਾ ਵੀ ਹੈ। "ਨਾਟਕ ਇੱਕ ਮਿਸ਼ਰਿਤ ਕਲਾ ਹੈ, ਜਿਸ ਵਿੱਚ ਕਵਿਤਾ, ਕਹਾਣੀ, ਨਾਚ, ਗੀਤ, ਸੰਗੀਤ, ਚਿਤਰਕਲਾ ਆਦਿ ਤੱਤ ਸ਼ਾਮਿਲ ਹੁੰਦੇ ਹਨ। ਪਰੰਤੂ ਨਾਟਕ ਨੂੰ ਜਿਹੜਾ ਤੱਤ ਸਪੱਸ਼ਟ ਰੂਪ ਵਿੱਚ ਦੂਸਰੀਆਂ ਸਾਹਿਤਕ ਵਿਧਾਵਾਂ ਤੋਂ ਨਿਖੇੜਦਾ ਹੈ, ਉਹ ਰੰਗਮੰਚ ਹੈ।"[1] ਹਰੇਕ ਨਾਟਕਕਾਰ ਨਾਟਕ ਖੇਡਣ ਲਈ ਵਿਸ਼ੇਸ਼ ਵਿਧੀਆਂ ਦੀ ਵਰਤੋਂ ਕਰਦਾ ਹੈ। ਇਹਨਾਂ ਵਿਸ਼ੇਸ਼ ਵਿਧੀਆਂ ਦੀ ਵਰਤੋਂ ਹੀ ਇੱਕ ਨਾਟਕਕਾਰ ਨੂੰ ਦੂਸਰੇ ਨਾਟਕਕਾਰ ਤੋਂ ਵੱਖਰਾ ਕਰਦੀ ਹੈ। ਪੰਜਾਬੀ ਰੰਗਮੰਚ ਦੇ ਇਤਿਹਾਸ ਵਿੱਚ ਗੁਰਸ਼ਰਨ ਸਿੰਘ ਇੱਕ ਵਿਲੱਖਣ ਹਸਤਾਖ਼ਰ ਹੈ, ਜਿੰਨ੍ਹਾਂ ਨੇ ਨਾ ਸਿਰਫ਼ ਇੱਕ ਮਾਹਿਰ ਨਾਟਕਕਾਰ ਵਜੋਂ ਆਪਣੀ ਪਛਾਣ ਬਣਾਈ, ਸਗੋਂ ਵਿੱਲਖਣ ਰੰਗਮੰਚੀ ਜੁਗਤਾਂ ਦੇ ਸਿਰਜਣਹਾਰ ਵਜੋਂ ਵੀ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੈ। ਉਨ੍ਹਾਂ ਦੀਆਂ ਰੰਗਮੰਚੀ ਜੁਗਤਾਂ ਨੇ ਪੰਜਾਬੀ ਰੰਗਮੰਚ ਨੂੰ ਇੱਕ ਨਵਾਂਪਨ ਪ੍ਰਦਾਨ ਕੀਤਾ। ਪੰਜਾਬੀ ਨਾਟਕ ਦੇ ਖੇਤਰ ਵਿੱਚ ਗੁਰਸ਼ਰਨ ਸਿੰਘ ਅਜਿਹਾ ਨਾਟਕਕਾਰ ਹੈ ਜਿਸ ਨੇ ਰੰਗਮੰਚ ਦੇ ਖੇਤਰ ਵਿੱਚ ਨਵੇਂ ਪ੍ਰਯੋਗ ਕੀਤੇ। ਉਸਨੇ ਰੰਗਮੰਚ ਨੂੰ ਸੌੜੀਆਂ ਵਲਗਣਾਂ ਵਿੱਚ ਕੱਢ ਕੇ ਆਮ ਲੋਕਾਂ ਦੇ ਹਾਣ ਦਾ ਕੀਤਾ। ਉਸਨੇ ਪੰਜਾਬੀ ਨਾਟਕ ਤੇ ਰੰਗਮੰਚ ਰਾਹੀਂ ਆਪਣੀ ਆਵਾਜ਼ ਬੁਲੰਦ ਕੀਤੀ। ਇਸ ਬਾਰੇ ਡਾ. ਸਤੀਸ਼ ਕੁਮਾਰ ਵਰਮਾ ਲਿਖਦਾ ਹੈ ਕਿ

"ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟਕ ਨੂੰ ਆਪਣੀ ਆਵਾਜ਼ ਉਸਾਰਨ ਲਈ ਤਿਆਰ ਕੀਤਾ ਹੈ...... ਇਹ ਗੱਲ ਕਈਆਂ ਦੀ ਜਾਣਕਾਰੀ ਲਈ ਨਵੀਂ ਹੋਵੇਗੀ ਕਿ ਗੁਰਸ਼ਰਨ ਸਿੰਘ ਪੰਜਾਬ ਵਿੱਚ ਹੀ ਨਹੀਂ ਸਮੁੱਚੇ ਭਾਰਤ ਵਿੱਚ ਇਸ ਲਹਿਰ ਦਾ ਮੋਢੀ ਹੈ। ਉਸਦੇ ਨਾਟਕ ਹਿੰਦੀ ਤੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਸਮੂਹ ਭਾਰਤ ਵਿੱਚ ਖੇਡੇ ਗਏ।...... ਭਾਰਤ ਦੇ ਦੂਜੇ ਸੂਬਿਆਂ ਦੇ ਲੋਕ ਜੋ ਕਿਸੇ ਪੰਜਾਬੀ ਨਾਟਕਕਾਰ ਨੂੰ ਜਾਣਦੇ ਹਨ ਤਾਂ ਉਹ ਗੁਰਸ਼ਰਨ ਸਿੰਘ ਹੀ ਹੈ।"[2]

ਗੁਰਸ਼ਰਨ ਸਿੰਘ ਪੰਜਾਬੀ ਦਾ ਇੱਕ ਪ੍ਰਤੀਬੱਧ ਰੰਗਕਰਮੀ ਤੇ ਨਾਟਕਕਾਰ ਹੈ। ਪੰਜਾਬੀ ਨਾਟਕ ਦੇ ਖੇਤਰ ਵਿੱਚ ਗੁਰਸ਼ਰਨ ਸਿੰਘ ਨੇ ਸਭ ਤੋਂ ਵਧੇਰੇ ਨਾਟਕ ਲਿਖੇ ਅਤੇ ਖੇਡੇ ਹਨ।

ਇਸ ਤੋਂ ਇਲਾਵਾ ਉਸਨੇ ਨਾਵਲ, ਕਹਾਣੀ ਆਦਿ ਨੂੰ ਰੂਪਾਂਤਰਣ ਕਰਕੇ ਵੀ ਨਾਟਕਾਂ ਦੀ ਸਿਰਜਣਾ ਕੀਤੀ ਹੈ। ਗੁਰਸ਼ਰਨ ਸਿੰਘ ਭਾਵੇਂ ਮੂਲ ਰੂਪ ਵਿੱਚ ਇੱਕ ਸ਼ਹਿਰੀ ਵਿਅਕਤੀ ਸੀ,ਪਰ ਉਹ ਅੰਤ ਤੱਕ ਪੇਂਡੂ ਰੰਗਮੰਚ ਨਾਲ ਜੁੜਿਆ ਰਿਹਾ। ਉਸਦਾ ਰੰਗਮੰਚ ਪੂਰਨ ਤੌਰ ਤੇ ਪੇਂਡੂ ਲੋਕਾਂ ਨੂੰ ਸਮਰਪਿਤ ਹੈ, ਉਸਦੇ ਰੰਗਮੰਚ ਦੀਆਂ ਕਦਰਾਂ ਕੀਮਤਾਂ ਵੀ ਪੇਂਡੂ ਸੁਭਾਅ ਵਾਲੀਆਂ ਹਨ। ਉਸਨੇ 1969 ਵਿੱਚ ਗੁਰੂ ਨਾਨਕ ਦੀ ਜਨਮ ਸ਼ਤਾਬਦੀ ਸਮੇਂ ਗੁਰਦਿਆਲ ਸਿੰਘ ਫੁੱਲ ਦੇ ਨਾਟਕ 'ਜਿਨੁ ਸੁਚ ਪਲੈ ਹੋਇ' ਨਾਲ ਪੰਜਾਬ ਦੇ ਪਿੰਡਾਂ ਵੱਲ ਆਪਣਾ ਰੁਖ ਕੀਤਾ। ਉਸਦੇ ਰੰਗਮੰਚ ਦਾ ਉਦੇਸ਼ ਕੇਵਲ ਲੋਕਾਂ ਨੂੰ ਨਾਟਕ ਵਿਖਾਉਣਾ ਨਹੀਂ ਹੈ, ਸਗੋਂ ਲੋਕਾਂ ਨੂੰ ਇਕ ਸੁਨੇਹਾ ਦੇਣਾ ਤੇ ਜਾਗਰਿਤ ਕਰਨਾ ਹੈ। ਇਸ ਗੱਲ ਦੀ ਪ੍ਰੋੜਤਾ ਉਹ ਆਪਣੇ ਸਵੈ ਕਥਨ ਰਾਹੀਂ ਕਰਦਾ ਹੈ ਕਿ

"ਮੇਰਾ ਰੰਗਮੰਚ ਕੇਵਲ ਰੰਗਮੰਚ ਦੀ ਖਾਤਰ ਨਹੀਂ ਹੈ ਮੈਂ ਰੰਗਮੰਚ ਦੀ ਵਰਤੋਂ ਆਪਣਾ ਇਨਕਲਾਬੀ ਸੁਨੇਹਾ ਦੇਣ ਲਈ ਕਰਦਾ ਹਾਂ। ਮੇਰਾ ਰੰਗਮੰਚ ਲੋਕਾਂ ਨੂੰ ਤਿਆਰ ਕਰਨ ਤੇ ਉਹਨਾਂ ਨੂੰ ਚੰਗੇਰੇ ਸਮਾਜ ਲਈ ਨਿਤਰਨ ਤੇ ਕੰਮ ਕਰਨ ਵਾਸਤੇ ਪ੍ਰੇਰਣਾ ਦੇਣ ਦੇ ਮੰਤਵ ਵਾਲਾ ਰੰਗਮੰਚ ਹੈ।"[3]

ਜਿਸ ਸਮੇਂ ਗੁਰਸ਼ਰਨ ਸਿੰਘ ਨੇ ਪੇਂਡੂ ਰੰਗਮੰਚ ਵੱਲ ਆਪਣਾ ਰੁਖ ਕੀਤਾ। ਉਸ ਸਮੇਂ ਤੱਕ ਅਜਮੇਰ ਔਲਖ ਪੇਂਡੂ ਰੰਗਮੰਚ ਵਿਕਸਿਤ ਕਰ ਚੁੱਕਾ ਸੀ। ਇਸ ਗੱਲ ਦਾ ਉਲੇਖ ਉਹ ਬਹੁਤ ਮਾਣ ਨਾਲ ਕਰਦਾ ਹੋਇਆ ਕਹਿੰਦਾ ਹੈ ਕਿ ਮੈਂ ਅਜਮੇਰ ਔਲਖ ਤੋਂ ਬਹੁਤ ਕੁਝ ਗ੍ਰਹਿਣ ਕੀਤਾ ਹੈ। ਗੁਰਸ਼ਰਨ ਸਿੰਘ ਇਹ ਵੀ ਭਲੀ ਭਾਂਤ ਜਾਣਦਾ ਹੈ ਕਿ ਪੇਂਡੂ ਰੰਗਮੰਚ ਲਈ ਕਿਹੋ ਜਿਹੇ ਨਾਟਕ, ਕਹਾਣੀ, ਪਾਤਰ ਦੀ ਲੋੜ ਹੈ। ਨਾਟਕ ਲਈ ਕਿਹੋ ਜਿਹਾ ਪਲਾਟ ਚਾਹੀਦਾ ਹੈ। ਉਸ ਨੇ ਆਪਣੇ ਨਾਟਕਾਂ ਵਿੱਚ ਕਹਾਣੀ, ਪਾਤਰਾਂ ਨੂੰ ਇਸ ਤਰਾਂ ਉਸਾਰਿਆ ਹੈ ਕਿ ਇਨ੍ਹਾਂ ਰਾਹੀਂ ਉਹ ਆਪਣਾ ਸੁਨੇਹਾ ਵੀ ਦਿੰਦਾ ਹੈ ਤੇ ਲੋਕਾਂ ਦਾ ਮੰਨੋਰੰਜਨ ਵੀ ਕਰਦਾ ਹੈ। ਗੁਰਸ਼ਰਨ ਸਿੰਘ ਇਹ ਗੱਲ ਵੀ ਸਵੀਕਾਰ ਕਰਦਾ ਹੈ ਕਿ ਉਸਨੂੰ ਪੇਂਡੂ ਰੰਗਮੰਚ ਦੀ ਸੂਝ ਵੀ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਤੋਂ ਆਈ ਹੈ। ਆਪਣੇ ਸਵੈ-ਕਥਨ ਵਿੱਚ ਉਹ ਕਹਿੰਦਾ ਹੈ।

"ਮੈਨੂੰ ਰੂਰਲ-ਥੀਏਟਰ ਦੀ ਸਮਝ ਲੋਕਾਂ ਤੋਂ ਆਈ ਹੈ ਮੈਂ ਜਦੋਂ ਅੰਮ੍ਰਿਤਸਰ ਵਿਖੇ ਨਾਟਕ ਦੀ ਪੇਸ਼ਕਾਰੀ ਕਰਦਾ ਸਾਂ ਲੋਕ ਸੱਦਾ ਦੇਣ ਤੇ ਹੀ ਆਉਂਦੇ ਸਨ ਅਤੇ ਫਿਰ ਕੁਰਸੀਆਂ ਭਾਲਦੇ ਸਨ। ਪਰ ਜਦੋਂ ਪਿੰਡਾਂ ਵਿੱਚ ਨਾਟਕ ਖੇਡਦੇ ਸਾਂ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਆਉਂਦੇ

ਅਤੇ ਰਾਤ ਦੇ ਬਾਰਾਂ-ਇੱਕ ਵਜੇ ਤਕ ਨਾਟਕ ਵੇਖਣ ਲਈ 5-5, 10-10 ਮੀਲ ਤੋਂ ਚਲ ਕੇ ਆਉਂਦੇ। ਧਿਆਨ ਨਾਲ ਨਾਟਕ ਵੇਖਦੇ ਰਹਿੰਦੇ। ਮੈਨੂੰ ਮਹਿਸੂਸ ਹੋਇਆ ਕਿ ਰੂਰਲ ਥੀਏਟਰ ਦਾ ਵਿਕਾਸ ਬਹੁਤ ਜ਼ਰੂਰੀ ਹੈ ਕਿਉਂਕਿ ਭਾਰਤ ਵਿੱਚ 85% ਲੋਕ ਤਾਂ ਪਿੰਡਾਂ ਵਿੱਚ ਹੀ ਰਹਿੰਦੇ ਹਨ।"4

ਗੁਰਸ਼ਰਨ ਸਿੰਘ ਆਪਣੇ ਨਾਟਕ ਅਤੇ ਰੰਗਮੰਚ ਆਮ ਲੋਕਾਂ ਦੇ ਬੌਧਿਕ ਪੱਧਰ ਤੇ ਅਨਕੂਲ ਹੀ ਰੱਖਦਾ ਹੈ। ਉਸਦੇ ਰੰਗਮੰਚ ਵਿੱਚ ਦਰਸ਼ਕਾਂ ਨੂੰ ਕੀਲ ਲੈਣ ਦੀ ਸਮਰੱਥਾ ਹੈ। ਜਦੋਂ ਗੁਰਸ਼ਰਨ ਸਿੰਘ ਪੇਂਡੂ ਰੰਗਮੰਚ ਤੇ ਨਾਟਕ ਖੇਡਦਾ ਹੈ ਤਾਂ ਦਰਸ਼ਕ ਬੌਧਿਕ ਤੇ ਮਾਨਸਿਕ ਪੱਧਰ ਤੇ ਉਸਦੇ ਨਾਟਕ ਨਾਲ ਜੁੜ ਜਾਂਦੇ ਹਨ। ਉਹ ਆਪਣੇ ਰੰਗਮੰਚ ਰਾਹੀਂ ਲੋਕਾਂ ਨੂੰ ਰਾਜਸੀ ਤੇ ਸਮਾਜਿਕ ਤੌਰ ਤੇ ਜਾਗਰਿਤ ਕਰਦਾ ਹੈ। ਗੁਰਸ਼ਰਨ ਸਿੰਘ ਦਾ ਰੰਗਮੰਚ ਸੰਘਰਸ਼ਸ਼ੀਲ ਰੰਗਮੰਚ ਹੈ, ਜਿਹੜਾ ਲੋਕਾਂ ਨੂੰ ਸੰਘਰਸ਼ ਲਈ ਤਿਆਰ ਕਰਦਾ ਹੈ। ਉਹ ਆਪਣੇ ਰੰਗਮੰਚ ਰਾਹੀਂ ਲੋਕਾਂ ਨੂੰ ਸਮੱਸਿਆਵਾਂ ਪ੍ਰਤੀ ਸੋਚਣ ਲਈ ਮਜ਼ਬੂਰ ਕਰ ਦਿੰਦਾ ਹੈ। ਆਪਣੇ ਰੰਗਮੰਚ ਰਾਹੀਂ ਗੁਰਸ਼ਰਨ ਸਿੰਘ ਦਰਸ਼ਕਾਂ ਦੇ ਬਰਾਬਰ ਖੜ੍ਹਨ ਦੀ ਸਮਰੱਥਾ ਰੱਖਦਾ ਹੈ। ਉਸਨੇ ਆਪਣੇ ਰੰਗਮੰਚ ਨੂੰ ਪੇਚੀਦਾ ਸੁਭਾਅ, ਉਲਝਣ ਤੋਂ ਸਦਾ ਦੂਰ ਰੱਖਿਆ ਅਤੇ ਸਰਲ ਤੇ ਸਪੱਸ਼ਟਤਾ ਵਾਲੇ ਰੰਗਮੰਚ ਦੀ ਪੇਸ਼ਕਾਰੀ ਕੀਤੀ।

ਸਮਾਜ ਵਿੱਚ ਵਾਪਰ ਰਹੇ ਹਰੇਕ ਗਲਤ ਵਰਤਾਰੇ ਨੂੰ ਉਹ ਬਹੁਤ ਬਰੀਕ ਨਜ਼ਰ ਨਾਲ ਵੇਖਦਾ ਹੈ। ਇਸ ਲਈ ਉਹ ਨਾਟਕ ਅਤੇ ਰੰਗਮੰਚ ਨੂੰ ਨਿਰਾ ਮਨਪਰਚਾਵੇ ਦਾ ਸਾਧਨ ਨਹੀਂਮੰਨਦਾ, ਸਗੋਂ ਇੱਕ ਸ਼ਕਤੀਸਾਲੀ ਸਭਿਆਚਾਰਕ ਕਲਾ ਮਾਧਿਅਮ ਮੰਨਦਾ ਹੈ ਕਿਉਂਕਿ ਇਸ ਕਲਾ ਨਾਲ ਹੀ ਲੋਕਾਂ ਤੱਕ ਸਿੱਧੀ ਪਹੁੰਚ ਬਣਾਈ ਜਾ ਸਕਦੀ ਹੈ। ਨਾਟਕ ਦਾ ਯਥਾਰਥ ਉਂਜ ਵੀ ਜੀਵਨ ਦੇ ਯਥਾਰਥ ਨਾਲੋਂ ਵਧੇਰੇ ਸੱਚਾ ਤੇ ਪ੍ਰਭਾਵਸ਼ਾਲੀ ਹੁੰਦਾ ਹੈ, ਇਸ ਤਰ੍ਹਾਂ ਜਦੋ ਨਾਟਕ ਨੂੰ ਰੰਗਮੰਚ ਤੇ ਖੇਡਿਆ ਜਾਂਦਾ ਹੈ ਤਾਂ ਉਸਦਾ ਯਥਾਰਥ ਹੋਰ ਵੀ ਤੀਖਣ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰਸ਼ਰਨ ਸਿੰਘ ਨਾਟਕ ਦੇ ਨਾਲ-ਨਾਲ ਰੰਗਮੰਚ ਨੂੰ ਵੀ ਇੱਕ ਸ਼ਕਤੀਸ਼ਾਲੀ ਮਧਿਅਮ ਵਜੋਂ ਵਰਤਦਾ ਹੈ।

ਗੁਰਸ਼ਰਨ ਸਿੰਘ ਨਾਟਕ ਦੀ ਕਥਾਨਕ ਸਿਰਜਣਾ ਵੱਲੋ ਵੀ ਸੁਚੇਤ ਨਜ਼ਰ ਆਉਂਦਾ ਹੈ। ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਵੱਖਰਾ ਕਥਾਨਕ ਸਿਰਜਿਆ। ਆਪਣੇ ਨਾਟਕ ਦੇ ਕਥਾਨਕ ਵਿੱਚ ਉਹ ਵਰਨਣ ਤੇ ਜ਼ੋਰ ਦਿੰਦਾ ਹੈ। ਨਾਟਕ ਵਿੱਚ ਹਾਸਰਸੀ ਸਥਿਤੀ ਪੈਦਾ ਕਰਨ ਲਈ ਉਹ ਆਪਣੇ ਕਥਾਨਕ ਵਿੱਚ ਰੌਚਕ ਘਟਨਾਵਾਂ ਦੀ ਵਰਤੋਂ ਕਰਦਾ ਹੈ। ਜਿਸ

ਨਾਲ ਨਾਟਕ ਵੇਖ ਰਹੇ ਦਰਸ਼ਕ ਨੂੰ ਬੋਰੀਅਤ ਦਾ ਅਹਿਸਾਸ ਨਹੀਂ ਹੁੰਦਾ, ਸਗੋਂ ਦਰਸ਼ਕ ਨਾਟਕ ਵਿੱਚ ਖੁੱਭਦਾ ਜਾਂਦਾ ਹੈ ਤੇ ਨਾਟਕ ਦਾ ਆਨੰਦ ਮਾਣਦਾ ਹੈ। ਉਹ ਆਪਣੇ ਨਾਟਕ ਦੇ ਕਥਾਨਕ ਵਿੱਚ ਤਤਕਾਲੀ ਘਟਨਾਵਾਂ ਦੀ ਵਰਤੋਂ ਕਰਦਾ ਹੈ। ਉਦਾਹਰਨ ਤੌਰ ਤੇ ਉਸਨੇ ਆਪਣੇ ਨਾਟਕ 'ਤੰਦਰ' ਵਿੱਚ ਤਤਕਾਲੀ ਘਟਨਾ ਦਾ ਜ਼ਿਕਰ ਕੀਤਾ ਹੈ। ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਕਥਾਨਕ ਸਮਕਾਲੀਨ ਸਥਿਤੀ ਤੋਂ ਵੀ ਪ੍ਰਭਾਵਿਤ ਹੋ ਕੇ ਸਿਰਜਿਆ।

ਪਾਤਰ ਉਸਾਰੀ ਵੀ ਨਾਟਕ ਦਾ ਮਹੱਤਵਪੂਰਨ ਤੱਤ ਹੈ। ਪਾਤਰ ਨਾਟਕ ਲਈ ਇੱਕ ਸੰਚਾਰੀ ਤੱਤ ਹੈ। ਜਦੋਂ ਨਾਟਕ ਨੂੰ ਰੰਗਮੰਚ ਤੇ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਵਿੱਚ ਪਾਤਰ ਹੀ ਸਭ ਤੋਂ ਅਹਿਮ ਰੋਲ ਅਦਾ ਕਰਦੇ ਹਨ। ਪਾਤਰਾਂ ਤੋਂ ਬਿਨ੍ਹਾਂ ਨਾਟਕ ਦੀ ਰੰਗਮੰਚ ਤੇ ਪੇਸ਼ਕਾਰੀ ਅਸੰਭਵ ਹੈ, ਕਿਉਂਕਿ ਪਾਤਰਾਂ ਦੇ ਮਾਧਿਅਮ ਰਾਹੀਂ ਹੀ ਨਾਟਕਕਾਰ ਦੇ ਸ਼ਬਦ ਦਰਸ਼ਕਾਂ ਤੱਕ ਪਹੁੰਚਦੇ ਹਨ। ਪਾਤਰ ਦੇ ਮਾਧਿਅਮ ਰਾਹੀਂ ਨਾਟਕਕਾਰ ਨੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨਾ ਹੁੰਦਾ ਹੈ, ਇਸ ਲਈ ਪਾਤਰ ਉਸਾਰੀ ਨਾਟਕਕਾਰ ਲਈ ਕੱਚਾ ਪਦਾਰਥ ਨਹੀਂ ਹੁੰਦਾ, ਸਗੋਂ ਨਾਟਕ ਨੂੰ ਰੰਗਮੰਚ ਤੇ ਪੇਸ਼ ਕਰਨ ਵਾਲਾ ਇੱਕ ਜਿਉਂਦਾ ਮਨੁੱਖ ਹੁੰਦਾ ਹੈ। ਗੁਰਸ਼ਰਨ ਸਿੰਘ ਆਪਣੇ ਨਾਟਕਾਂ ਦੇ ਪਾਤਰਾਂ ਦੀ ਚੋਣ ਪੇਂਡੂ ਜਨ-ਜੀਵਨ ਵਿੱਚੋਂ ਕਰਦਾ ਹੈ। ਉਸਦੇ ਨਾਟਕ ਵਿੱਚ ਪਾਤਰਾਂ ਦੀ ਗਿਣਤੀ 5 ਤੋਂ 7 ਤੱਕ ਹੁੰਦੀ ਹੈ। ਉਸਦੀ ਇੱਕ ਹੋਰ ਵਿਸੇਸ਼ਤਾ ਇਹ ਹੈ ਕਿ ਉਹ ਬਹੁਤੀ ਵਾਰ ਆਪਣੇ ਪਾਤਰਾਂ ਨੂੰ ਕੋਈ ਨਾਮ ਨਹੀਂ ਦਿੰਦਾ, ਸਗੋਂ ਆਪਣੇ ਪੱਤਰਾਂ ਨੂੰ 1, 2. 3. 4 ਨਾਮਾਂ ਨਾਲ ਹੀ ਸੰਬੋਧਨ ਕਰਦਾ ਹੈ। ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਅਸਲ ਪਾਤਰਾਂ ਦੀ ਸਿਰਜਣਾ ਕੀਤੀ। ਉਸ ਕੋਲ ਰਾਜਨੀਤਿਕ, ਸਮਾਜਿਕ, ਇਤਿਹਾਸਿਕ ਅਤੇ ਧਾਰਮਿਕ ਵਿਚਾਰਧਾਰਾ ਪੇਸ਼ ਕਰਨ ਲਈ ਵੱਕੋ-ਵੱਖਰੇ ਪਾਤਰ ਹਨ। ਉਸਦੇ ਨਾਟਕਾਂ ਦੇ ਪਾਤਰਾਂ ਨੂੰ ਸਮਾਜ ਵਿੱਚ ਆਲੇ-ਦੁਆਲੇ ਘੁੰਮਦੇ ਵੇਖਿਆ ਜਾ ਸਕਦਾ ਹੈ। ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਪਾਤਰ ਕ੍ਰਾਂਤੀਕਾਰੀ ਹਨ, ਜੋ ਹਰੇਕ ਗਲਤ ਵਰਤਾਰੇ ਪ੍ਰਤੀ ਸੰਘਰਸ਼ ਕਰਦੇ ਹੋਏ ਪ੍ਰਤੀਤ ਹੁੰਦੇ ਹਨ। ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਨਾਇਕ ਪਾਤਰ ਵੀ ਸਭਿਆਚਾਰ ਦੇ ਘੇਰੇ ਵਿਚੋਂ ਹੀ ਲਿਆ ਹੈ। ਉਸਦੇ ਨਾਟਕਾਂ ਵਿੱਚ ਨਾਇਕ ਵੀ ਸਮਾਜਿਕ ਨਿਆਂ ਲਈ ਜੂਝਦੇ ਹਨ। ਉਸਦੇ ਨਾਟਕਾਂ ਦੇ ਨਾਇਕ ਆਦਰਸ਼ ਹਨ ਤੇ ਸੱਚ ਤੇ ਪਹਿਰਾ ਦਿੰਦੇ ਹਨ। ਉਸਨੇ ਆਪਣੇ ਨਾਟਕਾਂ ਵਿੱਚ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ, ਦੁੱਲਾ ਭੱਟੀ, ਭਗਤ ਸਿੰਘ, ਊਧਮ ਸਿੰਘ ਆਦਿ ਨੂੰ ਕੇਂਦਰੀ ਪਾਤਰ (ਨਾਇਕ) ਵਜੋਂ ਪੇਸ਼ ਕੀਤਾ। ਉਹ ਰਾਂਝੇ, ਮਿਰਜ਼ੇ ਵਰਗੇ ਨਾਇਕਾਂ ਨੂੰ ਧੁਰੋਂ ਨਕਾਰਦਾ ਹੈ।

ਨਾਇਕ ਸੰਬੰਧੀ ਉਸਦਾ ਸਵੈ ਕਥਨ ਹੈ -"ਮੈਂ ਮਾਸ਼ੂਕਾਂ ਦੀ ਖਾਤਰ ਮੱਝੀਆਂ ਚਾਰਨ ਵਾਲੇ, ਪੱਟ ਚੀਰ ਕੇ ਮਾਸ ਖਵਾਉਣ ਵਾਲੇ, ਮਾਸ਼ੂਕਾਂ ਦੇ ਭਰਾਵਾਂ ਹੱਥੋਂ ਮਰਨ ਵਾਲੇ, ਮਾਸ਼ੂਕਾਂ ਦੀ ਖਾਤਰ ਆਪਣੀ ਹੀ ਹੱਟ ਨੂੰ ਅੱਗ ਲਾਉਣ ਵਾਲੇ ਨਾਇਕਾਂ ਨੂੰ ਨਾਟਕ ਦਾ ਕੇਂਦਰੀ ਪਾਤਰ ਨਹੀਂ ਮੰਨਦਾ। "5

ਪਿੰਡਾਂ ਦੇ ਥੜੇ ਨੂੰ ਗੁਰਸ਼ਰਨ ਆਪਣੇ ਮੰਚ ਵਜੋਂ ਵਰਤਦਾ ਹੈ, ਉਹ ਉਸਦੀਆਂ ਸਾਰੀਆਂ ਲੋੜਾਂ ਪੂਰੀਆਂ ਨਹੀਂ ਕਰਦੇ, ਇਸ ਤਰ੍ਹਾਂ ਉਸਨੂੰ ਕਈ ਦਿੱਕਤਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਪਿੰਡਾਂ ਦੇ ਬੜੇ ਨਾਟਕ ਖੇਡਣ ਦੇ ਨਜ਼ਰੀਏ ਤੋਂ ਨਹੀਂ ਬਣਾਏ ਗਏ, ਪਰ ਇਸ ਦੇ ਬਾਵਜੂਦ ਵੀ ਗੁਰਸ਼ਰਨ ਸਿੰਘ ਆਪਣਾ ਸੁਨੇਹਾ ਲੋਕਾਂ ਤੱਕ ਪਹੁੰਚਉਣਾ ਜ਼ਰੂਰੀ ਸਮਝਦਾ ਹੈ। ਉਸਨੇ ਆਪਣੇ ਰੰਗਮੰਚ ਰਾਹੀਂ ਥੜ੍ਹਾ ਥੀਏਟਰ ਵੀ ਵਿਕਸਿਤ ਕੀਤਾ। ਥੜੇ ਨੂੰ ਰੰਗਮੰਚ ਦੇ ਅਨਕੂਲ ਢਾਲ ਕੇ ਜਦੋਂ ਗੁਰਸ਼ਰਨ ਸਿੰਘ ਆਪਣਾ ਨਾਟਕ ਖੇਡਦਾ ਹੈ ਤਾਂ ਉਹ ਸਟੇਜ ਮੁਤਾਬਕ ਸਾਰਾ ਕੁਝ ਬਦਲ ਲੈਂਦਾ ਹੈ। ਗੁਰਸ਼ਰਨ ਸਿੰਘ ਨੇ ਸਾਦਾ ਰੰਗਮੰਚ ਤਿਆਰ ਕੀਤਾ। ਜਿਸ ਰੰਗਮੰਚ ਤੇ ਗੁਰਸ਼ਰਨ ਸਿੰਘ ਨਾਟਕ ਖੇਡਦਾ ਹੈ, ਉਸ ਉੱਪਰ ਨਾ ਕੋਈ ਰੋਸ਼ਨੀ ਹੈ, ਨਾ ਕੋਈ ਪਰਦਾ, ਨਾ ਵੀ ਕੋਈ ਆਵਾਜ਼ ਦਾ ਚੰਗਾ ਪ੍ਰਬੰਧ, ਨਾ ਹੀ ਦਰਸ਼ਕਾਂ ਦੇ ਬੈਠਣ ਲਈ ਕੋਈ ਢੁਕਵੀਂ ਥਾਂ ਹੈ, ਪਰ ਇਸਦੇ ਬਾਵਜੂਦ ਵੀ ਗੁਰਸ਼ਰਨ ਸਿੰਘ ਆਪਣੇ ਨਾਟਕ ਨੂੰ ਰੰਗਮੰਚ ਦੇ ਅਨਕੂਲ ਢਾਲ ਕੇ ਪੇਸ਼ ਕਰਦਾ ਹੈ। ਇਹ ਗੁਰਸ਼ਰਨ ਸਿੰਘ ਦੀ ਹੀ ਵਿਸ਼ੇਸ਼ਤਾ ਹੈ ਕਿ ਉਸਨੇ ਨਾਟਕ 55 ਪਾਤਰਾਂ ਨਾਲ ਵੀ ਪੇਸ਼ ਕੀਤਾ ਤੇ 5 ਪਾਤਰਾਂ ਨਾਲ ਵੀ ਪੇਸ਼ ਕੀਤਾ। ਇਨ੍ਹਾਂ ਸੀਮਾਵਾਂ ਅਧੀਨ ਰਹਿਕੇ ਗੁਰਸ਼ਰਨ ਸਿੰਘ ਨੇ ਪੇਂਡੂ ਰੰਗਮੰਚ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ।

ਗੁਰਸ਼ਰਨ ਸਿੰਘ ਆਪਣੇ ਨਾਟਕ ਤੇ ਰੰਗਮੰਚ ਨੂੰ ਬੰਦਸ਼ਾਂ ਤੋਂ ਦੂਰ ਰੱਖਦਾ ਹੈ ਅਤੇ ਲੋਕ ਰੰਗਮੰਚ ਦੀ ਹਮਾਇਤ ਕਰਦਾ ਹੈ। ਉਹ ਆਪਣੀਆਂ ਨਾਟ ਮੰਡਲੀਆਂ ਨਾਲ ਪੂਰੇ ਪੰਜਾਬ ਵਿੱਚ ਘੁੰਮਿਆ। ਗੁਰਸ਼ਰਨ ਸਿੰਘ ਨੇ ਥੜੇ ਥੀਏਟਰ ਰਾਹੀਂ ਸਮਾਜ ਵਿੱਚ ਬਰਾਬਰਤਾ ਦਾ ਇਤਿਹਾਸ ਸਿਰਜਿਆ। ਉਸ ਤੋਂ ਇਲਾਵਾ ਸ਼ਾਇਦ ਹੀ ਕੋਈ ਪੰਜਾਬੀ ਨਾਟਕਕਾਰ ਹੋਵੇ, ਜਿਸਨੇ ਥੜੇ ਉਪਰ ਨਾਟਕ ਖੇਡੇ ਹੋਣ। ਉਸਦਾ ਸਮਕਾਲੀ ਨਾਟਕਕਾਰ ਅਜਮੇਰ ਔਲਖ ਲਿਖਦਾ ਹੈ ਕਿ ਇਹ ਵਿਸ਼ੇਸ਼ਤਾ ਵੀ ਗੁਰਸ਼ਰਨ ਸਿੰਘ ਦੇ ਹਿੱਸੇ ਆਈ ਹੈ ਕਿ ਉਸਨੇ ਗੱਡੇ ਤੇ ਖੜ੍ਹ ਕੇ ਵੀ ਨਾਟਕ-ਕੀਤਾ ਅਤੇ ਟੈਗੋਰ ਥੀਏਟਰ ਵਿੱਚ ਵੀ ਨਾਟਕ ਕੀਤਾ।

ਵਾਰਤਾਲਾਪ ਦੇ ਪੱਖ ਤੋਂ ਜਦੋਂ ਅਸੀਂ ਗੁਰਸ਼ਰਨ ਸਿੰਘ ਦੇ ਨਾਟਕਾਂ ਨੂੰ ਵਾਚਦੇ ਹਾਂ ਤਾਂ ਵਾਰਤਾਲਾਪ ਸਿਰਜਣ ਵਿੱਚ ਵੀ ਗੁਰਸ਼ਰਨ ਸਿੰਘ ਚੇਤੰਨ ਨਜ਼ਰ ਆਉਂਦਾ ਹੈ। ਉਸਨੇ ਨਾਟਕਾਂ ਦੀ ਵਾਰਤਾਲਾਪ ਰੰਗਮੰਚ ਦੇ ਅਨਕੂਲ ਰੱਖ ਕੇ ਹੀ ਸਿਰਜੀ। ਉਸਨੇ ਆਪਣੇ ਨਾਟਕ ਵਿੱਚ ਵਿਅੰਗਮਈ ਵਾਰਤਾਲਾਪ ਸਿਰਜੀ। ਇਸੇ ਕਰਕੇ ਉਸਦੇ ਨਾਟਕਾਂ ਨੂੰ ਵਿਅੰਗਮਈ ਕਿਹਾ ਜਾਂਦਾ ਹੈ। ਵਿਅੰਗ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Satire' ਦਾ ਸਮਾਨਰਥੀ ਹੈ। ਜਿਸ ਤੋਂ ਭਾਵ ਬੋਧਿਕ ਚੋਟ, ਟਿੱਚਰ ਤੋਂ ਹੈ। ਉਸਨੇ ਆਪਣੇ ਨਾਟਕਾਂ ਦੇ ਵਾਰਤਾਲਾਪ ਰਾਹੀਂ ਅਜੋਕੇ ਸਮਾਜ ਦੀ ਸਥਿਤੀ ਤੇ ਵਿਅੰਗ ਕੀਤਾ। ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਵਾਰਤਾਲਾਪ ਚੁਸਤ ਤੇ ਸਮਾਜ ਦੀ ਸਥਿਤੀ ਤੇ ਚੋਟ ਕਰਦੇ ਹਨ। ਵਿਅੰਗ ਰਾਹੀਂ ਗੁਰਸ਼ਰਨ ਸਿੰਘ ਆਪਣੇ ਨਾਟਕਾਂ ਵਿੱਚ ਹਾਸਰਸੀ ਸਥਿਤੀ ਵੀ ਪੈਦਾ ਕਰਦਾ ਹੈ। ਉਸਦੇ ਨਾਟਕ 'ਤਮਾਸ਼ਾ-ਏ-ਹਿੰਦੋਸਤਾਨ' ਵਿੱਚ ਭੰਬਾ ਭਉ ਤੇ ਉਸਤਾਦ ਦੇ ਵਾਰਤਾਲਾਪ ਵਿਅੰਗਮਈ ਅੰਦਾਜ਼ ਵਿੱਚ ਹਨ। ਉਸਦੇ ਨਾਟਕ ਵਿੱਚ ਵਿਅੰਗ ਦਾ ਨਮੂਨਾ

"ਦੁੱਲਾ : ਉਏ ਕੀ ਨਾਂ ਏ ਤੁਹਾਡਾ?
1. : ਮੇਰਾ ਨਾਂ ਮੱਟੂ- ਇਹਦਾ ਨਾਂ ਚੱਟੂ
2. : ਅਸੀਂ ਦੋਵੇਂ ਭਾੜੇ ਦੇ ਟੱਟੂ।"6

ਪੱਛਮੀ ਨਾਟ ਸ਼ਾਸਤਰ ਅਧੀਨ ਭਾਸ਼ਾ ਤੇ ਸ਼ੈਲੀ ਵੀ ਨਾਟਕ ਦੇ ਅਹਿਮ ਤੱਤ ਸਵੀਕਾਰ ਕੀਤੇ ਗਏ ਹਨ। ਨਾਟਕ ਇੱਕ ਸੰਵਾਦਮੂਲਕ ਰਚਨਾ ਹੈ। ਨਾਟਕ ਵਿੱਚ ਆਪਸੀ ਸੰਵਾਦ ਵਾਰਤਾਲਾਪ ਰਾਹੀਂ ਹੁੰਦਾ ਹੈ। ਇਸ ਲਈ ਵਾਰਤਾਲਾਪ ਨਾਟਕ ਦਾ ਸਰੀਰ ਹੈ। ਵਾਰਤਾਲਾਪ ਭਾਸ਼ਾ ਦੇ ਮਾਧਿਅਮ ਨਾਲ ਸਿਰਜੇ ਜਾਂਦੇ ਹਨ। ਭਾਸ਼ਾ ਦੇ ਨਾਲ ਨਾਲ ਸ਼ੈਲੀ ਵੀ ਪੱਛਮੀ ਨਾਟ ਸ਼ਾਸਤਰ ਦਾ ਅਹਿਮ ਅੰਗ ਹੈ। ਸ਼ੈਲੀ ਹਰ ਨਾਟਕਕਾਰ ਦੀ ਵੱਖਰੀ-ਵੱਖਰੀ ਹੁੰਦੀ ਹੈ। ਵਾਰਤਾਲਾਪ ਸਿਰਜਣਾ ਵਿੱਚ ਸ਼ੈਲੀ ਬਹੁਤ ਮਹੱਤਤਾ ਰੱਖਦੀ ਹੈ। ਇਸ ਤਰ੍ਹਾਂ ਇਹ ਦੋਵੇਂ ਤੱਤ ਨਾਟਕ ਲਈ ਅਹਿਮ ਮੰਨੇ ਗਏ ਹਨ। ਭਾਸ਼ਾ ਤੇ ਸ਼ੈਲੀ ਦੇ ਪੱਖ ਤੋਂ ਵੀ ਗੁਰਸ਼ਰਨ ਸਿੰਘ ਨੂੰ ਪੰਜਾਬੀ ਨਾਟਕ ਦੇ ਰੰਗਮੰਚ ਦੇ ਖੇਤਰ ਵਿੱਚ ਵੱਖਰਾ ਸਥਾਨ ਪ੍ਰਾਪਤ ਹੈ। ਜਿੱਥੇ ਗੁਰਸ਼ਰਨ ਸਿੰਘ ਪੇਂਡੂ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ ਨੂੰ ਆਪਣੇ ਨਾਟਕਾਂ ਦੇ ਵਿਸ਼ੇ ਵਜੋਂ ਪ੍ਰਵਾਨ ਕਰਦਾ ਹੈ, ਉਥੇ ਬੋਲੀ ਤੇ ਸ਼ੈਲੀ ਵੀ ਉਹ ਪੇਂਡੂ ਲੋਕਾਂ ਦੀ ਜ਼ਿੰਦਗੀ ਚੋਂ ਹੀ ਪ੍ਰਾਪਤ ਕਰਦਾ ਹੈ। ਉਸਨੇ ਆਪਣੇ ਨਾਟਕਾਂ ਵਿੱਚ ਅਕਾਦਮਿਕ ਬੋਲੀ, ਮੁਹਾਵਰੇਬਾਜ਼ੀ ਨੂੰ ਵਰਤਣ ਤੋਂ ਸੁਚੇਤ ਗੁਰੇਜ਼ ਕਰਦਿਆਂ ਆਪਣੇ ਨਾਟਕਾਂ ਨੂੰ ਪੇਂਡੂ ਬੇਬਾਕ ਲੋਕਾਂ ਦੀ ਸਿੱਧੀ

ਬੋਲੀ, ਤਲਖ, ਉੱਚੀ ਸੁਰ, ਗਰਜਵੀਂ ਬੋਲਚਾਲ, ਮੁਹਾਵਰੇ ਤੇ ਸਪੱਸ਼ਟ ਜੀਵਨ ਸ਼ੈਲੀ ਮੁਤਾਬਕ ਹੀ ਢਾਲਿਆ ਹੈ ਤਾਂ ਜੋ ਲੋਕਾਂ ਨੂੰ ਨਾਟਕ ਤੇ ਰੰਗਮੰਚ ਰਾਹੀਂ ਆਪਣੇ ਅਸਲੀ ਅਕਸ ਦੀ ਪਹਿਚਾਣ ਹੋ ਸਕੇ। ਗੁਰਸ਼ਰਨ ਸਿੰਘ ਇਸ ਗੱਲ ਤੋਂ ਵੀ ਭਲੀ ਭਾਂਤ ਵਾਕਿਫ਼ ਹੈ ਕਿ ਲੋਕ ਸੰਘਰਸ਼ ਕਦੇ ਵੀ ਦੋਸਤਾਨਾ, ਨਰਮ ਤੇ ਨੀਵੀਂ ਸੁਰ ਵਾਲੀ ਬੋਲੀ ਨਾਲ ਨਹੀਂ ਲੜੇ ਜਾਂਦੇ। ਇਸ ਲਈ ਉਹ ਆਪਣੇ ਨਾਟਕ ਤੇ ਰੰਗਮੰਚ ਵਿੱਚ ਆਪਣੀ ਬੋਲੀ ਦੀ ਸੁਰ ਤਿੱਖੀ, ਗਰਜਵੀਂ ਤੇ ਉੱਚੀ ਰੱਖਦਾ ਹੈ। ਇਸ ਤਰ੍ਹਾਂ ਗੁਰਸ਼ਰਨ ਸਿੰਘ ਦੀ ਬੋਲੀ ਤੇ ਸ਼ੈਲੀ ਸੰਘਰਸ਼ਮਈ ਹੈ। ਇਸਦੇ ਨਾਲ ਉਸਦਾ ਨਾਟਕ ਤੇ ਰੰਗਮੰਚ ਵੀ ਸੰਘਰਸ਼ਮਈ ਹੈ।

ਗੁਰਸ਼ਰਨ ਸਿੰਘ ਨੇ ਲੋਕ ਮਨਾਂ ਉੱਪਰ ਦਸਤਕ ਦੇਣ ਲਈ ਰੰਗਮੰਚ ਦੀ ਚੋਣ ਨਹੀਂ ਕੀਤੀ, ਸਗੋਂ ਉਸਨੇ ਆਪਣੇ ਰੰਗਮੰਚ ਨੂੰ ਲੋਕ ਮਨਾਂ ਦੇ ਮੁਤਾਬਕ, ਸਮੱਸਿਆਵਾਂ, ਅਣਪੁਰੀਆਂ ਆਸਾਂ, ਸਧਰਾਂ ਦੇ ਪ੍ਰਗਟਾਅ ਦੇ ਮਾਧਿਅਮ ਵਜੋਂ ਢਾਲਿਆ। ਉਸਨੇ ਆਪਣੇ ਰੰਗਮੰਚ ਦੇ ਨਾਲ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਸਥਿਤੀਆਂ ਦੀ ਪੇਸ਼ਕਾਰੀ ਵੀ ਕੀਤੀ। ਗੁਰਸ਼ਰਨ ਸਿੰਘ ਨੇ ਰੰਗਮੰਚ ਨੂੰ ਯੂਨੀਵਰਸਿਟੀਆਂ, ਕਾਲਜਾਂ, ਸ਼ਹਿਰੀ ਥੀਏਟਰ ਦੇ ਤੰਗ ਘੇਰੇ ਤੋਂ ਬਾਹਰ ਕੱਢ ਕੇ ਪੇਂਡੂ ਮਿਹਨਤਕਸ਼ ਲੋਕਾਂ ਦੇ ਵਿਹੜੇ ਤੱਕ ਪਹੁੰਚਾ ਦਿੱਤਾ। ਆਪਣੇ ਸਾਡੇ ਰੰਗਮੰਚ ਨਾਲ ਲੋਕਾਂ ਦੇ ਦੱਬੇ ਕੁਚਲੇ ਵਰਗ ਦੀ ਪ੍ਰਤੀਨਿਧਤਾ ਕੀਤੀ। ਗੁਰਸ਼ਰਨ ਸਿੰਘ ਨੇ ਘੱਟ ਤੋਂ ਘੱਟ ਖਰਚੇ, ਸੀਮਿਤ ਸਾਧਨਾਂ ਰਾਹੀਂ ਆਪਣਾ ਰੰਗਮੰਚ ਵਿਕਸਿਤ ਕੀਤਾ। ਉਸਦਾ ਰੰਗਮੰਚ ਥੜ੍ਹਿਆਂ ਦਾ, ਗੱਡਿਆਂ ਦਾ, ਸੱਥਾਂ ਦਾ, ਉੱਚੇ ਟਿੱਬਿਆਂ ਦਾ ਹੈ। ਇਸ ਤਰ੍ਹਾਂ ਗੁਰਸ਼ਰਨ ਸਿੰਘ ਦਾ ਰੰਗਮੰਚ ਪੂਰਨ ਤੌਰ ਤੇ ਪੇਂਡੂ ਲੋਕਾਂ ਨੂੰ ਸਮਰਪਿਤ ਹੁੰਦਾ ਹੈ। ਇਸ ਰੰਗਮੰਚ ਸਦਕਾ ਹੀ ਗੁਰਸ਼ਰਨ ਸਿੰਘ ਨੇ ਆਪਣੀ ਨੁੱਕੜ ਨਾਟ ਸ਼ੈਲੀ ਵਿਕਸਿਤ ਕੀਤੀ।

ਭਾਵੇਂ ਅਕਾਦਮਿਕ ਹਲਕਿਆਂ, ਬੁੱਧੀਜੀਵੀ ਵਰਗ, ਸਰਕਾਰੀ, ਗੈਰ-ਸਰਕਾਰੀ ਅਦਾਰਿਆਂ ਵਿੱਚ ਗੁਰਸ਼ਰਨ ਸਿੰਘ ਨੇ ਨਾਟਕ ਤੇ ਰੰਗਮੰਚ ਦੀ ਵੱਡੇ ਪੱਧਰ ਤੇ ਅਲੋਚਨਾ ਹੋਈ। ਉਸਦੇ ਨਾਟਕਾਂ ਨੂੰ ਸਿਆਸੀ ਨਾਹਰੇਬਾਜ਼ੀ ਅਤੇ ਸਟੇਜੀ ਪੇਸ਼ਕਾਰੀ ਦੇ ਪ੍ਰਚਲਿਤ ਤੋਂ ਸਥਾਪਤ ਮਾਪ ਦੰਡਾਂ ਤੋਂ ਬਾਹਰ ਉਸਦੀ ਕਲਾ ਨੂੰ ਮੰਨਣ ਤੋਂ ਵੀ ਇਨਕਾਰ ਕੀਤਾ ਗਿਆ। ਪਰ ਡਾ. ਆਤਮਜੀਤ ਦਾ ਵਿਚਾਰ ਇਸ ਗੱਲ ਦੀ ਪ੍ਰੋੜਤਾ ਕਰਦਿਆਂ ਬਿਲਕੁਲ ਦਰੁਸਤ ਜਾਪਦਾ ਹੈ ਕਿ ਗੁਰਸ਼ਰਨ ਇੱਕ ਮਿਸ਼ਨਰੀ ਨਾਟਕਕਾਰ ਹੈ ਤੇ ਆਪਣੀ ਇਸ ਕਲਾ ਰਾਹੀਂ ਉਹ ਨਾਟਕ ਅਤੇ ਰੰਗਮੰਚ ਨੂੰ ਇੱਕ ਵੱਖਰੀ ਵਿਧਾ ਵਜੋਂ ਸਿਰਜਣ ਲਈ ਅਗਰਸਰ ਸੀ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰਸ਼ਰਨ ਸਿੰਘ ਦਾ ਰੰਗਮੰਚ ਮਾਨਵ ਕਲਿਆਣਕਾਰੀ ਸੋਚ ਨੂੰ ਸਮਰਪਿਤ ਹੈ। ਉਸਦਾ ਰੰਗਮੰਚ ਲੋਕਾਂ ਦਾ ਰੰਗਮੰਚ ਹੈ। ਰੰਗਮੰਚੀ ਪਰਿਪੇਖ ਵਿੱਚ ਗੁਰਸ਼ਰਨ ਸਿੰਘ ਨੇ ਵੱਖਰਾ ਨਾਟ ਸ਼ਾਸਤਰ ਸਿਰਜਿਆ। ਉਸਦੇ ਰੰਗਮੰਚ ਵਿੱਚ ਤਰਕਭਾਵੀ ਦਿਸ਼ਟੀ ਹੈ ਅਤੇ ਉਹ ਇਸ ਕਲਾ ਨੂੰ ਸਮਾਜਿਕ ਚੇਤਨਾ ਲਿਆਉਣ ਦਾ ਸ਼ਕਤੀਸ਼ਾਲੀ ਮਾਧਿਅਮ ਸਵੀਕਾਰ ਕਰਦਾ ਹੈ। ਇਸ ਤਰ੍ਹਾਂ ਗੁਰਸ਼ਰਨ ਸਿੰਘ ਆਪਣੇ ਆਪ ਵਿੱਚ ਤੁਰਦਾ ਫਿਰਦਾ ਇਤਿਹਾਸ ਬਣ ਗਿਆ. ਜਿਸ ਨੇ ਆਪਣੇ ਨਾਟਕ ਤੇ ਰੰਗਮੰਚ ਰਾਹੀਂ ਜੰਗੀ ਜ਼ਿੰਦਗੀ ਤੇ ਬਰਾਬਰਤਾ ਵਾਲੇ ਸਮਾਜ ਦਾ ਸੁਨੇਹਾ ਦਿੱਤਾ।

**ਹਵਾਲੇ**


1 "We are agree that drama is disttinguished form other form's of Literary and eavore in that it is written designedly for performance in a theator"
Nicoll, Allardyce, The Thoery of drama

2 ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟ ਚਿੰਤਨ, ਜੈਨ ਪ੍ਰਕਾਸ਼ਨ ਸਰਹਿੰਦ, 1989, ਪੰਨਾ-15

3 ਸੰਜੀਵ ਗੌੜ, (ਇੰਡੀਅਨ ਐਕਸਪ੍ਰੈਸ), 27 ਮਈ 1984 (ਮੁਲਾਕਾਤ)

4 ਡਾ. ਸਤਨਾਮ ਸਿੰਘ ਜੱਸਲ, ਪੰਜਾਬੀ ਦੁਨੀਆਂ (ਸਤੰਬਰ, 1993), ਭਾਸ਼ਾ ਵਿਭਾਗ, ਪੰਜਾਬ, ਪੰਨਾ-55

6 ਗੁਰਸ਼ਰਨ ਸਿੰਘ, ਨਾਟ ਸਮਾਰੋਹ ਵਿੱਚੋਂ ਭਾਸ਼ਣ ਦੇ ਕੁਝ ਅੰਸ਼

7 ਕੇਵਲ ਧਾਲੀਵਾਲ (ਸੰਪਾ:) ਗੁਰਸ਼ਰਨ ਸਿੰਘ ਦੇ ਨਾਟਕ ਭਾਗ ਪਹਿਲਾ, ਮੰਚ ਰੰਗਮੰਚ, ਅੰਮ੍ਰਿਤਸਰ, 2011, ਪੰਨਾ- 51

ISSN: 2584-0509

(Page 103 to 110)

# ਕਵੀਸ਼ਰ ਜੋਗਾ ਸਿੰਘ ਜੋਗੀ ਦੀਆਂ ਕਵੀਸ਼ਰੀ-ਜੁਗਤਾਂ



1. ਅਮਰਜੀਤ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ
ਦੇਸ਼ ਭਗਤ ਯੂਨੀਵਰਸਿਟੀ
ਮੰਡੀ ਗੋਬਿੰਦਗੜ੍ਹ,
ਫਤਿਹਗੜ੍ਹ ਸਾਹਿਬ।



2. ਡਾ. ਜੋਤੀ ਸ਼ਰਮਾ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਦੇਸ਼ ਭਗਤ ਯੂਨੀਵਰਸਿਟੀ
ਮੰਡੀ ਗੋਬਿੰਦਗੜ੍ਹ,
ਫਤਿਹਗੜ੍ਹ ਸਾਹਿਬ

ਜੋਗਾ ਸਿੰਘ ਜੋਗੀ ਦਾ ਪੰਜਾਬੀ ਕਵੀਸ਼ਰੀ ਪਰੰਪਰਾ ਵਿਚ ਗੌਲਣਯੋਗ ਸਥਾਨ ਹੈ। ਉਸ ਨੇ ਪੰਜਾਬੀ ਕਵੀਸ਼ਰੀ ਨੂੰ ਇਤਿਹਾਸਕ ਵਿਸ਼ੇ-ਵਸਤੂ, ਨਿਵੇਕਲੇ ਛੰਦ-ਪ੍ਰਬੰਧ, ਭਾਸ਼ਾ-ਸ਼ੈਲੀ, ਵਿਸ਼ਾ-ਵਸਤੂ, ਇਤਿਹਾਸਕਤਾ, ਪੇਸ਼ਕਾਰੀ ਢੰਗ ਅਤੇ ਕਵੀਸ਼ਰੀ ਜੁਗਤਾਂ ਦੇ ਪੱਖ ਤੋਂ ਨਵੀਨਤਾ ਦਿੱਤੀ ਹੈ। ਉਸਨੇ ਪੰਜਾਬੀ ਕਵੀਸ਼ਰੀ ਨੂੰ ਮੇਲਿਆਂ ਦੇ ਅਖਾੜਿਆਂ ਵਿਚੋਂ ਕੱਢ ਕੇ ਧਾਰਮਿਕ ਦੀਵਾਨਾਂ ਤਕ ਲਿਆਉਂਦਿਆਂ ਸਿੱਖ ਇਤਿਹਾਸ ਦੀ ਪੇਸ਼ਕਾਰੀ ਨਾਲ ਜੋੜਿਆ ਅਤੇ ਉਸਨੇ ਪੰਜਾਬੀ ਕਵੀਸ਼ਰੀ ਪਰੰਪਰਾ ਦੇ ਹਵਾਲੇ ਨਾਲ ਸਿੱਖ ਧਰਮ ਦੇ ਅਣਗੌਲੇ ਇਤਿਹਾਸ ਨੂੰ ਮੌਖਿਕ ਰੂਪ ਵਿਚ ਗੁਰਦੁਆਰਿਆਂ ਦੇ ਧਾਰਮਿਕ ਸਮਾਗਮਾਂ ਤੋਂ ਲੈ ਕੇ ਪਿੰਡਾਂ-ਸ਼ਹਿਰਾਂ, ਦੇਸ਼ਾਂ-ਵਿਦੇਸ਼ਾਂ ਅਤੇ ਸੰਗੀਤਕ ਖੇਤਰਾਂ ਵਿਚ ਪਹੁੰਚਾਇਆ। ਉਸਨੇ ਕਵੀਸ਼ਰੀ ਪਰੰਪਰਾ ਨੂੰ ਧਾਰਮਿਕ ਖੇਤਰ ਵਿਚ ਪ੍ਰਸਿੱਧੀ ਦਿਵਾਉਣ ਵਿਚ ਪਹਿਲ-ਕਦਮੀ ਕੀਤੀ। ਉਸਦੀ ਕਵੀਸ਼ਰੀ ਦਾ ਵਿਲੱਖਣ ਗੁਣ ਇਹ ਹੈ ਕਿ ਉਸਨੇ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ ਕਾਲ, ਮਹਾਨ ਕੁਰਬਾਨੀਆਂ, ਕਾਰਨਾਮੇ, ਕੌਮੀ ਇਤਿਹਾਸ ਅਤੇ ਸਿੱਖੀ ਸੋਧਾਂ ਨੂੰ ਸਰਲ ਮਾਝੀ ਭਾਸ਼ਾ-ਸ਼ੈਲੀ ਵਿਚ ਬਿਆਨ ਕੀਤਾ। ਜੋਗਾ ਸਿੰਘ ਜੋਗੀ ਦੀ ਇਤਿਹਾਸਕ ਪ੍ਰਸੰਗਾਂ ਨਾਲ ਸੰਬੰਧਿਤ ਕਥਾ-ਵਸਤੂ ਦੇ ਨਾਇਕ ਦਾ ਜੀਵਨ ਸੰਘਰਸ਼ ਸਮੁੱਚੀ ਮਾਨਵਤਾ ਨੂੰ ਡੂੰਘੀ ਚੇਤਨਾ ਪ੍ਰਦਾਨ ਕਰਨ ਦਾ ਆਧਾਰ ਬਣਦਾ ਹੈ। ਇਨ੍ਹਾਂ ਪ੍ਰਸੰਗਾਂ ਦੀ ਪੇਸ਼ਕਾਰੀ ਕਰਨ ਸਮੇਂ ਉਸਦਾ ਪ੍ਰਮੁੱਖ ਉਦੇਸ਼ ਇਤਿਹਾਸ ਦੀ ਇੰਨ-ਬਿੰਨ ਪੇਸ਼ਕਾਰੀ ਕਰਨਾ ਨਹੀਂ ਸਗੋਂ ਕਲਪਨਾ, ਮਿਥਿਹਾਸ ਅਤੇ ਇਤਿਹਾਸ ਦੇ ਸੁਮੇਲ ਵਿਚੋਂ ਪੰਜਾਬੀ ਜਨ-ਸਮੂਹ ਦੇ ਅਵਚੇਤਨ ਵਿੱਚ ਪਏ ਇਤਿਹਾਸਕ ਸੂਰਬੀਰਾਂ ਦੇ ਜੀਵਨ-ਬਿਰਤਾਂਤ ਨੂੰ ਪੇਸ਼ ਕਰਨਾ ਹੈ। ਇਸ ਸੰਬੰਧ ਵਿਚ ਉਤਮ ਸਿੰਘ 'ਤੇਜ' ਲਿਖਦੇ ਹਨ :

ਜੋਗੀ ਧਾਰਮਕ ਦੀਵਾਨਾਂ ਵਿਚ ਆਪਣੇ ਲਿਖੇ ਪ੍ਰਸੰਗ ਆਪਣੇ ਸਾਥੀਆਂ ਨਾਲ ਪੜ੍ਹਦਾ ਹੈ। ਇਹਦੀ ਕਵਿਤਾ ਵਿਚ ਬੀਰ ਅਤੇ ਧਾਰਮਿਕ ਰਸ ਰਲੇ ਹੋਏ ਇਕ ਥਾਂ ਬੈਠੇ ਜਾਪਦੇ ਹਨ। ਭਾਵੇਂ ਇਸ ਦਾ ਕੋਈ ਪ੍ਰਸੰਗ ਲੈ ਲਵੋ ਉਸ ਵਿਚ ਸਮਾਜਕ ਚੋਟ, ਫਰਜਾਂ ਦੀ ਸ਼ਨਾਸ ਤੇ ਕਰਮ ਕਰਨ ਦੀ ਪਰੇਰਣਾ ਆਮ ਹੁੰਦੀ ਹੈ। ਬਾਣੀ ਦੇ ਆਸ਼ੇ ਨੂੰ ਮੁਖ ਰੱਖਦਿਆਂ ਹਰ ਪ੍ਰਸੰਗ ਨੂੰ ਸਮਾਜ ਵਿਚ ਚੰਗਿਆਈ ਲਿਆਣ ਵਾਸਤੇ ਉਦਾਹਰਣਾਂ ਸਹਿਤ ਦਰਸਾਉਣ ਦੀ ਇਸ ਕਵੀ ਦੀ ਤੀਬਰ ਇਛਾ ਸਾਫ ਦਿਖਾਈ ਹੁੰਦੀ ਹੈ। ਜਿੱਥੇ ਇਸ ਕਵੀ ਜੋਗੀ ਵਿਚ ਗ੍ਰਹਿਸਤੀ ਸਮਾਜ ਨੂੰ ਸੁਧਾਰਨ ਦੇ ਗੁਣ ਹਨ, ਓਥੇ ਇਹ ਜੋਗੀ ਹਰ ਇਕ ਦੇ ਸਿਰ ਉਤੇ ਨਗਾਰਾ

ਵਜਦਾ ਪੁਕਾਰ ਪੁਕਾਰ ਕੇ ਦੱਸੀ ਜਾਂਦਾ ਹੈ। ਇਹ ਕਲਾਕਾਰ ਹਰਮਨ ਪਿਆਰਾ ਕਵੀ ਲੱਖਾਂ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਨਾਲ ਆਪਣੀ ਕਲਮ ਰਲਾ ਕੇ ਆਪਣੀ ਲੇਖਨੀ ਨਾਲ ਦਿਨ ਰਾਤ ਲੋਕਾਂ ਦੀ ਸੇਵਾ ਕਰਦਾ ਹੈ।[1]

ਰਾਜਸੀ ਪ੍ਰਸੰਗ ਵਿਚ ਜੋਗਾ ਸਿੰਘ ਜੋਗੀ ਨੇ ਰਾਜਨੀਤਕ ਤੌਰ ’ਤੇ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਵੋਟਾਂ ਸਮੇਂ ਮਾਝੇ, ਮਾਲਵੇ ਵਿਚ ਲਗਾਤਾਰ ਜਲਸੇ ਕੀਤੇ ਹਨ। ਜਿਸ ਸਮੇਂ ਕੋਈ ਕਵੀਸ਼ਰ, ਲੋਕ ਵਿਰੋਧੀ ਨੀਤੀਆਂ ਦੇ ਵਿਰੁੱਧ ਕੁੱਝ ਕਹਿਣ ਤੋਂ ਝਿਜਕਦਾ ਸੀ ਉਸ ਸਮੇਂ ਜੋਗਾ ਸਿੰਘ ਜੋਗੀ ਨੇ ਆਪਣੀ ਕਵੀਸ਼ਰੀ ‘ਕਰੋ ਬਿਸਤਰਾ ਗੋਲ ਕਾਂਗਰਸ ਰਾਣੀ ਦਾ’ ਰਾਹੀਂ ਸਮੇਂ ਦੀ ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਪਰਦਾ ਫਾਸ਼ ਕੀਤਾ। ਜੋਗਾ ਸਿੰਘ ਜੋਗੀ ਭਾਵੇਂ ਇੱਕ ਦਾਰਸ਼ਨਿਕ ਲੇਖਣੀ ਵਾਲਾ ਵਿਦਵਾਨ ਕਵੀਸ਼ਰ ਸੀ ਪਰ ਉਸ ਦੁਆਰਾ ਲਿਖੀ ਕਵੀਸ਼ਰੀ ਉਸ ਦੇ ਗੁਰੂ-ਉਪਾਸ਼ਨੀ ਕਵੀ ਹੋਣ ਦਾ ਸਾਬੂਤ ਦਿੰਦੀ ਹੈ। ਇੱਕ ਸਫਲ ਕਵੀਸ਼ਰ ਵਾਂਗ ਹੀ ਉਹ ਇੱਕ ਮਿਸ਼ਨਰੀ ਭਾਵਨਾ ਵਾਲਾ ਯੋਗ ਕਵੀਸ਼ਰ ਰਿਹਾ ਹੈ। ਉਸ ਦੀਆਂ ਕਵੀਸ਼ਰੀ ਜੁਗਤਾਂ ਦਾ ਅਧਿਐਨ ਨਿਮਨ ਅਨੁਸਾਰ ਕੀਤਾ ਜਾ ਸਕਦਾ ਹੈ।

**ਸਾਖੀ ਕਥਾ ਜੁਗਤ :** ਉਸਦੀ ਕਵੀਸ਼ਰੀ ਦੀਆਂ ਕਵੀਸ਼ਰੀ-ਜੁਗਤਾਂ ਪੱਖੋਂ ਵਿਲੱਖਣਤਾ ਇਹ ਵੀ ਹੈ ਕਿ ਇਸ ਵਿਚ ਪੁਰਾਤਨ ਜਨਮ ਸਾਖੀ ਵਿਚਲੀ ਸਾਖੀਆਂ ਨੂੰ ਆਧਾਰ ਬਣਾ ਕੇ ਸਿੱਖ ਗੁਰੂਆਂ ਦੀ ਮਹਿਮਾ ਗਾਈ ਗਈ ਹੈ। ਉਦਾਹਰਣ ਵਜੋਂ ‘ਸੁਲਤਾਨਪੁਰ ਲੋਧੀ ਵਿਖੇ’ ਗੁਰੂ ਸਾਹਿਬ ਦੁਆਰਾ ਵੇਈਂ ਨਦੀ ਵਿਚ ਟੁੱਭੀ ਮਾਰਨ ਉਪਰੰਤ ਉਚਾਰੇ ਬੋਲਾਂ ‘ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ’ ਨੂੰ ਕੇਂਦਰ ਵਿਚ ਰੱਖ ਕੇ ਗੁਰੂ ਸਾਹਿਬ ਦੇ ਬਿੰਬ ਦੀ ਨਿਰਮਾਣਕਾਰੀ ਪੁਰਾਤਨ ਜਨਮਸਾਖੀ ਕੇਂਦਰਿਤ ਕੀਤੀ ਗਈ ਹੈ। ਇਸ ਸਮੇਂ ਭਾਰਤ ਵਿਚ ਧਾਰਮਿਕ, ਰਾਜਨੀਤਕ ਅਤੇ ਸਮਾਜ-ਸਭਿਆਚਾਰਕ ਖੇਤਰਾਂ ਵਿਚ ਅਨੈਤਿਕਤਾ ਫੈਲੀ ਹੋਈ ਸੀ। ਜੋਗਾ ਸਿੰਘ ਜੋਗੀ ਦੀ ਕਵੀਸ਼ਰੀ ਵਿਚ ਮੱਧਕਾਲ ਦੌਰਾਨ ਫੈਲੀਆਂ ਕੁਰੀਤੀਆਂ ਦਾ ਜ਼ਿਕਰ ਵਿਭਿੰਨ ਪੱਧਰਾਂ ’ਤੇ ਹੋਇਆ ਹੈ। ਜੋਗਾ ਸਿੰਘ ਜੋਗੀ ਦੀ ਵਿਚਾਰਧਾਰਾ ਭਾਰਤ ਦੇਸ਼ ਵਿਚੋਂ ਹਰ ਪ੍ਰਕਾਰ ਦੀਆਂ ਬੁਰਾਈਆਂ ਦੂਰ ਕਰਨ ਲਈ ਕਾਵਿਕ ਪ੍ਰਵਚਨ ਸਿਰਜਦੀ ਹੈ :

ਨਾ ਲੁੱਟ ਰਹੇ ਨਾ ਫੁੱਟ ਰਹੇ, ਨਾ ਝਗੜੇ ਹੋਣ ਸ਼ਰੀਕਾਂ ਦੇ।
ਕੋਈ ਵੀਰ ਵੀਰ ਨੂੰ ਮਾਰੇ ਨਾ, ਕੋਈ ਤੱਕੇ ਨਾ ਮੂੰਹ ਤਰੀਕਾਂ ਦੇ।
ਇਹ ਜੁੱਗਾਂ ਤਕ ਯਕੀਨ ਮੈਨੂੰ, ਮਿਹਨਤ ਦਾ ਪੱਲਾ ਭਾਰਾ ਏ।

ਮੈਂ ਹਾਮੀ ਹਾਂ ਖੁਸ਼ਹਾਲੀ ਦਾ, ਜੈ ਦੇਸ਼ ਦੀ ਮੇਰਾ ਨਾਹਰਾ ਏ।
ਆਗੂ ਮੰਨ ਲੈਣ ਕਾਨੂੰਨਾਂ ਨੂੰ, ਰਿਸ਼ਵਤ ਦਾ ਕੋਈ ਨਾ ਮੁੱਲ ਹੋਵੇ।
ਚਾਨਣ ਹੋ ਜਾਏ ਸਚਾਈ ਦਾ।[2]

ਇਸੇ ਪ੍ਰਸੰਗ ਵਿਚ ਜੋਗਾ ਸਿੰਘ ਜੋਗੀ ਨੇ ਪੁਰਾਤਨ ਜਨਮ ਸਾਖੀ ਵਿਚਲੀ ਸਾਖੀ 'ਮਲਿਕ ਭਾਗੋ ਦੇ ਘਰ ਭੋਜ' ਨੂੰ ਇਕ ਬਿਰਤਾਂਤਕ ਜੁਗਤ ਵਾਂਗ ਵਰਤ ਕੇ ਇਕ ਪਾਸੇ ਗੁਰੂ ਸਾਹਿਬ ਦੀ ਵਿਚਾਰਧਾਰਕ ਸੋਚਣੀ ਨੂੰ ਪੇਸ਼ ਕੀਤਾ ਹੈ। ਦੂਜੇ ਪਾਸੇ ਮਲਿਕ ਭਾਗੋ ਦੇ ਲੋਟੂ ਸੁਭਾਅ ਨੂੰ ਬਿਆਨਿਆ ਹੈ :

ਮੈਂ ਲੁੱਟਿਆ ਕਈਆਂ ਮਹਾਤਮਾ ਨੂੰ, ਲੀੜੇ ਕਈ ਗਰੀਬਾਂ ਦੇ ਲਾਹੇ ਨੇ ਮੈਂ।
ਅਜੇ ਤੱਕ ਬੰਦਾ ਕੋਈ ਨਹੀਂ ਸੁੱਖੀ ਕੀਤਾ, ਐਪਰ ਸੈਂਕੜੇ ਦੁੱਖਾਂ ਵਿਚ ਪਾਏ ਨੇ ਮੈਂ।
ਰਿਹਾ ਭੁਲਿਆ ਮਾਰਿਆ ਲੱਖ ਲਾਹਨਤ, ਕੀਤੀ ਭੁੱਲ ਤੇ ਅੱਗਾ ਸਵਾਰਿਆ ਨਾ।
ਮਾਫ਼ੀ ਮੰਗਦਾ ਚਰਨਾਂ ਤੇ ਸੀਸ ਧਰ ਕੇ, ਜਿਵੇਂ ਜਾਣਦਾ ਏਂ ਉਵੇਂ ਤਾਰ ਬਾਬਾ।[3]

ਇਸ ਤਰ੍ਹਾਂ ਜੋਗਾ ਸਿੰਘ ਜੋਗੀ ਨੇ ਪੁਰਾਤਨ ਜਨਮਸਾਖੀਆਂ ਵਿਚਲੀਆਂ ਸਾਖੀਆਂ ਨੂੰ ਬਿਰਤਾਂਤਕ ਜੁਗਤਾਂ ਵਾਂਗ ਵਰਤ ਕੇ ਗੁਰੂ ਨਾਨਕ ਸਾਹਿਬ ਦੇ ਜੀਵਨ, ਇਤਿਹਾਸ ਅਤੇ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ। ਉਸਨੇ ਕਵੀਸ਼ਰੀ ਦ੍ਰਿਸ਼ਟੀ ਜਨਮਸਾਖੀਆਂ ਵਾਲੇ ਅਨੇਕ ਗੁਣ ਸੰਪੰਨ ਗੁਰੂ ਨਾਨਕ ਦੇ ਸਰੂਪ ਨੂੰ ਸਿਰਜਦਿਆਂ ਉਸਨੂੰ ਮਾਨਵੀ ਰੂਪ ਵਿਚ ਗੋਸ਼ਟਾਂ, ਯਾਤਰਾ, ਬਾਣੀ ਸਿਰਜਣਾ ਅਤੇ ਕਿਰਤ ਕਰਦਾ ਦਿਖਾ ਕੇ ਉਸਦੇ ਮਾਨਵੀ ਬਿੰਬ ਦੀ ਨਿਰਮਾਣਕਾਰੀ ਕੀਤੀ ਹੈ। ਇਸੇ ਤਰ੍ਹਾਂ ਉਸਨੇ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਨੂੰ ਕਵੀਸ਼ਰੀ ਵਿਚ ਢਾਲਦਿਆਂ ਗੁਰੂ ਨਾਨਕ ਦੇ ਮਾਨਵੀ ਨਾਇਕਤਵ ਨੂੰ ਚਿਤਰਿਆ ਹੈ। ਇਸੇ ਪਰਿਪੇਖ ਵਿਚ ਉਸਦੀ ਕਵੀਸ਼ਰੀ ਵਿਚ ਕਵੀਸ਼ਰੀ ਜੁਗਤਾਂ ਦੇ ਪੱਖ ਤੋਂ 'ਪ੍ਰਸੰਗ ਸ੍ਰੀ ਗੁਰੂ ਨਾਨਕ ਦੇਵ ਜੀ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ, ਪਾਂਧੇ ਪਾਸ ਪੜ੍ਹਣ ਜਾਣਾ, ਸੱਚਾ ਸੌਦਾ, ਵੇਈ ਨਦੀ, ਨਮਾਜ ਪੜ੍ਹਣੀ, ਭੂਮੀਆ ਚੋਰ, ਬੁੱਢਨ ਸ਼ਾਹ ਫਕੀਰ, ਕੌਡਾ ਰਾਖਸ਼, ਸੱਜਣ ਠੱਗ ਅਤੇ ਖੇਮੀ ਨੂੰ ਉਪਦੇਸ਼ ਆਦਿ ਵਿਚ ਜਨਮ ਸਾਖੀਆਂ ਦੇ ਹਵਾਲੇ ਨਾਲ ਗੁਰੂ ਨਾਨਕ ਦੇਵ ਦੇ ਇਤਿਹਾਸਕ ਬਿੰਬ ਦੀ ਨਿਰਮਾਣਕਾਰੀ ਕੀਤੀ ਹੈ।

**ਲੋਕ ਤੱਥਾਂ ਨੂੰ ਵਰਤਣ ਦੀ ਜੁਗਤ :** ਲੋਕ ਤੱਥ ਕਿਸੇ ਸਮੁਦਾਇ ਦੀਆਂ ਪੁਰਾਣੀਆਂ ਪਰੰਪਰਾਵਾਂ, ਕਹਾਣੀਆਂ ਅਤੇ ਰੀਤੀ-ਰਿਵਾਜਾਂ ਦਾ ਸੰਗ੍ਰਹਿ ਹੈ ਜੋ ਪੀੜ੍ਹੀਆਂ ਤੋਂ ਚਲਿਆ ਆ

ਰਿਹਾ ਹੈ। ਇਸ ਵਿੱਚ ਲੋਕ ਗੀਤ, ਕਿੱਸੇ-ਕਹਾਣੀਆਂ, ਅਖਾਣ, ਮੁਹਾਵਰੇ, ਤਿਉਹਾਰ ਅਤੇ ਸਮਾਜਿਕ ਪ੍ਰਥਾਵਾਂ ਸ਼ਾਮਲ ਹਨ। ਇਹ ਸਭ ਕੁਝ ਮੁੱਖ ਤੌਰ 'ਤੇ ਜ਼ਬਾਨੀ ਰੂਪ ਵਿੱਚ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦਾ ਰਹਿੰਦਾ ਹੈ। ਲੋਕ ਤੱਥ ਸਾਡੀ ਸੱਭਿਆਚਾਰਕ ਪਛਾਣ ਨੂੰ ਬਣਾਈ ਰੱਖਦਾ ਹੈ ਅਤੇ ਸਮਾਜ ਦੇ ਲੋਕਾਂ ਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਦਾ ਹੈ। ਇਹ ਸਾਡੇ ਪੁਰਖਿਆਂ ਦੇ ਅਨੁਭਵ, ਸਿੱਖਿਆ ਅਤੇ ਜੀਵਨ ਦਰਸ਼ਨ ਦਾ ਖਜ਼ਾਨਾ ਹੈ ਜੋ ਹਮੇਸ਼ਾ ਸਮਾਜ ਅਤੇ ਉਸਦੇ ਲੋਕਾਂ ਲਈ ਮਾਰਗਦਰਸ਼ਨ ਦਾ ਕੰਮ ਕਰਦਾ ਹੈ। ਲੋਕਾਂ ਤੱਥਾਂ ਨੂੰ ਕਾਵਿ ਜੁਗਤ ਵਾਂਗ ਵਰਤਦਿਆਂ ਜੋਗਾ ਸਿੰਘ ਜੋਗੀ ਨੇ ਨੈਤਿਕ ਕਦਰਾਂ-ਕੀਮਤਾਂ ਨਾਲ ਸੰਬੰਧਿਤ ਬਹੁਤ ਸਾਰੇ ਲੋਕ-ਤੱਥ ਨੂੰ ਆਪਣੀਕਵੀਸ਼ਰੀਵਿੱਚ ਸ਼ਾਮਿਲ ਕੀਤਾ ਹੈ, ਜਿੰਨ੍ਹਾਂ ਵਿੱਚ 'ਮਾਇਆ ਦੇ ਪ੍ਰੇਮੀ ਹੁੰਦੇ ਬਾਪ ਦੇ ਵੀ ਯਾਰ ਨਹੀਂ', 'ਸੱਜਣਾਂ ਦੇ ਘਰ ਬਿਨਾਂ ਕੰਮ ਤੋਂ ਨਹੀਂ ਜਾਈਦਾ', 'ਲੋਭੀ ਆਦਮੀ ਦਾ ਕੁੱਤੇ ਜਿੰਨਾ ਵੀ ਵਕਾਰ ਨਹੀਂ', 'ਬਲ ਹੋਵੇ ਨਾ ਬਲ ਦਿਖਲਾਈਏ, ਧਨ ਦਾ ਮਾਣ ਨਾ ਕਰੀਏ', 'ਲੱਗਦੀ ਵਾਹ ਨਾ ਰੰਕ ਸਤਾਈਏ, ਜ਼ੋਰ ਹੋਵੇ ਤਾਂ ਜਰੀਏ', 'ਜਿਹੜੇ ਹੋਣ ਸੁਆਰਥੀ, ਤੋੜ ਨਹੀਂ ਚੜ੍ਹਦੇ ਯਾਰ', 'ਚੋਰਾਂ, ਯਾਰਾਂ, ਆਸ਼ਕਾਂ, ਕਸਮਾਂ ਨਾਲ ਵਿਹਾਰ', 'ਭੇਡਾਂ ਵਿਚ ਕਦੇ ਬਘਿਆੜ ਲੁਕੇ ਨਾ', 'ਦੋ ਘੜੀਆਂ ਦੀ ਜ਼ਿੰਦਗੀ, ਕਿਹੜੀ ਗੱਲ ਦਾ ਮਾਣ', 'ਖਿੜ ਕੇ ਝੜਨਾ ਫੁੱਲ ਨੇ, ਬੰਦੇ ਵਕਤ ਪਛਾਣ', 'ਸੜੇ ਪਤੰਗਾ ਸ਼ਮ੍ਹਾ 'ਤੇ ਕਦੇ ਭੂੰਡ ਨਹੀਂ ਸੜਦੇ', 'ਸਰਵਰ ਦਿਆਂ ਹੰਸਾਂ ਦੇ ਮੋਤੀ ਚੁਗ ਨਹੀਂ ਸਕਣੇ ਕਾਂਵਾਂ', 'ਗੁੱਡੀ ਚੜ੍ਹਦੀ ਉਨ੍ਹਾਂ ਦੀ ਪੱਲੇ ਜਿਨ੍ਹਾਂ ਦੇ ਸੱਚ', 'ਹੇਰਾ ਫੇਰੀ ਕੀਤਿਆਂ ਨਹੀਂ ਪੂਰੀ ਪੈਂਦੀ', 'ਮਾਇਆ ਨਾਲ ਨਹੀਂ ਗਈ ਕਿਸੇ ਦੇ ਦਗਿਆਂ ਨਾਲ ਕਮਾਈ', 'ਧਰਮ ਨਿਆਂ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੁੰਦਾ', 'ਮਾਇਆਧਾਰੀ ਦੁਖੀ ਦਾ ਗ਼ਮਖ਼ਾਰ ਨਹੀਂ ਹੁੰਦਾ', 'ਧੰਨ ਪੁੱਤਰ ਦੋ ਚੀਜ਼ਾਂ ਜਿੱਥੇ ਆਉਣ ਰੌਣਕਾਂ ਲੱਗਣ', 'ਕਸਤੂਰੀ ਦੀ ਕਦੇ ਥੋਮ ਨਾਲ ਰਲਦੀ ਨਹੀਂ ਸੁਗੰਧੀ', 'ਕਦੇ ਪੱਥਰ ਗਲੇ ਨਾ ਪਾਣੀ ਪਾਏ ਤੋਂ', 'ਫੁੱਲ ਜੁੜਨਾ ਨਹੀਂ ਜਿਹੜਾ ਟੁੱਟ ਜਾਏ ਡਾਲ ਤੋਂ', 'ਕੁੱਕੜ ਕਦੇ ਨਹੀਂ ਚੁਗਦੇ ਮੋਤੀ ਹੰਸ ਮਾਸ ਨਹੀਂ ਖਾ ਸਕਦਾ', 'ਕਦੇ ਕਾਗਾਂ ਨਾਲ ਰਲਦੇ ਮਮੋਲੇ ਨਹੀਂ' ਆਦਿ ਲੋਕ ਤੱਥ ਸ਼ਾਮਿਲ ਹਨ। ਇਹ ਲੋਕ ਤੱਥ ਜਿੱਥੇਕਵੀਸ਼ਰੀਨੂੰ ਪ੍ਰਭਾਵਸ਼ਾਲੀ ਅਤੇ ਸੁਹਜਮਈ ਬਣਾਉਂਦੇ ਹਨ ਉੱਥੇ ਹੀ ਲੋਕ ਮਨਹਾਂ ਦੇ ਵਧੇਰੇ ਨੇੜੇ ਲੈ ਜਾਂਦੇ ਹਨ। ਲਕਿ ਤੱਥਾਂ ਦੀਕਵੀਸ਼ਰੀਵਿੱਚ ਸਫਲਤਾ ਪੂਰਵਕ ਵਰਤੋਂ ਕਰਦਿਆਂ ਜੋਗਾ ਸਿੰਘ ਜੋਗੀ ਨੇ ਇਸਨੂੰ ਇੱਕ ਕਵੀਸ਼ਰੀ ਜੁਗਤ ਵਜੋਂ ਵਰਤਿਆ ਹੈ।

**'ਟੇਕ' ਵਰਤਣ ਦੀ ਵਾਕ ਜੁਗਤ :** ਜੋਗਾ ਸਿੰਘ ਜੋਗੀ ਨੇ ਪੰਜਾਬੀ ਕਵੀਸ਼ਰੀ ਵਿਚ 'ਟੇਕ' ਦੀ ਵਰਤੋਂ ਕਰਨ ਦਾ ਰੁਝਾਨ ਪੈਦਾ ਕੀਤਾ। 'ਟੇਕ' ਕਵੀਸ਼ਰੀ ਦੇ ਹਰ ਬੰਦ ਦੀ ਅੰਤਮ ਸਤਰ ਦਾ ਦੁਹਰਾਓ ਹੁੰਦੀ ਹੈ। 'ਟੇਕ' ਦੀ ਪੰਗਤੀ ਵਿਚ ਕਿਸੇ ਘਟਨਾ, ਵਿਸ਼ਾ ਜਾਂ ਦ੍ਰਿਸ਼ ਦਾ ਪ੍ਰਮੁੱਖ ਉਦੇਸ਼ ਸ਼ਾਮਿਲ ਹੁੰਦਾ ਹੈ। ਕਵੀਸ਼ਰੀ ਦਾ ਕੇਂਦਰੀ ਥੀਮ 'ਟੇਕ' ਦੁਆਲੇ ਕੇਂਦਰਿਤ ਹੁੰਦਾ ਹੈ। 'ਟੇਕ' ਇਕ ਅਜਿਹੀ ਕਾਵਿ-ਜੁਗਤ ਹੁੰਦੀ ਹੈ ਜੋ ਸਰੋਤਿਆਂ ਨੂੰ ਕੀਲਣ ਅਤੇ ਕਥਾ-ਸੰਗੀਤ ਨੂੰ ਇਕ ਸੂਤਰ ਵਿਚ ਬੰਨ੍ਹਣ ਦਾ ਕਾਰਜ ਕਰਦੀ ਹੈ। ਇਹ ਸਰੋਤਿਆਂ ਨੂੰ ਕਵੀਸ਼ਰੀ ਦੇ ਕੇਂਦਰੀ ਭਾਵ ਨਾਲ ਜੋੜੀ ਰੱਖਦੀ ਹੈ। ਜੋਗਾ ਸਿੰਘ ਜੋਗੀ ਦੀਆਂ ਮਕਬੂਲ 'ਟੇਕਾਂ' ਵਿਚੋਂ 'ਵਿਹਲਿਆਂ ਦੇ ਲੰਘਦੇ ਨ੍ਹੀਂ ਝੱਟ ਨਾਨਕਾ', 'ਪਈ ਭਾਜੜ ਮੁਗ਼ਲਾਂ ਨੂੰ ਜਿੱਥੇ ਤੇਗ਼ ਸਿੰਘ ਦੀ ਚੱਲੀ', 'ਤੁਰ ਪਏ ਬੀਕਾਨੇਰ ਤੋਂ ਦੋ ਬੀਰ ਦੁਲਾਰੇ', 'ਸੀਸ ਮੱਸੇ ਦਾ ਵੱਢ ਕੇ ਕੋਈ ਲਿਆਵੇ ਸੂਰਾ', 'ਭਰਦਾ ਸਭ ਦੀਆਂ ਝੋਲੀਆਂ ਗੁਜਰੀ ਦਾ ਤਾਰਾ', 'ਚੌਧਰੀ ਦਾ ਲੈ ਦੇ ਮੈਨੂੰ ਵੈਰ ਹਾਕਮਾ', 'ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ', 'ਅਸਾਂ ਗਿੱਦੜਾਂ ਤੋਂ ਸ਼ੇਰ ਸੂਰਮੇ ਬਣੋਣੇ ਨੇ', 'ਚਲੋ ਖਾਲਸਾ ਜੀ ਅੰਮ੍ਰਿਤਸਰ ਚੱਲੀਏ' ਅਤੇ 'ਸਭ ਨੂੰ ਜਾਣਾ ਪੈਂਦਾ ਆਪੋ-ਆਪਣੀ ਵਾਰੀ 'ਤੇ' ਆਦਿ ਪ੍ਰਮੁੱਖ ਹਨ।

**ਸੰਗੀਤਕ ਜੁਗਤਾਂ ਦੀ ਵਰਤੋਂ :** ਜੋਗਾ ਸਿੰਘ ਜੋਗੀ ਕਵੀਸ਼ਰੀ ਜੁਗਤਾਂ ਦੇ ਪੱਖ ਤੋਂ ਵਿਭਿੰਨ ਛੰਦਾਂ, ਸਾਹਿਤਕ ਰਸਾਂ, ਸਾਧਾਰਨ ਭਾਸ਼ਾ-ਸ਼ੈਲੀ, ਸੰਗੀਤਕਤਾ, ਤੋਲ-ਤੁਕਾਂਤ, ਪ੍ਰਸੰਗ-ਵਿਆਖਿਆ, ਭਾਸ਼ਣ ਅਤੇ ਵਾਰਤਕ ਰੂਪ ਵਿਚ ਇਤਿਹਾਸਕ ਘਟਨਾਵਾਂ ਦੀ ਨਿਰਮਾਣਕਾਰੀ ਕਰਦਾ ਹੋਇਆ ਸਰੋਤਿਆਂ ਦੇ ਗਿਆਨ ਵਿਚ ਵਾਧਾ ਕਰਦਾ ਹੈ। ਉਸਨੇ ਕਵੀਸ਼ਰੀ ਵਿਚਲੇ ਕਿਸੇ ਇਤਿਹਾਸਕ ਪ੍ਰਸੰਗ ਨੂੰ ਲਿਖਣ ਜਾਂ ਕਿਸੇ ਖਾਸ ਦ੍ਰਿਸ਼ ਦਾ ਵਰਣਨ ਕਰਨ ਲਈ ਪ੍ਰਕਿਰਤੀ ਚਿਤਰਣ ਕਰਨ ਨੂੰ ਪਹਿਲਤਾ ਦਿੱਤੀ। ਉਸ ਦੁਆਰਾ ਰੂਪਮਾਨ ਕੀਤਾ ਪ੍ਰਕਿਰਤੀ ਦਾ ਚਿਤਰਣ ਸਰੋਤਿਆਂ ਨੂੰ ਮਾਨਸਿਕ ਸੁਹਜ ਪ੍ਰਦਾਨ ਕਰਦਾ ਹੈ। ਜਦੋਂ ਉਹ ਇਤਿਹਾਸਕ ਪ੍ਰਸੰਗ 'ਜਰਨੈਲ ਹਰੀ ਸਿੰਘ ਨਲਵਾ' ਵਿਚ ਹਰੀ ਸਿੰਘ ਨਲੂਆ ਨੂੰ ਜਮਰੌਦ ਦੀ ਜੰਗ ਵਿਚ ਪਠਾਣਾਂ ਨਾਲ ਜੰਗ ਕਰਦੇ ਪੇਸ਼ ਕਰਦਾ ਹੈ ਤਾਂ ਉਸ ਸਮੇਂ ਪੇਸ਼ ਕੀਤਾ ਪ੍ਰਕਿਰਤੀ ਚਿਤਰਣ ਅਪਣੀ ਮਿਸਾਲ ਆਪ ਹੈ :

ਸੁਭਾ ਦੇ ਟਾਈਮ ਤੋਂ ਪਹਿਲਾ, ਸੂਰਜ ਦੀ ਲਾਲੀ ਤੋਂ।
ਕੋਈ ਕੋਈ ਸੀ ਚਿੜੀ ਚੂਕਦੀ, ਰੁੱਖਾਂ ਦੀ ਡਾਲੀ ਤੋਂ।

ਤੋੜੀਂ ਨਾ ਫੁੱਲ ਮਾਫੀਆਂ, ਮੰਗਦੇ ਸੀ ਮਾਲੀ ਤੋਂ।
ਗਿਣਤੀ ਸੀ ਕਈ ਹਜ਼ਾਰਾਂ ਵੈਰੀ ਦਿਆਂ ਘੇਰਾਂ ਦੀ।
ਰਣ ਦੇ ਵਿਚ ਤੇਗ ਖੜਕਦੀ, ਸੂਰੇ ਦਲੇਰਾਂ ਦੀ।
ਰਣ ਦੇ ਵਿਚ ਤੇਗ ਖੜਕਦੀ।[4]

ਇਸ ਪਰਿਪੇਖ ਵਿਚ ਜੋਗਾ ਸਿੰਘ ਜੋਗੀ ਆਪਣੇ ਵਿਸ਼ਾਲ ਅਨੁਭਵ, ਗਿਆਨ ਅਤੇ ਇਤਿਹਾਸਕ ਜਾਣਕਾਰੀ ਪੰਜਾਬੀ ਜਨ-ਜੀਵਨ ਅਤੇ ਕੁਦਰਤੀ ਪ੍ਰਕਿਰਤੀ ਦੇ ਨਾਲ ਮੇਲ ਕੇ ਪ੍ਰਸਤੁਤ ਕਰਦਾ ਹੈ। ਜੋਗਾ ਸਿੰਘ ਜੋਗੀ ਨੇ ਆਪਣੀ ਕਵੀਸ਼ਰੀ ਵਿਚ ਸੁਹਜ-ਆਨੰਦ ਪੈਦਾ ਕਰਨ ਲਈ ਕੁਦਰਤੀ ਦ੍ਰਿਸ਼ਾਂ ਨੂੰ ਆਧਾਰ ਬਣਾਇਆ। ਉਹ ਕਵੀਸ਼ਰੀ ਵਿਚ ਇਕ ਪਾਸੇ ਇਤਿਹਾਸਕ ਪ੍ਰਸੰਗਾਂ ਦੀ ਪੇਸ਼ਕਾਰੀ ਦੌਰਾਨ ਸੁਹਜ ਰਸ ਉਤਪੰਨ ਕਰਦਾ ਹੈ ਦੂਜੇ ਪਾਸੇ ਕਰੁਣਾ ਰਸ ਅਤੇ ਵੈਰਾਗਮਈ ਰਚਨਾਵਾਂ ਦੀ ਪੇਸ਼ਕਾਰੀ ਵਿਚੋਂ ਸੁਹਜ-ਰਸ ਉਤਪੰਨ ਕਰਦਾ ਹੈ :

ਤ੍ਰਿੰਜਣ ਦੇ ਵਿਚ ਜੁੜੀਆਂ ਕੁੜੀਆਂ,
ਖਿੱਲੀ ਪਾ ਰਹੀਆਂ। ਚੜ੍ਹੀ ਜਵਾਨੀ ਲੱਖਾਂ ਸੂਰਤਾਂ,
ਕਬਰੀਂ ਜਾ ਪਈਆਂ। ਕਾਲੀ ਘੁੱਪ ਹਨੇਰੀ ਛਾ ਗਈ,
ਸੁਹਾਗ ਪਟਾਰੀ ਤੇ। ਸਭ ਨੂੰ ਜਾਣਾ ਪੈਂਦਾ, ਆਪੋ ਆਪਣੀ ਵਾਰੀ ਤੇ।[5]

ਜੋਗਾ ਸਿੰਘ ਜੋਗੀ ਆਪਣੀ ਕਵੀਸ਼ਰੀ ਵਿਚ ਨਾਇਕ-ਨਾਇਕਾ ਦੇ ਚਰਿੱਤਰ ਦੀ ਨਿਰਮਾਣਕਾਰੀ ਕਰਨ ਲਈ ‘ਨਖ਼ਸ਼ਿਖ ਵਰਣਨ’ ਦੀ ਕਾਵਿ-ਜੁਗਤ ਨੂੰ ਵਰਤਦਾ ਹੈ। ਉਹ ਵਿਭਿੰਨ ਪ੍ਰਕਾਰ ਦੇ ਅਲੰਕਾਰਾਂ ਅਤੇ ਬਿੰਬਾਂ ਦੀ ਵਰਤੋਂ ਕਰਦਾ ਹੋਇਆ ਸੁੰਦਰਤਾ ਦੇ ਸੰਕਲਪ ਨੂੰ ਸਾਕਾਰ ਕਰਦਾ ਹੈ। ਉਹ ‘ਨਿਰਾਲਾ ਸੁਪਨਾ’ ਵਿਚ ਸੁੰਦਰਤਾ ਦੇ ਸੰਕਲਪ ਨੂੰ ਬਿਆਨ ਕਰਦਾ ਹੋਇਆ ਸਰੋਤਿਆਂ ਨੂੰ ਸੁਹਜ-ਰਸ ਦਾ ਬੋਧ ਕਰਵਾਉਂਦਾ ਹੈ :

ਗੋਰਾ ਰੰਗ ਸ਼ਰਬਤੀ ਅੱਖਾਂ ਬਾਹਵਾਂ ਕੋਮਲ ਕੇਲੇ।
ਗਜ ਗਜ ਲੰਮੇ ਵਾਲ ਪਰੀ ਦੇ, ਗੁੱਤ ਸਪਣੀ ਜਿਉਂ ਪੇਲੇ।
ਹਨ੍ਹੇਰਾ ਕਰਿਆਂ ਚਾਨਣ ਹੋ ਜਾਏ, ਫੁੱਲ ਖਿੜਣ ਤਾਂ ਹੱਸੇ।
ਤਿੱਖਾ ਨੱਕ ਜਿਉਂ ਧਾਰ ਖੰਡੇ ਦੀ, ਬੁੱਲ੍ਹ ਗੁਲਾਬੀ ਕੂਲੇ।
ਵੇਖੀ ਜਦੋਂ ਸਵਰਗੀ ਝਾਕੀ, ਖ਼ੁਸ਼ੀ ਮਨਾਈ ਦੂਲੇ।

ਸੂਰਜ ਚੰਨ ਹੋਣ ਸ਼ਰਮਾਕਲ, ਜਦੋਂ ਹੁਸੀਨਾ ਤੱਕੇ।
ਥੋੜ੍ਹਾ ਥੋੜ੍ਹਾ ਮੁਸਕਰਾਏ, ਗੱਲਾਂ ਕਰਨੋਂ ਝੱਕੇ।[6]

ਇਸ ਤਰ੍ਹਾਂ ਜੋਗਾ ਸਿੰਘ ਜੋਗੀ ਨੇ ਆਪਣੀ ਕਵੀਸ਼ਰੀ ਵਿਚ ਕੁਦਰਤੀ ਸੁੰਦਰਤਾ ਨੂੰ ਪ੍ਰਮੁੱਖਤਾ ਦਿੱਤੀ ਹੈ। ਉਸਨੇ ਆਪਣੀ ਕਵੀਸ਼ਰੀ ਵਿਚ ਸ਼ਿੰਗਾਰ ਰਸ, ਬੀਰ ਰਸ, ਹਾਸ ਰਸ, ਕਰੁਣਾ ਰਸ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ।

**ਸਾਹਿਤਕ ਰਸਾਂ ਦੀ ਵਰਤੋਂ :** ਉਸਨੇ ਸਿੱਖ ਇਤਿਹਾਸ, ਭਾਰਤੀ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਦੀ ਨਿਰਮਾਣਕਾਰੀ ਕਰਨ ਲਈ ਵਿਭਿੰਨ ਛੰਦਾਂ ਦਵੱਈਆ, ਕੋਰੜਾ, ਲੈਹਰੀਆ, ਜੱਗਾ, ਕਾਫੀ, ਬੈਂਤ ਅਤੇ ਪਉੜੀ ਆਦਿ ਛੰਦਾਂ ਨੂੰ ਸਿਰਜਣ ਦੀ ਪਰੰਪਰਾ ਪੈਦਾ ਕੀਤੀ ਹੈ। ਜੋਗਾ ਸਿੰਘ ਜੋਗੀ ਦੀ ਕਵੀਸ਼ਰੀ ਵਿਚ ਵਿਭਿੰਨ ਸਾਹਿਤਕ ਰਸ ਇਕ ਕਥਾ-ਜੁਗਤ ਵਾਂਗ ਸੰਚਾਰ ਕਰਦੇ ਹਨ। ਗਿਆਨੀ ਤਰਲੋਚਨ ਸਿੰਘ ਭੁਮੱਦੀ ਅਨੁਸਾਰ "ਜੋਗੀ ਜੀ ਕੋਲ ਕਵਿਤਾ ਦੀ ਦੁਨੀਆਂ ਦੇ ਨੌਂ ਰਸਾਂ ਨੂੰ ਇਕਸਾਰਤਾ ਨਾਲ ਲਿਖਣ ਦੀ ਕਲਾ ਹੈ। ਕਵਿਤਾ ਲਿਖਣ ਤੋਂ ਬਿਨਾਂ ਸਟੇਜ 'ਤੇ ਬੋਲਣ ਦੀ ਕਲਾ ਵਿਚ ਜੋਗੀ ਜੀ ਦੀ ਰੌਚਿਕ ਸ਼ਬਦਾਵਲੀ, ਸ਼ਬਦਾਂ ਦੀ ਸ਼ੁੱਧਤਾ, ਰਵਾਨੀ ਅਤੇ ਵੱਖਰੀ ਸ਼ੈਲੀ ਸੁਣਨ ਵਾਲੇ ਨੂੰ ਕੀਲਣ ਦੇ ਸਮਰੱਥ ਹੈ। ਜੋਗੀ ਜੀ ਦੇ ਸ਼ਬਦਾਂ ਵਿਚ ਜਾਦੂ ਵਰਗਾ ਅਸਰ ਹੈ ਜਿਸ ਵਿਚ ਹਰ ਸਰੋਤੇ ਨੂੰ ਕੀਲ ਲੈਣ ਦੀ ਸਮਰੱਥਾ ਹੈ।[7]

ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਜੋਗਾ ਸਿੰਘ ਜੋਗੀ ਨੇ ਆਪਣੀ ਕਵੀਸ਼ਰੀ ਵਿਚ ਰੌਚਕਤਾ ਦੇ ਅੰਸ਼ ਭਰਨ ਲਈ ਵਿਭਿੰਨ ਸਾਹਿਤਕ ਰਸਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਸਾਹਿਤਕ ਰਸਾਂ ਦੀ ਵਰਤੋਂ ਨਾਲ ਉਸਦੀ ਕਵੀਸ਼ਰੀ ਵਿਚ ਸੁਹਜ-ਆਨੰਦ ਅਤੇ ਉਤਸੁਕਤਾ ਦੇ ਲੱਛਣ ਪੈਦਾ ਹੋਏ ਹਨ। ਉਸਦੀ ਕਵੀਸ਼ਰੀ ਨਾਟਕੀ ਤੱਤਾਂ ਨਾਲ ਭਰਪੂਰ ਹੈ। ਉਸਦੀ ਕਵੀਸ਼ੁਰੀ ਵਿਚਲਾ ਬਿਰਤਾਂਤ ਨਾਟਕੀ ਕਥਾਨਕ ਵਿਚ ਢਲਦਾ ਹੋਇਆ ਨਾਟਕੀ ਕਾਰਜ ਵਿਚ ਰੂਪਾਂਤਰਿਤ ਹੁੰਦਾ ਹੈ। ਉਸਦੀ ਕਵੀਸ਼ਰੀ ਦਾ ਕਥਾਨਕ ਆਪਣੇ ਮੂਲ ਖਾਸੇ ਵਿਚੋਂ ਨਾਟਕੀਅਤਾ ਗ੍ਰਹਿਣ ਕਰਦਾ ਹੈ। ਨਾਟਕ ਦੀ ਵਿਧੀ ਵਾਂਗ ਹੀ ਜੋਗਾ ਸਿੰਘ ਜੋਗੀ ਕਵੀਸ਼ਰੀ ਵਿਚ ਵੀ ਕਥਾਨਕ ਦਾ ਵਿਸਤਾਰ ਪਾਤਰਾਂ ਦੀ ਸਹਾਇਤਾ ਨਾਲ ਹੁੰਦਾ ਹੈ।

ਸਮੁੱਚੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਜੋਗਾ ਸਿੰਘ ਜੋਗੀ ਨੇ ਪੰਜਾਬੀ ਕਵੀਸ਼ਰੀ ਪਰੰਪਰਾ ਨੂੰ ਕਲਾ-ਪੱਖ, ਵਿਚਾਰਧਾਰਕ ਪੱਖ, ਇਤਿਹਾਸਕ ਪੱਖ, ਭਾਸ਼ਾ-ਸ਼ੈਲੀ,

ਬਿਰਤਾਂਤਕ-ਜੁਗਤਾਂ, ਰਸ-ਪ੍ਰਬੰਧ ਅਤੇ ਛੰਦ-ਪ੍ਰਬੰਧ ਵਜੋਂ ਨਵੀਨਤਾ ਪ੍ਰਦਾਨ ਕੀਤੀ। ਇਉਂ ਹੀ ਉਸਨੇ ਪੰਜਾਬੀ ਕਵੀਸ਼ਰੀ ਪਰੰਪਰਾ ਨੂੰ ਰੁਜ਼ਗਾਰ ਦਾ ਸਾਧਨ ਬਣਾਇਆ। ਇਸ ਸਥਿਤੀ ਵਿਚ ਉਸਦੇ ਬਹੁਤ ਸਾਰੇ ਸ਼ਗਿਰਦਾਂ ਨੇ ਕਵੀਸ਼ਰੀ ਪਰਪੰਰਾ ਨੂੰ ਆਪਣੀ ਰੋਜ਼ੀ-ਰੋਟੀ ਦਾ ਵਸੀਲਾ ਬਣਾ ਕੇ ਪ੍ਰਚਾਰਿਤ ਕੀਤਾ। ਇਸੇ ਪਰਿਪੇਖ ਵਿਚ ਉਸਨੇ ਪੰਜਾਬੀ ਕਵੀਸ਼ਰੀ ਪਰੰਪਰਾ ਨੂੰ ਪ੍ਰਕਾਸ਼ਿਤ ਅਤੇ ਆਡੀਉ-ਵੀਡੀਉ ਰੂਪ ਵਿਚ ਸਾਂਭਣ ਦਾ ਯਤਨ ਕੀਤਾ। ਜਿਸ ਕਾਰਨ ਬਹੁਤ ਸਾਰੇ ਪ੍ਰੈਸ ਨਿਰਮਾਤਾਵਾਂ, ਪਰੂਫ਼ ਰੀਡਰਾਂ, ਟਾਈਪਿਸਟਾਂ, ਸੰਗੀਤਕਾਰਾਂ ਅਤੇ ਕਲਾ-ਪ੍ਰੇਮੀਆਂ ਨੂੰ ਰੁਜ਼ਗਾਰ ਪ੍ਰਾਪਤ ਹੋਇਆ। ਇਸ ਤਰ੍ਹਾਂ ਜੋਗਾ ਸਿੰਘ ਜੋਗੀ ਦੀ ਪੰਜਾਬੀ ਕਵੀਸ਼ਰੀ ਪਰੰਪਰਾ ਨੂੰ ਵਿਭਿੰਨ ਪੱਖਾਂ ਤੋਂ ਦੇਣ ਹੈ।

## ਹਵਾਲੇ ਅਤੇ ਟਿੱਪਣੀਆਂ

1. ਉਤਮ ਸਿੰਘ 'ਤੇਜ', ਜੋਗੀ ਕਵੀਸ਼ਰ, ਜੋਗਾ ਸਿੰਘ 'ਜੋਗੀ', ਜੋਗੀ ਤਰਾਨੇ, ਉਤਮ ਸਿੰਘ ਗੁਰਬਚਨ ਸਿੰਘ ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, ਮਿਤੀਹੀਣ, ਪੰਨਾ-3
2. ਜੋਗਾ ਸਿੰਘ ਜੋਗੀ, ਜੋਗੀ ਤਰਾਨੇ, ਭਾਈ ਉਤਮ ਸਿੰਘ ਗੁਰਬਚਨ ਸਿੰਘ, ਮਾਈ ਸੇਵਾ ਬਾਜ਼ਾਰ, ਅੰਮ੍ਰਿਤਸਰ, ਮਿਤੀਹੀਣ, ਪੰਨਾ 54-55
3. ਉਹੀ, ਪੰਨਾ 54-55
4. ਜੋਗਾ ਸਿੰਘ ਜੋਗੀ, ਅਣਖੀ ਸੂਰਮੇ, ਅੰਮ੍ਰਿਤ ਪੁਸਤਕ ਭੰਡਾਰ, ਅਮ੍ਰਿਤਸਰ, ਮਿਤੀਹੀਣ, ਪੰਨਾ 52-53
5. ਜੋਗਾ ਸਿੰਘ ਜੋਗੀ, ਜੋਗੀ ਤਰਾਨੇ, ਪੰਨਾ-57
6. ਜੋਗੀ ਸਿੰਘ ਜੋਗੀ, ਜੋਗੀ ਦੇ ਨਗਮੇ, ਅੰਮ੍ਰਿਤ ਪੁਸਤਕ ਭੰਡਾਰ, 1990, ਅੰਮ੍ਰਿਤਸਰ, ਪੰਨਾ 65-66
7. ਗਿਆਨੀ ਤਰਲੋਚਣ ਸਿੰਘ ਭੁਮੱਦੀ, ਕਵੀਸ਼ਰੀ ਦਾ ਰੁਸਤਮੇ-ਹਿੰਦ-ਜੋਗਾ ਸਿੰਘ ਜੋਗੀ', ਗੁਰਮੁਖ ਸਿੰਘ ਐ.ਏ., (ਸੰਪਾ.), ਕਵੀਸ਼ਰੀ ਦਾ ਯੁੱਗ ਪੁਰਸ਼ ਜੋਗਾ ਸਿੰਘ ਜੋਗੀ, ਭਾਈ ਜੀਵਨ ਸਿੰਘ ਚਤਰ ਸਿੰਘ, ਅੰਮ੍ਰਿਤਸਰ, 2013, ਪੰਨਾ-36

# ਸਾਹਿਤ

ISSN: 2584-0509

(Page 111 to 114)

## 1. ਚਿੱਟਾ ਤੇ ਕਾਲਾ



ਡਾ. ਪਾਲ ਕੌਰ
+91 94164-97323

ਰੰਗ ਤਾਂ ਦੋ ਹੀ ਬਚੇ ਨੇ, ਚਿੱਟਾ ਤੇ ਕਾਲਾ ।
ਉਹ ਵੀ ਸਵਾਲੀਆ ਨੇ..............
ਕਾਲਾ ਖੁਦ ਨੂੰ ਚਿੱਟਾ ਸਮਝਦਾ ਏ,
ਤੇ ਚਿੱਟਾ ਸਮਝਦਾ ਏ, ਉਹ ਹੋ ਨਹੀਂ ਸਕਦਾ ਮੈਲਾ ।

ਕਿਸੇ ਵੀ ਰੰਗ ਦਾ ਝੰਡਾ ਝੁੱਲੇ, ਕਿਸੇ ਵੀ ਰੰਗ ਦਾ ਹੋਵੇ ਉਤਸਵ,
ਕਿਸੇ ਵੀ ਰੰਗ 'ਤੇ ਉੱਠੇ ਸਵਾਲ, ਕਿਸੇ ਵੀ ਰੰਗ ਦਾ ਵਹੇ ਅੱਥਰੂ,
ਕਾਲਾ ਤੇ ਚਿੱਟਾ ਆ ਖਲੋਂਦੇ ਨੇ,
ਇੱਕ ਦੂਜੇ ਦੇ ਸਾਹਵੇਂ, ਚੁੱਕ ਕੇ ਹਥਿਆਰ !
ਝੰਡਾ ਉਤਸਵ ਹੋ ਜਾਂਦੇ ਸ਼ਰਮਸਾਰ
ਵਹਿੰਦਾ ਰਹਿ ਜਾਂਦਾ ਏ ਅੱਥਰੂ...
ਖਲੋਤਾ ਰਹਿ ਜਾਂਦਾ ਹਰ ਸਵਾਲ...
ਚਿੱਟੇ ਤੇ ਕਾਲੇ ਦਾ ਚੱਲ ਪੈਂਦਾ ਤਕਰਾਰ...
ਫਿਰ ਜਿਸ ਦੀ ਹੱਟੀ ਦਾਣੇ
ਉਸ ਦੇ ਕਮਲੇ ਵੀ ਹੋ ਜਾਂਦੇ ਸਿਆਣੇ...
ਸਿਅਣਿਆਂ ਦਾ ਬੁਲਡੋਜ਼ਰ
ਢਾਹ ਸੁੱਟਦਾ ਦੂਜਿਆਂ ਦਾ ਘਰ-ਬਾਰ !
ਬਹੁਤੇ ਜ਼ੋਰ ਵਾਲਾ, ਕਰਦਾ ਬਹੁਤੀ ਮਾਰ ।
ਬਾਕੀ ਰੰਗ ਹੁੰਦੇ ਰਹਿੰਦੇ
ਰੋਜ਼ ਸ਼ਰਮਸਾਰ !


www.khojnama.com khojnamapb03@gmail.com

## 2. ਲਰਜ਼ਦਾ ਕੰਡਾ

ਪੈ ਗਏ ਨੇ ਜ਼ਿੰਦਗੀ ਨੂੰ, ਆਦੇਸ਼ਾਂ-ਨਿਰਦੇਸ਼ਾਂ ਦੇ ਰਾਹ।
ਮਨ ਦੀ ਉਮਰ ਸੀ
ਤਾਂ ਆਦੇਸ਼ਾਂ-ਨਿਰਦੇਸ਼ਾਂ ਦੀ, ਕੌਣ ਕਰਦਾ ਸੀ ਪਰਵਾਹ।
ਮਨ ਦੀਆਂ ਖੇਡਾਂ, ਮਨ ਦੀਆਂ ਦੌੜਾਂ,
ਸਾਰੀ ਦੀ ਸਾਰੀ ਆਵਾਰਗੀ,
ਉਭਰ ਆਈ ਹੈ ਹੁਣ, ਤਨ ਦੀ ਕੈਨਵਸ 'ਤੇ।
ਸਾਰੀਆਂ ਅਵੱਲੀਆਂ,
ਹੁਣ ਤਨ 'ਤੇ, ਬਣ ਬੈਠੀਆਂ ਨੇ ਛੱਲੀਆਂ।
ਪਿਛਿਉਂ ਉਠਦੀ ਹੈ ਟੀਸ,
ਤੇ ਪੈਰ ਦੀ ਤਲੀ ਤੱਕ ਪਾਉਂਦੀ ਹੈ ਧੂਹ !
ਕਹਿੰਦੇ ਨੇ, ਬਹੁਤਾ ਬੈਠਣ ਦੀ ਸਜ਼ਾ ਹੈ ਇਹ।

ਹੁਣ ਬਹੁਤਾ ਤਾਂ ਕੁਝ ਵੀ ਨਹੀਂ ਕਰਨਾ....
ਨਾ ਬਹੁਤਾ ਬਹਿਣਾ ਹੈ, ਨਾ ਬਹੁਤਾ ਤੁਰਨਾ,
ਲੇਟਣਾ ਹੈ, ਪਰ ਬਹੁਤੀ ਦੇਰ ਨਹੀਂ...
ਆਖਦੇ ਨੇ, ਬੈਠੇ ਹੋ ਤਾਂ ਉੱਠ ਪਉ ਛੇਤੀ,
ਪਏ ਹੋ ਤਾਂ ਬੈਠ ਜਾਉ ਕੁਝ ਦੇਰ ਬਾਅਦ,
ਤੁਰਦੇ ਹੋ ਤਾਂ ਬੈਠ ਜਾਉ...
ਕਮਾਲ ਹੈ, ਕੋਈ ਟਿਕਾਅ ਹੀ ਨਹੀਂ......
ਅਖੇ ਨਹੀਂ ਨਹੀਂ, ਟਿਕਾਅ ਤਾਂ ਚਾਹੀਦਾ ਹੈ,
ਤਨ ਦਾ ਨਹੀਂ, ਮਨ ਦਾ ਟਿਕਾਉ !
ਕਮਾਲ ਕਰਦੇ ਹੋ ਜਨਾਬ,
ਮਸਾਂ ਮਸਾਂ ਤਾਂ ਜੋੜਨ ਲੱਗੀ ਸਾਂ,
ਤਨ ਤੇ ਮਨ ਨੂੰ......
ਤੁਸੀ ਫਿਰ ?

## 3. ਪਤਾ-ਲਾਪਤਾ

ਜ਼ਮੀਨ 'ਤੇ ਸਾਂ, ਤਾਂ ਉਹਦੀ ਖ਼ੁਸ਼ਬੂ ਤੋਂ ਰਹੀ ਵਿਰਵੀ-
ਹੁਣ ਆ ਕੇ ਲਮਕ ਗਈ ਹਾਂ, ਜ਼ਮੀਨ-ਅਸਮਾਨ ਦੇ ਵਿਚਾਲੇ।
ਮਿੱਟੀ ਸੀ ਦੁਆਲੇ ਭਰੀ-ਪੂਰੀ, ਤਾਂ ਲੱਭਦੇ ਰਹੇ ਪੈਰ ਚੱਪਲਾਂ-
ਅੱਜ ਪੈਰ ਤਰਸੇ ਪਏ ਨੇ, ਮਿੱਟੀ ਦੀ ਛੋਹ ਲਈ ।

ਚੰਗਾ ਸੀ, ਜਦੋਂ ਨਹੀਂ ਸੀ ਸੋਝੀ
ਸਾਰਾ ਆਲਾ-ਦੁਆਲਾ ਲੱਗਦਾ ਸੀ
ਕਿਸੇ ਸੁਪਨਈ ਯੂਟੋਪੀਏ ਦਾ ਸਿਰਨਾਵਾਂ-
ਪਰ ਆਈ ਏ ਸਮਝ-ਸੜੀ,
ਤਾਂ ਕਿਸੇ ਯੂਟੋਪੀਏ ਦੀ ਨਹੀਂ ਹਾਂ ਨਾਗਰਿਕ-
ਉੱਡ ਉੱਡ ਜਾਂਦਾ ਏ ਦਿਲ.....ਉਸ ਨਗਰ....ਉਸ ਗਰਾਂ
ਬੱਸ ਪਰ੍ਹਾਂ ਹੀ ਪਰ੍ਹਾਂ....
ਸੁਪਨਈ ਦੁਮੇਲ- ਜੋ ਕਿਤੇ ਨਹੀਂ ਸ਼ਾਇਦ !

ਅਚੰਭਿਤ ਹਾਂ,
ਹਾਂ ਮੈਂ ਉਸ ਜਾਲ ਦਾ ਹਿੱਸਾ,
ਜਿਹਦੀਆਂ ਰੱਸੀਆਂ ਨੇ...
ਜਮ੍ਹਾਂ-ਘਟਾਅ, ਕਰ-ਕਾਨੂੰਨ,
ਏਧਰੋਂ ਕੱਢਣਾ, ਓਧਰ ਪਾਉਣਾ---
ਇਸ ਜਾਲ ਵਿੱਚ ਪਤਾ ਨਹੀਂ, ਮੈਂ ਹਾਂ ਵੀ ਕਿ ਨਹੀਂ !
ਪੜ੍ਹਿਆ ਏ ਲੰਮਾ ਇਤਿਹਾਸ ਸੰਘਰਸ਼ਾਂ ਦਾ,
ਲੁਟੀਚੇ-ਪੁਟੀਚੇ ਵਾਰ-ਵਾਰ
ਮੁੜ ਉੱਠੇ, ਲੜੇ, ਮਰੇ
ਮਿਲਿਆ ਤਾਂ, ਬੱਸ ਇੱਕ ਮੱਤ ਦਾ ਅਧਿਕਾਰ---

ਪਰ ਉਸ ਅਧਿਕਾਰ ਵਿੱਚ,
ਮੇਰਾ ਜਨਮ ਹੈ, ਜਾਤ ਹੈ, ਮਜ਼ੑਬ ਹੈ, ਵਲ ਹੈ, ਫਰੇਬ ਹੈ,
ਉਸ ਮੱਤ ਦੀ ਬਿਸਾਤ 'ਤੇ,
ਮੈਂ ਵੀ ਖੇਡੀ ਜਾ ਰਹੀ ---

ਕੈਸਾ ਇਹ ਅਧਿਕਾਰ ਹੈ
ਅਣਡਿੱਠਾ ਤੀਰ ਸਦਾ, ਮੇਰੇ ਸੀਨੇ ਦੇ ਆਰ-ਪਾਰ ਹੈ ।

ਕੈਸਾ ਹੈ ਤੰਤਰ,
ਹੈ ਬੱਸ ਇਕ ਜੰਤਰ-ਮੰਤਰ,
ਕਿੱਥੋਂ ਦਾਖ਼ਿਲ ਹੋਈ,
ਪਤਾ ਨਹੀਂ ਕਿੱਥੇ ਨਿਕਲਾਂਗੀ ਜਾ,
ਤੇ ਪਤਾ ਨਹੀਂ ਨਿਕਲਾਂਗੀ ਵੀ ਕਿ ਨਹੀਂ -
ਕਹਿੰਦੇ ਨੇ ਹੈ ਤਾਂ ਇਲਾਜ, ਇਸ ਜਾਲ, ਇਸ ਜੰਤਰ-ਮੰਤਰ ਦਾ-
ਕਿੰਨੇ ਹੀ ਕੀਤੇ ਦਵਾ-ਦਾਰੂ,
ਲਈ ਸ਼ਰਣ ਵੀ, ਕਿਸੇ ਸ਼ਰਣਾਰਥ ਕੋਲ---
ਸਭ ਥਾਂਈਂ ਉਹੀ ਹੈ ਹਾਲ, ਸਵਾਲ ਹੀ ਸਵਾਲ
ਤੇ ਅਣਸੁਲਝੇ ਸਵਾਬ ---
ਹਰ ਸਵਾਲ ਦੀ ਗੇਂਦ ਨੂੰ, ਖੇਡਦੀਆਂ ਧਿਰਾਂ ਏਧਰੋਂ-ਓਧਰ-
ਨਾ ਕੋਈ ਜਿੱਤ, ਨਾ ਕੋਈ ਹਾਰ
ਤੇ ਲਾਪਤਾ ਹਰ ਸੰਵਾਦ-----
ਹੁਣ ਕੋਈ ਸਾਹ ਲਵੇ ਤਾਂ ਕਿੱਥੋਂ ?

ਇਸੇ ਲਈ ਹਾਂ ਲਾਪਤਾ ਉਥੋਂ,
ਜਿੱਥੇ ਹਾਂ ਰਹਿੰਦੀ ਦਿੱਸਦੀ !
ਤੇ ਜਿੱਥੇ ਹਾਂ ਰਹਿੰਦੀ
ਉਸ ਗਰਾਂ ਦੀ ਤਲਾਸ਼ ਹੈ ।

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਧੀ ਦਾ ਕਰਜ਼



ਸੁਰਿੰਦਰ ਗੀਤ
ਕੈਨੇਡਾ
001-403-605-3734

ਚਾਚੀ ਜਦੋਂ ਵਿਆਹੀ ਆਈ, ਓਦੋਂ ਮੈਂ ਸਤਵੀਂ ਜਮਾਤ 'ਚ ਸੀ। ਪਿੰਡ ਦੀਆਂ ਬੁੜ੍ਹੀਆਂ ਚਾਚੀ ਬਾਰੇ ਈ ਬੋਲਦੀਆਂ ਰਹਿੰਦੀਆਂ। ਚਾਚੀ ਸਾਡੇ ਸਕੇ ਘਰਾਂ 'ਚੋਂ ਸੀ।

"ਅੜਿਆ! ਕੁਛ ਨੀ...ਬਣਸੇ ਦੀ ਬਹੂ ਦਾ ਰੰਗ ਬਲਾਂ ਕਾਲਾ ਆ...ਮਾੜਾ ਮੋਟਾ ਚੱਜ ਦਾ ਰੰਗ ਹੋਵੇ..ਧੀ-ਪੁੱਤ ਸੋਹਣਾ ਲੱਗਦੈ। "ਪ੍ਰਤਾਪੀ ਬੁੜ੍ਹੀ ਲੰਘਦੀ-ਲੰਘਦੀ ਮੇਰੀ ਦਾਦੀ ਨੂੰ ਸੁਣਾ ਗਈ।

ਦਾਦੀ ਕੋਲ ਬੈਠੀ ਸਾਹਮਣੇ ਘਰ ਆਲੀ ਬਚਨੀ ਤੋਂ ਰਿਹਾ ਨਾ ਗਿਆ। "ਆਹ ਹੱਟੀ ਆਲਿਆਂ ਦੀ ਪ੍ਰਤਾਪੀ ਨੂੰ ਤਾਂ ਲੋਕਾਂ ਦੀਆਂ ਨੂੰਹਾਂ-ਧੀਆਂ ਨੂੰ ਭੰਡਣ ਤੋਂ ਸਿਵਾ ਹੋਰ ਗੱਲ ਨੀ ਆਉਂਦੀ। ਫੇਰ ਕੀ ਆ, ਗੋਰੇ ਰੰਗ 'ਚ ਕਿਹੜਾ ਪਾ ਕੇ ਖਾਣਾ! ਰੰਗ ਤਾਂ ਦੋ ਈ ਹੁੰਦੇ ਆ...... ਕੰਮ ਕਾਜ ਨੂੰ ਸਚਿਆਰੀ ਆ, ਨਾਲੇ ਭਾਈ ਉੱਚੀ ਲੰਮੀ ਬਥੇਰੀ ਆ....ਹੱਡਾਂ ਪੈਰਾਂ ਦੀ ਖੁਲ੍ਹੀ ਆ....!"

ਜਦੋਂ ਵੀ ਕੋਈ ਚਾਚੀ ਬਾਰੇ ਏਦਾਂ ਦੀ ਗੱਲ ਕਰਦਾ ਤਾਂ ਮੈਨੂੰ ਬਹੁਤ ਬੁਰਾ ਲਗਦਾ। ਪਰ ਮੈਂ ਕਿਸੇ ਨੂੰ ਕੁਝ ਕਹਿ ਨਾ ਸਕਦੀ।

ਚਾਚੀ ਪੇਕੇ ਗਈ। ਕਿੰਨਾ ਚਿਰ ਨਾ ਮੁੜੀ। ਮੈਂ ਰੋਜ਼ ਉਡੀਕਦੀ। ਬਿੜਕਾਂ ਲੈਂਦੀ ਰਹਿੰਦੀ। ਮੈਨੂੰ ਇਹ ਤਾਂ ਪਤਾ ਲੱਗ ਗਿਆ ਸੀ ਕਿ ਚਾਚੀ ਦਾ ਘਰਦਿਆਂ ਨਾਲ ਕੁਝ ਝਗੜਾ ਹੈ....ਤੇ ਫਿਰ ਇਕ ਦਿਨ ਮੈਂ ਆਪਣੀ ਦਾਦੀ ਨੂੰ ਚਾਚੀ ਦੀ ਸੱਸ ਨਾਲ ਗੱਲਾਂ ਕਰਦੇ ਸੁਣ ਲਿਆ।

"ਬਚਨ ਕੁਰੇ.....ਕਦੋਂ ਆਉਣਾ ਆ ਬਹੂ ਨੇ ,,,,ਪੰਜ ਮਹੀਨੇ ਹੋ ਗਏ ਆ ਗਈ ਨੂੰ...!"

ਚਾਚੀ ਦੀ ਸੱਸ ਨੇ ਚੁੰਨੀ ਦੇ ਪੱਲੇ ਨੂੰ ਦੋਹਾਂ ਹੱਥਾਂ 'ਚ ਫੜਕੇ ਮੇਰੀ ਦਾਦੀ ਦੇ ਪੈਰੀਂ ਹੱਥ ਲਾਏ ਤੇ ਬੋਲੀ, "ਕੀ ਕਹਾਂ...ਮੁੰਡੇ ਦੀ ਮਰਜ਼ੀ ਆ ...ਅਸੀਂ ਕੀ ਕਹਿਣਾ...ਅੱਜਕਲ੍ਹ ਦੇ ਮੁੰਡੇ-ਖੁੰਡੇ ਕਿਹੜਾ ਸੁਣਦੇ ਆ ਕਿਸੇ ਦੀ ...ਕਹਿੰਦਾ ਕਾਲੀ ਆ... ਨਿੱਤ ਮਗਜ਼ ਮਾਰਦੀ ਆਂ ਮੁੰਡੇ ਨਾਲ....ਕੁੜੀਆਂ ਸਾਰਾ ਦਿਨ ਕੰਮ 'ਚ ਕਮਲੀਆਂ ਹੋਈਆਂ ਫਿਰਦੀਆਂ...ਏਥੇ ਹੋਵੇ, ਕੁੜੀਆਂ ਦੀਆਂ ਦਰੀਆਂ ਖੇਸਾਂ ਦਾ ਕੰਮ ਕਰੇ...ਖੜ੍ਹੇ ਪੈਰ ਕੰਮ ਕਰਨੇ ਕਿਹੜਾ ਸੌਖੇ ਆ ...ਸੁੱਖ ਨਾਲ ਵਿਆਹ ਭਾਵੇਂ ਅੱਜ ਧਰ ਲਵੋ...ਕੋਠੇ ਜਿੱਡੀਆਂ ਜਿੱਡੀਆਂ ਕੁੜੀਆਂ ਨੂੰ ਦੇਖ ਹੌਲ ਪੈਂਦੇ ਆ...ਸਾਰੀ ਸਾਰੀ ਰਾਤ ਨੀਂਦ ਨੀ ਔਂਦੀ...!"

ਮੇਰੀ ਭੂਆ ਦੀ ਚਾਚੀ ਨਾਲ ਵਾਹਵਾ ਬਣਦੀ ਸੀ। ਮੈਂ ਭੂਆ ਤੋਂ ਪੁੱਛਿਆ, "ਚਾਚੀ ਕਾਹਤੋਂ ਨੀ ਆਉਂਦੀ ਆਪਣੇ ਪੇਕਿਆਂ ਤੋਂ ?"



www.khojnama.com khojnamapb03@gmail.com

ਉਸ ਨੇ ਹਉਕਾ ਜਿਹਾ ਲਿਆ ਤੇ ਦੱਸਣ ਲੱਗੀ, "ਐਵੇਂ ਈ, ਬਾਈ ਬਣਸਾ ਹੰਕਾਰਿਆ ਫਿਰਦਾ। ਕਹਿੰਦਾ ਸੋਹਣੀ ਨੀ ....ਕਾਲੀ ਆ....ਆਪ ਜਿਵੇਂ ਬਾਹਲਾ ਸੋਹਣਾ ਹੋਵੇ ਚਿੱਬੇ ਜਿਹੇ ਮੂੰਹ ਆਲਾ !"

"ਮੈਨੂੰ ਤਾਂ ਚਾਚੀ ਚੰਗੀ ਲੱਗਦੀ ਆ। ਚਾਚਾ ਬਣਸਾ ਤਾਂ ਭੋਰਾ ਚੰਗਾ ਨੀ ਲਗਦਾ।"

ਉਹ ਹੱਸ ਪਈ ਤੇ ਬੋਲੀ, "ਭਾਬੀ ਸਚਿਆਰੀ ਬਥੇਰੀ ਹੈ ਆ। ਮੇਰੇ ਨਾਲ ਦਰੀ ਦਾ ਨਮੂਨਾ ਪਵਾਇਆ ਸੀ ਉਸ ਨੇ ਬਾਹਲਾ ਹੀ ਸੋਹਣਾ। ਕਿਸੇ ਨੂੰ ਮਾੜਾ ਨੀ ਬੋਲਦੀ। ਸਭ ਦੀਆਂ ਤੱਤੀਆਂ ਠੰਢੀਆਂ ਸੁਣਦੀ ਰਹਿੰਦੀ ਆ ਵਿਚਾਰੀ .....!"

ਪਿੰਡ ਦੇ ਸਕੂਲ ਦੀ ਪੜ੍ਹਾਈ ਖਤਮ ਕਰਕੇ ਮੈਂ ਮੋਗੇ ਸਰਕਾਰੀ ਸਕੂਲ 'ਚ ਦਾਖ਼ਲਾ ਲੈ ਲਿਆ। ਉਨ੍ਹੀਂ ਦਿਨੀਂ ਅਸੀਂ ਮੋਗੇ ਰਹਿੰਦੇ ਸਾਂ। ਪਿੰਡ ਦਾ ਸਕੂਲ ਚਾਰ ਜਮਾਤਾਂ ਤਕ ਸੀ। ਸਾਰੇ ਭੈਣ ਭਰਾ ਸਕੂਲ ਜਾਂਦੇ ਸਨ। ਇਸ ਲਈ ਮੋਗੇ ਰਹਿਣਾ ਸਾਡੀ ਮਜਬੂਰੀ ਬਣ ਗਈ ਸੀ।

ਇਕ ਦਿਨ ਬੇਜੀ ਮੋਗੇ ਆਏ। ਦਾਦੀ ਨੂੰ ਅਸੀਂ ਬੇਜੀ ਆਂਹਦੇ ਸੀ। ਉਹਨੇ ਮੇਰੀ ਮਾਂ ਨੂੰ ਦੱਸਿਆ ਕਿ ਮਿੰਦਰ ਕੁਰ ਨੂੰ ਬਣਸਾ ਲੈ ਆਇਆ। ਗੱਲ ਮੇਰੇ ਵੀ ਕੰਨੀਂ ਪੈ ਗਈ। ਮੈਂ ਬੋਲੀ ਕੁਝ ਨਾ ਪਰ ਅੰਦਰੋ ਅੰਦਰੀ ਬਹੁਤ ਖੁਸ਼ ਸਾਂ।

ਛੁੱਟੀਆਂ ਦੇ ਦਿਨ ਸਨ। ਅਸੀਂ ਸਾਰੇ ਭੈਣ-ਭਰਾ ਛੁੱਟੀਆਂ 'ਚ ਪਿੰਡ ਆ ਜਾਇਆ ਕਰਦੇ। ਮੈਂ ਚਾਚੀ ਨੂੰ ਗੋਹੇ-ਕੂੜੇ ਦਾ ਟੋਕਰਾ ਸਿਰ 'ਤੇ ਚੁੱਕੀ ਜਾਂਦੀ ਨੂੰ ਵੇਖਿਆ ਅਤੇ ਉਸ ਨੇ ਮੈਨੂੰ ਦੇਖ ਲਿਆ। ਰੂੜੀ 'ਤੇ ਟੋਕਰਾ ਸੁੱਟਣ ਪਿੱਛੋਂ ਆਉਂਦੇ ਸਮੇਂ ਸਾਡੇ ਘਰ ਰੁਕ ਗਈ। ਟੋਕਰਾ ਸਿਰ ਤੋਂ ਥੱਲੇ ਕਰਦਿਆਂ ਉਸ ਨੇ ਮੇਰਾ ਸਿਰ ਪਲੋਸਿਆ ਤੇ ਆਖਿਆ, "ਸ਼ਿੰਦਰ ਤੂੰ ਕਿਹੜੀ ਜਮਾਤ 'ਚ ਹੋ ਗਈ ਹੁਣ ? ਹੋਰ ਤੇਰੀ ਮਾਂ ਠੀਕ-ਠਾਕ ਹੈ ? ਚਲਦੀ ਆਂ, ਤੇਰੇ ਚਾਚੇ ਦੀ ਰੋਟੀ ਦੇਣ ਜਾਣਾ ਆ ਹਜੇ। ਖੇਤ ਵੀ ਕਿਹੜਾ ਨੇੜੇ ਆ।...ਮੈਂ ਸੋਚਿਆ ਪਹਿਲਾਂ ਸਾਝਰੇ-ਸਾਝਰੇ ਦੋ ਟੋਕਰੇ ਸੁੱਟ ਆਵਾਂ।"

ਇਸ ਤੋਂ ਬਾਦ ਚਾਚੀ ਕਦੇ ਵੀ ਲੰਬੇ ਸਮੇਂ ਲਈ ਪੇਕੀਂ ਨਹੀਂ ਗਈ। ਜਦੋਂ ਵੀ ਜਾਂਦੀ, ਸਵੇਰੇ ਜਾਂਦੀ ਤੇ ਆਥਣੇ ਮੁੜ ਆਉਂਦੀ। ਉਸ ਦਾ ਜਾਇਆਂ ਸਰਦਾ ਵੀ ਨਹੀਂ ਸੀ। ਖੇਤੀਬਾੜੀ ਦਾ ਕੰਮ ਕਿਹੜਾ ਘਰੋਂ ਨਿਕਲਣ ਦਿੰਦਾ , ਨਾਲੇ ਚਾਚੀ ਦੀ ਤਾਂ ਕਬੀਲਦਾਰੀ ਈ ਵੱਡੀ ਸੀ। ਤਿੰਨ ਨਨਾਣਾਂ ਪਈਆਂ ਸਨ ਵਿਆਹੁਣ ਵਾਲੀਆਂ। ਚਾਚੀ ਰੋਟੀ ਟੁੱਕ ਤੋਂ ਵਿਹਲੀ ਹੋ, ਦਰੀ ਜਾਂ ਚਰਖੇ 'ਤੇ ਬੈਠ ਜਾਂਦੀ। ਕੋਠੇ ਜਿੱਡੀਆਂ-ਜਿੱਡੀਆਂ ਨਨਾਣਾਂ ਨੂੰ ਵੀ ਤਾਂ ਘਰੋਂ ਤੋਰਨਾ ਸੀ।

ਘਰ ਦੀ ਜ਼ਮੀਨ ਨਾ ਬਹੁਤੀ ਸੀ, ਨਾ ਹੀ ਮੂਲੋਂ ਥੋੜੀ। ਗੁਜ਼ਾਰਾ ਹੋਈ ਜਾਂਦਾ। ਮੈਂ ਆਪਣੀ ਸੁਰਤ 'ਚ ਚਾਚੀ ਦੇ ਚੱਜ ਦਾ ਸੂਟ ਪਾਇਆ ਨਹੀਂ ਸੀ ਦੇਖਿਆ। ਚਾਚੇ ਨੇ ਤਾਂ ਸ਼ਾਇਦ ਉਸ ਨੂੰ ਕਦੇ ਨਵਾਂ ਸੂਟ ਸਿਲਾ ਕੇ ਹੀ ਨਹੀਂ ਸੀ ਦਿੱਤਾ। ਉਸਦੇ ਪੇਕੇ ਹੀ ਹਾੜ੍ਹ-ਸਿਆਲ਼ ਇੱਕੜ-ਦੁੱਕੜ ਝੱਗਾ- ਚੁੰਨੀ ਦੇ ਜਾਂਦੇ।

ਚਾਚੀ ਦੀ ਸੱਸ ਸਾਰਾ ਦਿਨ ਉਸ 'ਤੇ ਆਵਾਜ਼ੇ ਕੱਸਦੀ ਰਹਿੰਦੀ। ਇਕ ਦਿਨ ਮੇਰੀ ਦਾਦੀ ਨੂੰ ਕਹੀ ਜਾਵੇ, "ਸਾਡੀ ਬਹੂ ਤਾਂ ਕੰਮ ਨੀ ਨਿਬੇੜਦੀ...ਬਾਹਲੀ ਜਿਲ੍ਹੀ ਆ ...ਕੱਲ੍ਹ ਰੋਟੀ ਟੁੱਕ ਕਰਕੇ ਪੈ ਗਈ... ਅਖੇ ਸਿਰ ਦੁੱਖਦਾ ਆ... ਸਾਡਾ ਤਾਂ ਭਾਈ ਏਸ ਉਮਰੇ ਕਦੇ ਕੁਛ ਨੀ ਸੀ ਦੁਖਿਆ ਤੇ ਨਾਲੇ ਜੇ ਏਹਨੂੰ ਫਿਕਰ ਹੋਵੇ ਨਨਾਣਾਂ ਦਾ ਤਾਂ ਸਿਰ ਨਾ ਦੁਖੇ !"

ਇਕ-ਇਕ ਕਰਕੇ ਚਾਚੀ ਦੀਆਂ ਨਨਾਣਾਂ ਵਿਆਹੀਆਂ ਗਈਆਂ। ਸੁਣਿਆ ਮੰਗਣੇ ਥਾਲਾਂ ਨਾਲ ਕੀਤੇ। ਪ੍ਰਾਹੁਣਿਆਂ ਨੂੰ ਕੈਂਠੇ ਤੇ ਕੁੜੀਆਂ ਨੂੰ ਵੀ ਇਕ-ਇਕ ਟੂਮ।

ਨਨਾਣਾਂ ਦੇ ਵਿਆਹਾਂ ਨੇ ਘਰ ਖ਼ਾਲੀ ਕਰ ਦਿੱਤਾ। ਇਕ-ਦੋ ਕਿੱਲੇ ਵਿਆਹਾਂ ਦੀ ਭੇਟ ਚੜ੍ਹ ਗਏ। ਚਾਚੇ ਬਣਸੇ ਨੇ ਨਾ ਚਾਹੁੰਦੇ ਹੋਏ ਵੀ ਕਿੱਲਾ ਜ਼ਮੀਨ ਬੈਅ ਕਰ ਦਿੱਤੀ। ਹੋਰ ਕੋਈ ਚਾਰਾ ਵੀ ਨਹੀਂ ਸੀ। ਏਸੇ ਦੌਰਾਨ ਚਾਚੀ ਦੇ ਚਾਰ ਨਿਆਣੇ ਹੋ ਗਏ। ਪਹਿਲਾਂ ਮੁੰਡਾ ਹੋਇਆ। ਚਾਚੀ ਦਾ ਥੋੜ੍ਹਾ ਜਿਹਾ ਉਕਰ ਵਧ ਗਿਆ। ਫਿਰ ਦੋ ਕੁੜੀਆਂ ਤੇ ਇਕ ਮੁੰਡਾ।

ਚਾਚੀ ਦੀ ਸੱਸ, ਜਿਸਨੇ ਕਦੇ ਵੀ ਚਾਚੀ ਨੂੰ ਸਿੱਧੇ ਮੂੰਹ ਨਹੀਂ ਸੀ ਬੁਲਾਇਆ, ਕੁਝ ਦਿਨ ਮੰਜੇ 'ਤੇ ਪੈ ਰੱਬ ਘਰ ਚਲੀ ਗਈ। ਸੁਣਿਆ ਤਪਦਿਕ ਹੋ ਗਿਆ ਸੀ ਉਹਨੂੰ। ਚਾਚੀ ਦਾ ਸਹੁਰਾ ਤਾਂ ਉਹਦੇ ਵਿਆਹ ਤੋਂ ਪਹਿਲਾਂ ਈ ਮਰ ਗਿਆ ਸੀ। ਬਹੁਤ ਮਿਹਨਤੀ ਅਤੇ ਜ਼ਰਵਾਣਾ ਸੀ ਉਹ। ਗੱਡਾ ਲੱਦਦਿਆਂ ਲੱਜ ਟੁੱਟ ਗਈ। ਗਰਦਨ ਪਰਨੇ ਪਿਛਾਂਹ ਨੂੰ ਡਿੱਗਿਆ ਤੇ ਮਣਕਾ ਟੁੱਟ ਗਿਆ... ਥਾਂ 'ਤੇ ਹੀ ਮੌਤ ਹੋ ਗਈ।

ਮੇਰੇ ਵੇਂਹਦੇ-ਵੇਂਹਦੇ ਚਾਚੀ ਬੁੱਢੀ ਹੋ ਗਈ। ਮੈਂ ਵਿਆਹ ਕਰਵਾਕੇ ਕੈਨੇਡਾ ਆ ਗਈ। ਚਾਚੀ ਨਾਲ ਮੇਰੀ ਓਦੋਂ ਈ ਗੱਲ ਹੁੰਦੀ ਜਦੋਂ ਮੈਂ ਸਾਲ ਦੋ ਸਾਲਾਂ ਬਾਦ ਪੰਜਾਬ ਜਾਂਦੀ। ਉਹ ਅਕਸਰ ਮੇਰੀ ਮਾਂ ਨੂੰ ਕਹਿੰਦੀ ਰਹਿੰਦੀ, "ਕੋਈ ਬਾਹਰਲਾ ਮੁੰਡਾ ਮਿਲ ਜਾਂਦਾ ਤਾਂ ਚੰਗਾ ਸੀ। ਦੋਨਾਂ ਕੁੜੀਆਂ 'ਚੋਂ ਜਿਹੜੀ ਮਰਜ਼ੀ ਦਾ ਪਹਿਲਾਂ ਵਿਆਹ ਹੋ ਜਾਵੇ। ਸਾਨੂੰ ਮਨਜ਼ੂਰ ਆ। ਜੇ ਇਕ ਕੁੜੀ ਬਾਹਰ ਨਿਕਲ ਗਈ ਤਾਂ ਸ਼ਿੰਦੇ ਦਾ ਆਪੇ ਹੀ ਬਣ ਜੂ। ਘਰ ਦਾ ਦਲਿੱਦਰ ਚੱਕਿਆ ਜਾਊ।

ਐਤਕੀਂ ਜਦੋਂ ਮੈਂ ਪਿੰਡ ਗਈ ਤਾਂ ਉਸਨੇ ਮੈਨੂੰ ਵੀ ਕਿਹਾ, "ਸ਼ਿੰਦਰ ! ਦੇਖੀਂ ਕੋਈ ਮੁੰਡਾ ਭਾਵੇਂ ਦੁਹਾਜੂ ਹੋਵੇ। ਕੁੜੀਆਂ ਕਿਹੜਾ ਬਾਹਲੀਆਂ ਪੜ੍ਹੀਆਂ ਆਪਣੀਆਂ। ਕੀ ਕਰਦੀ ਚਿੱਤ ਤਾਂ ਕਰਦਾ ਸੀ ਪਈ ਹੋਰ ਪੜ੍ਹਾਵਾਂ। ਪਰ ਆਪਣੇ ਨੇੜੇ ਕੋਈ ਵੱਡਾ ਸਕੂਲ ਹੈ ਨੀ ਸੀ.... ਪਿੰਡ ਦੇ ਸਕੂਲ 'ਚੋਂ ਮਸਾਂ ਅੱਠ-ਅੱਠ ਕਰਵਾਈਆਂ। ਕਦੇ ਕਿਸੇ ਦੀਆਂ ਕਿਤਾਬਾਂ, ਕਦੇ ਕਿਸੇ ਦੀ ਵਰਦੀ, ਕਦੇ ਕਿਸੇ ਦੀ ਫੀਸ।" ਇਹ ਕਹਿੰਦੇ ਕਹਿੰਦੇ ਉਸਦੀਆਂ ਅੱਖਾਂ ਨਮ ਹੋ ਗਈਆਂ।

ਹੁਣ ਚਾਚੀ ਨੂੰ ਘਰੇ ਜਾਣ ਦੀ ਬਹੁਤੀ ਕਾਹਲ਼ ਨਾ ਹੁੰਦੀ। ਰੋਟੀ-ਟੁੱਕ ਕੁੜੀਆਂ ਕਰ ਲੈਂਦੀਆਂ ਸਨ ਤੇ ਚਾਚੀ ਸਾਡੇ ਘਰ ਦੇ ਵੀ ਕਈ ਗੇੜੇ ਮਾਰ ਜਾਂਦੀ। ਬੀਬੀ ਨਾਲ ਕੰਮ ਕਰਵਾ ਜਾਂਦੀ। ਬੇਜੀ ਦਾ ਮੰਜਾ ਅੰਦਰ ਬਾਹਰ ਕਰਵਾ ਜਾਂਦੀ। ਕਦੇ ਲੱਸਣ ਛਿੱਲਣ ਲੱਗ ਜਾਂਦੀ। ਮਸਾਲਾ ਰਗੜ ਜਾਂਦੀ...ਆਟਾ ਗੁੰਨ੍ਹ ਲੈਂਦੀ ਤੇ ਕਈ ਵਾਰ ਤਾਂ ਸ਼ੀਰੀਆਂ ਸਾਂਝੀਆਂ ਦੀਆਂ ਰੋਟੀਆਂ ਵੀ ਲਵਾ ਜਾਂਦੀ। ਮੇਰੀ ਮਾਂ ਨੂੰ ਕਹਿੰਦੀ ਰਹਿੰਦੀ, " ਭੈਣੇ, ਮੈਨੂੰ ਹਾਕ ਮਾਰ ਲੀਂ ਜੇ ਕੋਈ ਕੰਮ ਹੋਇਆ।"

ਚਾਚੇ ਬਣਸੇ ਨੇ ਵੀ ਖੇਤੀ ਦਾ ਕੰਮ ਛੱਡ ਤਾ। ਜ਼ਮੀਨ ਮਾਮਲੇ 'ਤੇ ਦੇ ਦਿੱਤੀ ਸੀ। ਕੰਮ ਉਸ ਤੋਂ ਹੁੰਦਾ ਵੀ ਨਾ ਹੁੰਦਾ। ਸਰੀਰ ਡਿੱਗ ਪਿਆ ਸੀ। ਮੁੰਡੇ ਟੌਹਰਾਂ 'ਚ ਫਸ ਗਏ। ਅਖੇ ਬਾਪੂ ਸੀਰੀ ਰੱਖ ਲਵੇ। ਸਾਥੋਂ ਨੀ ਮਿੱਟੀ ਨਾਲ ਮਿੱਟੀ ਹੋਈਦਾ।

ਏਧਰੋਂ ਓਧਰੋਂ ਵਿਆਜੂ ਪੈਸਾ ਫੜ ਕੇ ਉਹਨਾਂ ਨੇ ਵੱਡਾ ਮੁੰਡਾ ਸ਼ਿੰਦਾ ਬਹਿਰੀਨ ਤੋਰ 'ਤਾ। ਇਕ ਕੁੜੀ ਦਾ ਵਿਆਹ ਉਹਦੇ ਬਹਿਰੀਨ ਜਾਣ ਤੋਂ ਪਹਿਲਾਂ ਹੀ ਕਰ ਦਿੱਤਾ। ਸਾਰੇ ਰਿਸ਼ਤੇਦਾਰਾਂ ਤੇ ਭੈਣ-ਭਰਾਵਾਂ ਨੇ ਰਲ਼-ਮਿਲ ਕੇ ਗਰੀਬੀ ਦਾਵੇ ਨਾਲ ਕੁੜੀ ਤੋਰ 'ਤੀ। ਚਾਚੀ ਕੁਝ ਹਲਕਾ ਮਹਿਸੂਸ ਕਰਦੀ। ਪਰ ਹਾਲੇ ਕਬੀਲਦਾਰੀ ਦਾ ਬਹੁਤ ਹਿੱਸਾ ਪਇਆ ਸੀ।

ਕਈ ਵਾਰੀ ਚਾਚੀ ਨੂੰ ਕਹਿੰਦੇ ਸੁਣਿਆ ,"ਸ਼ੁਕਰ ਆ ਵਾਹਗੁਰੂ ਦਾ। ਕੁੜੀ ਸੌਖੀ ਆ ਆਪਣੇ ਘਰ। ਸੱਸ ਬਲਾਂ ਚੰਗੀ ਹੈ। ਨਣਾਨਾਂ ਦੋਨੋਂ ਵਿਆਹੀਆਂ ਹੋਈਆਂ। ਬੱਸ ਆਪਣੇ ਆਲਾ ਮੁੰਡਾ ਛੋਟਾ ਸੀ ਕੁੜੀਆਂ ਤੋਂ। ਕਬੀਲਦਾਰੀ ਸਾਰੀ ਨਜਿੱਠੀ ਹੋਈ ਆ।"

ਚਾਚੀ ਨੂੰ ਬਹੁਤੀ ਤਸੱਲੀ ਤਾਂ ਏਸੇ ਗੱਲ 'ਚ ਸੀ ਕਿ ਕੋਈ ਕੁੜੀ ਨੂੰ ਕਾਲੋ ਜੇਹੀ ਨਹੀਂ ਕਹਿੰਦਾ। ਆਪਣੇ ਕਾਲੇ ਰੰਗ ਦੀ ਪੀੜਾ ਉਸ ਨੇ ਸਾਰੀ ਉਮਰ ਪੀਤੀ ਸੀ।

ਹੁਣ ਘਰੇ ਰਹਿ ਗਏ ਚਾਚਾ ਬਣਸਾ, ਚਾਚੀ, ਇਕ ਮੁੰਡਾ ਤੇ ਕੁੜੀ।

ਵੱਡੇ ਮੁੰਡੇ ਸ਼ਿੰਦੇ ਨੂੰ ਗਿਆਂ ਤਿੰਨ ਸਾਲ ਹੋ ਗਏ। ਕੋਈ ਪੈਸਾ ਧੇਲਾ ਨਾ ਭੇਜਿਆ। ਛੋਟੀ ਕੁੜੀ ਵਾਸਤੇ ਚੰਗੇ ਘਰ ਦਾ ਰਿਸ਼ਤਾ ਆ ਗਿਆ। ਚਾਚੀ ਨੇ ਸ਼ਿੰਦੇ ਨੂੰ ਦੱਸਿਆ ਪਈ ਕੁੜੀ ਦਾ ਵਿਆਹ ਕਰਨਾ ਹੈ। ਸ਼ਿੰਦੇ ਨੇ ਬੱਸ ਇਹ ਕਹਿ ਕੇ ਸਾਰ ਦਿੱਤਾ ਕਿ ਵਿਆਹ ਕਰ ਲਵੋ, ਮੈਂ ਛੇਤੀ ਹੀ ਆ ਕੇ ਪੈਸੇ ਉਤਾਰ ਦੂੰਗਾ। ਜੇ ਬਾਹਲਾ ਈ ਆ ਕਿੱਲਾ ਗਹਿਣੇ ਧਰ ਦਿਓ। ਏਥੇ ਕੰਮ ਬਹੁਤ ਹੈ। ਛੁੱਟੀ ਨੀ ਮਿਲਦੀ ਨਾਲੇ ਇਕ ਕਿੱਲੇ ਦਾ ਕੀ ਆ। ਮੈਂ ਆ ਕੇ ਛੁਡਾ ਈ ਲੈਣਾ ਆ !

ਪਰ ਚਾਚੀ ਤੇ ਚਾਚੇ ਨੇ ਸਲਾਹ ਕਰਕੇ ਭੱਠੇ ਵਾਲਿਆਂ ਨੂੰ ਜ਼ਮੀਨ ਠੇਕੇ ’ਤੇ ਦੇ ਦਿੱਤੀ ਤੇ ਕੁੜੀ ਦਾ ਵਿਆਹ ਬਹੁਤਾ ਚੰਗਾ ਕਰ ਦਿੱਤਾ। ਸਿਰੋਂ ਭਾਰ ਲੱਥਾ !

“ਕਰਜ਼ਾ ਤਾਂ ਸ਼ਿੰਦਾ ਆ ਕੇ ਲਾਹ ਦੂ। ਛੋਟਾ ਮੀਤਾ ਵੀ ਬਾਹਰ ਜਾਣ ਨੂੰ ਫਿਰਦੈ। ਸ਼ਿੰਦੇ ਨੇ ਆਪ ਆਪਣੇ ਕੋਲ ਬਹਿਰੀਨ ਸੱਦ ਲੈਣੈ ਏਸ ਨੂੰ। ਇਕ ਦੋ ਮਹੀਨਿਆਂ ਦੀ ਗੱਲ ਆ। ਏਹਨੂੰ ਓਥੇ ਕੰਮ ’ਤੇ ਲਵਾ ਕੇ ਆਪ ਆ ਕੇ ਵਿਆਹ ਕਰਵਾ ਜੂ ਗਾ।” ਚਾਚੀ ਘਰ-ਘਰ ਏਹੋ ਕਹਾਣੀ ਦੱਸਦੀ ਫਿਰਦੀ ਰਹਿੰਦੀ।

ਕਦੇ-ਕਦੇ ਮੇਰੇ ਬਾਪੂ ਜੀ ਨੂੰ ਵੀ ਆਪਣੀਆਂ ਸਾਰੀਆਂ ਵਿਉਂਤਬੰਦੀਆਂ ਸੁਣਾ ਜਾਂਦੀ। ਬਾਪੂ ਜੀ ਹਫ਼ਤੇ ਬਾਦ ਜਦ ਵੀ ਘਰੇ ਆਉਂਦੇ, ਚਾਚੀ ਜ਼ਰੂਰ ਆਉਂਦੀ। ਤੰਗੀਆਂ-ਤੁਰਸ਼ੀਆਂ ਦੀ ਮਾਰੀ ਚਾਚੀ ਨੂੰ ਸਾਡਾ ਘਰ ਹੀ ਆਪਣਾ ਸਹਾਰਾ ਦਿਸਦਾ।

ਕਹਿੰਦੇ ਆ ਇਕ ਦਿਨ ਚਾਚੀ ਕੂੜਾ ਸੁੱਟ ਕੇ ਘਰ ਆਈ ਤਾਂ ਉਸਦੀ ਚੀਕ ਨੇ ਸਾਰੇ ਪਿੰਡ ਨੂੰ ਹਿਲਾ ਦਿੱਤਾ। ਚੁਬਾਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਮੀਤੇ ਨੇ ਫਾਹਾ ਲੈ ਲਿਆ ਆ। ਕਾਹਤੋਂ ਫਾਹਾ ਲਿਆ ? ਇਸ ਦਾ ਕਾਰਨ ਚਾਚੀ ਨੂੰ ਕਦੇ ਵੀ ਪਤਾ ਨਾ ਲੱਗਿਆ। ਚਾਚੀ ਦਾ ਜਵਾਨ ਪੁੱਤ ...! ਅਸਹਿ ਪੀੜ...!

ਚਾਚੀ ਦਿਨਾਂ ਵਿਚ ਹੀ ਕੁੱਬੀ ਹੋ ਗਈ। ਸੁੱਕ ਕੇ ਤੀਲ੍ਹਾ ਹੋ ਗਈ। ਪਹਿਲਾਂ ਵੀ ਸਿਹਤ ਬਹੁਤੀ ਚੰਗੀ ਨਹੀਂ ਸੀ, ਪਰ ਹੁਣ ਤਾਂ ਅਸਲੋਂ ਹੀ ਮਾੜੀ ਹੋ ਗਈ। ਚਾਚਾ ਵੀ ਅਫ਼ੀਮ ਦੇ ਸਹਾਰੇ ਬਾਹਰ ਖੁੰਡ ’ਤੇ ਬੈਠਾ ਰਹਿੰਦਾ। ਘੱਟ ਈ ਕਿਸੇ ਨਾਲ ਬੋਲਦਾ। ਬੋਲੇ ਤਾਂ ਕੀ ਬੋਲੇ। ਜਵਾਨ ਪੁੱਤ ਦੀ ਮੌਤ ਲੈ ਬੈਠਦੀ ਆ ਬੰਦੇ ਨੂੰ। ਬੋਲਣ ਜੋਗਾ ਨੀ ਛੱਡਦੀ।

ਸ਼ਿੰਦਾ ਬਹਿਰੀਨ ਤੋਂ ਆ ਗਿਆ। ਚਾਚੀ ਸ਼ਿੰਦੇ ਦੇ ਗਲ ਲੱਗ ਕੇ ਬਹੁਤ ਰੋਈ। ਉਸ ਦਿਨ ਸਾਰਾ ਪਿੰਡ ਈ ਰੋਇਆ ਸੀ। ਚਾਚੀ ਦੀਆਂ ਲੇਰਾਂ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਹੌਲ਼ੀ-ਹੌਲ਼ੀ ਕੁਝ ਦਿਨਾਂ ਬਾਅਦ ਮਨ ਨੂੰ ਇਕੱਠਾ ਜਿਹਾ ਕਰਕੇ ਕੁੜੀ ਦੇ ਵਿਆਹ ਵੇਲੇ ਚੜ੍ਹੇ

ਕਰਜ਼ੇ ਦੀ ਗੱਲ ਸ਼ਿੰਦੇ ਦੇ ਕੰਨੀਂ ਪਾਈ ਤਾਂ ਸ਼ਿੰਦੇ ਦਾ ਜਵਾਬ ਸੁਣ ਕੇ ਮਰਿਆਂ ਵਾਂਗ ਹੋ ਗਈ। ਸ਼ਿੰਦਾ ਤਾਂ ਕੁਝ ਵੀ ਨਹੀਂ ਸੀ ਲਿਆਇਆ। ਕਰਜ਼ਾ ਕਾਹਦੇ ਨਾਲ ਲਾਹੁਣਾ ਹੈ ਤੇ ਕਾਹਦੇ ਨਾਲ ਉਹਦਾ ਵਿਆਹ ਕਰਨਾ ਸੀ।

"ਕੀ ਕਰਦਾ ਰਿਹਾ ਬਹਿਰੀਨ…। ਚਾਚੀ ਆਪਣੇ ਆਪ ਨੂੰ ਸਵਾਲ ਕਰਦੀ...ਕੀ ਪਤਾ ਕੰਮ ਕਰਦਾ ਵੀ ਸੀ ਜਾਂ ਨਹੀਂ!" ਸ਼ਿੰਦੇ ਨੂੰ ਬਹੁਤਾ ਕੁਝ ਨਾ ਕਹਿੰਦੀ। ਏਹੀ ਰਹਿ ਗਿਐ ਮੇਰੇ ਕੋਲ…ਇਹ ਕਹਿ ਮਨ ਨੂੰ ਤਸੱਲੀ ਦੇ ਲੈਂਦੀ ਤੇ ਚੁੱਪ ਹੋ ਜਾਂਦੀ।

ਜਿਵੇਂ ਵੀ ਹੋਇਆ, ਚਾਚੀ ਨੇ ਸ਼ਿੰਦੇ ਦਾ ਵਿਆਹ ਧਰ ਲਿਆ। ਕਰਜ਼ਾ ਪਹਿਲਾਂ ਵੀ ਸੀ, ਹੋਰ ਚੜ੍ਹ ਗਿਆ। ਗਹਿਣੇ ਪਿਆ ਕਿੱਲਾ ਬੈਅ ਹੋ ਗਿਆ ਅਤੇ ਬਾਕੀ ਦੋ ਕਿੱਲੇ ਬਚ ਗਏ। ਭੱਠੇ ਵਾਲਿਆਂ ਨੂੰ ਜ਼ਮੀਨ ਦੇਣ ਕਾਰਨ ਜ਼ਮੀਨ ਦਾ ਮਾਮਲਾ ਘਟ ਗਿਆ। ਜ਼ਮੀਨ ਬਹੁਤੀ ਉਪਜਾਊ ਨਹੀਂ ਸੀ ਰਹੀ। ਇਸ ਕਰਕੇ ਜੋ ਵੀ ਜ਼ਮੀਨ ਮਾਮਲੇ 'ਤੇ ਲੈਂਦਾ, ਘੱਟ ਪੈਸਿਆਂ 'ਤੇ ਲੈਂਦਾ।

ਚਾਚੀ ਦੀ ਨੂੰਹ ਨੇ ਆਉਂਦੇ ਸਾਰ ਚਾਚੀ ਨੂੰ ਸੂਲੀ 'ਤੇ ਟੰਗ ਦਿੱਤਾ।

ਇਕ ਦਿਨ ਉਹਦੀ ਨੂੰਹ ਨੇ ਆਖ ਹੀ ਦਿੱਤਾ, " ਤੂੰ ਕੀ ਮੈਨੂੰ ਰਾਣੀ ਹਾਰ ਪਾ ਕੇ ਵਿਆਹ ਕੇ ਲਿਆਈ ਸੀ ! ਮੈਥੋਂ ਨੀ ਤੇਰਾ ਤੇ ਬੁੜ੍ਹੇ ਦਾ ਲੰਗਰ ਪੱਕਦਾ। ਨਾਲੇ ਤੈਨੂੰ ਕੀ ਹੋਇਆ? ਸਾਰਾ ਦਿਨ ਤਸੀਲਦਾਰਾਂ ਦੇ ਬੈਠੀਂ ਰਹਿੰਨੀ ਆਂ।"

ਸਾਡਾ ਘਰ ਤਹਿਸੀਲਦਾਰਾਂ ਦਾ ਘਰ ਵੱਜਦਾ ਸੀ।

ਚਾਚੀ ਔਖੀ ਸੌਖੀ ਡੰਗ ਟਪਾਈ ਕਰੀ ਜਾਂਦੀ।

ਮੈਂ ਇੰਡੀਆ ਗਈ ਹੋਈ ਸਾਂ। ਵਿਹੜੇ 'ਚ ਫਿਰਦਿਆਂ ਕੁਝ ਅਜੀਬ ਜੇਹਾ ਰੌਲ਼ਾ ਸੁਣਾਈ ਦਿੱਤਾ। ਚਾਚੀ ਨੂੰ ਸ਼ਿੰਦਾ ਤੇ ਸ਼ਿੰਦੇ ਦੀ ਵਹੁਟੀ ਕੁੱਟ ਰਹੇ ਸਨ। ਚਾਚੀ ਦੀਆਂ ਚੀਕਾਂ ਆਂਢ-ਗਵਾਂਡ ਸੁਣਾਈ ਦੇ ਰਹੀਆਂ ਸਨ। ਮੈਂ ਭੱਜ ਕੇ ਗਈ। ਚਾਚੀ ਜ਼ਮੀਨ ਤੇ ਬੈਠੀ ਰੋਈ ਜਾਵੇ। ਉਹਦੇ ਸਿਰ ਤੋਂ ਲੱਥੀ ਚੁੰਨੀ , ਖਿੱਲਰੇ ਵਾਲ , ਮੱਥੇ ਚੋਂ ਵੱਗਦਾ ਲਹੂ ਦੇਖ ਚਾਚਾ ਬੇਬੱਸ ਜੇਹਾ ਹੋਇਆ ਬੈਠਾ ਸੀ। ਮੇਰੇ ਪੁੱਛਣ 'ਤੇ ਕਹਿਣ ਲੱਗਾ, "ਪੁੱਤ, ਮੇਰੇ ਕੋਲੋਂ ਕਿਹੜਾ ਉਠਿਆ ਬੈਠਿਆ ਜਾਂਦੈ। ਜਦੋਂ ਨੂੰ ਮੈਂ ਖੂੰਡ ਤੋਂ ਉਠ ਕੇ ਆਇਆ, ਓਦੋਂ ਨੂੰ ਇਨ੍ਹਾਂ ਪਾਪੀਆਂ ਨੇ ਮਧੋਲ ਦਿੱਤੀ।"

ਲੋਕ ਹੋਰ ਵੀ ਆ ਗਏ। ਸਾਰਿਆਂ ਨੇ ਸ਼ਿੰਦੇ ਤੇ ਉਸਦੀ ਬਹੂ ਨੂੰ ਬੁਰਾ ਭਲਾ ਕਿਹਾ। ਮੈਂ ਚਾਚੀ ਨੂੰ ਉਠਾਇਆ। ਲਹੂ ਪੂੰਝਿਆ ,ਪਾਣੀ ਪਿਲਾਇਆ ਤੇ ਬੁੱਕਲ 'ਚ ਲੈ ਦਿਲਾਸਾ ਦਿੱਤਾ। ਪਿੰਡ ਦੇ ਡਾਕਟਰ ਤੋਂ ਪੱਟੀ ਕਰਵਾਕੇ ਮੈਂ ਆਪਣੇ ਘਰ ਆ ਗਈ।

ਉਸ ਦਿਨ ਤੋਂ ਬਾਦ ਚਾਚੀ ਮੇਰੇ ਜ਼ਿਆਦਾ ਨੇੜੇ ਹੋ ਗਈ। ਮੈਂ ਜਿੰਨੇ ਦਿਨ ਪਿੰਡ ਰਹੀ, ਉਹ ਮੇਰੇ ਨਾਲ ਦੁੱਖ-ਸੁੱਖ ਸਾਂਝਾ ਕਰਦੀ ਰਹੀ।

ਮੈਂ ਲੜਾਈ ਦਾ ਕਾਰਨ ਪੁੱਛਿਆ। ਉਹ ਨੇ ਰੋਂਦੇ ਰੋਂਦੇ ਦੱਸਿਆ, "ਪੈਸੇ ਮੰਗਦੇ ਸੀ। ਹੋਰ ਕੀ, ਸ਼ਰਾਬ ਡੱਫਣੀ ਹੋਊ। ਮੇਰੇ ਕੋਲ ਕਿੱਥੇ ਆ ਨੋਟ। ਕਹਿੰਦੇ ...ਮਾਮਲਾ ਤੁਸੀਂ ਫੜਦੇ ਓ। ਕਿਧਰ ਜਾਂਦੈ ? ਰੋਟੀ-ਟੁੱਕ ਦਾ ਈ ਮਸਾਂ ਸਰਦਾ। ਕਦੇ ਦਾਲ ਧਰੀ ਦੀ ਆਂ ਕਦੇ ਨਹੀਂ। ਕੱਲ੍ਹ ਤੇਰੇ ਚਾਚੇ ਦਾ ਚਿੱਤ ਢਿੱਲਾ ਸੀ। ਮੈਂ ਏਧਰੋਂ ਭੈਣ ਜੀ ਤੋਂ ਦਾਲ ਲਿਜਾ ਕੇ ਰੋਟੀ ਖਵਾਈ ਵਿਚਾਰੇ ਨੂੰ। ਦੁੱਧ ਦਾ ਗਲਾਸ ਵੀ ਮੈਂ ਸੰਗਦੀ-ਸੰਗਦੀ ਨੇ ਮੰਗ ਈ ਲਿਆ। ਭਲਾ ਹੋਵੇ ਤੇਰੀ ਮਾਂ ਦਾ, ਜਿਹੜੀ ਵੇਲੇ ਕੁਵੇਲੇ ਸਾਡਾ ਕੰਮ ਸਾਰੀ ਜਾਂਦੀ ਆ। ਤੇਰੇ ਪਿਉ ਨੇ ਪੈਸੇ-ਧੇਲੇ ਨੂੰ ਵੀ ਕਦੇ ਜਵਾਬ ਨੀ ਦਿੱਤਾ। ਲੋੜ ਵੇਲੇ ਫੜ ਲਈਦਾ। ਕਦੇ ਮੋੜਿਆ ਵੀ ਨਹੀਂ।"

"ਚਲ ਕੋਈ ਨਾ ਚਾਚੀ। ਤੂੰ ਕਿਹੜਾ ਓਪਰੀ ਆਂ ਸਾਨੂੰ।"

ਚਾਚੀ ਡੁਸਕਣ ਲੱਗ ਪਈ। ਚਾਚੀ ਨੇ ਮਾੜਾ ਜੇਹਾ ਮੰਜੇ 'ਤੇ ਹਿਲਦਿਆਂ ਚੀਕ ਜੇਹੀ ਮਾਰੀ।

"ਕੀ ਹੋਇਆ ਚਾਚੀ।" ਮੈਂ ਕੋਲ ਹੋ ਕੇ ਪੁੱਛਿਆ।

"ਕੁਛ ਨੀ ਪੁੱਤ। ਲੱਤ 'ਤੇ ਫੋੜਾ ਆ। ਜੈ ਖਾਣਾ ਵੱਧਦਾ ਹੀ ਜਾਂਦਾ। ਮਾੜੀ ਜੇਹੀ ਫਿਣਸੀ ਸੀ ...ਉਹ ਦੇ ਤੋਂ ਈ ਵੱਧ ਗਿਆ!" ਚਾਚੀ ਨੇ ਚੀਸ ਵੱਟਦਿਆਂ ਕਿਹਾ।

"ਚਾਚੀ, ਡਾਕਟਰ ਨੂੰ ਨਹੀਂ ਦਿਖਾਇਆ?" ਮੈਂ ਫ਼ਿਕਰ ਨਾਲ ਪੁੱਛਿਆ।

"ਦਿਖਾਇਆ ਸੀ ਰਾਜੂ ਨੂੰ। ਓਦਣ ਫੋੜਾ ਛਿਲਿਆ ਗਿਆ ਜਿੱਦਣ ਸ਼ਿੰਦੇ ਨੇ ਮੈਨੂੰ ਥੱਲੇ ਘੜੀਸਿਆ।"

ਉਹਨੇ ਸਲਵਾਰ ਦਾ ਪੌਂਚਾ ਉਤਾਂਹ ਚੁੱਕ ਕੇ ਦਿਖਾਇਆ। ਫੋੜੇ 'ਤੇ ਨਿੰਮ ਦੇ ਪੱਤੇ ਰੱਖ ਕੇ ਲੀਰ ਬੰਨ੍ਹੀ ਵੀ ਸੀ।

" ਚਾਚੀ ! ਪਿੰਡ ਦੇ ਡਾਕਟਰਾਂ ਤੋਂ ਨੀ ਆਰਾਮ ਆਉਂਦਾ ...ਇਹਨਾਂ ਨੂੰ ਵਿਚਾਰਿਆਂ ਨੂੰ ਤਾਂ ਦਿਵਾਈਆਂ ਦੇ ਨਾਂ ਨੂ ਈ ਆਉਂਦੇ ਹੁੰਦੇ ਆ ... ਮੋਗੇ ਦਿਖਾ ਆਉਣਾ ਸੀ।"

ਮੇਰਾ ਮਨ ਬੜਾ ਖ਼ਰਾਬ ਹੋਇਆ। ਮੈਂ ਕੀ ਕਰਾਂ ? ਚਾਚੀ ਬਾਰੇ ਮੈਂ ਸੋਚਦੀ ਰਹੀ। ਬੀਬੀ ਨਾਲ ਗੱਲ ਕੀਤੀ। ਅਗਲੇ ਦਿਨ ਮੈਂ ਚਾਚੀ ਨੂੰ ਮੋਗੇ ਡਾਕਟਰ ਕੋਲ ਲੈ ਗਈ। ਉਹਨੇ ਪੱਟੀ

ਕਰ ਕੇ ਗੋਲੀਆਂ ਦੇ ਦਿੱਤੀਆਂ। ਚਾਚੀ ਨੂੰ ਮੋੜਾ ਪੈ ਗਿਆ। ਮੈਂ ਕੁਝ ਪੈਸੈ ਚਾਚੀ ਦੀ ਮੁੱਠੀ 'ਚ ਦੇਦਿਆਂ ਕਿਹਾ, "ਚਾਚੀ ਆਹ ਰੱਖ ਲੈ। ਤੈਨੂੰ ਲੋੜ ਹੋਊ।"

ਚਾਚੀ ਦੀਆਂ ਅੱਖਾਂ ਨਮ ਹੋ ਗਈਆਂ।

"ਧੀਏ, ਧੀਆਂ ਤੋਂ ਲੈਂਦੇ ਸੋਹਣੇ ਨੀ ਲੱਗੀਦਾ। ਮੈਂ ਕਦੋਂ ਮੋੜੂੰ ਤੈਨੂੰ ਪੈਸੇ" ਚਾਚੀ ਨੇ ਅੱਖਾਂ ਪੂੰਝਦਿਆਂ ਕਿਹਾ।

"ਚਾਚੀ ਲੈ! ਆਹ ਕੀ ਗੱਲ ਹੋਈ। ਧੀਆਂ ਤੋਂ ਨਹੀਂ ਲਈਦਾ... ਐਵੇਂ ਨਾ ਬੋਲੀ ਜਾਇਆ ਕਰ... ਆਪੇ ਆ ਜਾਣਗੇ !" ਮੈਂ ਚਾਚੀ ਨੂੰ ਅਪਣੱਤ ਭਰੀ ਤਲਖ਼ੀ ਨਾਲ ਕਿਹਾ।

ਦੂਸਰੇ ਤੀਸਰੇ ਦਿਨ ਮੇਰੀ ਫਲਾਈਟ ਸੀ। ਉਹ ਮੈਨੂੰ ਮਿਲਣ ਆਈ। ਸਿਰ ਪਲੋਸਦਿਆਂ ਭਰੇ ਮਨ ਨਾਲ ਚਾਚੀ ਏਨਾ ਹੀ ਕਹਿ ਸਕੀ, "ਰੱਬ ਤੈਨੂੰ ਬਾਹਲਾ ਦੇਵੇ। ਤੇਰੇ ਧੀਆਂ ਪੁੱਤਾਂ ਨੂੰ ਰਾਜ਼ੀ ਰੱਖੇ।"

ਉਸ ਤੋਂ ਬਾਦ ਮੈਂ ਫ਼ੋਨ 'ਤੇ ਬਾਪੂ ਜੀ ਜਾਂ ਬੀਬੀ ਤੋਂ ਚਾਚੀ ਦਾ ਹਾਲ-ਚਾਲ ਪੁੱਛਦੀ ਰਹਿੰਦੀ। ਚੰਗਾ ਘੱਟ ਹੀ ਸੁਣਨ ਨੂੰ ਮਿਲਦਾ। ਕਦੇ ਚਾਚੀ ਬੀਮਾਰ ਹੁੰਦੀ, ਕਦੇ ਚਾਚਾ ਬੀਮਾਰ ਹੁੰਦਾ, ਕਦੇ ਨੂੰਹ ਨਾਲ ਲੜਾਈ ਹੋਈ ਹੁੰਦੀ।

ਮੈਂ ਅਕਸਰ ਬੀਬੀ ਤੇ ਬਾਪੂ ਜੀ ਨੂੰ ਚਾਚੀ ਦਾ ਖ਼ਿਆਲ ਰੱਖਣ ਬਾਰੇ ਆਖਦੀ।

ਦੋ ਸਾਲ ਬੀਤ ਗਏ। ਮੈਂ ਦੋਬਾਰਾ ਦੇਸ਼ ਗਈ ਤਾਂ ਚਾਚੀ ਕਾਫ਼ੀ ਬੀਮਾਰ ਸੀ। ਬੁਖਾਰ ਚੜ੍ਹਦਾ ਸੀ। ਪਰ ਹਾਏ ਹਾਏ ਕਰਦੀ ਮੈਨੂੰ ਮਿਲਣ ਆ ਗਈ।

ਦੂਸਰੇ ਦਿਨ ਮੈਂ ਵੀ ਚਾਚੀ ਕੋਲ ਜਾ ਬੈਠੀ। ਕੁਝ ਪੈਸੈ ਮੈਂ ਹੌਲੀ ਦੇਣੇ ਚਾਚੀ ਨੂੰ ਫੜਾ ਦਿੱਤੇ। ਸੋਚਿਆ ਚਾਚੀ ਦਵਾਈ ਲੈ ਆਵੇਗੀ। ਚਾਚੀ ਲਵੇ ਨਾ ਪਰ ਮੈਂ ਕਿਵੇਂ ਨਾ ਕਿਵੇਂ ਦੇ ਦਿੱਤੇ। ਏਹੀ ਕਹੀ ਜਾਵੇ, "ਮੈਂ ਤਾਂ ਪਹਿਲਾਂ ਦੇ ਵੀ ਦੇਣੇ ਨੇ ਹਾਲੇ। ਧੀਆਂ ਦਾ ਖਾ ਕੇ ਮੈਂ ਕਿਵੇਂ ਮਰੂੰ ?"

"ਕੁਛ ਨੀ ਹੁੰਦਾ ਚਾਚੀ ਧੀਆਂ ਨੂੰ। ਧੀਆਂ-ਪੁੱਤਾਂ 'ਚ ਕੀ ਫ਼ਰਕ ਆ। ਮੇਰੀ ਤੂੰ ਮਾਂ ਨੀ। ਚੁੱਪ ਕਰ, ਐਵੇਂ ਧੀਆਂ-ਧੀਆਂ ਲਾਈ ਆ। ਦਵਾਈ ਲੈ ਜਾ ਕੇ।" ਮੈਂ ਮੋਹ ਭਰੇ ਲਹਿਜੇ 'ਚ ਚਾਚੀ ਨੂੰ ਝਿੜਕਿਆ।

ਚਾਚੀ ਦਾ ਗੱਚ ਭਰ ਆਇਆ, "ਪਿਛਲੇ ਐਤਵਾਰ ਬਾਈ ਜੀ ਆਇਆ ਸੀ। ਦਵਾ ਦਾਰੂ ਵਾਸਤੇ ਪੈਸੇ ਦੇ ਗਿਆ ਸੀ। ਮੈਂ ਦਵਾਈ ਲੈ ਆਂਦੀ ਆ... ਆਹ ਵੇਖ ਸ਼ੀਸ਼ੀਆਂ। ਹੁਣ ਤਾਂ ਬਹੁਤ ਆਰਾਮ ਆ। ਤਿੰਨ-ਚਾਰ ਦਿਨਾਂ ਦਾ ਬੁਖਾਰ ਨੀ ਚੜ੍ਹਿਆ। ਕਮਜ਼ੋਰੀ ਆ ਮਾੜੀ

ਜੀ। ਤੇਰੀ ਮਾਂ ਦੁੱਧ ਦੀ ਗੜਵੀਂ ਭਰ ਕੇ ਭੇਜ ਦਿੰਦੀ ਆ ਧਾਰ ਕੱਢਣ ਸਾਰ .... ਹੁਣ ਮੈਂ ਠੀਕ ਆਂ।"

ਉਹ ਤੁਰਨ ਫਿਰਨ ਲਗ ਗਈ। ਮੈਂ ਕੁਝ ਦਿਨਾਂ ਬਾਦ ਮੁੜ ਕੈਨੇਡਾ ਆ ਗਈ।

ਇਕ ਦਿਨ ਪਿੰਡੋਂ ਫ਼ੋਨ ਆਇਆ।

"ਤੇਰੀ ਚਾਚੀ ਮਿੰਦਰ ਕੁਰ ਪੂਰੀ ਹੋ ਗਈ !" ਬਾਪੂ ਜੀ ਦੀ ਆਵਾਜ਼ ਗੱਲੇ 'ਚ ਹੀ ਅਟਕ ਗੀ।

"ਹੈਂ…।" ਮੇਰੀ ਧਾਹ ਨਿਕਲ ਗਈ। ਮੈਂ ਆਪਣੇ ਆਪ ਨੂੰ ਇਕੱਠਾ ਜਿਹਾ ਕਰਕੇ ਬਾਪੂ ਜੀ ਨੂੰ ਪੁੱਛਿਆ, "ਕੀ ਗੱਲ ਹੋਈ ਚਾਚੀ ਨੂੰ?"

"ਹੋਇਆ ਤਾਂ ਕੁਝ ਨੀ ਸੀ ਉਸਨੂੰ। ਕਮਜ਼ੋਰ ਸੀ... ਮਾੜਾ ਜੇਹਾ ਬੁਖਾਰ ਹੋਇਆ ਰਾਤ ਨੂੰ ਤੇ ਸਵੇਰੇ ਭਾਣਾ ਵਰਤ ਗਿਆ। ਤੇਰੀ ਬੀਬੀ ਨੂੰ ਬੁਲਾਇਆ ਸੀ ਉਹਨੇ ਰਾਤ ਨੂੰ। ਰੋਟੀ ਖਵਾ ਆਈ ਸੀ... ਦੁੱਧ ਲੈ ਕੇ ਗਈ ਸੀ ਪੀਤਾ ਨੀ ...ਕਹਿੰਦੀ ਰੱਖ ਜਾ ਫੇਰ ਪੀ ਲੂੰਗੀ।" ਕਹਿੰਦੇ-ਕਹਿੰਦੇ ਬਾਪੂ ਜੀ ਦਾ ਮਨ ਭਰ ਆਇਆ।

ਮੈਂ ਅੱਗੋਂ ਕੁਝ ਨਾ ਬੋਲ ਸਕੀ। ਚਾਚੀ ਦੇ ਜੀਵਨ ਦੀ ਸਾਰੀ ਕਹਾਣੀ ਮੇਰੀਆਂ ਅੱਖਾਂ ਮੂਹਰੇ ਕਿਸੇ ਫਿਲਮ ਵਾਂਗ ਘੁੰਮ ਗਈ

ਬਾਪੂ ਜੀ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਤੇਰੀ ਮਾਂ ਨਾਲ ਰਾਤ ਨੂੰ ਵਾਹਵਾ ਗੱਲਾਂ-ਬਾਤਾਂ ਕੀਤੀਆਂ। ਠੀਕ ਲੱਗਦੀ ਸੀ ਪਰ ਸਵੇਰ ਸਾਰ ਹੀ ਪ੍ਰਾਣ ਤਿਆਗ ਗਈ।"

" ਚਾਚਾ ਤਾਂ ਠੀਕ ਆ?" ਮੈਂ ਬਾਪੂ ਜੀ ਦਾ ਧਿਆਨ ਹੋਰ ਪਾਸੇ ਕਰਨਾ ਚਾਹਿਆ।

ਤੇਰੀ ਚਾਚੀ ਕਹਿੰਦੀ ਸੀ , "ਮੈਂ ਸ਼ਿੰਦਰ ਦੇ…।"... ਬਾਪੂ ਜੀ ਚੁੱਪ ਹੋ ਗਏ। ਵਾਕ ਪੂਰਾ ਨਾ ਹੋਇਆ।

ਮੈਂ ਵੀ ਚੁੱਪ ਸਾਂ। ਬਾਪੂ ਜੀ ਨੇ ਫ਼ੋਨ ਬੀਬੀ ਨੂੰ ਫੜਾ ਦਿੱਤਾ। ਬੀਬੀ ਰੋ ਰਹੀ ਸੀ। ਬੜੀ ਮੁਸ਼ਕਿਲ ਨਾਲ ਭਰੀ ਆਵਾਜ਼ ਚ ਬੀਬੀ ਬੋਲੀ, "ਮਿੰਦਰ ਕੁਰ ਤੈਨੂੰ ਯਾਦ ਕਰਦੀ ਸੀ। ਕਹਿੰਦੀ ਸੀ ਮੈਂ ਸ਼ਿੰਦਰ ਦੇ ਪੈਸੇ ਦੇਣੇ ਆ। ਭੈਣ ਜੀ, ਤੁਸੀਂ ਮੇਰੇ ਵੱਲੋਂ ਉਸਦੇ ਪੈਸੈ ਦੇ ਦੇਣੇ। ਧੀਆਂ ਦੇ ਪੈਸੇ ਨਹੀਂ ਰੱਖਣੇ ਆਪਾਂ। ਤੁਹਾਡੇ ਪੈਸੇ ਆਪੇ ਆਉਂਦੇ ਫਿਰਨਗੇ। ਇਹਨਾਂ ਦਾ ਮੈਨੂੰ ਫ਼ਿਕਰ ਨੀ। ਮੈਂ ਧੀ ਦਾ ਕਰਜ਼…ਲੈ ਕੇ ਮਰਨਾ ਨਹੀਂ ਚਾਹੁੰਦੀ !"

ਬੀਬੀ ਦਾ ਮਨ ਭਰ ਆਇਆ ਤੇ ਇਸ ਤੋਂ ਅੱਗੇ ਦੋਨਾਂ ਪਾਸਿਆਂ ਤੋਂ ਚੁੱਪ ਵਰਤ ਗਈ।

ISSN: 2584-0509



(Page 124 to 136)

# ਛੱਪੜ, ਖੇਤ ਤੇ ਘਰ: ਮੇਰਾ ਬਚਪਨ



ਨਿੰਦਰ ਘੁਗਿਆਣਵੀ
ਪ੍ਰੋਫੈਸਰ ਆਫ ਪ੍ਰੈਕਟਿਸ
ਪੰਜਾਬ ਕੇਂਦਰੀ
ਯੂਨੀਵਰਸਿਟੀ, ਬਠਿੰਡਾ
+91 94174-21700

## ਛੱਪੜ

ਮਾਂ ਤੇ ਭੂਆ ਛੱਪੜ ਕੰਢੇ ਕੱਪੜੇ ਧੋਂਦੀਆਂ। ਮੈਂ ਨਿਆਣਾ ਹੋਣ ਕਰਕੇ ਉਨ੍ਹਾਂ ਦੇ ਪਿੱਛੇ ਲੱਗ ਤੁਰਦਾ। ਭੂਆ ਕੰਵਾਰੀ ਸੀ। ਵਧੇਰੇ ਮੈਨੂੰ ਉਹੀ ਸਾਂਭਦੀ।

ਛੱਪੜ ਦਾ ਪਾਣੀ ਕਿਨਾਰਿਆਂ ਤੀਕ ਕਿਸੇ ਨਦੀ ਦੇ ਪਾਣੀ ਵਾਂਗ ਵਹਿੰਦਾ। ਮੁਰਗਾਬੀਆਂ, ਬਗਲੇ ਤੇ ਬੱਤਖਾਂ ਤੈਰਦੀਆਂ। ਪੰਛੀਆਂ ਨੂੰ ਕਲੋਲਾਂ ਕਰਦਿਆਂ ਅਸੀਂ ਨਿਆਣੇ ਬੜੇ ਚਾਅ ਨਾਲ ਵੇਂਹਦੇ ਸਾਂ। ਗਰਮੀਆਂ ਦੇ ਦਿਨੀਂ ਛੱਪੜ ਕਿਨਾਰੇ ਆਣ ਕੇ ਮੱਛੀਆਂ ਮਰਦੀਆਂ, ਭੈੜੀ ਬਦਬੂ ਦੂਰ ਤੀਕ ਮਾਰਦੀ। ਸਰਦੀਆਂ ਦੇ ਦਿਨੀਂ ਕੁਛੁਕੰਮੇ ਕਿਨਾਰਿਆਂ ਉਤੇ ਗੋਹੇ ਦੀਆਂ ਪਾਥੀਆਂ ਵਾਂਗ ਪਏ ਹੁੰਦੇ। ਜਦ ਭਾਰੀ ਮੀਂਹ ਪੈਂਦੇ, ਛੱਪੜ ਨੱਕੋ-ਨੱਕ ਭਰ ਜਾਂਦਾ। ਵਿਚਾਲਿਉਂ ਖਾਸਾ ਡੂੰਘਾ ਹੋਣ ਕਾਰਨ ਮੀਹਾਂ ਦੇ ਦਿਨੀਂ ਲੋਕ ਛੱਪੜ ’ਤੇ ਪਸ਼ੂ ਲਿਜਾਉਣੋ ਹਟ ਜਾਂਦੇ, ਕਿਉਂਕਿ ਕੱਟੀਆਂ-ਵੱਛੀਆਂ ਡੁੱਬ ਜਾਂਦੀਆਂ ਤੇ ਲਭਦੀਆਂ ਨਹੀਂ ਸਨ। ਪਿੰਡ ਦੇ ਕਾਫੀ ਬੰਦੇ ਤੇ ਨਿਆਣੇ ਛੱਪੜ ਨੇ ਡੀਕ ਲਾ ਕੇ ਪੀ ਗਿਆ ਸੀ। ਉਨ੍ਹਾਂ ਦੀਆਂ ਲਾਸ਼ਾਂ ਮਸੀਂ ਲੱਭੀਆਂ ਸਨ। ਭਾਰੀ ਤਰੱਦਦ ਕਰਨ ਪਿੱਛੋਂ। ਇਸ ਕਾਰਨ ਵੀ ਨਿਆਣੇ-ਸਿਆਣੇ ਛੱਪੜ ’ਤੇ ਜਾਣੋ ਭੈਅ ਖਾਂਦੇ ਸਨ।

ਮੈਂ ਹਾਲੇ ਜੁਆਨੀ ਨਹੀਂ ਸਾਂ ਚੜ੍ਹਿਆ। ਇੱਕ ਰਾਤ ਦਾਦੀ ਨਾਲ ਸੁੱਤਾ ਹੋਇਆ ਸਾਂ ਕਿ ਮੈਨੂੰ ਛੱਪੜ ਵਿੱਚ ਡੁੱਬ ਜਾਣ ਦਾ ਸੁਫ਼ਨਾ ਆਇਆ। ਆਪਣੇ ਬਚਾਓ ਲਈ ਚੀਕਾਂ ਤੇ ਹੱਥ ਪੈਰ ਮਾਰੇ। ਅੱਧੀਂ ਰਾਤੀਂ ਸਾਰਾ ਟੱਬਰ ਜਾਗ ਕੇ ਉਠ ਬੈਠਾ। ਦਾਦੀ ਨੇ ਮੰਜੇ ਦੇ ਸਿਰਹਾਂਦੀ ਪਈ ਪਿੱਤਲ ਦੀ ਗੜਬੀ ਮੇਰੇ ਮੂੰਹ ਨੂੰ ਲਾਈ, “ਪੀ ਲੈ ਪੁੱਤ, ਦੋ ਘੁੱਟਾਂ ਪਾਣੀ।” ਉਹ ਮੇਰੀ ਪਿੱਠ ਪਲੋਸਣ ਲੱਗੀ ਰਹੀ। ਮੈਂ ਦਾਦੀ ਦੀ ਹਿੱਕ ਨਾਲ ਲੱਗ ਕੇ ਗੂੜ੍ਹੀ ਨੀਂਦੇ ਸੌਂ ਗਿਆ।

(ਹਾਲੇ ਵੀ ਇਹ ਸਾਰਾ ਕੁਛ ਅੱਧ-ਧੁੰਦਲੇ ਤੋਂ ਵਧੇਰੇ ਜਿੰਨਾ ਮੈਨੂੰ ਚੇਤੇ ਹੈ)

(ਹੁਣ ਉਹ ਛੱਪੜ ਨਹੀਂ ਰਹੇ ਪਿੰਡ ਵਿੱਚ। ਛੱਪੜਾਂ ਦੀਆਂ ਥਾਵਾਂ ’ਤੇ ਨਜਾਇਜ਼ ਕਬਜ਼ੇ ਹੋ ਗਏ ਹਨ। ਮਿੱਟੀ ਨਾਲ ਛੱਪੜ ਪੂਰ ਕੇ ਉਨ੍ਹਾਂ ਉਤੇ ਦਲਿਤਾਂ ਤੇ ਜੱਟਾਂ ਦੀਆਂ ਸ਼ਾਨਦਾਰ ਕੋਠੀਆਂ ਉੱਸਰ ਗਈਆਂ ਹਨ।)

ਛੱਪੜਾਂ ਦਾ ਪਾਣੀ ਕਿਸੇ ਨਿਰਮਲ ਜਲ ਜਿਹਾ ਹੁੰਦਾ ਸੀ। ਕਈ ਵਾਰੀ, ਪਿਤਾ ਨਾਲ ਗਈ ਰਾਤ ਤੋਂ ਖੇਤੋਂ ਪਰਤਦਾ ਸਾਂ, ਤਾਂ ਚੰਦਰਮਾ ਦੀ ਟਿੱਕੀ ਛੱਪੜ ਦੀ ਧੁੰਨੀ ਵਿਚਾਲੇ ਟਹਿਕਦੀ ਸਾਵੀਂ ਦੀ ਸਾਵੀਂ ਦੀਦਾਰ ਦੇਂਦੀ ਸੀ। ਸਾਰਾ ਛੱਪੜ ਕਿਨਾਰਿਆਂ ਤੀਕ ਜਗ-ਮਗਾ ਰਿਹਾ

ਹੁੰਦਾ। ਪਿੰਡ ਦੇ ਬਹੁਤੇ ਲੋਕ ਪਸ਼ੂ ਨਹਾਉਣ ਆਏ ਦੁਪੈਹਿਰੇ ਛੱਪੜ 'ਤੇ ਆਪ ਵੀ ਨਹਾਉਂਦੇ ਤੇ ਘਰ ਜਾ ਢਾਈ ਵਜੇ ਵਾਲੀ ਚਾਹ ਪੀਂਦੇ। ਢਾਈ ਵਜੇ ਜਲੰਧਰ ਰੇਡੀਉ ਉੱਤੇ ਪ੍ਰਸਾਰਿਤ ਹੁੰਦੇ ਲੋਕ-ਗੀਤ ਵੀ ਸੁਣਦੇ। ਇਸ ਕੁ ਵੇਲੇ ਹੀ ਇੱਕ ਜਹਾਜ਼ ਰੋਜ਼ ਹੀ ਲੰਘਦਾ। ਲੋਕ ਆਖਦੇ, ''ਚਾਹ-ਚੂਹ ਧਰਲੋ ਹੁਣ ਤਾਂ ਢਾਈ ਵਜੇ ਵਾਲਾ ਜਹਾਜ਼ ਵੀ ਲੰਘ ਗਿਐ।''

ਪਿੰਡ ਦੀਆਂ ਅੱਧੀਆਂ ਤੋਂ ਵੱਧ ਤੀਮੀਆਂ ਛੱਪੜ ਕਿਨਾਰੇ ਲੀੜੇ ਧੋਂਦੀਆਂ। ਨਲਕਿਆਂ ਦਾ ਪਾਣੀ ਖਾਰਾ ਸੀ। ਟਾਵੇਂ-ਟਾਵੇਂ ਘਰੀਂ ਨਲਕੇ ਸਨ। ਖੇਤਾਂ 'ਚ ਜਾਂ ਸ਼ਮਸ਼ਾਨ ਘਾਟ 'ਚ ਲੱਗੇ ਨਲਕਿਆਂ ਦਾ ਪਾਣੀ ਠੰਢਾ ਤੇ ਅੰਤਾਂ ਦਾ ਮਿੱਠਾ ਹੁੰਦਾ। ਖਾਰੇ ਪਾਣੀ ਨਾਲ ਕੱਪੜੇ ਨਿੱਖਰਦੇ ਨਹੀਂ ਸਨ। 'ਫੁੱਲ ਸਾਬਣ' ਕਹਿੰਦੇ ਸਨ ਕੱਪੜੇ ਧੋਣ ਵਾਲੇ ਸਾਬਣ ਨੂੰ ਉਦੋਂ, ਲੋਕੀ ਸ਼ਹਿਰ ਜਾਂ ਮੰਡੀ ਤੋਂ ਪੰਸੇਰੀ-ਪੰਸੇਰੀ ਫੁੱਲ ਸਾਬਣ ਤੁਲਵਾ ਲਿਆਉਂਦੇ। ਤੀਮੀਆਂ ਥਾਪਿਆਂ ਦੀ ਥੱਪ-ਥੱਪ ਨਾਲ ਮੋਟੇ ਲੀੜੇ ਕੁੱਟਦੀਆਂ। ਸਾਬਣ ਦੀ ਝੱਗ ਬਥੇਰੀ ਬਣਦੀ ਤੇ ਛੱਪੜ ਵਿੱਚ ਵਹੀ ਤੁਰੀ ਜਾਂਦੀ।

ਇਹ ਸੱਚ ਹੈ ਕਿ ਛੱਪੜ ਨੂੰ ਪੇਂਡੂ ਜਨ-ਜੀਵਨ ਦਾ ਅਹਿਮ ਅੰਗ ਮੰਨਿਆ ਜਾਂਦਾ ਸੀ ਉਦੋਂ। ਦੀਵਾਲੀ ਦੀ ਰਾਤ ਲੋਕੀਂ ਛੱਪੜ ਦੇ ਕੰਢੇ ਦੀਵੇ ਧਰਨ ਜਾਂਦੇ। ਸਾਰੀ ਰਾਤ ਛੱਪੜ ਜਗਮਗਾਹਟ ਵਿੱਚ ਡੁੱਬ ਜਾਂਦਾ। ਆਪਣੇ ਛੜੇ ਤਾਏ ਰਾਮ ਰਛਪਾਲ ਨਾਲ ਛੱਪੜ ਕੰਢੇ ਦੀਵੇ ਧਰਨ ਮੈਂ ਬੜੀ ਵਾਰ ਗਿਆ। ਛੱਪੜ 'ਤੇ ਦੀਵੇ ਧਰਨ ਮਗਰੋਂ ਅਸੀਂ ਮੇਰੇ ਦਾਦੇ ਦੇ ਸਿਵੇ ਵਾਲੀ ਥਾਵੇਂ ਦੀਵਾ ਧਰਨ ਜਾਂਦੇ।

(ਉਦੋਂ ਸਿਵਿਆਂ ਵਿੱਚ ਫੂਕਣ ਲਈ ਥੜੀਆਂ ਜਾਂ ਸ਼ੈੱਡ ਨਹੀਂ ਸਨ ਬਣੇ। ਸਿਵਿਆਂ 'ਚ ਘਾਹ-ਫੂਸ ਦੀ ਬਹੁਤਾਤ ਹੁੰਦੀ ਸੀ ਉਨੀ ਦਿਨੀਂ। ਜਦੋਂ ਕੋਈ ਮਰਦਾ, ਸਸਕਾਰ ਲਈ ਪੁਰਾਣਾ ਖੁੰਢ ਲੱਕੜ ਦਾ ਕੱਢ ਲੈਂਦੇ, ਪਿੰਡ ਦਾ ਮਿਸਤਰੀ ਪੂਰਾ ਜ਼ੋਰ ਲਾ ਕੇ ਉਸਨੂੰ ਪਾੜਦਾ। ਘਰਾਂ 'ਚੋਂ ਲੰਮੀਆਂ ਲੱਕੜਾਂ ਲੱਭਕੇ ਸਿੜੀ ਤਿਆਰ ਕੀਤੀ ਜਾਂਦੀ। ਲੋਹੇ ਦੀਆਂ ਭਾਰੀਆਂ ਪਾਈਆਂ ਵਾਲੀਆਂ ਅਰਥੀਆਂ ਬਹੁਤ ਸਾਲਾਂ ਮਗਰੋਂ ਬਣਨੀਆਂ ਸ਼ੁਰੂ ਹੋਈਆਂ।)

ਸਿਵਿਆਂ ਵਿੱਚ ਕਾਹੀਂ, ਸਰ-ਕਾਨਾ, ਅੱਕਾਂ, ਹਰਿੰਡਾਂ, ਭੱਖੜਾ ਤੇ ਹੋਰ ਝਾੜ-ਬੂਟ ਸੰਘਣਾ ਖੜ੍ਹਾ ਹੁੰਦਾ, ਉਸਨੂੰ ਖੋਦ ਕੇ ਚਿਖਾ ਚਿਣੀਂ ਜਾਂਦੀ।

ਅਟੇ-ਸਟੇ ਜਿਹੇ ਅੰਦਾਜ਼ੇ ਨਾਲ ਤਾਇਆ ਦਾਦੇ ਦੇ ਫੂਕਣ ਵਾਲੀ ਥਾਂ ਲੱਭਦਾ ਤੇ ਦੀਵਾ ਧਰਦਾ। ਉਹ ਮੂੰਹ 'ਚ ਕੁਝ ਬੁੜਬੜਾਉਂਦਾ ਦੀਵਾ ਧਰਨ ਲੱਗਾ, ਉਹਦੀ ਮੈਨੂੰ ਕੁਛ ਸਮਝ ਨਾ ਪੈਂਦੀ। (ਬਹੁਤ ਦੇਰ ਬਾਅਦ, ਮੈਨੂੰ ਸੋਚ ਆਈ ਕਿ ਸ਼ਾਇਦ ਤਾਇਆ ਮੂੰਹ 'ਚ ਹੌਲੀ

ਜਿਹੀ ਇਹੀ ਕਹਿੰਦਾ ਹੋਵੇਗਾ ਕਿ ਹੇ ਪ੍ਰਮਾਤਮਾ, ਮੇਰੇ ਪਿਤਾ ਨੂੰ ਆਪਣੇ ਚਰਨਾਂ ’ਚ ਨਿਵਾਸ ਬਖਸ਼ੀਂ ਜਾਂ ਫਿਰ ਕਹਿੰਦਾ ਹੋਊ ਕਿ ਹੇ ਪਿਆਰੇ ਪਿਤਾ...ਪਵਿੱਤਰ ਦਿਨ ਹੈ, ਤੇਰੇ ਸਿਵੇ ’ਤੇ ਦੀਵਾ ਧਰ ਚੱਲਿਆਂ, ਸਾਰੇ ਟੱਬਰ ਤਰਫ਼ੋਂ ਇਹ ਨਿੱਘੀ ਯਾਦ ਕਬੂਲ ਕਰਨਾ।)

ਸਿਵਿਆਂ ’ਚੋਂ ਨਿਕਲ ਕੇ ਬਿਲਕੁਲ ਸਿਵਿਆਂ ਦੇ ਨਾਲ ਲੱਗਦੇ ਸਾਡੇ ਖੇਤ ’ਚ ਅਸੀਂ ਸਾਡੇ ਵੱਡੇ-ਵਡੇਰੇ ਦੀ ਸਮਾਧੀ (ਜੋ ਪੰਜ ਛੇ ਇੱਟਾਂ ਦੀ ਬਣੀ ਹੋਈ ਸੀ ਤੇ ਉਸਨੂੰ ਗੇਰੂਆਂ ਰੰਗ ਫੇਰਿਆ ਹੋਇਆ ਸੀ,) ਉੱਤੇ ਦੀਵਾ ਧਰਦੇ।

ਪਿੰਡ ’ਚੋਂ ਟਾਂਵੇ-ਟਾਂਵੇ ਪਟਾਕੇ ਚੱਲਣ ਦੀ ਆਵਾਜ਼ ਸੁਣਨ ਲੱਗਦੀ। ਕੱਚੇ ਪਹੇ ’ਤੇ ਤਾਇਆ ਤੇਜ਼ ਕਦਮੀਂ ਤੁਰਦਾ। ਉਹਦੇ ਹੱਥ ’ਚ ਸਰੋਂ ਦੇ ਤੇਲ ਨਾਲ ਲਥ-ਪਥ ਪਿੱਤਲ ਦਾ ਵੱਡਾ ਥਾਲ ਹੁੰਦਾ। ਮੇਮਣੇ ਵਾਂਗ ਮੈਂ ਉਹਦੇ ਪਿੱਛੇ-ਪਿੱਛੇ ਭੱਜਿਆ ਜਾਂਦਾ। ਮੈਨੂੰ ਵੀ ਚੇਤੇ ਹੈ, ਮੈਂ ਭਜਦਾ-ਭਜਦਾ ਬੋਲਣ ਲਗਦਾ, ‘‘ਤਾਇਐ, ਹੌਲੀ ਤੁਰਖਾਂ ਏਨੀ ਤੇਜ਼ ਤੁਰਦੈਂ...।’’

ਉਹ ਕੁਝ ਨਾ ਬੋਲਦਾ। ਬਸ...ਤੁਰਿਆ ਜਾਂਦਾ ਲੰਮੀਆਂ ਲਾਘਾਂ ਭਰਦਾ। ਛੜੇ ਤਾਏ ਨੂੰ ਕੇਹੜਾ ਘਰ ’ਚ ਸਾਡੀ ਤਾਈ ਉਡੀਕਦੀ ਸੀ। ਮੇਰੀ ਦਾਦੀ ਤੇ ਭੂਆ ਜ਼ਰੂਰ ਉਡੀਕਦੀਆਂ ਸਨ।

ਮੈਂ ਆਪਣੇ ਬਚਪਨ ਤੋਂ ਜੁਆਨੀ ਤੱਕ ਦਾ ਵੇਲਾ ਆਪਣੇ ਤਾਏ, ਦਾਦੀ ਤੇ ਭੂਆ ਨਾਲ ਹੀ ਬਤੀਤ ਕੀਤਾ।

(‘‘ਧੰਨਵਾਦ ਤੇਰਾ, ਪਿਆਰੇ ਛੱਪੜ, ਭਾਵੇਂ ਤੂੰ ਹੁਣ ਸੁੱਕ ਚੱਲਿਆ ਏਂ, ਮੇਰੇ ਕਾਫੀ ਕੁਛ ਤੈਂ ਚੇਤੇ ਕਰਵਾਇਆ ਅੱਜ...ਜਿਊਂਦਾ ਰਹਿ...ਤੂੰ ਫਿਰ ਭਰੇਂ ਤੇ ਭਰ-ਭਰ ਵਗੇਂ ਛੱਪੜ, ਤੇਰੇ ਲਈ ਦੁਆ ਹੈ’’)

ਮੇਰੇ ਮੂੰਹੋਂ ਇਹ ਬੋਲ ਆਪ-ਮੁਹਾਰੇ ਹੀ ਨਿਕਲ ਗਏ।

**ਸਾਡਾ ਖੇਤ ਤੇ ਘਰ**

ਬਹੁਤੀ ਵਾਰ ਸਾਡਾ ਖੇਤ ਪਿੰਡ ਦੇ ਬੌਰੀਏ ਅੱਧ ’ਤੇ ਬੀਜਦੇ ਸਨ। ਉਦੋਂ ਸਬਜ਼ੀ ਬਹੁਤ ਹੁੰਦੀ ਸੀ। ਕੱਦੂ, ਪੇਠਾ, ਟਿੰਡੇ, ਹਰੀ ਮਿਰਚ, ਟਮਾਟਰ, ਆਲੂ, ਗਾਜਰ, ਮੂਲੀ, ਸ਼ਲਗਮ, ਸੂੰਗਰੇ-ਮੂੰਗਰੇ ਤੇ ਮਟਰਾਂ ਦੀ ਸਬਜ਼ੀ ਦੋਵਾਂ ਧਿਰਾਂ ਦੇ ਵਾਰੇ-ਨਿਆਰੇ ਕਰ ਜਾਂਦੀ ਸੀ। ਕਣਕ, ਛੋਨਾ, ਨਰਮਾ, ਕਪਾਹ, ਮੂੰਗੀ, ਤਾਰਾ, ਸਰੋਂ, ਮੀਰਾ, ਤੋਰੀਆਂ, ਛੋਲਿਆਂ ਆਦਿ ਦੀ ਫਸਲ ਹੁੰਦੀ ਵੀ ਬਹੁਤ ਤੇ ਭਾਅ ਵੀ ਮੰਡੀ ’ਚੋਂ ਵਾਹਵਾ ਮਿਲਦਾ ਸੀ।

ਖਾਦ 'ਤੇ ਸਪਰੇਅ ਨਾਂਹ ਦੇ ਬਰਾਬਰ ਹੀ ਪੈਂਦੀ। ਮੈਂ ਦੇਖਦਾ ਸਾਂ ਕਿ ਮੇਰਾ ਤਾਇਆ ਤੇ ਪਿਓ ਖੇਤ ਨੂੰ ਸਪਰੇਅ ਕਰਨ ਵਾਲੀ ਡਰੰਮੀ ਕਦੀ-ਕਦਾਈ ਹੀ ਲਿਜਾਂਦੇ ਤੇ ਖਾਦ ਦੀ ਵੀ ਇੱਕ ਅੱਧ ਬੋਰੀ ਕਦੇ ਸਾਲ-ਛਿਮਾਹੀਂ ਦਿਖਾਈ ਦਿੰਦੀ। ਘਰ ਦੀ ਰੂੜੀ ਦੀ ਖਾਦ ਦੀਆਂ ਗੱਡੀਆਂ ਭਰ-ਭਰ ਖੇਤ 'ਚ ਪਾਉਂਦੇ। ਨਾ ਤਾਇਆ ਥਕਦਾ, ਨਾ ਗੱਡੀ ਖੜ੍ਹਦੀ ਤੇ ਨਾ ਬੋਤੀ ਹਫ਼ਦੀ।

*****

ਮਾਂ ਤੇ ਭੂਆ ਖੇਤ ਮਟਰ ਤੋੜਨ ਜਾਂਦੀਆਂ ਤਾਂ ਮੈਂ ਵੀ ਨਾਲ ਹੋ ਤੁਰਦਾ। ਕਈ ਵਾਰ ਮੈਂ ਜ਼ਿੱਦ ਕਰਕੇ ਸਕੂਲੋਂ (ਦੂਜੀ-ਤੀਜੀ ਜਮਾਤ ਵਿੱਚ ਪੜ੍ਹਦਿਆਂ) ਛੁੱਟੀ ਮਾਰ ਲੈਂਦਾ ਤੇ ਮਟਰਾਂ ਦੀਆਂ ਫਲੀਆਂ ਤੋੜਨ ਤੇ ਨਾਲ-ਨਾਲ ਖਾਈ ਜਾਣ ਦੇ ਚਾਅ ਵਿੱਚ ਮਾਂ ਤੇ ਭੂਆ ਨਾਲ ਗੱਡੀ 'ਚ ਬੈਠ ਜਾਂਦਾ। ਤਾਇਆ ਗੱਡੀ ਅੱਗੇ ਬੋਤੀ ਜੋੜਨ ਲੱਗਦਾ, ਤਾਂ ਮੈਥੋਂ ਚਾਅ ਨਾ ਚੱਕਿਆ ਜਾਂਦਾ। ਮਾਂ ਤੇ ਭੂਆ ਬਾਲਟੀਆਂ 'ਚ ਮਟਰ ਤੋੜਦੀਆਂ। ਮੈਂ ਵੀ ਨਾਲ-ਨਾਲ ਮਟਰਾਂ ਦੀਆਂ ਪਤਲੀਆਂ-ਪਤਲੀਆਂ ਫਲੀਆਂ ਤੋੜਨ ਲਗਦਾ, ਮੋਟੀਆਂ ਫਲੀਆਂ ਮੈਨੂੰ ਰਤਾ ਨਾ ਭਾਉਂਦੀਆਂ। ਪਤਲੀਆਂ ਫਲੀਆਂ ਵਿਚਲੇ ਮਟਰ ਕੁਛ ਜ਼ਿਆਦਾ ਸੁਆਦੀ ਹੁੰਦੇ ਸਨ। ਮੈਂ ਪਤਲੀਆਂ ਫਲੀਆਂ 'ਚੋਂ ਨਿੱਕੇ-ਨਿੱਕੇ ਦਾਣੇ ਕੱਢ-ਕੱਢ ਖਾਈ ਜਾਂਦਾ। ਕਿਆ ਮਿਠਾਸ ਹੁੰਦੀ ਸੀ ਉਨ੍ਹਾਂ ਮਟਰਾਂ ਦੇ ਦਾਣਿਆਂ 'ਚ। ਦਾਣੇ ਖਾ ਹਟਣ ਮਗਰੋਂ ਖਾਲੀ ਫਲੀ ਵੀ ਚਿੱਥ ਲਈਦੀ ਸੀ, ਉਹ ਵੀ ਮਿਠਾਸ ਭਰੀ ਹੁੰਦੀ ਸੀ। (ਅੱਜ ਕੱਲ੍ਹ ਉਨ੍ਹਾਂ ਮਟਰਾਂ ਦੇ ਦਾਣਿਆਂ ਤੇ ਫਲੀਆਂ 'ਚ ਉਹ ਮਿਠਾਸ ਲੱਭਿਆਂ ਵੀ ਨਹੀਂ ਲੱਭਦੀ। ਫਿੱਕੀਆਂ-ਫਿੱਕੀਆਂ ਰਸ-ਹੀਣ ਨੇ ਹੁਣ ਮਟਰਾਂ ਦੀਆਂ ਫਲੀਆਂ। ਅੰਨ੍ਹੇਵਾਹ ਖਾਦ ਤੇ ਸਪਰੇਆਂ ਦੇ ਬੇਹਿਸਾਬੇ ਛੜਕਾਓ ਨੇ ਸਤਹੀਣ ਤੇ ਸੁਆਦ ਹੀਣ ਕਰ ਦਿੱਤਾ ਹੈ ਸਾਡਾ ਸਮੁੱਚਾ ਖਾਈਆ, ਅੱਗੇ ਪਤਾ ਨਹੀਂ ਕੀ ਕੀ ਹੋਊਗਾ! ਵੇਖੋ, ਰੰਗ ਕਰਤਾਰ ਦੇ!)

ਘਰ ਦੇ ਦੇਸੀ ਮਟਰ ਤੇ ਆਲੂ, ਚੁੱਲ੍ਹੇ ਦੀ ਅੱਗ ਉਤੇ ਮਾਂ ਰਿੰਨ੍ਹਦੀਂ ਤਾਂ ਰੱਜ-ਰੱਜ ਕੇ ਸਬਜ਼ੀ ਵੀ ਖਾਈਦੀ ਸੀ, ਨਾਲੇ-ਨਾਲ ਤਰੀ ਵੀ ਪੀਵੀ ਜਾਂਦੇ ਸਾਂ। ਡਕਾਰ ਆਈ ਜਾਂਦੇ ਸਨ। ਫਰਿੱਜ਼ਾਂ ਉਦੋਂ ਹੁੰਦੀਆਂ ਹੀ ਨਹੀਂ ਸਨ ਤੇ ਇੱਕੋ ਡੰਗ ਦੀ ਬਣੀ ਸਬਜ਼ੀ ਤੇ ਗੁੰਨਿਆਂ ਆਟਾ ਮੁਕਾ ਲਿਆ ਜਾਂਦਾ। ਸਾਰਾ ਕੁਛ ਖਾਣ-ਪਕਾਣ ਵਾਲਾ ਇੱਕੋ ਵੇਲੇ ਦਾ ਹੁੰਦਾ, ਫਰਿੱਜ਼ਾਂ ਵਿੱਚ ਸਾਂਭਣ ਤੇ ਬੇਹਾ ਖਾਣ ਦੀ ਲੋੜ ਹੀ ਕਿੱਥੇ ਸੀ ਉਦੋਂ? (ਉਦੋਂ ਸਬਜ਼ੀ ਦੀ ਤਰੀ ਦੀ ਪੂਰੀ ਦੀ ਪੂਰੀ ਭਰੀ ਬਾਟੀ ਡਕਾਰ ਜਾਂਦੇ ਸਾਂ ਸੁਆਦ-ਸੁਆਦ 'ਚ (ਤੇ ਹੁਣ ਚਾਰ ਚਮਚੇ ਵੀ ਸੰਘੋਂ ਨਹੀਂ ਉਤਰਦੇ)

ਮੈਨੂੰ ਬੇਸਬਰੀ ਨਾਲ ਉਡੀਕ ਹੁੰਦੀ ਕਿ ਤਾਇਆ ਕਦੋਂ ਕਹੀ ਚੱਕੇ ਤੇ ਗਾਜਰਾਂ ਪੁੱਟੇ। ਤਾਇਆ ਗਾਜਰਾਂ ਪੁੱਟੀ ਜਾਂਦਾ। ਮਿੱਟੀ 'ਚ ਲਥਪਥ ਗਾਜਰਾਂ ਨਾਲੋਂ ਮੈਂ ਮਿੱਟੀ ਝਾੜਦਾ ਤੇ ਨਾਲ ਵਗਦੇ ਖਾਲ ਦੇ ਪਾਣੀ 'ਚੋਂ ਗਾਜਰਾਂ ਧੋ-ਧੋ ਟੋਕਰੇ 'ਚ ਸੁੱਟੀ ਜਾਂਦਾ। ਪਤਲੀ ਤੇ ਤਾਜ਼ਾ ਲਾਲ ਗਾਜਰ ਚੱਕ ਮਾਰ ਕੇ ਖਾਣ ਨੂੰ ਦਿਲ ਮੱਲੋਮੱਲੀ ਕਰ ਆਉਂਦਾ। ਮਿੱਠੀ ਗਾਜਰ ਪਲੋ-ਪਲੀ ਹਜ਼ਮ ਹੁੰਦੀ ਜਾਂਦੀ ਤੇ ਮਿੱਠੇ ਹੀ ਡਕਾਰ ਆਉਂਦੇ। ਤਾਇਆ ਲੜਦਾ-''ਬੱਸ ਕਰ ਉਏ, ਫੇਰ ਕਹੇਂਗਾ ਢਿੱਡ ਦੁਖਦੈ...।'' ਤਾਏ ਦੇ ਵਾਰ-ਵਾਰ ਆਖਣ 'ਤੇ ਵੀ ਮੈਂ ਗਾਜਰਾਂ ਖਾਣੋਂ ਨਾ ਹਟਦਾ। ਤਾਇਆ ਕਹਿੰਦਾ ਸੀ ਕਿ ਗਾਜਰਾਂ ਖਾਂਦੇ ਬੰਦੇ ਦੇ ਚਿਹਰੇ ਦਾ ਰੰਗ ਲਾਲ ਹੋ ਜਾਂਦੈ, ਖ਼ੂਨ ਵੀ ਸਾਫ ਕਰਦੀਆਂ ਨੇ ਗਾਜਰਾਂ। (ਗਾਜਰਾਂ ਦਾ ਅਚਾਰ ਉਦੋਂ ਤੋਂ ਲੈਕੇ ਹੁਣ ਤੱਕ ਸਾਡੇ ਘਰ ਸਿਆਲੂ ਰੁੱਤੇ ਪੈਂਦਾ ਆ ਰਿਹਾ ਹੈ)

ਆਲੂ-ਗਾਜਰਾਂ ਦੀ ਸਬਜ਼ੀ ਬੜੀ ਕਰਾਰੀ ਬਣਦੀ ਸੀ। ਬਹੁਤੀ ਵਾਰੀ ਅਸੀਂ ਗਰਮਾ-ਗਰਮ ਸਬਜ਼ੀ ਨੂੰ ਕੌਲੀਆਂ ਵਿੱਚ ਨਹੀਂ ਸਾਂ ਪਾਉਂਦੇ ਸਗੋਂ ਤਵੇ ਉਤੋਂ ਪਲੋ-ਪਲੀ ਲੱਥੀ ਗਰਮ ਰੋਟੀ ਉੱਤੇ ਹੀ ਧਰ ਲੈਂਦੇ ਤੇ ਉਹਦੇ ਉੱਪਰ ਮੱਖਣੀ ਦੀ ਡਲੀ ਸੁੱਟ· ਲੈਂਦੇ, ਤਾਂ ਸੁਆਦ ਦੇ ਨਜ਼ਾਰੇ ਹੋਰ ਵੀ ਵਧੇਰੇ ਬਣ ਜਾਂਦੇ ਸਨ। (ਹੁਣ ਜਦ ਗਾਜਰਾਂ-ਆਲੂਆਂ ਦੀ ਸਬਜ਼ੀ ਖਾਈਦੀ ਹੈ, ਉਹ ਜ਼ਾਇਕਾ ਨਹੀਂ ਲੱਭਦਾ। ਇਹ ਸੱਚ ਹੈ ਕਿ ਗਾਜਰਾਂ ਦੀ ਸਬਜ਼ੀ ਦਾ ਸੁਆਦ ਵੀ ਦੂਸਰੀਆਂ ਸਬਜ਼ੀਆਂ ਦੇ ਸੁਆਦ ਵਾਂਗ ਫਿੱਕਾ ਪੈ ਗਿਆ ਹੈ) ਦਾਦੀ ਹਰ ਵਾਰ ਗਜਰੇਲਾ ਬਣਾਉਂਦੀ, ਸਵੇਰੇ ਚਾਹ ਨਾਲ ਖਾਂਦੇ।

*****

''ਮਾਂ ਅੱਜ ਕੜੀ ਧਰਲੀਂ।'' ਤਾਇਆ ਦਾਦੀ ਨੂੰ ਕਹਿੰਦਾ ਹੈ ਦਾਦੀ ਬੋਲੀ, ''ਚੰਗਾ ਪੁੱਤ...ਵਾਖਰੂੰ ਮੇਹਰ ਕਰੇ...ਤੁਸੀਂ ਖਾਣ ਵਾਲੇ ਬਣੋ ਭਾਈ ਵੇ।''

ਦਾਦੀ ਨੇ ਦੁਪਹਿਰ ਵੇਲੇ ਹੀ ਕੁੱਜੇ ਵਿੱਚ ਕਈ ਕੁੱਝ ਪਾਉਣਾ ਸ਼ੁਰੂ ਕਰ ਦਿੱਤਾ। ਹਾਰੇ ਵਿੱਚ ਪਾਥੀਆਂ ਧੁਖਣ ਲੱਗੀਆਂ। ਕੜੀ ਰਿੰਨ·ਈ ਧਰ ਦਿੱਤੀ। ਵੇਸਣ ਪਾਇਆ, ਲੱਸੀ ਹਲਾਈ, ਆਲੂ ਤੇ ਗੰਢੇ ਬਰੀਕ-ਬਰੀਕ ਚਿਰੇ ਤੇ ਜ਼ੀਰਾ, ਲੂਣ-ਮਿਰਚਾਂ ਵੀ ਧੁ੍ਰੜੀਆਂ ਫਿਰ ਉਹ ਹੋਰ ਕੰਮੀਂ ਜੁਟ ਗਈ, ਕੜੀ ਧਰਨੀਂ ਭੁੱਲਕੇ।

ਹਾਰੇ ਵਿੱਚ ਗੋਹਿਆਂ ਦੀ ਭੁੱਬਲ ਥੱਲੇ ਕੜ· ਰਹੀ ਕੜੀ ਦੀ ਖੁਸ਼ਬੋ ਸਾਰੇ ਵੇਹੜੇ ਵਿੱਚ ਖਿੰਡਣ ਲੱਗੀ। ਮੇਰਾ ਜੀਅ ਕਰੇ ਕਿ ਦਾਦੀ ਨੂੰ ਆਖਾ, ਦਾਦੀਏ ਮੈਨੂੰ ਕੜੀ ਦੀ ਕੌਲੀ ਭਰਦੇ, ਵਿੱਚ ਮਖਣੀ ਪਾ ਦੇ ਮੈਂ ਖਾਵਾਂ ਰੱਜ-ਰੱਜ ਕੇ।

ਸਾਰਾ ਟੱਬਰ ਕੜੀ ਨਾਲ ਤੰਦੂਰ ਦੀਆਂ ਰੋਟੀਆਂ ਖਾ ਚੱਕਾ ਹੋਇਆ ਹੈ ਦਾਦੀ ਭਾਂਡਾ-ਟੀਂਡਾ ਸਾਂਭ ਰਹੀ ਹੈ ਆਖਿਰ ਉਹਨੇ ਕੜੀ ਵਾਲਾ ਕੁੱਜਾ ਹੱਥ 'ਚ ਫੜਿਆ ਤੇ ਲੱਕੜ ਦੀ ਕੜਛੀ ਨਾਲ ਕੁੱਜੇ ਦੀਆਂ ਖੁੱਚਾਂ ਖੁਰਚਣ ਲੱਗੀ। ਬਚੀ-ਖੁਚੀ ਕੜੀ ਦੀ ਖੁਸ਼ਬੋਈ ਦਾ ਅਨੰਦ ਆਪਣਾ ਹੀ ਸੀ! ਦਾਦੀ ਨੇ ਛੰਨਾ ਕੜੀ ਦਾ ਭਰਿਆ ਤੇ ਢੱਕ ਕੇ ਮਿੱਟੀ ਕੇ ਕਟੋਰੇ ਵਿੱਚ ਪਾਣੀ ਉੱਤੇ ਧਰ ਦਿੱਤਾ ਤਾਂ ਕਿ ਸਵੇਰ ਤੀਕ ਕੜੀ ਬਚੀ ਰਹੇ। (ਫਰਿੱਜ ਦਾ ਉਦੋਂ ਤੀਕ ਅਜੇ ਨਾਂ ਤੱਕ ਨਹੀਂ ਸੀ ਸੁਣਿਆ)

ਦਾਦੀ ਵੱਲੋਂ ਕੁੱਜੇ ਦੀਆਂ ਖੁੱਚਾਂ ਖੁਰਚਕੇ ਕੜੀ ਲਾਹੁਣਾ ਮੇਰੇ ਸੌਣ ਵੇਲੇ ਤੀਕ ਤੱਕ ਤਾਜ਼ਾ ਸੀ ਤੇ ਸਾਰੇ ਟੱਬਰ ਨੂੰ ਅਗਲੀ ਸਵੇਰ ਦੀ ਉਡੀਕ ਸੀ।

*****

ਨਿੱਕੇ-ਨਿੱਕੇ ਸਾਂ। ਸਾਡੇ ਪਿੰਡ ਬੌਰੀਆਂ, (ਚੌਹਾਨ ਜਾਤੀ 'ਚੋਂ) ਦੇ ਵਿਹੜੇ (ਮੁਹੱਲੇ) ਜਦ ਵਿਆਹ-ਸ਼ਾਦੀ ਜਾਂ ਮੰਗਣੇ-ਮੁਕਲਾਵੇ ਦਾ ਦਿਨ ਹੁੰਦਾ ਤਾਂ ਚਾਰ-ਚਾਰ ਦਿਨ ਪਹਿਲਾਂ ਹੀ ਲਾਊਡ ਸਪੀਕਰ 'ਤੇ ਗੀਤ ਵੱਜਣ ਲੱਗਦੇ। ਮੈਨੂੰ ਬਚਪਨ ਵਿੱਚ ਸੁਣੇ ਇੱਕ ਗੀਤ ਦੇ ਬੋਲ ਹਾਲੇ ਵੀ ਨਹੀਂ ਭੁੱਲੇ :

ਨੀਂ ਤੂੰ ਗਾਜਰ ਵਰਗੀ ਹੁੰਦੀ ਸੈਂ
ਦੱਸ ਕੇਹੜੇ ਗ਼ਮ ਨੇ ਖਾ ਲਈ...

ਮੈਨੂੰ ਗਾਇਕ ਤੇ ਗੀਤਕਾਰ ਦੇ ਨਾਂ ਦਾ ਭੋਰਾ ਵੀ ਪਤਾ ਨਹੀਂ ਹੈ। ਬਸ...ਗੀਤ ਦੇ ਇਹੋ ਮੁਢਲੇ ਬੋਲ ਹੀ ਚੇਤੇ ਨੇ। ਨਾਰੀ ਦੇ ਸੁਹੱਪਣ ਦੀ ਤੁਲਨਾ ਇੱਕ ਲਾਲ-ਰੱਤੀ, ਤਰੋ-ਤਾਜ਼ਾ ਤੇ ਲੰਮ-ਸੁਲੰਮੀ ਗਾਜਰ ਨਾਲ ਕੀਤੀ ਗਈ ਸੀ। ਕਿਆ ਬਾਤ ਸੀ!

*****

ਐਤਵਾਰ ਦਾ ਦਿਨ ਤੇ ਸਕੂਲੋਂ ਛੁੱਟੀ। ਮਾਂ ਆਖਣ ਲੱਗੀ, ''ਅੱਜ ਮੂੰਗੀ ਤੋੜਨੀ ਐ।''

ਪਿਤਾ ਨੇ ਆਪਣੇ ਹਿੱਸੇ ਆਉਂਦੀ ਜ਼ਮੀਨ ਦੇ ਟੋਟੇ ਵਿੱਚ ਮੂੰਗੀ ਬੀਜੀ ਸੀ ਇਸ ਵਾਰ। ਅਸੀਂ ਪੀਪੇ ਤੇ ਬਾਲਟੀਆਂ 'ਚ ਹਰੀ ਮੂੰਗੀ ਦੀਆਂ ਕਾਲੀਆਂ ਸੁੱਕੀਆਂ ਫਲੀਆਂ ਤੋੜ-ਤੋੜ ਸੁੱਟੀਜਾਂਦੇ। ਹੱਥ ਥੱਕਣ 'ਤੇ ਛੇਤੀ ਪੀਪੇ ਤੇ ਬਾਲਟੀ ਹੋਰ ਆ ਜਾਣ ਦੀ ਉਡੀਕ 'ਚ ਵਾਰ-ਵਾਰ ਪੀਪੇ-ਬਾਲਟੀਆਂ ਵੱਲ ਵੇਖਦੇ। ਵਿਹੜੇ ਵਿੱਚ ਲਿਆ ਢੇਰੀ ਕਰਦੇ। ਧੁੱਪਾਂ ਕਰਾਰੀਆਂ ਲਗਦੀਆਂ। ਮੂੰਗੀ ਦੀਆਂ ਫਲੀਆਂ ਸੁੱਕ-ਮੜੁੱਕ ਹੋ ਜਾਂਦੀਆਂ, ਤਾਂ ਮਾਂ ਤੇ ਪਿਉ ਉਹਨਾਂ 'ਚੋਂ ਮੂੰਗੀ ਕੱਢਕੇ ਗੱਟਿਆਂ 'ਚ ਭਰਦੇ ਤੇ ਮੰਡੀ 'ਚ ਮੂੰਗੀ ਮਹਿੰਗੀ ਹੋਣ ਦੀ ਉਡੀਕ ਕਰਦੇ।

ਖੇਤ ਜਾਣਾ ਮੈਨੂੰ ਹਮੇਸ਼ਾ ਚੰਗਾ-ਚੰਗਾ ਲਗਦਾ ਸੀ। ਖੇਤਾਂ ’ਚ ਉਡਦੇ ਤੇ ਗਾਉਂਦੇ ਪੰਛੀ ਮੈਨੂੰ ਆਪਣੇ ਵੱਲ ਖਿੱਚ·ਦੇ ਤੇ ਮੈਂ ਉਨ੍ਹਾਂਦੀਆਂ ਅਸਮਾਨੀ ਉਡਾਰੀਆਂ ਤੇ ਮਨ-ਮੋਹਕ ਅਵਾਜ਼ਾਂ ’ਚ ਗੁੰਮ ਜਾਂਦਾ। ਖੇਤਾਂ ਵਿੱਚ ਖੜ੍ਹੇ ਰੁੱਖਾਂ ਦੀ ਛਾਂ ਹੇਠ ਬਹਿਕੇ ਮੈਂ ਸੁਆਦ-ਸੁਆਦ ਹੋ ਜਾਂਦਾ ਤੇ ਕਈ ਵਾਰ ਪੱਠਿਆਂ (ਨੀਰਾ-ਚਾਰਾ ਬੰਨ·ਣ ਵਾਲੀ) ਪੱਲੀ ਵਿਛਾਅ ਕੇ ਰੁੱਖ ਹੇਠ ਹੀ ਸੌਂ ਜਾਂਦਾ। ਬੜੀ ਮਿੱਠੀ ਤੇ ਗੂੜੀ ਨੀਂਦਰ ਆਉਂਦੀ ਸੀ ਤੂਤ ਜਾਂ ਟਾਹਲੀ ਥੱਲੇ।

ਬਹੁਤ ਵਾਰੀ ਦੇਖਿਆ ਸੀ ਤਾਇਆ ਜਾਂ ਪਿਓ ਪੱਠੇ ਵੱਢਦੇ ਹੁੰਦੇ ਤਾਂ ਕਿਸੇ ਦੇ ਦਾਤੀ ਵੱਜ ਜਾਂਦੀ, ਉਹ ਉੱਠਕੇ ਜ਼ਖਮੀ ਉਂਗਲ ਉੱਤੇ ਮੂਤ ਕਰ ਲੈਂਦੇ ਸਨ ਤੇ ਜ਼ਖਮ ਨਹੀਂ ਸੀ ਬਣਦਾ। ਕਿਤੋਂ ਮਰ·ਮ-ਪੱਟੀ ਕਰਵਾਉਣ ਦੀ ਲੋੜ ਨਾ ਪੈਂਦੀ। (ਹੁਣ ਸੋਚਦਾ ਹਾਂ ਕਿ ‘ਵੱਢੀ ਉਂਗਲ ’ਤੇ ਮੂਤਣ ਵਾਲਾ ਮੁਹਾਵਰਾ ਭਲਾ ਕਿੱਥੋਂ ਬਣਿਆ ਸੀ?)

ਤਾਏ ਤੇ ਪਿਓ ਨੇ ਜੌਂ ਤੇ ਛੋਲੇ ਰਲ਼ਾ ਕੇ ਬੀਜਣੇ, ਇਹਨੂੰ ਬੇਰੜਾ ਕਹਿੰਦੇ ਸੀ। ਘੋਨੀ ਕਣਕ, ਬਿਨਾਂ ਕਸੀਰੋ ਬੀਜਣੀ ਤੇ ਵਿੱਚ ਛੋਲੇ ਰਲ਼ਾ ਕੇ ਬੀਜਣ ਨੂੰੁ ਵੇਝੜ ਕਹਿੰਦੇ ਸੀ। ਛੋਲਿਆਂ ਦੀ ਕੰਡ ਬਣ ਜਾਂਦੀ, ਬੋਤੀਆਂ ਤੇ ਬੋਤਿਆਂ ਨੂੰ ਪਾਉਂਦੇ। ਕਸੀਰ ਵਾਲੀ ਕੰਡ ਬੋਤੀ ਨਹੀਂ ਸੀ ਖਾਂਦੀ, ਕਸੀਰ ਉਹਦੇ ਮੂੰਹ ਵਿੱਚ ਖੁਭਦੇ ਸੀ। ਘੋਨੀ ਕਣਕ ਦੇ ਕਸੀਰ ਨਹੀਂ ਹੁੰਦੇ ਤੇ ਪਸ਼ੂਆਂ ਦੇ ਮੂੰਹ ’ਚ ਨਹੀਂ ਸੀ ਲੱਗਦੇ।

ਤਾਇਆ ਜਦੋਂ ਵਿਹਲਾ ਹੁੰਦਾ ਤਾਂ ਉਹ ਬੋਤੀ ਦੇ ਖਰਖਰਾ ਫੇਰਨ ਲਗਦਾ, ਬੋਤੀ ਨੂੰ ਸੁਆਦ ਆਉਂਦਾ, ਉਹ ਸਿਰ ਝਟਕਦੀ ਤੇ ਅਗਾਲਾ ਕਰਨ ਲਗਦੀ। ਸੁਆਦ ਲੈਂਦੀ ਬੋਤੀ ਕਦੇ-ਕਦੇ ਧੀਮਾ-ਧੀਮਾ ਰੰਭਣ ਲੱਗ ਪੈਂਦੀ। ਇੱਕ ਦਿਨ ਮੈਂ ਤਾਏ ਨੂੰ ਪੁੱਛਿਆ ਸੀ, ‘‘ਤਾਇਆ, ਲਿਆ ਮੈਂ ਖਰਖਰਾ ਫੇਰਾਂ ਬੋਤੀ ਦੇ? ਮੈਨੂੰ ਵੀ ਵੱਲ ਸਿਖਾਦੇ ਖਰਖਰਾ ਕਿਵੇਂ ਫੇਰੀਦੈ।’’

ਤਾਇਆ ਹੱਸ ਪਿਆ ਸੀ, ‘‘ਅਜੇ ਤੂੰ ਖਰਖਰਾ ਫੇਰਨ ਜੋਕਰਾ ਨਹੀਂ ਹੋਇਆ ਪੁੱਤ...ਜਦੋਂ ਵੱਡਾ ਹੋਵੇਂਗਾ, ਉਦੋਂ ਵੱਲ ਸਿਖਾਵਾਂਗੇ ਤੈਨੂੰ ਵੀ।’’

ਖਰਖਰਾ ਫੇਰਦਾ-ਫੇਰਦਾ ਤਾਇਆ ਆਪ-ਮੁਹਾਰੇ ਈ ਬੋਲਣ ਲੱਗ ਪਿਆ ਸੀ, ‘‘ਏਹਨਾਂ ਪਸ਼ੂਆਂ ਦੀ ਕਿਹੜਾ ਜ਼ੁਬਾਨ ਹੁੰਦੀ ਐ ਵਈ ਆਪਦਾ ਦੁੱਖ ਬੋਲ ਕੇ ਦੱਸ ਦੇਣ, ਏਹਨਾਂ ਦਾ ਦੁੱਖ-ਸੁੱਖ ਤਾਂ ਬੰਦੇ ਨੂੰ ਈ ਜਾਣਨੈ ਚਾਹੀਦੈ, ਬੁੜੀ ਤਾਂ ਆਬਦਾ ਸਿਰ ਆਪੇ ਵਾਹ ਲਊ, ਬੁੜੀ ਦੀਆਂ ਤਾਂ ਕੋਏਂ ਜੂੰਆਂ ਵੀ üਗਦੂ...ਤੇ ਬੋਤੀ ਵੀ ਵਿਚਾਰੀ ਵੀ...? ਆਹ ਵੇਖ ਹੁਣ ਕਿਵੇਂ ਅਨੰਦ ਲੈਂਦੀ ਐ ਖਰਖਰੇ ਦਾ।’’

(ਤਾਏ ਦੇ ਬੋਲ ਇਹ ਕਈ ਦਹਾਕੇ ਬੀਤ ਜਾਣ ਦੇ ਬਾਵਜੂਦ ਵੀ ਨਹੀਂ ਭੁੱਲੇ ਹਨ।)

*****

ਤਿੱਖੜ ਦੁਪਹਿਰ ਕਾਂ ਅੱਖ ਕਢਦੀ। ਸਾਰਾ ਪਿੰਡ ਘਰਾਂ ਅੰਦਰ ਵੜਿਆ ਹੋਇਆ ਸੀ ਮੈਂ ਪਿਓ ਨਾਲ ਵਰਾਂਡੇ 'ਚ ਮੰਜੇ 'ਤੇ ਪਿਆ ਹੋਇਆ ਸਾਂ। ਪਿਓ ਨੇ ਸਾਫਾ ਗਿੱਲਾ ਕਰਕੇ ਮੇਰੇ 'ਤੇ ਪਾਇਆ ਹੋਇਆ ਸੀ। ਸਾਫੇ ਦੀ ਠੰਢਕ ਗਰਮੀ ਤੋਂ ਪੂਰੀ ਰਾਹਤ ਦੇਂਦੀ। ਹਵੇਲੀ ਵਿੱਚ ਮੱਝ ਅੜਿੰਗਣ ਲੱਗੀ। ਪਿਓ ਮੰਜੇ 'ਤੋਂ ਉੱਠਿਆ ਤੇ ਨਾਲ ਹੀ ਮੈਂ ਵੀ ਉੱਠ ਪਿਆ। ਉਹਨੇ ਲਫੇੜਾ ਚੱਿਕਿਆ, ''ਟੇਕ ਨੀ ਆਉਂਦੀ, ਪਿਆ ਰਹਿ ਸਾਫਾ ਲੈ ਕੇ, ਗਰਮੀ ਬਹੁਤੀ ਐ।''

ਉਹਨੇ ਖੂਹੀ 'ਚੋਂ ਪਾਣੀ ਦੀ ਬਾਲਟੀ ਖਿੱਚੀ ਤੇ ਹਵੇਲੀ ਵੱਲ ਤੁਰ ਪਿਆ, ਮੈਂ ਵੀ ਪਿੱਛੇ-ਪਿੱਛੇ। ਸੂਣ ਵਾਲੀ ਬੂਰੀਮੱਝ ਬੁਰੀ ਤਰ੍ਹਾਂਘਰਕ ਰਹੀ ਸੀ। ਉਹਦੀ ਹੱਥ ਜਿੱਡੀ ਜੀਭ ਬਾਹਰ ਨੂੰ ਲਪਕਦੀ।

''ਗਰਮੀ ਲਗਦੀ ਐ, ਤਾਹੀਂ ਅੜਿੰਗਦੀ ਸੀ...।'' ਪਿਓ ਨੇ ਨੇੜੇ ਹੁੰਦਿਆ ਕਿਹਾ ਤੇ ਮੱਝ ਦਾ ਕੰਨ ਹੱਥ 'ਚ ਫੜਿਆ। ਫਿਰ ਉਸਨੇ ਠੰਡੇ ਪਾਣੀ ਦੀ ਬਾਲਟੀ ਮੱਝ ਦੇ ਸਿਰ ਉੱਤੇ ਸੁੱਟ ੀ। ਮੱਝ ਨੇ ਸਿਰ ਝਟਕਿਆ ਤੇ ਕੰਨ ਫੜਫੜਾਏ। ਬਾਹਰ ਲਪਕਦੀ ਉਹਦੀ ਜੀਭ ਪਲ 'ਚ ਹੀ ਅੰਦਰ ਵੜ ਗਈ। ਉਹਨੂੰ 'ਸੁੱਖ ਦਾ ਸਾਹ' ਆਇਆ। ਮੈਨੂੰ ਪ੍ਰਤੀਤ ਹੋਇਆ ਜਿਵੇਂ ਇੱਕ ਹੋਰ ਬਾਲਟੀ ਚਾਹੁੰਦੀ ਹੈ ਮੱਝ।

''ਪਾਪਾ ਹੋਰ ਪਾਣੀ ਲਿਆਈਏ ਆਪਾਂ...।'' ਮੈਂ ਤੇ ਪਿਓ ਖੂਹੀ ਵੱਲ ਆਏ ਤੇ ਬਾਲਟੀ ਭਰਕੇ ਮੱਝ ਵੱਲ ਤੁਰ ਪਏ। ਸਾਨੂੰ ਨੇੜੇ ਆਉਂਦੇ ਦੇਖ ਮੱਝ ਨੇ ਸਿਰ ਝਟਕਿਆ ਤੇ 'ਹਾਂਅ-ਹਾਂਅ...ਬਾਂਅ-ਬਾਂਅ' ਕੀਤੀ। ਪਿਤਾ ਨੇ ਉਵੇਂ ਬਾਲਟੀ ਫਿਰ ਮੱਝ ਦੇ ਸਿਰ 'ਚ ਸੁੱਟ ੀ। ਹੇਠਾਂ ਪਾਣੀ ਨਾਲ ਰੇਤਾ ਗਿੱਲੀ ਹੋ ਗਈ ਸੀ। ਮੱਝ ਪਥੱਲਾ ਮਾਰਕੇ ਬਹਿ ਗਈ। ਅਸੀਂ ਫਿਰ ਵਰਾਂਡੇ 'ਚ ਆ ਗਏ।

ਪਿਓ ਨਾਲ ਪਿਆ ਹੋਇਆ ਮੈਂ ਪਸ਼ੂਆਂ ਤੇ ਪੰਛੀਆਂ ਬਾਰੇ ਹੀ ਸੋਚੀ ਜਾ ਰਿਹਾ ਸਾਂ ਕਿ ਮਨੁੱਖ ਪ੍ਰਤੀ ਤਾਂ ਮਨੁੱਖ ਦੀ ਕਿੰਨੀ ਵੱਡੀ ਜ਼ਿੰਮੇਵਾਰੀ ਬਣਦੀ ਹੈ, ਪ੍ਰੰਤੂ ਪਸ਼ੂਆਂ ਤੇ ਪੰਛੀਆਂ ਪ੍ਰਤੀ ਕਿਸਦੀ ਜ਼ਿੰਮੇਵਾਰੀ ਹੈ? (ਸ਼ਾਇਦ ਉਸ ਦਿਨ ਤੋਂ ਹੀ ਮੈਂ ਪਸ਼ੂਆਂ ਤੇ ਪੰਛੀਆਂ ਦਾ ਹਮਦਰਦ ਬਣ ਬੈਠਾ ਸਾਂ।)

*****

ਮਾਂ ਕਣਕ ਦੇ ਨਾੜ ਤੋੜ ਕੇ ਲਿਆਈ ਸੀ ਖੇਤੋਂ। ਹਰੇਕ ਛੇ ਮਹੀਨੇ ਹਾੜ੍ਹੀ ਦੇ ਦਿਨੀਂ ਰੋਟੀਆਂ ਰੱਖਣ ਲਈ ਮਾਂ ਆਪਣੇ ਹੱਥੀਂ ਸਰਪੋਸ ਬਣਾਉਂਦੀ ਕਣਕ ਦੇ ਪਤਲੇ-ਲੰਮੇ ਨਾੜ ਦਾ।

ਪਾਣੀ ਦੀ ਬਾਲਟੀ ਵਿੱਚ ਭਿਉਂਕੇ ਤੀਲੇ ਨਾਲ ਤੀਲਾ ਜੁੜਦਾ ਜਾਂਦਾ, ਬੜਾ ਕਲਾਤਮਿਕਤਾ ਭਰਿਆ, ਜਿਵੇਂ ਪੰਛੀ ਆਲ੍ਹਣਾ ਬਣਾਉਂਦਾ ਹੈ ਨਾੜ ਜੋੜੀ ਤੇ ਮਰੋੜੀ ਜਾਣ ਦਾ ਮਾਂ ਦਾ ਹੁਨਰ ਅਨੋਖਾ ਸੀ। ਮੈਂ ਦੇਖਦਾ, ਤੇ ਦੇਖਦਾ ਹੀ ਰਹਿ ਜਾਂਦਾ। ਉਦੋਂ ਮੈਨੂੰ ਕਲਾਕਾਰਨੀ ਲੱਗਣ ਲੱਗਦੀ। ਸਰਪੋਸ ਤਿਆਰ ਹੋਇਆ ਦੇਖ ਮੈਂ ਫੁੱਲਿਆ ਨਾ ਸਮਾਉਂਦਾ ਤੇ ਮਾਂ ਦੀ ਕਲਾ-ਕਿਰਤ ਹੱਥਾਂ 'ਚ ਲਈ ਵਿਹੜੇ 'ਚ ਤੁਰਿਆ ਫਿਰਦਾ। (ਮਾਂ ਦੇ ਬਣਾਏ ਸਰਪੋਸ ਦੀ ਕੀ ਰੀਸ ਕਰੇਗਾ ਅਜੋਕਾ ਚਪਾਤੀ ਬੌਕਸ? ਮਾਂ ਅੱਜ ਵੀ ਸਰਪੋਸ ਬਣਾਉਂਦੀ ਹੈ ਤੇ ਚੁੱਲ੍ਹੇ ਰੋਟੀ ਲਾਹੁੰਦੀ ਹੈ, ਜਦ ਸਰਪੋਸ 'ਚ ਵਿਛੇ ਪੋਣੇ 'ਤੇ ਰੋਟੀ ਟਿਕਦੀ ਹੈ ਤਾਂ ਸਰਪੋਸ ਵੀ ਖੁਸ਼ ਹੁੰਦਾ ਹੈ)

ਦਾਦੀ ਛਿੱਕੂ ਬਣਾਉਂਦੀ। ਮੈਂ ਕੋਲ ਬੈਠਾ ਨਿਹਾਰੀ ਜਾਂਦਾ। (ਕਾਸ਼! ਉਦੋਂ ਕੋਈ ਕੈਮਰਾ ਹੁੰਦਾ ਕੋਲ!) ਚੌਂਕੇ ਚੁੱਲ੍ਹੇ'ਚ ਵਰਤੋਂ ਲਈ ਛਿੱਕੂ ਤੇ ਛਾਬੇ ਬਣਾਉਣ ਦਾ ਰਿਵਾਜ਼ ਸਾਡੇ ਘਰ ਆਮ ਹੀ ਸੀ। ਤਾਏ ਹੁਰੀਂ ਖੇਤੋਂ ਤੂਤ ਛਾਂਗਦੇ ਤਾਂ ਪਤਲੀਆਂ ਛਮਕਾਂ ਗੱਡੀ 'ਚ ਰੱਖ ਲਿਆਉਂਦੇ, ਜੋ ਅਜਿਹੇ ਕੰਮ 'ਚ ਵਰਤ ਲੈਂਦੇ। ਬੌਰੀਏ ਆਉਂਦੇ ਤੇ ਟੋਕਰੇ ਬਣਾਉਂਦੇ। ਤੂਤ ਦੀਆਂ ਟਾਹਣੀਆਂ ਨਾਲੋਂ ਚਾਕੂ ਨਾਲ ਦਾਦਾ ਪਤਲੀਆਂ ਛਮਕਾਂ ਲਾਹ-ਲਾਹ ਰੱਖੀ ਜਾਂਦਾ। ਅਸੀਂ ਨਿਆਣੇ ਤੂਤੀਆਂ ਤੋੜ-ਤੋੜ ਬਾਟੀਆਂ ਭਰ ਲੈਂਦੇ।

ਤੂਤ ਦੇ ਛਾਬੇ ਦੇ ਗੁਣਾ ਦਾ ਕੋਈ ਅੰਤ ਨਹੀਂ ਸੀ। ਦਾਦੀ ਜਿਵੇਂ ਬਾਤ ਪਾ ਰਹੀ ਹੋਵੇ, ਉਹ ਦੱਸਣ ਲੱਗਦੀ, ''ਨਾ ਰੋਟੀ ਨੂੰ ਉੱਲੀ ਲੱਗੇ, ਨਾ ਰੋਟੀ ਸੁੱਕੇ, ਨਾ ਰੋਟੀ ਦੀ ਮਹਿਕ ਮਰੇ, ਨਾ ਕੀੜਾ ਮਕੌੜੇ ਚੜ੍ਹੇ, ਤੂਤ ਦੀਆਂ ਟਾਹਣੀਆਂ ਦੀ ਗੱਲ ਈ ਅਜੇਹੀ ਹੁੰਦੀ ਐ ਭਾਈ...।

ਘਰ 'ਚ ਪੋਣੇ ਦੀ ਵਰਤੋਂ ਆਮ ਹੁੰਦੀ। ਦੂਜੇ-ਤੀਜੇ ਦਿਨ ਪਿੱਛੋਂ ਦਾਦੀ ਪੋਣੇ ਧੋਂਦੀ ਰਹਿੰਦੀ। ਸਵੇਰੇ ਰੋਟੀਆਂ ਪਕਾਕੇ ਤੇ ਖੱਦਰ ਦੇ ਪੋਣੇ 'ਚ ਲਪੇਟ ਕੇ ਛਿੱਕੂ ਜਾਂ ਸਰਪੋਸ 'ਚ ਰੱਖ ਲੈਂਦੇ। ਬਹੁਤੀ ਵਾਰੀ ਦੁਪਹਿਰ ਵੇਲੇ ਮੇਰਾ ਪਿਉ ਠੰਢੀ ਰੋਟੀ ਉੱਤੇ ਅੰਬ ਦੇ ਅਚਾਰ ਦੀ ਫਾੜੀ ਤੇ ਗੰਢਾ ਭੰਨ ਕੇ ਤੇ ਨਾਲ ਮੱਖਣ ਰੱਖਕੇ ਰੋਜ਼ ਖਾਂਦਾ, ਤੇ ਮੈਂ ਵੀ ਵੇਖਾ-ਵੇਖੀ 'ਚ ਉਸ ਦੀ ਰੀਸ ਕਰਨ ਲੱਗ ਪਿਆ। ਠੰਢੀ ਰੋਟੀ, ਭੰਨਿਆ ਗੰਢਾ ਤੇ ਅੰਬ ਦੀ ਅਚਾਰ ਦੀ ਮਹਿਕ ਦੁਪੈਹਿਰ ਨੂੰ ਸੁਆਦਲੀ ਕਰ ਦਿੰਦੀ। ਕਈ ਵਾਰ ਦਾਦੀ ਮੱਖਣ ਵੀ ਰੱਖ ਦਿੰਦੀ, ''ਵੇ ਸੁੱਕੀ ਰੋਟੀ ਕਿਵੇਂ ਖਾਵੇਂਗਾ, ਲੈ ਰਲਾ ਕੇ ਖਾਹ ਮੱਖਣ ਮੇਰੇ ਮੱਖਣਾ...।''

ਮੱਖਣ ਦੀ ਥਾਂ ਕਈ ਵਾਰ ਦੁੱਧ ਤੋਂ ਲਾਹੀ ਮਲਾਈ ਰੋਟੀ ਨਾਲ ਖਾ ਲੈਂਦੇ, ਵੱਖਰਾ ਹੀ ਸੁਆਦ ਹੁੰਦਾ। ਰਾਤ ਨੂੰ ਰੋਟੀ ਵਧ ਗਈ, ਤਾਂ ਸਵੇਰੇ ਦੁੱਧ ’ਚ ਭਿਉਂਕੇ, ਦਹੀਂ ਜਾਂ ਚਟਨੀ ਜਾਂ ਅਚਾਰ ਦੀ ਫਾੜੀ ਨਾਲ ਖਾਂਦੇ ਤਾਏ ਹੁਰਾਂ ਨੂੰ ਮੈਂ ਅਕਸਰ ਦੇਖਦਾ ਸਾਂ।

ਸਿਆਲੂ ਦਿਨਾਂ ’ਚ ਬਾਜਰੇ ਤੇ ਮੱਕੀ ਦੇ ਆਟੇ ਦੀ ਵਰਤੋਂ ਆਮ ਹੁੰਦੀ। ਸਾਗ ਕਈ-ਕਈ ਦਿਨ ਖਾਧਾ ਜਾਂਦਾ। ਜਿੱਦਣ ਮੀਂਹ ਪੈਂਦਾ, ਓਦਣ ਸਵੇਰੇ ਪਿਓ ਨੇ ਦਾਦੀ ਨੂੰ ਕਹਿਣਾ, ‘‘ਮਾਂ, ਅੱਜ ਮਿੱਸੀ ਰੋਟੀ ਪਕਾ, ਵੇਸਣ ਆਲ਼ੀ।’’ (ਅੱਜ ਵੀ, ਮੀਂਹ ਕਣੀਂ ਦੇ ਦਿਨੀਂ, ਪਤਾ ਨਹੀਂ ਕਿਉਂ ਵੇਸਣੀ ਰੋਟੀ ਖਾਣ ਲਈ ਆਪ-ਮੁਹਾਰੇ ਹੀ ਦਿਲ ਕਰ ਆਉਂਦਾ ਹੈ, ਤੇ ਮਾਂ ਨੂੰ ਕਹੀਦਾ ਹੈ, ‘‘ਮਾਂ ਵੇਸਣੀ ਰੋਟੀ ਪਕਾ ਦੇ ਅੱਜ...ਵਿੱਚ ਹਰੀ ਮਿਰਚ ਤੇ ਗੰਢਾ ਪਾ ਲਵੀਂ...।’’)

ਵਿਹੜੇ ’ਚ ਲੋਹੇ ਦੀ ਮੋਟੀ ਤਾਰ ਬੱਧੀ ਹੋਈ ਸੀ। ਗਰਮੀਆਂ ਦੇ ਦਿਨਾਂ ’ਚ ਰਾਤ ਨੂੰ ਦੁੱਧ ਸਾਂਭਣ ਦਾ ਢੰਗ ਇਹੋ ਸੀ ਕਿ ਬਾਲਟੀ ’ਚ ਪਾਣੀ ਪਾਕੇ, ਡੋਲਣਾ ਦੁੱਧ ਦਾ ਵਿੱਚ ਰੱਖ ਦਿੱਤਾ ਜਾਂ ਤੇ ਬਾਲਟੀ ਤਾਰ ਨਾਲ ਬੰਨ੍ਹ ਕੇ ਟੰਗ ਦਿੱਤੀ, ਇਉਂ ਦੁੱਧ ਬਿੱਲੀ ਦੀ ਮਾਰ ਤੋਂ ਵੀ ਬਚਿਆ ਰਹਿੰਦਾ ਤੇ ਅਸਮਾਨ ਹੇਠਾਂ ਹੋਣ ਕਰਕੇ ਖਰਾਬ ਨਾ ਵੀ ਹੁੰਦਾ।

*****

ਸਾਡੇ ਘਰ ਦਾ ਲਗਪਗ ਸਾਰਾ ਵਿਹੜਾ ਕੱਚਮ-ਕੱਚਾ ਸੀ। ਘਰ ਦੇ ਮੂਹਰਲੇ ਵੱਡੇ ਬੂਹੇ ਤੋਂ ਲੈਕੇ ਅਖੀਰ ਹਵੇਲੀ, ਤੱਕ ਸਾਰਾ ਕੱਚਾ ਹੀ ਕੱਚਾ। ਇੱਕ-ਅੱਧ ਕੋਠਾ ਹੀ ਅੱਧ-ਪੱਕਾ ਸੀ। ਪਿਤਾ ਤੇ ਤਾਇਆ ਖੇਤੋਂ ਆਉਣ ਲੱਗੇ ਗੱਡੀ ਵਿੱਚ ਹੀ ਰੇਤਾ ਤੇ ਮਿੱਟੀ ਭਰ ਲਿਆਉਂਦੇ ਸਨ, ਜੋ ਪਸ਼ੂਆਂ ਹੇਠ ਖਿਲਾਰੀ ਜਾਂਦੀ ਤਾਂ ਕਿ ਪਸ਼ੂ ਸੌਖ ਨਾਲ ਬਹਿ-ਉੱਠ ਸਕਣ। ਪਸ਼ੂਆਂ ਹੇਠਾਂ ਗਿੱਲ-ਸੁੱਕ ਜਾਂ ਪਸ਼ੂਆਂ ਦੀ ਧੁੱਪ-ਛਾਂ ਦਾ ਧਿਆਨ ਪੂਰਾ-ਪੂਰਾ ਰੱਖਿਆ ਜਾਂਦਾ ਸੀ। ਆਥਣੇ ਮੱਛਰ ਤੋਂ ਬਚਾਓ ਲਈ ਪਸ਼ੂਆਂ ਕੋਲ ਨਕਾਰਾ ਤੂੜੀ ਦਾ ਧੂੰਆ ਪਾ ਦਿੱਤਾ ਜਾਂਦਾ।

ਭਾਰੀ ਮੀਂਹ ਪੈਂਦੇ। ਧੁੱਪਾਂ ਚੜ੍ਹਦੀਆਂ। ਮਿੱਟੀ ਤੇ ਪਾਣੀ ਰੰਗ ਬਦਲਦੇ। ਲੰਮੇ ਵਿਹੜੇ ਵਿੱਚ ਰੇਤ ਵਿਛੀ ਹੁੰਦੀ। ਕਿਤੇ ਅੱਧ-ਸੁੱਕੇ ਚਿੱਕੜ ਉੱਤੇ ਪੇਪੜੀ ਆਈ ਹੁੰਦੀ, ਜਿਵੇਂ ਜ਼ਖਮੀ ਮਰੀਜ਼ ਦਾ ਮਾਸ ਸੁੱਕ ਕੇ ਉਤਾਂਹ ਨੂੰ ਉਠ ਜਾਂਦਾ ਹੈ ਵਿਹੜੇ ’ਚ ਕਿਤੇ-ਕਿਤੇ ਲੱਪਾਂ-ਲੱਪ ਪਾਣੀ ਖੜ੍ਹਾ ਹੁੰਦਾ। ਘਰ ਦੇ ਕਿਸੇ ਜੀਅ ਦੀ ਉਸਦੇ ਉੱਤੋਂ ਲੰਘ ਗਏ ਦੀ ਡੂੰਘੀ ਪੈੜ ਤੇ ਕਿਤੇ ਨਿਆਣੇ-ਸਿਆਣੇ ਦੇ ਲੰਘਦਿਆਂ ਤਿਲਕ ਜਾਣ ਦੇ ਨਿਸ਼ਾਨ ਚਿਤਰਕਾਰੀ ਦੇ ਨਮੂਨੇ ਵਾਂਗ ਜਾਪਦੇ। ਇਹ ਸੱਭੋਂ-ਕੁਛ ਏਨਾ ਗੂੜਾ ਹੁੰਦਾ ਕਿ ਪੰਦਰਾਂ-ਪੰਦਰਾਂ ਦਿਨ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ, ਜਿੰਨਾਂ ਚਿਰ ਕਰੜੀ ਤਿੱਖੀ ਧੁੱਪ ਉਹਨੂੰ ਸੁਕਾ ਨਾ ਦੇਂਦੀ।

ਮੈਂ ਅਜਿਹੇ ਨਿਸ਼ਾਨ ਤੇ ਪੈੜਾਂ ਬੜੀ ਗਹੁ ਨਾਲ ਵੇਖਦਾ ਸਾਂ। ਗਿੱਲੇ ਵਿਹੜੇ ਵਿੱਚ ਅੱਧੀ ਰਾਤੀਂ, ਬਿੱਲੀਆਂ, ਚੂਹੇ ਤੇ ਕਈ ਹੋਰ ਜਨੌਰ ਆਣ ਉਤਰ·ਦੇ, ਉਹਨਾਂ ਦੀਆਂ ਆਵਾਜ਼ਾਂ ਘੂਕ ਸੁੱਤੇ ਟੱਬਰ ਨੂੰ ਸੁਣਦੀਆਂ ਜਾਂ ਨਾ ਸੁਣਦੀਆਂ ਪਰ ਸਵੇਰੇ ਉੱਠਣ 'ਤੇ ਉਨ੍ਹਾਂਦੀਆਂ ਪੈੜਾਂ ਸਾਵੀਆਂ ਦੀਆਂ ਸਾਵੀਆਂ ਪਈਆਂ ਹੁੰਦੀਆਂ। ਪਤਾ ਨਹੀਂ ਕਿਉਂ; ਮੈਂ ਉਨ੍ਹਾਂਦੀਆਂ ਪੈੜਾਂ ਉਚੇਚ ਨਾਲ ਵੇਖਦਾ ਸਾਂ। ਮੈਂ ਕੀ ਲੱਭਦਾ ਸਾਂ...? ਮੈਨੂੰ ਨਹੀਂ ਪਤਾ!

ਇੱਕ ਦਿਨ, ਸਵੇਰੇ ਮੇਰੀ ਦਾਦੀ ਦੱਸਣ ਲੱਗੀ, ''ਰਾਤ ਮੈਂ ਪਿਸ਼ਾਬ ਕਰਨ ਉੱਠੀ, ਚੰਨ ਦੇ ਚਮਕਦੇ ਚਾਨਣੇ 'ਚ ਕਾਲਾ ਸੱਪ ਅਹੁ ਸਾਹਮਣੀ ਕੱਚੀ ਕੰਧ ਤੋਂ ਹੇਠਾਂ ਨੂੰ ਰੱਸੇ ਵਾਂਗੂੰ ਲਹਿੰਦਾ ਆਵੇ...ਵੇ ਰਾਮੇ, ਮੈਂ ਬਿਨਾਂ ਪਿਸ਼ਾਬ ਕੀਤਿਆਂ ਆਕੇ ਚੱਪ ਚਾਪ ਮੰਜੇ 'ਤੇ ਪੈਗੀ, ਸੱਪ ਸਿਆਣਾ ਬਣਕੇ, ਆਪਣਾ ਰਾਹ ਲੱਭਦਾ ਪਤਾ ਨਹੀਂ ਕਿੱਧਰ ਨੂੰ ਚਲਾ ਗਿਆ।''

ਦਾਦੀ ਦੀ ਗੱਲ ਸੁਣਦਾ ਤਾਇਆ ਰਾਮ ਲਾਲ ਚਾਹ ਦੀਆਂ ਘੁੱਟਾਂ ਭਰਦਾ ਲੰਮੀ ਕੱਚੀ ਕੰਧ ਵੱਲ ਸਿਸ਼ਤ ਬੰਨ·ਣ ਵਾਂਗ ਵੇਖਦਾ ਰਿਹਾ, ਇਹ ਕੰਧ ਸਾਡੇ ਸ਼ਰੀਕੇ 'ਚੋਂ ਬਾਬੇ ਦੀਵਾਨ ਮੱਲ (ਮੇਰੇ ਦਾਦੇ ਦੇ ਵੱਡੇ ਭਰਾ) ਹੁਰਾਂ ਨਾਲ ਸਾਂਝੀ ਸੀ। ਕੱਚੀਆਂ ਕੰਧਾਂ ਦੇ ਲਿਉੜਾਂ 'ਚ ਮਿੱਟੀ ਖਾਣੇਂ ਰਤੜੇ ਸੱਪਾਂ ਦਾ ਵਾਸਾ ਸੀ। ਹਵੇਲੀ ਤੀਕ ਕੰਧਾਂ ਦੇ ਸਿਰੇ ਉੱਤੇ ਖਾਲੀ ਖੁੱਡਾਂ ਤੋਤਿਆਂ, ਲਾਲੀਆਂ ਤੇ ਸੱਪਾਂ ਨੇ ਮੱਲ ਰੱਖੀਆਂ ਸਨ। ਤੋਤੇ ਉਨ੍ਹਾਂ ਖੁੱਡਾਂ 'ਚ ਬੱਚੇ ਦਿੰਦੇ। ਲਾਲੀਆਂ, ਕਾਟੋਆਂ, ਕਾਵਾਂ, ਚਿੜੀਆਂ, ਗੁਟਾਰਾਂ ਦਾ ਸਾਡੀ ਹਵੇਲੀ ਵਿੱਚ ਆਪਣਾ ਹੀ ਅਨੋਖਾ ਸੰਸਾਰ ਸੀ। (ਇਉਂ ਮੈਨੂੰ ਬਚਪਨ ਤੋਂ ਹੀ ਵੰਨ-ਸੁਵੰਨੇ ਪੰਛੀਆਂ ਦੇ ਗੀਤ ਸੁਣਦਿਆਂ ਇੰਨ੍ਹਾਂਨਾਲ ਅਟੁੱਟ ਪਿਆਰ ਤੇ ਲਗਾਵ ਹੋ ਗਿਆ।)

ਹਵੇਲੀ 'ਚ ਇੱਕ ਜੰਡ ਖੜ੍ਹਾ ਸੀ। ਇਹ ਜੰਡ ਬੇਮੁਹਾਰਾ ਜਿਹਾ ਸੀ, ਕਿਸੇ ਬੇਢਬੇ ਬੰਦੇ ਵਰਗਾ ਮੈਨੂੰ ਇਹ ਬੜਾ ਭੈੜਾ ਲੱਗਦਾ। ਇਹਦੀ ਪਾਟੀ-ਪਾਟੀ ਛਾਂ ਹੇਠ ਮੈਂ ਕਦੇ ਨਾ ਖੜ·ਦਾ, ਇਸਦੇ ਮੁਕਾਬਲੇ ਪਰੇ ਨੂੰ ਭਰੀ ਖਲੋਤੀ ਬੌਣੀ ਡੇਕ ਮੈਨੂੰ ਪਿਆਰੀ-ਪਿਆਰੀ ਲੱਗਦੀ। ਕਈ ਵਾਰ ਮੈਂ ਜੰਡ ਦੀਆਂ ਸੁੱਕੀਆਂ ਫਲੀਆਂ ਮੂੰਹ 'ਚ ਪਾਉਂਦਾ, ਜੋ ਮੂੰਹ ਦਾ ਸੁਆਦ ਵਿਗਾੜ ਦੇਂਦੀਆਂ, ਬਕਬਕਾ ਜਿਹਾ ਹੋ ਜਾਂਦਾ ਮੂੰਹ ਦਾ ਸੁਆਦ। ਪਲ 'ਚ ਹੀ ਨੇੜੇ ਲੱਗੇ ਖਾਰੇ ਨਲਕੇ ਤੋਂ ਦੋ ਘੁੱਟਾਂ ਪਾਣੀ ਭਰਕੇ ਕੁਰਲੀ ਕਰ ਲੈਂਦਾ। ਅਸੀਂ ਜੰਡ ਦੀ ਪਾਟੀ ਛਾਂ ਥੱਲੇ ਪਸ਼ੂ ਬੰਨ·ਦੇ। ਸਵੇਰੇ ਰੋਟੀ ਵੇਲੇ ਪਸ਼ੂ ਬੰਨੇ ਜਾਂਦੇ ਤੇ ਦੁਪੈਹਿਰਾ ਢਲੀਆਂ ਤੋਂ ਖੋਲ· ਕੇ ਘਰ ਅੰਦਰਲੀਆਂ ਖੁਰਲੀਆਂ 'ਤੇ ਖਿੱਚ· ਲਿਆਉਂਦੇ।

ਜੰਡ ਹੇਠਾਂ ਇੱਕ ਪਾਸੇ ਕੁਢੱਬਾ ਜਿਹਾ ਖੁੰਢ· ਪਿਆ ਸੀ। ਕਾਫ਼ੀ ਭਾਰਾ। ਮੈਨੂੰ ਚੇਤਾ ਹੈ, ਮੇਰਾ ਪਿਉ ਵਲੈਤਣ ਗਾਂ ਖਰੀਦ ਲਿਆਇਆ। ਢਾਂਡੀ ਸੂਣ ਵਾਲੀ ਸੀ, ਬੜੀ ਭੈੜੀ ਤੇ ਅੱਥਰੀ ਢਾਂਡੀ, ਹਰ ਵੇਲੇ ਭੱਜੂੰ-ਭੱਜੂੰ ਕਰਦੀ ਤੇ ਰੰਭ·ਦੀ ਰਹਿੰਦੀ, ''ਬਾਂ ਬਾਂਅ...ਬਾਂ...।'' ਉਹਦੇ ਬੇਸੁਰਾ ਰੰਭਣ 'ਤੇ ਦਾਦੀ ਬੜਾ ਚਿੜ·ਦੀ ਤੇ ਮੂੰਹ 'ਚ ਹੀ ਬੁੜ-ਬੁੜ ਕਰਨ ਲਗਦੀ, ''ਕਿੱਥੋਂ ਲਿਆਂਦੀ ਐ ਪੁੱਤਾ ਪਿੱਟੀ...ਨਾ ਟਿਕੇ...ਨਾ ਟਿਕਣ ਦੇਵੇ...।''

ਇੱਕ ਦੁਪਹਿਰ। ਪਿਤਾ ਨੇ ਗਾਂ ਦਾ ਰੱਸਾ ਕਿੱਲੇ ਨਾਲੋਂ ਹਾਲੇ ਢਿੱਲਾ ਹੀ ਕੀਤਾ ਸੀ ਕਿ ਉਹ ਚਾਰੇ ਵਾਲੀ ਖੁਰਲੀ ਵੱਲ ਗੋਲ਼ੀ ਵਾਂਗ ਗਈ ਤੇ ਜਾਂਦੀ ਹੋਈ ਖੁੰਢ ਨਾਲ ਬੁਰੀ ਤਰ੍ਹਾਂਖਹਿ ਗਈ। ਖੁੰਢ ਦਾ ਵਧਿਆ ਹੋਇਆ ਇੱਕ ਤਿੱਖਾ ਤਣਾ ਉਹਦੇ ਢਿੱਡ 'ਚ ਅਜਿਹਾ ਖੁੱਭਿਆ ਕਿ ਗਾਂ ਦੀਆਂ ਆਂਦਰਾਂ ਬਾਹਰ ਆਉਣ ਵਾਲੀਆਂ ਹੋ ਗਈਆਂ। ਢਾਂਡੀ ਦੇ ਢਿੱਡ 'ਚੋਂ ਬਾਹਰ ਆਈਆਂ ਨਾੜਾਂ ਤੇ ਪਾਟ ਗਿਆ ਮਾਸ ਵੇਖਕੇ ਮੈਂ ਕਈ ਦਿਨ ਰੋਟੀ ਖਾਣ ਵੇਲੇ ਰੁਕ ਜਾਂਦਾ, ਚਿੱਤ ਨੂੰ ਟਿਕਾਣੇ ਸਿਰ ਕਰਕੇ ਫਿਰ ਰੋਟੀ ਦੀ ਬੁਰਕੀ ਤੋੜਦਾ ਤੇ ਜਖ਼ਮੀ ਹੋਈ ਗਾਂ ਵਾਲਾ ਦ੍ਰਿਸ਼ ਅੱਖਾਂ ਅੱਗੋਂ ਹਟਾਉਣ ਲਈ ਯਤਨ ਕਰਨ ਲਗਦਾ।

ਇਉਂ ਜੰਡ, ਖੁੰਢ ਤੇ ਜੰਡ ਦੀ ਪਾਟੀ ਛਾਂ ਮੈਨੂੰ ਭੈੜੇ-ਭੈੜੇ ਲੱਗਦੇ। ਜਿੰਨਾਂ ਚਿਰ ਗਾਂ ਦੇ ਢਿੱਡ ਦਾ ਜ਼ਖਮ ਸੁੱਕ ਨਹੀਂ ਗਿਆ, ਮੈਨੂੰ ਗਾਂ 'ਤੇ ਤਰਸ ਆਉਂਦਾ ਰਿਹਾ। ਸਲੋਤਰੀ ਦੂਏ-ਤੀਏ ਦਿਨ ਉਹਦੇ ਢਿੱਡ 'ਤੇ ਦਵਾਈ ਲਾਉਣ ਆਉਂਦਾ, ਤਾਂ ਮੈਂ ਕੋਲ ਜਾਕੇ ਖਲੋ ਜਾਂਦਾ। ਆਥਣ ਵੇਲੇ ਮਾਂ ਉਹਦੇ ਜ਼ਖ਼ਮ 'ਤੇ ਕੀੜੇਮਾਰ ਤੇਲ ਲਾਉਂਦੀ ਲੀਰ 'ਚ ਲਬੇੜ ਕੇ।

*****

ਸੂਰਜ ਹੇਠਾਂ ਲਹਿਣ ਮਗਰੋਂ ਜਿਉਂ ਹੀ ਘੁਸ-ਮੁਸਾ ਜਿਹਾ ਹੋ ਜਾਂਦਾ, ਤਾਂ ਸਾਰਾ ਟੱਬਰ ਰੋਟੀ ਖਾ ਲੈਂਦਾ। ਤਾਇਆ ਖੂਹੀਂ 'ਚੋਂ ਪਾਣੀ ਦੀਆਂ ਬਾਲਟੀਆਂ ਖਿੱਚ·-ਖਿੱਚ· ਵਿਹੜੇ ਵਿੱਚ ਛਿੜਕਓ ਕਰਦਾ। ਠੰਢੀ ਵਾਅ ਦਾ ਬੁੱਲਾ ਆਉਂਦਾ ਤਾਂ ਦਾਦੀ ਤਾਏ ਨੂੰ ਅਸੀਸਾਂ ਦੇਂਦੀ, ''ਜਿਉਂਦਾ ਰਹਿ ਵੇ ਰਾਮ, ਵੇ ਜਾਨ ਪਾਤੀ ਉ... ਗਰਮੀ ਜਾਨ ਕੱਢੀ ਖੜੀ ਸੀ ਪੁੱਤ...।''

ਕੱਚੇ ਵਿਹੜੇ 'ਚ ਇਕਸਾਰ ਮੰਜੇ-ਮੰਜੀਆਂ ਡਾਹੇ ਜਾਂਦੇ। ਘਰ ਦੀਆਂ ਕੱਢੀਆਂ ਦਰੀਆਂ ਤੇ ਚਾਦਰਾਂ-ਸਿਰਹਾਣੇ ਅਸੀਂ ਨਿਆਣੇ ਚਾਈਂ-ਚਾਈਂ ਵਿਛਾਉਂਦੇ। ਉੱਲੂ ਵੀ ਵੇਲੇ ਨਾਲ ਹੀ ਜੰਡ 'ਤੇ ਆਣ ਬਹਿੰਦਾ। ਜਦ ਉਹ ਬੋਲਣਾ ਸ਼ੁਰੂ ਕਰਦਾ ਤਾਂ ਦਾਦੀ ਨੂੰ ਉਸ 'ਤੇ ਖਿਝ ਚੜ·ਦੀ। ''ਤੇਰਾ ਬਹਿਜੇ ਬੇੜਾ ਟੁੱਟੜਿਆ... ਹੈਅ... ਹੈਅ....ਵੇ ਹੈਅ...ਉਡਾਓ ਵੇ ਢਹਿ ਪੈਣੇ

ਨੂੰ...ਨਿੱਜੜਾ ਕਿਤੋਂ ਦਾ, ਵੇਲੇ ਨਾਲ ਈ ਆ ਬਹਿੰਦਾ ਐ ਰੋਜ਼...ਕੜਮਾ...ਬਿਮਾਰੀ ਪੈਣਾ...।''

ਮੈਂ ਸੋਟੀ ਲੈ ਕੇ ਜੰਡ ਦੇ ਟਾਂਹਣ 'ਚ ਜਾ ਮਾਰਦਾ। ਉੱਲੂ ਉਡਦਾ ਨਾ ਪਰ ਚੱਪ ਕਰ ਜਾਂਦਾ ਕੁਝ ਪਲਾਂ ਲਈ। ਪੂਰਾ ਢੀਠ ਸੀ ਉੱਲੂ। ਉੱਲੂ ਦਾ ਬੋਲਣਾ ਤੇ ਦਾਦੀ ਦਾ ਖਿਝਣਾ ਤੇ ਮੇਰਾ ਸੋਟੀ ਲੈਕੇ ਜਾਣਾ, ਨਿੱਤ ਦਾ ਕਰਮ ਹੀ ਬਣ ਚੱਕਿਆ ਸੀ। ਘਰ ਦੇ ਬਾਕੀ ਸਾਰੇ ਜੀ ਉੱਲੂ ਨੂੰ 'ਉੱਲੂ' ਹੀ ਸਮਝਦੇ ਤੇ ਉਹਦੀ ਕੁਰੱਖਤ ਬੋਲੀ, ''ਕਰਚ-ਕਰਚ-ਕਰਰ-ਕਰਰ-ਕਰੂ-ਕਰੂ'' ਦੀ ਰਤਾ ਪ੍ਰਵਾਹ ਨਾ ਕਰਦੇ।

ਮੇਰੀ ਭੂਆ ਮੈਨੂੰ ਅਕਸਰ ਟੋਕਦੀ, ''ਵੇ ਤੂੰ ਵੀ ਉੱਲੂ ਹੀ ਏਂ, ਤੂੰ ਹਰ ਰੋਜ਼ ਸੋਟੀ ਲੈਕੇ ਉੱਲੂ ਨੂੰ ਉਡਾਉਣ ਕਿਉਂ ਜਾਨੈ?'' ਭੂਆ ਮੇਰਾ ਡਾਹਢਾ ਫ਼ਿਕਰ ਕਰਦੀ ਆਖਦੀ, ''ਜੇ ਤੇਰੇ ਪੈਰਾਂ 'ਤੇ ਕੋਈ ਕੀੜਾ-ਮਕੌੜਾ ਲੜ ਗਿਆ ਨੇਰੇ 'ਚ ਫੇਰ...?'' ਉਹ ਘੂਰਨ ਲੱਗਦੀ।

*****

ਦੋ-ਢਾਈ ਮਹੀਨੀਂ, ਮਾਂ ਤੇ ਭੂਆ ਕੱਚੇ ਵਿਹੜੇ 'ਚ ਗੋਹੇ ਤੇ ਲਾਲ ਮਿੱਟੀ ਦਾ ਲੇਪਣ ਕਰਦੀਆਂ। ਅਜੀਬ ਤਰ੍ਹਾਂਦੀ ਗੰਧ ਆਉਂਦੀ ਮਿੱਟੀ ਤੇ ਗੋਹੇ ਦੇ ਲੇਪਣ 'ਚੋਂ। ਉਸ ਗੰਧ ਦੇ ਖਿੱਚੇ ਹੋਏ ਅਸੀਂ ਨਿਆਣੇ ਲਾਗੇ-ਚਾਗੇ ਫਿਰਦੇ ਤੇ ਮਾਂ ਤੇ ਭੂਆ ਵਲੋਂ ਹੱਥੀਂ ਫੇਰੇ ਜਾ ਰਹੇ ਗੋਹੇ-ਮਿੱਟੀ ਦੇ ਲੇਪਣ ਉੱਤੇ ਪੈੜਾਂ ਵੀ ਕਰ ਦਿੰਦੇ। ਗੁੱਸੇ 'ਚ ਆਈ ਮਾਂ ਮੇਰੀ ਢੂਈ 'ਤੇ ਧੱਫਾ ਵੀ ਜੜ ਦੇਂਦੀ। ਭੂਆ ਮਾਂ ਨੂੰ ਟੁੱਟ ਕੇ ਪੈਂਦੀ, ''ਕਿਉਂ ਮਾਰਿਆ ਮੇਰੇ ਭਤੀਜੇ ਨੂੰ?''

ਮਾਂ ਅੱਗੋਂ ਤਲਖ ਹੁੰਦੀ, ''ਕੁੜੇ ਊਸ਼ਾ, ਤੂੰ ਈ ਸਿਰੇ ਚੜਾਇਐ ਏਹਨੂੰ, ਕਿਵੇਂ ਲਾਚੜਦੈ ਕੁੱਤਾ ਨਾ ਹੋਵੇ ਤਾਂ...।''

ਉੱਠਕੇ ਭੂਆ ਬਾਲਟੀ 'ਚੋਂ ਹੱਥ ਧੋਂਦੀ, ''ਮੈ ਨੀਫੇਰਦੀ, ਤੂੰ ਆਪੇ ਫੇਰ ਲੈ...।''

ਮੇਰੇ ਕਾਰਨ ਭੂਆ ਤੇ ਮਾਂ ਵਿਚਾਲੇ ਰੋਸਾ ਪੈਦਾ ਹੋ ਜਾਂਦਾ।

ਜਦ ਉਹ ਕੰਧੋਲੀ ਲਿੱਪਦੀਆਂ, ਤਾਂ ਮੈਂ ਰਤਾ ਵੀ ਪਾਸੇ ਨਾ ਹਿੱਲਦਾ ਉਨ੍ਹਾਂਕੋਲੋਂ। ਕੰਧੋਲੀ 'ਤੇ ਵੰਨ-ਸੁਵੰਨੇ ਮਿੱਟੀ ਦੇ ਮੋਰ, ਤੋਤੇ ਤੇ ਹੋਰ ਨਮੂਨਿਆਂ ਦਾ ਨਿੱਕ-ਸੁੱਕ ਬਣਾਉਂਦੀਆਂ ਤੇ ਬਾਅਦ 'ਚ ਉਨ੍ਹਾਂਨੂੰ ਕੱਚੀ ਮਿੱਟੀ ਦੇ ਰੰਗਾਂ ਨਾਲ ਸ਼ਿੰਗਾਰਦੀਆਂ। ਮੈਨੂੰ ਘਰ ਦਾ ਛੋਟਾ ਜਿਹਾ ਚੌਂਕਾ, ਚੁੱਲ੍ਹਾ, ਕੰਧੋਲੀ, ਤੰਦੂਰ, ਹਾਰਾ, ਕਾਲ੍ਹਾ ਕੁੱਜਾ, ਕੂੰਡਾ, ਘੋਟਣਾ ਤੇ ਦਾਦੀ ਦੀ ਪੀਹੜੀ, ਇਹ ਸਾਰਾ ਕੁਛ ਬੜਾ ਪਿਆਰਾ-ਪਿਆਰਾ ਲੱਗਣ ਲੱਗਦਾ।

ISSN: 2584-0509

(Page 137 to 154)

# ਮੇਰੇ ਤਿੰਨ ਬਾਬੇ



ਜਸਪਾਲ ਮਾਨਖੇੜਾ
+91 97800-42156

ਮੇਰੇ ਦੋਸਤ ਰਣਬੀਰ ਰਾਣਾ ਨੇ ਇੱਕ ਆਰਟੀਕਲ ਲਿਖਿਆ ਸੀ...."ਮੇਰੇ ਤਿੰਨ ਪਿਓ"। ਇਸ ਲੇਖ ਵਿੱਚ ਰਾਣੇ ਨੇ ਆਪਣੇ ਬਾਪ ਬਘੇਲ ਸਿੰਘ, ਪਾਲਣਹਾਰ ਤੇ ਤੀਜਾ ਨੇਤਰ ਖੋਲ੍ਹਣ ਵਾਲੇ ਬਾਪ ਗਿਆਨੀ ਗੁਰਦੇਵ ਸਿੰਘ ਅਤੇ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਬਾਰੇ ਲਿਖਿਆ ਸੀ। ਇਹ ਲੇਖ ਸਿੱਧੂ ਦਮਦਮੀ ਨੇ 'ਸਾਹਿਤਕ ਸੰਖ' ਮੈਗਜ਼ੀਨ ਵਿੱਚ ਛਾਪਿਆ ਸੀ। ਹੱਥਲੇ ਲੇਖ ਵਿੱਚ ਮੈਂ ਵੀ ਰਾਣੇ ਵਾਂਗ ਆਪਣੇ ਤਿੰਨ ਬਾਬਿਆਂ ਬਾਰੇ ਗੱਲ ਕਰਾਂਗਾ।

ਮੇਰਾ ਜੱਦੀ ਪਿੰਡ ਮਾਨਖੇੜਾ ਹਰਿਆਣੇ ਦੇ ਨਾਲ ਲੱਗਵਾਂ ਹੈ। ਇਹ ਪਿੰਡ ਲਗਭਗ ਪੌਣੇ ਦੋ ਸੌ ਸਾਲ ਪਹਿਲਾਂ ਪਿੰਡ ਉਗੋਕੇ (ਜ਼ਿਲ੍ਹਾ ਸੰਗਰੂਰ ਹੁਣ ਜ਼ਿਲ੍ਹਾ ਬਰਨਾਲਾ) ਦੇ ਧਾਲੀਵਾਲਾਂ ਨੇ ਵਸਾਇਆ ਸੀ। ਉੱਗੋਕੇ ਪਿੰਡ ਦਾ ਹਰੀ ਸਿੰਘ ਪਟਿਆਲੇ ਵਾਲੇ ਰਾਜੇ ਦੀ ਫੌਜ ਵਿਚ ਛੋਟਾ ਵੱਡਾ ਅਫ਼ਸਰ ਸੀ। ਉਸ ਦੇ ਕਿਸੇ ਸਾਥੀ ਨੇ ਕਿਹਾ ਸੀ।

"ਹਰੀ ਸਿਆਂ ਤੂੰ ਕਹਿੰਨਾ ਹੁੰਨੈਂ ਕਿ ਸਾਡੇ ਭਾਈਚਾਰੇ ਦੇ ਪਰਿਵਾਰ ਵੱਧ ਰਹੇ ਹਨ, ਜ਼ਮੀਨ ਘਟ ਰਹੀ ਹੈ। ਜ਼ਮੀਨ ਲੈਣੀ ਐ 'ਕੱਠੀ। ਸਾਡਾ ਇਕ ਰਿਸ਼ਤੇਦਾਰ ਪਿੰਡ ਵੇਚਦੈ,ਜੇ ਖਰੀਦਣੈ ਤਾਂ ਹੁਣ ਮੌਕੈ।"

ਹਰੀ ਸਿਓਂ ਨੇ ਪਿੰਡ ਆ ਕੇ ਭਾਈਚਾਰੇ ਨਾਲ ਗੱਲ ਕੀਤੀ। ਉੱਗੋਕੇ ਪਿੰਡ ਦੇ ਸੱਤ-ਅੱਠ ਬਜ਼ੁਰਗਾਂ ਨੇ ਘੱਗਰ-ਨਾਲੀ ਪਾਰ, ਰੇਲਵੇ ਸਟੇਸ਼ਨ ਸਰਸੇ ਤੋਂ ਵੀਹ ਕਿਲੋਮੀਟਰ ਦੂਰ,ਹੱਦਬਸਤ ਨੰਬਰ 204 ਪਿੰਡ ਖਰੀਦ ਲਿਆ। ਆਸੇ ਪਾਸੇ ਮੁਸਲਮਾਨਾਂ ਦੇ ਪਿੰਡ ਸਨ। ਐਨੇ ਸਾਰੇ ਮੁਸਲਮਾਨਾਂ ਵਿੱਚ ਦੂਰ ਪਾਰੋਂ ਆਏ ਮਲਵਈ ਸਿੱਖਾਂ ਦੇ ਪੈਰ ਲੱਗਣੇ ਸੌਖਾ ਕੰਮ ਨਹੀਂ ਸੀ। ਮਾਨਖੇੜੀਆਂ ਦੀ ਗੱਡੀ ਮੋਹੜੀ ਮੁਸਲਮਾਨ ਗਵਾਂਢੀ ਪੱਟ ਜਾਂਦੇ। ਲੜਾਈ ਹੁੰਦੀ ਤਾਂ ਮਾਨਖੇੜੇ ਵਾਲੇ ਹਾਰ ਜਾਂਦੇ। ਭੱਜਦੇ ਮਲਵਈਆਂ ਕੋਲ ਝੁਡਾਲਾਂ (ਸਰਦੂਲਗੜ੍ਹ) ਦੇ ਸੰਧੂ ਹੀ ਸਨ। ਪੁਰਾਣੇ ਬਜ਼ੁਰਗ ਦੱਸਦੇ ਹੁੰਦੇ ਨੇ....!

"ਫੇਰ ਭਾਈ... ਆਪਣੇ ਬੁੜ੍ਹਿਆਂ ਨੇ ਝੁਡਾਲਾਂ ਦੇ ਸੰਧੂਆਂ ਕੋਲ ਜਾ ਫਰਿਆਦ ਕੀਤੀ। ਸੰਧੂਆਂ ਨੂੰ ਕੁੱਲ ਰਕਬੇ ਦਾ ਤੀਜਾ ਹਿੱਸਾ ਮਾਲਕੀ  ਦੇ ਦਿੱਤੀ। ਸੰਧੂ ਪਹਿਲੇ ਦਿਨੋਂ ਲੜਾਕੇ ਹੁੰਦੇ ਨੇ। ਆਪਣੇ ਬੁੜ੍ਹਿਆਂ ਤੇ ਸੰਧੂਆਂ ਨੇ ਰਲਕੇ ਪਚਾਧੇ ਕੁੱਟੇ ਤਾਂ ਕਿਤੇ ਜਾ ਕੇ ਪਿੰਡ ਬੱਝਿਆ...!"

ਮਾਨਖੇੜਾ ਦੋ ਬਜ਼ੁਰਗਾਂ ਮਿਰਜ਼ਾ ਤੇ ਮਿਸਰੀ ਦੀ ਔਲਾਦ ਹੈ। ਮਿਰਜ਼ੇ ਕਿਆਂ ਚੋਂ ਸਾਡੇ ਲਾਣੇ ਦਾ, ਬਾਬਾ ਗੁੰਨੀ (ਪੂਰਾ ਨਾਂ ਗੁਰਦਿੱਤ ਸਿੰਘ) ਆਵਦੇ ਲੱਕ ਨਾਲ ਬਾਸਨੀ (ਸੋਨੇ ਚਾਂਦੀ ਦੇ ਰੁਪਈਏ)  ਬੰਨ੍ਹ ਕੇ ਪਿੰਡ ਬੰਨ੍ਹਣ ਵੇਲੇ ਨਾਲ ਆਇਆ ਸੀ। ਬਾਬੇ ਗੁੰਨੀ ਦੇ ਤਿੰਨ ਪੁੱਤਰ

ਕਾਲ੍ਹਾ ਸਿਓਂ,ਭੱਮਾ ਸਿਓਂ,ਝੰਡਾ ਸਿਓਂ ਸਨ। ਮੇਰਾ ਪੜਦਾਦਾ ਕਾਲ੍ਹਾ ਸਿਓਂ ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋ ਗਿਆ। ਉਹ ਪਹਿਲੀ ਸੰਸਾਰ ਜੰਗ ਵਿੱਚ ਬਰ੍ਹਮਾਂ ਦੇ ਫਰੰਟ ਤੇ ਲੜਦਾ ਸ਼ਹੀਦ ਹੋ ਗਿਆ ਸੀ। ਉਸ ਦੀ ਘਰਵਾਲੀ ਹਰ ਕੁਰ (ਮੇਰੀ ਪੜਦਾਦੀ) ਤੇ ਉਸ ਦੇ ਛੇਆਂ ਪੁੱਤਰਾਂ ਦੇ ਨਾਮ ਪੈਨਸ਼ਨ ਲੱਗ ਗਈ। ਜਦੋਂ ਮੁੰਡਾ ਬਾਲਗ ਹੋ ਜਾਂਦਾ ਪੈਨਸ਼ਨ ਹਟ ਜਾਂਦੀ। ਅੱਖਾਂ ਤੋਂ ਮਨਾਖੀ ਪੜਦਾਦੀ ਹਰ ਕੁਰ ਦੀ ਮਰਦੇ ਦਮ ਤੱਕ ਪੈਨਸ਼ਨ ਰਹੀ। ਬਾਬੇ ਕਾਲ੍ਹਾ ਸਿਓਂ ਦਾ ਘਰ ਤੇ ਔਲਾਦ ਉਸ ਦੇ ਛੋਟੇ ਅਣਵਿਆਹੇ ਭਰਾ ਝੰਡਾ ਸਿਓਂ ਨੇ ਸਾਂਭਿਆ। ਸਾਡੇ ਘਰਾਂ ਨੂੰ ਅਜੇ ਵੀ ਝੰਡੇ ਕੇ, ਝੰਡੇ ਕਾ ਲਾਣਾ ਕਹਿੰਦੇ ਨੇ। ਮੇਰੀ ਦਾਦੀ, ਮਾਂ, ਅਸੀਂ ਜਵਾਕ ਲਾਗਲੇ ਪਿੰਡ ਝੰਡਾ ਕਲਾਂ ਨੂੰ ਵੱਡਾ ਪਿੰਡ ਕਹਿੰਦੇ ਰਹੇ ਹਾਂ।

ਬਾਬੇ ਕਾਲ੍ਹਾ ਸਿਓਂ ਦੇ ਛੇ ਪੁੱਤ ਸਨ-ਸੰਤਾ ਸਿੰਘ,ਬੱਗਾ ਸਿੰਘ, ਅਮਰੀਕ ਸਿੰਘ, ਬੰਤਾ ਸਿੰਘ,ਕੀਕਾ ਸਿੰਘ,ਕਰਤਾਰਾ ਸਿੰਘ। ਧੀ ਨਹੀਂ ਸੀ। ਵੱਡਾ ਸੰਤਾ ਸਿੰਘ ਪਟਿਆਲੇ ਵਾਲੇ ਰਾਜੇ ਦੀ ਫੌਜ ਵਿੱਚ ਦਫੇਦਾਰ ਸੀ। ਉਸ ਨੂੰ ਉਗੋ ਵਾਲੀ ਜ਼ਮੀਨ ਦਿੱਤੀ ਹੋਈ ਸੀ। ਉਸ ਦੀ ਔਲਾਦ ਅਜੇ ਉੱਗੋਕੇ ਹੀ ਰਹਿੰਦੀ ਹੈ।

ਬਾਕੀ ਪੰਜ ਭਰਾ ਮਾਨਖੇੜੇ ਰਹਿੰਦੇ ਹਨ। ਸਾਡਾ ਬਾਬਾ ਬੱਗਾ ਸਿੰਘ ਅੰਗਰੇਜ਼ੀ ਫੌਜ ਵਿੱਚ ਸੀ। ਉਸ ਨੇ ਦੂਜੀ ਸੰਸਾਰ ਜੰਗ ਲੜੀ ਸੀ। ਉਹ ਸੂਬੇਦਾਰ ਦੇ ਉਚੇ ਅਹੁਦੇ ਤੋਂ ਰਿਟਾਇਰ ਹੋਇਆ ਸੀ। ਬਾਬੇ ਦਾ ਇਕ ਭਰਾ ਬੰਤਾ ਸਿੰਘ ਵੀ ਫੌਜੀ ਸੀ ਤੇ ਉਹ ਹੌਲਦਾਰ ਰਿਟਾਇਰ ਹੋਇਆ ਸੀ।

ਬਾਬੇ ਬੰਤੇ ਦੀ ਫੌਜ ਵਿੱਚ ਭਰਤੀ ਹੋਣ ਦੀ ਕਹਾਣੀ ਅਜੀਬ ਹੈ।

ਬਾਬੇ ਬੰਤੇ ਦਾ ਕੱਦ ਬਹੁਤ ਛੋਟਾ ਸੀ। ਮਸਾਂ ਪੰਜ ਫੁੱਟ ਤੋਂ ਇਕ ਦੋ ਇੰਚ ਉਤੇ। ਪਰ ਉਹ ਫੁਰਤੀਲਾ ਬਹੁਤ ਸੀ। ਬਾਬਾ ਬੰਤਾ ਕਿਸੇ ਛਾਉਣੀ (ਸ਼ਾਇਦ ਰਾਵਲਪਿੰਡੀ) ਆਪਣੇ ਭਰਾ ਨੂੰ ਮਿਲਣ ਚਲਾ ਗਿਆ,ਮਨ ਵਿੱਚ ਭਰਤੀ ਹੋਣ ਦੀ ਆਸ ਲੈ ਕੇ। ਬਾਬਾ ਬੱਗਾ ਸਿੰਘ ਘੋੜਾ ਲਈਂ ਇਧਰ ਉਧਰ ਜਾ ਰਿਹਾ ਸੀ ਨਾਲ ਛੋਟਾ ਭਰਾ ਬਾਬਾ ਬੰਤਾ। ਰਾਹ ਵਿੱਚ ਕੋਈ ਅੰਗਰੇਜ਼ ਅਫ਼ਸਰ ਮਿਲ ਗਿਆ ਤੇ ਬਾਬੇ ਕੋਲ ਰੁਕ ਵੀ ਗਿਆ। ਬਾਬੇ ਨੇ ਸਲੂਟ ਠੋਕ ਕੇ ਆਖਿਆ...।

"ਸਾਹਬ ਯੇਹ ਮੇਰਾ ਬਰਦਰ ਹੈ ਇਸ ਕੋ ਫੌਜ ਮੇਂ ਭਰਤੀ ਕਰਨੈ।"

ਅੰਗਰੇਜ਼ ਅਫ਼ਸਰ ਬਾਬੇ ਬੰਤੇ ਦੇ ਮਧਰੇ ਕੱਦ ਵੱਲ ਵੇਖ ਕੇ ਹੱਸਿਆ ਤੇ ਕਹਿਣ ਲੱਗਾ।

"ਇਸ ਕੋ.... ਬੱਗਾ ਸੀਂਘ,ਯੇਹ ਘੋਰੇ ਪਰ ਕੈਸੇ ਚਰੇਗਾ।"

ਬਾਬਾ ਬੰਤਾ ਅੰਗਰੇਜ਼ ਦੀ ਟੁੱਟੀ ਫੁੱਟੀ ਹਿੰਦੀ ਸਮਝ ਗਿਆ। ਉਸ ਘੋੜੇ ਦੀ ਧੌਣ ਦੇ ਵਾਲ ਫੜੇ,ਬਾਂਦਰ ਵਾਂਗ ਟਪੂਸੀ ਮਾਰ ਕੇ ਘੋੜੇ ਦੀ ਪਿੱਠ ਤੇ ਚੜ੍ਹ ਗਿਆ। ਅੰਗਰੇਜ਼ ਅਫ਼ਸਰ ਵੱਲ ਵੇਖ ਕੇ ਮੁਸਕਰਾਇਆ। ਫਿਰ ਟਪੂਸੀ ਮਾਰ ਦੂਜੇ ਪਾਸੇ ਹੇਠਾਂ ਉਤ੍ਰਰ ਗਿਆ। ਦੂਜੇ ਪਾਸਿਉਂ ਫੇਰ ਬੁੜ੍ਹਕਿਆ ਤੇ ਘੋੜੇ ਦੀ ਕੰਡ ਤੇ ਜਾ ਬੈਠਾ। ਫਿਰ ਹੇਠਾਂ ਉਤ੍ਰਰਿਆ ਤੇ ਅਫ਼ਸਰ ਨੂੰ ਟੁੱਟਿਆ ਜਿਆ ਸਲੂਟ ਠੋਕਿਆ।

ਗੋਰਾ ਅਫ਼ਸਰ ਖੁਸ਼ ਹੋ ਗਿਆ।

"ਅਰੇ ਬੱਗਾ ਸੀਂਘ ਯੇਹ ਤੋ..... ਭਰਤੀ ਕੀਆ।"

ਬਾਬੇ ਬੰਤੇ ਨੂੰ ਇਨਫੈਂਟਰੀ ਵਿੱਚ ਤਾਂ ਨਹੀਂ, ਪਿੱਛੇ ਰਾਸ਼ਨ ਦੇਣ ਵਾਲਿਆਂ ਵਿੱਚ ਭਰਤੀ ਕਰ ਲਿਆ। ਉਥੋਂ ਉਹ ਬਹੁਤ ਸਾਰੀਆਂ 'ਬਹਿਵਤਾਂ ਤੇ ਚਲਾਕੀਆਂ' ਸਿੱਖ ਕੇ ਰਿਟਾਇਰ ਹੋ ਕੇ ਘਰ ਆਇਆ।

ਬਾਬਿਆਂ ਦਾ ਇਕ ਭਰਾ ਕੀਕਾ ਸੀ। ਉਹ ਆਪਣੀ ਅੰਨ੍ਹੀ ਮਾਂ ਨਾਲ ਰੋਟੀ ਟੁੱਕ ਪਕਾਉਂਦਾ,ਘਰਦੇ ਔਰਤਾਂ ਵਾਲੇ ਕੰਮ ਕਰਦਾ 'ਚੌਕੇ ਚੁਲ੍ਹੇ' ਜੋਗਾ ਹੀ ਰਹਿ ਗਿਆ। ਉਹ ਖੇਤੀ ਦੇ ਭਾਰੇ ਕੰਮਾਂ ਤੋਂ ਵੀ ਖੁੰਝ ਗਿਆ ਤੇ ਵਿਆਹ ਤੋਂ ਵੀ ਵਾਂਝਾ ਰਹਿ ਗਿਆ। ਮਾਂ ਦੀ ਮੌਤ ਤੋਂ ਬਾਅਦ ਭਰਾਵਾਂ ਨੇ ਬਾਬੇ ਕੀਕੇ ਨੂੰ ਅੱਡ ਕਰ ਦਿੱਤਾ। ਸਿਰਫ ਰੋਟੀ ਟੁੱਕ ਪਕਾਉਂਣ ਜੋਗਾ, ਦੁਨੀਆਂ ਦਾਰੀ ਤੋਂ ਅਣਭੋਲ ਬਾਬਾ ਕੀਕਾ ਵਾਹੀ ਲਈ ਦੋ ਬਲਦ ਖ਼ਰੀਦ ਲਿਆਇਆ। ਬਲਦਾਂ ਵਿੱਚ ਉਸ ਨਾਲ ਠੱਗੀ ਵੱਜ ਗਈ। ਬਾਬੇ ਦੇ ਭਰਾਵਾਂ ਨੇ ਅੱਡ ਵਿੱਢ੍ਹ ਭਰਾ ਨੂੰ..... 'ਸਾਲਾ ਜਨਾਨੜਾ,ਏਹਨੂੰ ਬੰਦਿਆਂ ਆਲੇ਼ ਕੰਮਾਂ ਦਾ ਕੀ ਪਤੈ' ਆਖ ਆਖ ਕੇ ਤੰਗ ਪ੍ਰੇਸ਼ਾਨ ਕੀਤਾ।

ਸ਼ਰੀਕ ਭਰਾਵਾਂ ਦੀਆਂ ਗਾਹਲਾਂ, ਤਾਹਨੇ, ਮਿਹਣਿਆਂ ਤੋਂ ਤੰਗ ਆ ਕੇ ਬਾਬੇ ਕੀਕੇ ਨੇ ਖੁਦਕੁਸ਼ੀ ਕਰ ਲਈ। ਘਰ ਦੀ ਲਟੈਣ ਨਾਲ ਰੱਸਾ ਪਾ ਕੇ ਫਾਹਾ ਲੈ ਲਿਆ।

ਬਾਕੀ ਬਚ ਗਏ ਤਿੰਨ ਭਰਾ..... ਮੇਰੇ ਤਿੰਨ ਬਾਬੇ। ਸੂਬੇਦਾਰ ਬੱਗਾ ਸਿੰਘ ਉਰਫ ਸਾਡਾ ਵੱਡਾ ਬਾਬਾ। ਅਮਰੀਕ ਸਿੰਘ ਉਰਫ ਮਰੀਕਾ ਸਿੱਖ ਉਰਫ਼ ਸਾਡਾ ਬਾਬਾ ਸਿੱਖ। ਕਰਤਾਰ ਸਿੰਘ ਉਰਫ ਕਰਤਾਰਾ ਉਰਫ ਸਾਡਾ ਛੋਟਾ ਬਾਬਾ।

ਆਓ ਮਿਲਾਉਨੇ ਆਂ ਮੇਰੇ ਤਿੰਨ ਬਾਬਿਆਂ ਨੂੰ....!

**ਸੂਬੇਦਾਰ ਬੱਗਾ ਸਿੰਘ ਉਰਫ ਵੱਡਾ ਬਾਬਾ**

ਸੂਬੇਦਾਰ ਬੱਗਾ ਸਿੰਘ ਮੇਰਾ ਸਕਾ ਬਾਬਾ ਹੈ। ਮੇਰੇ ਬਾਪ ਜੋਗਿੰਦਰ ਸਿੰਘ ਦਾ ਬਾਪ। ਉਸ ਜ਼ਮਾਨੇ ਵਿੱਚ ਵੀ ਬਾਬੇ ਦਾ ਸੀਮਤ ਪਰਿਵਾਰ ਸੀ। ਦੋ ਪੁੱਤਰ, ਮੇਰਾ ਬਾਪੂ ਜੋਗਿੰਦਰ ਸਿੰਘ ਅਤੇ ਚਾਚਾ ਆਤਮਾ ਸਿੰਘ। ਇਕ ਧੀ, ਬੀਬੀ ਭੂਆ। ਸਾਡੀ ਦਾਦੀ ਨਿਹਾਲ ਕੌਰ ਬਹੁਤ ਹੀ ਸੁਘੜ-ਸਿਆਣੀ, ਸੁਹਜ-ਸਲੀਕੇ ਵਾਲੀ ਦਾਨੀ-ਬੀਨੀ ਔਰਤ ਸੀ। ਉਹ ਬਾਬੇ ਨਾਲ ਫ਼ੌਜੀ ਛਾਉਣੀਆਂ ਵਿੱਚ ਵੀ ਰਹੀ ਤੇ ਪਿੰਡ ਕਿਸਾਨੀ ਵਾਲੇ ਸੰਯੁਕਤ ਪਰਿਵਾਰ ਵਿੱਚ ਵੀ। ਇਸ ਕਰਕੇ ਉਸ ਨੂੰ ਮੁਲਾਜ਼ਮਾਂ, ਅਫ਼ਸਰਾਂ ਵਾਲਾ ਸਲੀਕਾ ਵੀ ਆਉਂਦਾ ਸੀ ਤੇ ਕਿਸਾਨ ਟੱਬਰਾਂ ਵਾਲਾ ਖੁਲ੍ਹ ਖੁਲਾਸਾ ਤੇ ਧੜੱਲਾ ਵੀ। ਉਹ ਲੁਗ ਲੁਗ ਕਰਦੇ ਫੁਲਕੇ ਵੀ ਸ਼ੌਂਕ ਨਾਲ ਪਕਾਉਂਦੀ ਸੀ ਤੇ ਖੇਤਾਂ ਵਿੱਚ ਕੰਮ ਕਰਦੇ ਕਾਮਿਆਂ ਲਈ ਅੰਨ੍ਹੇਂ ਦੀ ਹਿੱਕ ਵਰਗੀਆਂ ਰੋਟੀਆਂ ਵੀ ਉਸੇ ਮੋਹ ਨਾਲ ਲਾਹੁੰਦੀ ਸੀ। ਬਾਬੇ ਨਾਲ ਅੰਬੋ ਦਾ ਬਹੁਤ ਹੀ ਸੁਹਾਵਣਾ ਸਫ਼ਰ ਰਿਹਾ। ਅਸੀਂ ਉਨ੍ਹਾਂ ਨੂੰ ਕਦੇ ਵੀ ਲੜਦਿਆਂ,ਖਿਝਦੇ-ਤਪਦੇ ਨਹੀਂ ਵੇਖਿਆ ਤੇ ਨਾ ਹੀ ਮਾਂ ਬਾਪ ਤੋਂ ਸੁਣਿਆ ਹੈ। ਮੇਰੀ ਦਾਦੀ ਮੋਹ ਵੰਨੀ ਸ਼ਰੀਫ਼ ਔਰਤ ਸੀ।

ਇਉਂ ਹੀ ਮੇਰਾ ਬਾਬਾ ਭਲਾਮਾਣਸ, ਸ਼ਰੀਫ਼ ਤੇ ਭੋਲਾ ਭਾਲਾ ਇਨਸਾਨ ਸੀ।ਮੇਰੀ ਮਾਂ ਦੱਸਦੀ ਹੁੰਦੀ ਹੈ।

"ਬਾਬਾ ਤੈਨੂੰ ਬਹੁਤ ਮੋਹ ਕਰਦਾ ਸੀ। ਤੂੰ ਨਿੱਕਾ ਹੁੰਦਾ ਬਹੁਤ ਬਿਮਾਰ ਰਹਿੰਦਾ ਸੀ,ਰਿਹਾੜ ਬਹੁਤ ਕਰਦਾ ਸੀ। ਬਾਬਾ ਤੈਨੂੰ ਸਾਰੀ-ਸਾਰੀ ਰਾਤ ਚੱਕੀਂ ਗੇੜੇ ਦੇਈਂ ਜਾਂਦਾ। ਸੁੱਤੇ ਹੋਏ ਨੂੰ ਵੀ ਮੰਜੇ 'ਤੇ ਨਾ ਪਾਉਂਦਾ। ਕਹਿੰਦਾ ਪਾਏ ਤੋਂ ਜਵਾਕ ਜਾਗ ਪਊ।"

ਬੇਬੇ ਦੱਸਦੀ ਹੁੰਦੀ ਹੈ ਕਿ ....!!!

"ਇੱਕ ਵਾਰ ਤੂੰ ਬਿਮਾਰ ਹੋ ਗਿਆ। ਬਾਬਾ ਤੈਨੂੰ ਮੋਢੇ ਚੁੱਕ ਕੇ ਤੁਰ ਕੇ ਸਰਸੇ ਤੋਂ ਦਵਾਈ ਲਿਆਇਆ। ਤਪੇ ਤੋਂ ਸੰਤ ਹਰੀ ਕਿਸ਼ਨ ਤੋਂ ਦਵਾਈਆਂ ਲਿਆ ਕੇ ਦਿੰਦਾ। 'ਕੇਰਾਂ ਤੂੰ ਬਿਮਾਰ। ਬਾਬੇ ਨੇ ਗੋਦੀ ਚੱਕਿਆ ਹੋਇਆ। ਤੂੰ ਰਿਹਾੜ ਕਰਦਾ ਕਹਿੰਦਾ 'ਔਹ ਲਾਸ (ਬਹੁਤ ਵੱਡਾ ਤੇ ਮੋਟਾ ਰੱਸਾ) ਵੀ ਚੱਕ'... । ਬਾਬਾ ਦਸ ਸੇਰ ਪੱਕੀ ਲਾਸ ਮੋਢੇ ਤੇ ਧਰੀਂ ਤੈਨੂੰ ਲੋਰੀਆਂ ਦੇਈਂ ਗਿਆ। ਇਕ ਵਾਰ ਤੂੰ ਘੱਗਰਾ ਹੀ ਚੁਕਾਈ ਰੱਖਿਆਂ ਬਾਬੇ ਨੂੰ...!"

ਮੈਂ ਨਿੱਕਾ ਹੁੰਦਾ ਬਾਬੇ ਨਾਲ ਪੈਂਦਾ ਹੁੰਦਾ ਸੀ। ਸਾਡੇ ਅੰਦਰਲੇ ਘਰੇ 62 ਬਾਲਿਆ ਤੇ ਬਹੁਤ ਵੱਡਾ ਦਰਵਾਜ਼ਾ (ਦਲ੍ਹਾਨ) ਸੀ। ਇਕ ਪਾਸੇ ਉਚਾ ਚੌਂਤਰਾ ਬਣਾ ਕੇ ਪੈਣ ਸੌਣ ਲਈ ਮੰਜੇ ਡਾਹੇ ਹੁੰਦੇ ਸਨ। ਬਾਕੀ ਦਰਵਾਜ਼ੇ ਵਿੱਚ ਪਸ਼ੂ ਬੰਨ੍ਹਦੇ। ਮੈਂ ਬਾਬੇ ਨਾਲ ਪਿਆ ਕਹੀਂ ਜਾਵਾਂ.... ।

"ਐਨੇ ਥਾਂ ਵਿੱਚ ਆਪਣੇ ਨਾਲ ਕਿੰਨੇ ਜਣੇ ਹੋਰ ਪੈ ਜਾਣ ਬਾਬਾ...?"

"ਇੱਕ ਪੈਜੇ...!"
"ਹੁਣ ਕਿੰਨੇ ਪੈ ਜਾਣ...?" ਮੈਂ ਬਾਬੇ ਤੋਂ ਥੋੜ੍ਹਾ ਪਰ੍ਹੇ ਨੂੰ ਸਰਕ ਗਿਆ।
ਬਾਬਾ ਵੀ ਥੋੜ੍ਹਾ ਸਰਕ ਗਿਆ ਤੇ ਬੋਲਿਆ," ਦੋ ਪੈ ਜਾਣ!"
"ਹੁਣ....?"
"ਤਿੰਨ....!"
"ਹੁਣ....?"
" ਚਾਰ...!"
" ਹੁਣ...?" ਸਰਕਦਾ ਸਰਕਦਾ ਮੈਂ ਮੰਜੇ ਤੋਂ ਹੇਠਾਂ ਡਿੱਗ ਪਿਆ।
ਦਰਵਾਜ਼ੇ ਵਿੱਚ ਡੰਗਰ ਬੰਨ੍ਹਦਾ ਮੇਰਾ ਚਾਚਾ ਬੋਲਿਆ, "ਹੁਣ ਤਾਂ ਕਈ ਜਣੇ ਪੈ ਜਾਣ। ਲਾਚੜੇ ਦਾਦਾ ਪੋਤਾ ਕੀ ਲੱਛਣ ਕਰੀਂ ਜਾਂਦੇ ਐ!"
"ਜਵਾਕ ਨੂੰ ਚੱਕ ਲੈ ਭੱਜ ਕੇ,ਹੋਰ ਈ ਭਕਾਈ ਮਾਰੀ ਜਾਨੈਂ...!" ਬਾਬਾ ਚਾਚੇ ਨੂੰ ਭੱਜ ਕੇ ਪਿਆ ਸੀ।

* * * *

ਬਾਬੇ ਦਾ ਸੁਭਾਅ ਬਹੁਤ ਨਰਮ ਸੀ। ਉਹ ਰਹਿਣ-ਸਹਿਣ, ਪਹਿਨਣ ਤੇ ਖਾਣ ਪੀਣ ਦਾ ਸ਼ੁਕੀਨ ਸੀ। ਬਾਬਾ ਥਾਲ਼ੀ ਵਿੱਚ ਧਰ ਕੇ ਰੋਟੀ ਖਾਂਦਾ। ਸ਼ੌਕ ਤੇ ਸਵਾਦ ਨਾਲ ਦੁੱਧ ਚਾਹ ਪੀਂਦਾ। ਮੀਟ ਆਂਡੇ ਵੀ ਖਾਂਦਾ। ਕਦੇ ਕਦੇ ਸ਼ਰਾਬ ਵੀ ਪੀ ਲੈਂਦਾ। ਸਿਆਲਾਂ ਦੇ ਦਿਨਾਂ ਵਿੱਚ ਉਹ ਰੰਮ ਵਿੱਚ ਆਂਡਾ ਫੈਂਟ ਕੇ ਪੀਂਦਾ। ਬਾਬਾ ਨਿੱਤਨੇਮੀ ਵੀ ਸੀ। ਉਹ ਪਾਠ ਹਰ ਰੋਜ ਕਰਦਾ,ਦੋ ਵੇਲੇ। ਆਥਣ ਤੜਕੇ। ਸਵੇਰ ਵੇਲੇ ਬਾਬਾ ਮੂੰਹ ਹਨੇਰੇ ਉਠਦਾ। ਖੱਦਰ ਦਾ ਪਰਨਾ ਤੇ ਕਛਹਿਰਾ ਚੱਕਦਾ। ਲੋਹੇ ਦੇ ਕੁੰਡੇ ਵਾਲੀ ਪਿੱਤਲ ਦੀ ਗੜਵੀ ਪਾਣੀ ਦੀ ਭਰਦਾ। ਬਾਹਰ ਖੇਤਾਂ ਵਿੱਚ ਜੰਗਲ ਪਾਣੀ ਜਾਂਦਾ। ਮੁੜਦਾ ਹੋਇਆ ਖੂਹ ਤੇ ਨਹਾ ਕੇ ਆਉਂਦਾ। ਘਰੇ ਆ ਕੇ ਜਪੁਜੀ ਸਾਹਿਬ ਪੜ੍ਹਦਾ। ਸ਼ਾਮ ਵੇਲੇ ਹੱਥ ਪੈਰ ਸੁੱਚੇ ਕਰਕੇ ਰਹਿਰਾਸ ਕਰਦਾ। ਬਾਬੇ ਨੇ ਅੰਮ੍ਰਿਤ ਨਹੀਂ ਸੀ ਛਕਿਆ ਹੋਇਆ। ਬਹੁਤ ਸਾਰੀ ਗੁਰਬਾਣੀ ਉਸ ਨੂੰ ਅਰਥਾਂ ਸਮੇਤ ਯਾਦ ਸੀ।
ਬਾਬਾ ਕਈ ਛਾਉਣੀਆਂ ਵਿੱਚ ਰਿਹਾ। ਮੇਰੇ ਬਾਪ ਦਾ ਜਨਮ ਰਾਵਲਪਿੰਡੀ ਛਾਉਣੀ ਵਿੱਚ ਹੋਇਆ ਸੀ। ਸੁਣਿਆ ਹੈ ਕਿ ਉਹ ਰਿਟਾਇਰਮੈਂਟ ਬਾਅਦ ਗਵਾਲੀਅਰ ਕਿਸੇ ਮਿੱਲ ਵਿੱਚ

ਸਕਿਉਰਟੀ ਅਫ਼ਸਰ ਵੀ ਰਿਹਾ। ਅਸੀਂ ਕਿੰਨੇ ਨਿਕੰਮੇ ਹਾਂ ਕਿ ਕਦੇ ਵੀ ਗਵਾਲੀਅਰ ਜਾ ਕੇ ਬਾਬੇ ਦੀ ਕਰਮਭੂਮੀ ਉਹ ਮਿੱਲ ਨਹੀਂ ਦੇਖੀ।

ਬਾਬਾ ਜਿੰਨਾ ਸ਼ਰੀਫ਼ ਸੀ ਉਨਾਂ ਦਲੇਰ ਵੀ ਸੀ।

ਦੱਸਦੇ ਹੁੰਦੇ ਨੇ ਇਕ ਵਾਰ ਬਾਬਾ ਮਾਨਸਾ ਤੋਂ ਪਿੰਡ ਨੂੰ ਆ ਰਿਹਾ ਸੀ। ਬਾਬੇ ਦੇ ਪੂਰੀ ਵਰਦੀ ਕਸੀ ਹੋਈ,ਹੇਠ ਘੋੜਾ। ਉਦੋਂ ਮਾਨਸਾ ਤੋਂ ਸਰਦੂਲਗੜ੍ਹ ਨੂੰ ਕੱਚਾ ਰਾਹ ਜਾਂਦਾਂ ਸੀ। ਰਾਹ ਦੇ ਦੋਵੇਂ ਪਾਸੀਂ ਸੱਤ-ਅੱਠ ਫੁੱਟ ਉਚੇ ਬਾਜ਼ਰੇ ਦੇ ਖੇਤ। ਝੁਨੀਰ ਦੇ ਨੇੜੇ ਤੇੜੇ ਬਾਬੇ ਨੂੰ ਡਾਕੂਆਂ ਨੇ ਘੇਰ ਲਿਆ। ਬਾਬੇ ਨੇ ਉਨ੍ਹਾਂ ਨੂੰ ਜਬ੍ਹੇ ਨਾਲ ਜਵਾਬ ਦਿੱਤਾ....।

"ਲੁੱਟਣਾ ਐ ਤਾਂ ਲੁੱਟ ਲਵੋ, ਮਾਰਨਾ ਐ ਤਾਂ ਮਾਰ ਦਿਓ। ਮੈਂ ਖਾਲੀ ਹੱਥ ਹਾਂ ਪਰ ਇਹ ਬਹਾਦਰਾਂ ਵਾਲਾ ਕੰਮ ਨਹੀਂ ਜਿਹੜਾ ਤੁਸੀਂ ਕਰ ਰਹੇ ਹੋ, ਨੇੜੇ ਤੇੜੇ ਦੇ ਪੰਜਾਹ ਪਿੰਡਾਂ ਚੋਂ ਇਕੋ ਇਕ ਫ਼ੌਜੀ ਅਫ਼ਸਰ ਹਾਂ। ਕਦੇ ਮਾੜਾ ਕੰਮ ਨ੍ਹੀਂ ਕੀਤਾ। ਦੇਸ਼ ਵਾਸਤੇ ਲੜਿਆ ਹਾਂ। ਵਰ੍ਹਦੀਆਂ ਗੋਲ਼ੀਆਂ ਵਿੱਚ ਨਹੀਂ ਡਰਿਆ।ਡਰਦਾ ਸੋਡੇ ਤੋਂ ਵੀ ਨਹੀਂ। ਮਿੰਨਤ ਨ੍ਹੀਂ ਕਰਦਾ। ਜ਼ਿੰਦਗੀ ਦੀ ਭੀਖ ਨ੍ਹੀਂ ਮੰਗਦਾ। ਅੱਗੇ ਸੋਡੀ ਮਰਜ਼ੀ...!"

ਡਾਕੂ ਖਾਮੋਸ਼। ਕਹਿੰਦੇ...'ਜਾਹ....!' ਡਾਕੂਆਂ ਦਾ ਸਰਦਾਰ ਦਸ ਕੋਹ ਬਾਬੇ ਨਾਲ ਗੱਲਾਂ ਮਾਰਦਾ ਆਇਆ।

ਜੰਗਾਂ ਦਾ ਲੜਾਕਾ, ਵੈਰੀਆਂ ਤੇ ਗੋਲੀਆਂ ਦਾਗਣ ਵਾਲਾ, ਡਾਕੂਆਂ ਤੋਂ ਵੀ ਨਾ ਝਿੱਫਣ ਵਾਲਾ ਬਾਬਾ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਲੜਦਾ ਆਮ ਆਦਮੀ ਵਾਂਗ ਪ੍ਰੇਸ਼ਾਨ ਵੀ ਹੋ ਜਾਂਦਾ ਸੀ।

ਦੱਸਣ ਵਾਲੇ ਦੱਸਦੇ ਹਨ ਕਿ ਬਾਬੇ ਨੇ ਆਵਦੇ ਦੋਵਾਂ ਪੁੱਤਰਾਂ ਦਾ ਵਿਆਹ ਰੱਖਿਆ ਹੋਇਆ ਸੀ। ਬਾਬਾ ਸਰਸੇ ਤੋਂ ਸਿਰ ਤੇ ਸੌਦਾ ਪੱਤਾ ਚੁੱਕੀ ਪੈਦਲ ਹੀ ਆ ਰਿਹਾ ਸੀ। ਗਰਮੀ ਦੀ ਰੁੱਤ, ਤਪਦੇ ਟਿੱਬੇ, ਸਿਰ ਤੇ ਭਾਰ। ਸੋਹਲ ਬਾਬਾ ਮਰਨ ਆਲ਼ਾ ਹੋਇਆ ਆਵੇ। ਰਸਤੇ ਚ ਉਹਦਾ ਘਰਾਂ ਚੋਂ ਲੱਗਦਾ ਚਾਚਾ ਟੱਕਰ ਗਿਆ। ਕਹਿਣ ਲੱਗਾ!

"ਕਿਹੜਾ, ਬੱਗਾ ਸਿਓਂ ਐ,ਕਿਮੇਂ ਫੌਜੀ ਟੱਟੂ ਆਂਗੂੰ ਰੇਵੀਏ ਚਾਲ ਪਿਆ ਜਾਨੈਂ....?"

ਬੌਂਦਲਿਆ ਬਾਬਾ ਟਿੱਚਰ ਤੇ ਖਿੱਝ ਗਿਆ।

"ਕਰ ਲੈ ਝਹੇਡਾਂ ਚਾਚਾ ਬੁੱਘਿਆ... ਮੇਰੇ ਤੇ ਵਖਤ ਪਿਐ।"

ਬੁੱਘੇ ਬੁੜ੍ਹੇ ਨੇ ਕੰਨ ਚੁੱਕ ਲਏ, ਸੋਚਿਆ 'ਹੈਂ ਆਹ ਕੀ..?' ਫਿਰ ਝਿੜਕਣ ਵਾਲਿਆਂ ਵਾਂਗ ਬੋਲਿਆ....!

"ਹੇਖਾਂ ਮਾਂ ਯਹਾਵਾ, ਗੱਲਾਂ ਕੇਹੋ ਜੀਆਂ ਕਰਦੈ! ਅੱਜ ਦੇ ਜ਼ਮਾਨੇ ਚ ਮੁੱਲ ਦੇ ਸਾਕ ਨ੍ਹੀਂ ਹੁੰਦੇ, ਤੇਰੇ ਦੋ ਮੁੰਡਿਆਂ ਨੂੰ ਘੋੜੀਆਂ ਜੋੜੀਆਂ ਨਾਲ ਸਾਕ ਹੋਏ ਨੇ....ਅਜੇ ਤੇਰੇ ਤੇ ਵਖਤ ਪਿਐ,ਸੌਹਰਾ ਗੋਰਾ ਬਲਦ...!"

ਮੇਰਾ ਬਾਬਾ ਰੰਗ ਦਾ ਗੋਰਾ,ਛੇ ਫੁੱਟ ਤੋਂ ਰਤਾ ਵੱਧ, ਦਰਸ਼ਨੀ ਜਵਾਨ ਸੀ। ਫ਼ੌਜ ਤੇ ਕਿਸਾਨੀ ਕਿੱਤੇ ਦਾ ਕਮਾਇਆ ਕਸਰਤੀ ਜੁੱਸਾ। ਚਿਣ ਚਿਣ ਕੇ ਬੰਨ੍ਹੀ ਪੱਗ,ਡੋਰੀ ਪਾ ਕੇ ਚੜ੍ਹਾਈ ਦਾੜ੍ਹੀ। ਧੋਤੇ ਸਮਾਰੇ ਕੱਪੜੇ ਪਾ ਕੇ ਰੱਖਦਾ ਬਾਬਾ....।

* * * *

ਇਕ ਵਾਰ ਸਾਡੇ ਬਾਬਿਆਂ ਦੀ ਸਕੇ ਚਾਚੇ ਦੇ ਪੁੱਤਰਾਂ ਨਾਲ ਲੜਾਈ ਹੋ ਗਈ। ਕੜੀਆਂ ਵਰਗੇ ਚਾਰ ਪੰਜ ਭਰਾ ਉਹ। ਚਾਰ ਪੰਜ ਬਾਬੇ ਹੋਰੇ ਚਾਚੇ-ਭਤੀਜੇ। ਡਾਂਗਾਂ ਸੋਟੇ ਕਿਰਪਾਨਾਂ ਚੱਲੀਆਂ। ਸੱਟਾਂ ਵੱਜੀਆਂ, ਲੱਤਾਂ ਬਾਹਾਂ ਟੁੱਟੀਆਂ,ਸਿਰ ਪਾਟੇ। ਪਿੰਡ ਦੇ ਚੌਧਰੀਆਂ ਨੇ ਬਾਬੇ ਹੋਰਾਂ ਤੇ ਕੇਸ ਬਣਾ ਦਿੱਤਾ। ਤਿੰਨ ਸੌ ਤੇਈ,ਚੌਵੀ,ਛੱਬੀ ਦੇ ਨਾਲ ਤਿੰਨ ਸੌ ਸੱਤ ਵੀ ਲੱਗ ਗਈ। ਸ਼ਰੀਕਾਂ ਨੇ ਛੁੱਟੀ ਆਏ ਬਾਬੇ ਬੱਗਾ ਸਿੰਘ ਦਾ ਨਾਮ ਵੀ ਲਿਖਾ ਦਿੱਤਾ। ਬਾਬਾ ਆਪ ਹੀ ਪਾ ਕੇ ਵਰਦੀ, ਛਾਤੀ ਤੇ ਲਾ ਕੇ ਤਮਗੇ-ਮੈਡਲ ਥਾਣੇ ਵਿੱਚ ਜਾ ਵੜਿਆ। ਥਾਣੇਦਾਰ ਨੂੰ ਠਾਹ ਸਲੂਟ ਠੋਕ ਕੇ ਕੁਰਸੀ ਤੇ ਬੈਠ ਗਿਆ ਤੇ ਪੂਰੇ ਗੜ੍ਹਕੇ ਨਾਲ ਬੋਲਿਆ....।

"ਮੈਂ ਸੂਬੇਦਾਰ ਬੱਗਾ ਸਿੰਘ, ਮੇਰੇ ਭਰਾਵਾਂ ਦੀ ਸ਼ਰੀਕਾਂ ਨਾਲ ਲੜਾਈ ਹੋ ਗਈ। ਲੜਾਈ ਵੇਲੇ ਮੈਂ ਘਰ ਨਹੀਂ ਸੀ,ਜੇ ਹੁੰਦਾ ਲੜਨ ਨਹੀਂ ਸੀ ਦਿੰਦਾ। ਸੁਣਿਐ ਪਰਚੇ ਚ ਮੇਰਾ ਨਾਮ ਵੀ ਐ। ਤੁਸੀਂ ਪੜਤਾਲ ਕਰ ਲੋ,ਜੇ ਤਾਂ ਮੈਂ ਹੋਇਆ ਲੜਾਈ ਦੇ ਵਿੱਚ ਤਾਂ ਹੁਣੇ ਹਵਾਲਾਟ ਚ ਠੋਕ ਦਿਓ। ਨਿਰਦੋਸ਼ ਮੈਂ ਜੇਲ੍ਹ ਨ੍ਹੀਂ ਜਾਂਦਾ।"

"ਸੂਬੇਦਾਰ ਸਾਹਬ ਮੈਨੂੰ ਪਤੈ, ਤੁਸੀਂ ਲੜਾਈ ਚ ਨਹੀਂ ਸੀ। ਬੇਫ਼ਿਕਰ ਰਹੋ, ਰਾਜ਼ੀਨਾਮਾ ਕਰਾਊਂ।"

ਬਾਬੇ ਵਿੱਚ ਗਟਸ ਤੇ ਸ਼ਰਾਫਤ ਬਰਾਬਰ ਮਾਤਰਾ ਵਿੱਚ ਭਰੇ ਸਨ। ਜਿੱਥੇ ਉਹ ਜੰਗ ਦੇ ਮੈਦਾਨ ਵਿੱਚ, ਝੂਠ ਦੇ ਖ਼ਿਲਾਫ਼, ਬੇਈਮਾਨੀ ਜਾਂ ਹੇਰਾਫੇਰੀ ਵਿਰੁੱਧ ਧੜੱਲੇ ਨਾਲ ਲੜਦਾ ਉਥੇ ਹੀ ਨਿੱਕੀ ਜਿੰਨੀ ਗੱਲ ਤੇ ਫੋੜੇ ਵਾਂਗੂੰ ਫਿੱਸ ਜਾਂਦਾ।

ਬਾਬੇ ਇੰਦਰ ਦਾ ਛੋਟਾ ਮੁੰਡਾ 'ਛੋਟਾ' ਸਾਡੇ ਨਾਲ ਸੀਰੀ ਸੀ। ਉਹੀ ਦੱਸਦਾ ਹੁੰਦੈ....।

"ਭਾਈ ਪਾਲ ਮੈਂ ਨਰਮ ਜਿਆ ਲਵਾ ਜਿਆ ਮੁੰਡਾ ਖੁੰਡਾ ਹੁੰਦਾ ਸੀ। ਮੈਂ ਸੋਡੇ ਨਾਲ ਸੀਰੀ ਸੀ। ਇਕ ਦਿਨ ਅਸੀਂ ਵੱਟਾਂ ਪਾਉਂਦੇ ਸੀ। ਡਲਿਆਂ ਵਾਲਾ ਵਾਹਣ। ਤੇਰਾ ਬਾਬਾ ਕਰਤਾਰਾ

ਜਿੰਦਰਾ ਦੱਬੇ, ਮੈਂ ਖਿੱਚਾਂ। ਉਹ ਕਿਸੇ ਡਲੇ ਵਿੱਚ ਅੜਾ ਕੇ ਪੂਰਾ ਦੱਬ ਦਿਆ ਕਰੇ। ਆਥਣ ਤੱਕ ਮੇਰਾ ਪਨੀਰ ਕੱਢ ਦਿੱਤਾ। ਮੇਰੇ ਦੋਵੇਂ ਹੱਥਾਂ ਤੇ ਛਾਲੇ ਪੈ ਗਏ। ਘਰੇ ਆ ਕੇ ਮੈਂ ਦੋਵੇਂ ਹੱਥ ਸੂਬੇਦਾਰ ਦੇ ਅੱਗੇ ਕਰ ਦਿੱਤੇ।"

ਸੂਬੇਦਾਰ ਰੋਣਹਾਕਾ ਹੋ ਗਿਆ। ਕਰਤਾਰੇ ਨੂੰ ਕਹਿੰਦਾ...!

"ਓਏ ਕਰਤਾਰਿਆ ਕਸਾਈਆ, ਤੇਰੇ ਪੈਣ ਕੀੜੇ। ਮਾਰਨਾ ਐ ਓਏ ਜਵਾਕ। ਏਹ ਕਿਸੇ ਦਾ ਧੀ ਪੁੱਤ ਨ੍ਹੀਂ। ਜੇ ਅੱਗੇ ਤੋਂ ਤੰਗ ਕੀਤਾ ਤਾਂ ਮੈਥੋਂ ਬੁਰਾ ਕੋਈ ਨ੍ਹੀਂ।"

ਛੋਟਾ ਦੱਸਦਾ ਹੁੰਦੈ ਕਿ 'ਮੇਰੇ ਹੱਥਾਂ ਦਾ ਦਰਦ ਹਟ ਗਿਆ, ਸੂਬੇਦਾਰ ਦਰਵੇਸ਼ ਬੰਦਾ ਸੀ।'

ਫ਼ੌਜ ਚੋਂ ਆ ਕੇ ਬਾਬੇ ਨੇ ਕਬੀਲਦਾਰੀ ਦੀ ਕਿੱਲੀ ਬਾਪੂ ਨੂੰ ਫੜਾ ਦਿੱਤੀ। ਉਹ ਪੰਜ ਕਰੇ ਪੰਜਾਹ ਕਰੇ। ਬਾਬੇ ਦਾ ਜੀਅ ਕਰਦਾ ਤਾਂ ਕੰਮ ਕਰ ਲੈਂਦਾ, ਨਾ ਜੀਅ ਕਰਦਾ ਵਿਹਲਾ ਰਹਿੰਦਾ। ਸਾਫ ਸੁਥਰੇ ਕੱਪੜੇ ਪਾ ਕੇ ਰੱਖਦਾ। ਉਹ ਜਦੋਂ ਸਰਸੇ ਤੋਂ ਪੈਨਸ਼ਨ ਲੈ ਕੇ ਆਉਂਦਾ,ਘਰ ਦੇ ਸੌਦੇ ਪੱਤੇ ਨਾਲ ਖਾਣ ਲਈ ਚੀਜ਼ਾਂ ਵੀ ਜ਼ਰੂਰ ਲਿਆਉਂਦਾ। ਜਿੱਦਣ ਬਾਬਾ ਪੈਨਸ਼ਨ ਲੈਣ ਗਿਆ ਹੁੰਦਾ ਤਾਂ ਅਸੀਂ ਜਵਾਕ ਬਹਾਉਦੀ ਵਾਲੇ ਰਾਹ ਤੇ ਗੇੜੇ ਮਾਰਦੇ ਬਾਬੇ ਨੂੰ ਉਡੀਕਦੇ ਰਹਿੰਦੇ। ਬਾਬਾ ਜਦੋਂ ਵੱਡੇ ਟਿੱਬਿਆਂ ਦੇ ਓਹਲਿਓਂ ਨਿਕਲਦਾ ਦਿੱਸਦਾ ਅਸੀਂ ਬਾਬੇ ਵੱਲ ਸ਼ੂਟ ਵੱਟ ਲੈਂਦੇ। ਬਾਬਾ ਸਾਨੂੰ ਉਥੇ ਹੀ ਰਿਉੜੀਆਂ, ਖਿੱਲਾਂ, ਪਤਾਸੇ ਖਾਣ ਨੂੰ ਦੇ ਦਿੰਦਾ। ਅਸੀਂ ਬਾਬੇ ਦੀ ਲਿਆਂਦੀ ਚੀਜ਼ੀ ਪਚਾਕੇ ਮਾਰ ਮਾਰ ਖਾਂਦੇ।

ਬਾਬੇ ਨੂੰ ਖਾਣ ਦਾ ਸ਼ੌਕ ਸੀ। ਜਦੋਂ ਕਦੇ ਮਹੀਨੇ ਦੋ ਮਹੀਨਿਆਂ ਤੋਂ ਘਰੇ ਮੀਟ ਬਣਦਾ, ਬਾਬਾ ਆਪ ਰਿੰਨ੍ਹਦਾ। ਟੱਬਰ ਵੱਡਾ ਸੀ, ਸਾਰਿਆਂ ਨੂੰ ਕੌਲੀਆਂ ਬਾਟੀਆਂ ਵਿੱਚ ਪਾ ਪਾ ਕੇ ਦਿੰਦਾ। ਆਪ ਉਹ ਨਾ ਕਿਸੇ ਦਾ ਜੂਠਾ ਖਾਂਦਾ ਸੀ ਨਾ ਕਿਸੇ ਨੂੰ ਖਵਾਉਂਦਾ ਸੀ।

ਸਾਡਾ ਸੀਰੀ ਰਿਹਾ ਛੋਟਾ ਹੀ ਹੋਰ ਦੱਸਦਾ ਹੁੰਦੈ।

"ਤੇਰਾ ਬਾਬਾ ਆਥਣੇ ਪਾਠ ਕਰਕੇ ਰੋਟੀ ਖਾਂਦਾ ਸੀ। ਸੋਡੇ ਬਾਹਰਲੇ ਘਰੇ ਪੈਂਦਾ ਹੁੰਦਾ ਸੀ। ਉਹ ਦੁੱਧ ਦੀ ਗੜਵੀ ਲੈ ਕੇ ਬਾਹਰਲੇ ਘਰੇ ਜਾਂਦਾ। ਸੌਣ ਤੋਂ ਪਹਿਲਾਂ ਕੋਸਾ ਕੋਸਾ ਦੁੱਧ, ਘੁੱਟਾਂ ਬਾਟੀ ਸਵਾਦ ਲੈ ਲੈ ਕੇ ਪੀਂਦਾ। ਇਕ ਦਿਨ ਭਾਈ ਸੂਬੇਦਾਰ ਨੂੰ ਦੁੱਧ ਫੜਾਉਂਦੇ ਸੋਡੇ ਘਰ ਦੇ ਕਿਸੇ ਜੀਅ ਨੇ ਗੜਵੀ ਚੋਂ ਦੁੱਧ ਦੀਆਂ ਦੋ ਤਿੰਨ ਘੁੱਟਾਂ ਭਰ ਲਈਆਂ। ਰੋਟੀ ਪਵਾਉਂਦੇ ਨੇ ਮੈਂ ਵੇਖ ਲਿਆ। ਵੇਖ ਸੂਬੇਦਾਰ ਨੇ ਵੀ ਲਿਆ। ਸੂਬੇਦਾਰ ਨੇ ਦੁੱਧ ਵਾਲੀ ਗੜਵੀ ਫੜੀ ਤੇ ਘਰੇ ਹੀ ਜਵਾਕਾਂ ਨੂੰ ਪਿਆ ਦਿੱਤਾ ਦੁੱਧ। ਆਪ ਬਾਹਰਲੇ ਘਰ ਨੂੰ ਆ ਗਿਆ। ਮੈਂ ਵੀ ਆਵਦੀ ਰੋਟੀ ਪਵਾ ਕੇ,ਡੋਲੂ ਵਿੱਚ ਦੁੱਧ ਪਵਾ ਕੇ ਉਸ ਦੇ ਪਿੱਛੇ ਪਿੱਛੇ ਤੁਰਿਆ ਆਇਆ। ਉਹ ਮੰਜੇ

ਤੇ ਬੈਠਾ ਰੋਈ ਜਾਵੇ। ਮੈਂ ਉਹਨੂੰ ਚੁੱਪ ਕਰਾਇਆ ਤੇ ਆਵਦੇ ਵਾਲਾ ਦੁੱਧ ਪਿਆ ਕੇ ਹਟਿਆ। ਦੁੱਧ ਪੀ ਕੇ ਉਸ ਮੈਨੂੰ ਬੁੱਕਲ ਵਿੱਚ ਲੈ ਲਿਆ ਫਿਰ ਉਚੀਂ ਉਚੀਂ ਰੋਣ ਲੱਗ ਪਿਆ।"
ਛੋਟਾ ਇਹ ਦੱਸਦਾ ਭਾਵੁਕ ਹੋ ਜਾਂਦਾ ਹੈ।

• * * *

ਸਾਲ ਉਨੀਂ ਸੌ ਬਹੱਤਰ ਸੀ ਤੇ ਮਹੀਨਾ ਦਸੰਬਰ ਦਾ। ਮੈਂ ਉਦੋਂ ਨੌਵੀਂ ਵਿੱਚ ਪੜ੍ਹਦਾ ਸੀ ਤੇ ਮਾਸੀ ਦੇ ਪਿੰਡ ਭੁੰਦੜ ਰਹਿੰਦਾ ਸਾਂ। ਮੇਰਾ ਚਾਚਾ,ਅੰਬੋ ਤੇ ਹੋਰ ਨਿੱਕੇ ਜਵਾਕ ਭਾਗੀਵਾਂਦਰ ਵਿਆਹ ਜਾ ਕੇ ਆਏ ਸਨ। ਸਰਦੀ ਦਾ ਪਿੱਛਲਾ ਪਹਿਰ ਸੀ ਅੰਬੋ ਨੇ ਬਾਟੀ ਚ ਪਾ ਕੇ ਬਾਬੇ ਨੂੰ ਲੱਡੂ ਜਲੇਬੀਆਂ ਦੇ ਦਿੱਤੀਆਂ। ਬਾਬੇ ਨੇ ਜਲੇਬੀ ਦੀ ਇਕ ਫਾਂਕ ਲਈ ਤੇ ਕਹਿੰਦਾ।
"ਆ ਕੇ ਖਾਉਂ। ਸ਼ਿਆਮੇ ਦੇ ਮੁੰਡੇ ਦਾ ਮੰਗਣੈ, ਉਨ੍ਹਾਂ ਦੇ ਸ਼ਗਨ ਦੇ ਆਵਾਂ।"
ਸ਼ਿਆਮੇ ਕਿਆਂ ਨਾਲ ਮੇਰੇ ਬਾਪੂ ਦੀ ਬਣਦੀ ਨਹੀਂ ਸੀ। ਉਨ੍ਹਾਂ ਮੁੰਡੇ ਦੇ ਮੰਗਣੇ ਦਾ ਸੱਦਾ ਸਾਡੇ ਘਰ ਨਹੀਂ ਦਿੱਤਾ ਸੀ। ਬਾਬਾ ਫਿਰ ਵੀ ਗਿਆ,ਪੰਜ ਰੁਪਏ ਸ਼ਗਨ ਦਿੱਤਾ, ਜਦੋਂ ਲੋਕ ਰੁਪਈਆ ਮਸਾਂ ਦਿੰਦੇ ਸਨ। ਸ਼ਿਆਮੇ ਕਿਆਂ ਨੇ ਮੰਗਣੇ ਤੇ ਪਤਾਸੇ ਵੰਡੇ ਸਨ। ਪਹਿਲਾਂ ਲੋਕ ਸ਼ੱਕਰ ਹੀ ਦਿੰਦੇ ਸਨ। ਉਨ੍ਹਾਂ ਖ਼ਾਕੀ ਲਿਫਾਫਿਆਂ ਵਿੱਚ ਬੁੱਕ ਬੁੱਕ ਪਤਾਸੇ ਪਾ ਕੇ ਟੋਕਰੇ ਭਰ ਕੇ ਬਾਹਰਲੇ ਦਰਵਾਜ਼ੇ ਵਿੱਚ ਰੱਖੇ ਹੋਏ ਸਨ। ਮੁੜਨ ਵੇਲੇ ਹਰੇਕ ਨੂੰ ਇਕ ਲਿਫ਼ਾਫ਼ਾ ਦੇ ਦਿੰਦੇ। ਬਾਬੇ ਨੂੰ ਸ਼ਿਆਮੇ ਨੇ ਆਪ ਦੋ ਲਿਫ਼ਾਫ਼ੇ ਦਿੱਤੇ।
"ਤੂੰ ਮੇਰਾ ਸੂਬੇਦਾਰ ਤਾਇਆ ਐਂ, ਤੂੰ ਦੋ ਲੈ...!"
ਬਾਬਾ ਉਨ੍ਹਾਂ ਦੇ ਘਰੋਂ ਨਿਕਲਣਸਾਰ ਨਿਆਣਿਆਂ ਨੂੰ ਇੱਕ ਇੱਕ,ਦੋ ਦੋ ਪਤਾਸੇ ਵੰਡਦਾ ਆਇਆ। ਘਰ ਆ ਉਸ ਲੱਤ ਤੇ ਲੱਤ ਧਰ ਮੰਜੇ ਤੇ ਪੈਂਦਿਆਂ ਪੁੱਛਿਆ.....!
"ਕੌਣ ਕੌਣ ਆਇਆ ਸੀ ਵਿਆਹ ਚ ਭਾਗੀਵਾਂਦਰ....?"
ਅੰਬੋ ਅਜੇ ਦੱਸਣ ਹੀ ਲੱਗੀ ਸੀ ਕਿ ਬਾਬੇ ਦੇ ਸਾਂਹ ਨੇ ਦੋ ਵਾਰ ਘਰੜ ਘਰੜ ਕੀਤਾ। ਜਦੋਂ ਅੰਬੋ ਨੇ ਨੇੜੇ ਹੋ ਕੇ ਵੇਖਿਆ ਤਾਂ ਬਾਬਾ..... ਬਾਬਾ ਤਾਂ ਚਲਿਆ ਗਿਆ ਸੀ, ਬਹੁਤ ਦੂਰ।
ਬਾਬੇ ਦੇ ਸੱਥਰ ਤੇ ਲੋਕ ਗੱਲਾਂ ਕਰਦੇ....!
"ਬਈ ਬੜਾ ਦਰਵੇਸ਼ ਬੰਦਾ ਸੀ ਸੂਬੇਦਾਰ...!"
"ਭਲਾਮਾਣਸ, ਸ਼ਰੀਫ਼,ਮੋਹਖੋਰਾ,ਆਣ ਇੱਜ਼ਤ ਦਾ ਸੀਰੀ ਸੀ ਬੱਗਾ ਸਿਓਂ...!"
"ਬੜੀ ਸੋਹਣੀ ਜ਼ਿੰਦਗੀ ਜਿਓਂ ਕੇ ਗਿਐ ਸੂਬੇਦਾਰ....!"
"ਬੱਗਾ ਸਿਓਂ ਤਾਂ ਦੇਵਤਾ ਪੁਰਸ਼ ਸੀ ਭਾਈ, ਦੇਵਤਿਆਂ ਵਾਲ਼ੀ ਹੀ ਮੌਤ ਆਈ ਐ ਓਸ ਨੂੰ....!"

"ਜਾਂਦੇ ਰਾਹੀਆਂ ਨਾਲ਼ ਰਲ਼ ਗਿਆ ਓਹ ਤਾਂ.....!"

ਸੱਚ ਮੁੱਚ ਹੀ ਬਾਬਾ ਜਾਂਦੇ ਰਾਹੀਆਂ ਨਾਲ਼ ਰਲ਼ ਗਿਆ, ਬਹੁਤ ਸਾਰੀਆਂ ਪੈੜਾਂ ਛੱਡ ਕੇ। ਜਿਨ੍ਹਾਂ ਨੂੰ ਸਿਰਫ ਸਾਡਾ ਟੱਬਰ ਹੀ ਯਾਦ ਨਹੀਂ ਕਰਦਾ, ਪਿੰਡ ਦੇ ਲੋਕ ਵੀ ਯਾਦ ਕਰ ਲੈਂਦੇ ਹਨ।

"ਸੂਬੇਦਾਰ ਬੱਗਾ ਸਿਓਂ ਸੱਚ ਮੁੱਚ ਹੀ ਸ਼ੇਰ ਬੱਗਾ ਸਿਓਂ ਸੀ.....!!!"

• * * *

**ਅਮਰੀਕ ਸਿੰਘ ਉਰਫ ਮਰੀਕਾ ਸਿੱਖ ਉਰਫ਼ ਸਿੱਖ ਬਾਬਾ**

ਬਾਬਾ ਅਮਰੀਕ ਸਿੰਘ ਆਪਣੇ ਭਾਈਆਂ ਚੋਂ ਤੀਜਾ ਤੇ ਮੇਰੇ ਬਾਬੇ ਬੱਗਾ ਸਿੰਘ ਦੀ ਪਿੱਠ ਪਿੱਛਲਾ ਭਰਾ ਸੀ। ਦੋਵੇਂ ਵੱਡੇ ਭਰਾ ਫ਼ੌਜ ਵਿੱਚ ਭਰਤੀ ਹੋ ਜਾਣ ਕਰਕੇ ਕੰਮ ਦਾ ਸਾਰਾ ਭਾਰ ਮਰੀਕੇ ਤੇ ਪੈ ਗਿਆ। ਖੇਤੀ ਦੀ ਦਾਬ ਹੇਠ ਆਏ ਬਾਬੇ ਨੂੰ ਖੁੱਲ੍ਹਾ ਦੁੱਧ ਘਿਓ ਖਾਣ ਨੂੰ ਮਿਲਦਾ। ਬਾਬਾ ਮਰੀਕਾ ਦਿਨਾਂ ਵਿੱਚ ਹੀ ਗੱਭਰੂ ਹੋ ਗਿਆ।ਕੰਮ ਤੇ ਖ਼ੁਰਾਕ ਦੇ ਜ਼ੋਰ ਨਾਲ ਉਹ ਉਚਾ ਲੰਬਾ ਜ਼ਬਰਦਸਤ ਗੱਭਰੂ ਨਿੱਕਲ ਆਇਆ। ਕੰਮ,ਕੰਮ, ਸਿਰਫ਼ ਕੰਮ ਨੇ ਉਸ ਨੂੰ ਜਬਦਰ,ਜੜ੍ਹ ਜੱਟ ਬਣਾ ਦਿੱਤਾ। ਛੇ ਫੁੱਟ ਕੱਦ, ਲੰਮੀਆਂ ਲੰਮੀਆਂ ਲੱਤਾਂ ਬਾਹਾਂ, ਇੱਲ੍ਹ ਦੇ ਪੌਂਚਿਆਂ ਵਰਗੇ ਹੱਥ, ਚੱਕੀ ਦੇ ਪੁੜ ਵਰਗੀ ਚੌੜੀ ਛਾਤੀ। ਗੱਭਰੂ ਮਰੀਕਾ ਦਿਓ ਵਰਗਾ ਲੱਗਦਾ। ਉਹ ਜਿਹੜੇ ਪਾਸੇ ਪੈ ਜਾਂਦਾ ਧੂਅ ਕੇ ਲੈ ਜਾਂਦਾ।

ਉਨ੍ਹੀ ਦਿਨੀਂ ਮਾਲਵੇ ਦੇ ਇਨ੍ਹਾਂ ਪਿੰਡਾਂ ਵਿੱਚ ਬਰਾਨੀ ਜ਼ਮੀਨਾਂ ਵਿੱਚ ਖੇਤੀ ਦੇ ਨਾਲ ਲੋਕ ਪਸ਼ੂ ਡੰਗਰ ਵੀ ਪਾਲ਼ਦੇ ਸਨ। ਸ਼ਾਮਲਾਟਾਂ, ਸਾਂਝੀਆਂ ਥਾਵਾਂ,ਬੀੜ,ਛਿੱੜੀਆਂ,ਮੈਰੇ, ਟਿੱਬੇ-ਟਿੱਲੇ-ਢਿੱਪਾਂ, ਬਣ-ਜੰਗਲ-ਬੇਲੇ,ਤੱਲਿਆਂ ਦੇ ਤੱਲੇ ਖੇਤੀ ਤੋਂ ਖਾਲੀ ਪਏ ਹੁੰਦੇ ਸਨ। ਜਿੱਥੇ ਡੰਗਰ ਚਾਰਨ ਲਈ ਬਾਫਰ ਘਾਹ ਮਿਲ ਜਾਂਦਾ। ਪਿੰਡ ਦੇ ਸਾਂਝੇ ਵੱਗ ਛਿੜਦੇ, ਇੱਜੜ ਹੱਕੇ ਜਾਂਦੇ। ਹਰੇਕ ਘਰ ਵਿੱਚ ਇੱਕ ਜਣਾ ਪਸ਼ੂ ਚਾਰਨ ਤੇ ਹੀ ਹੁੰਦਾ। ਬਾਬਾ ਮਰੀਕਾ ਆਪਣੀ ਉਮਰ ਦੇ ਆਰੰਭ ਵਿੱਚ ਪਸ਼ੂਆਂ ਦਾ ਛੇੜੂ ਬਣ ਗਿਆ। ਮੱਝਾਂ, ਗਾਵਾਂ, ਬੱਕਰੀਆਂ, ਕੱਟੀਆਂ, ਵੱਛੀਆਂ,ਵਹਿੜਾਂ, ਝੋਟੀਆਂ ਚਾਰ ਕੇ ਲਿਆਉਂਦਾ। ਖੇਤੀ ਦੇ ਵਿਹਲ ਵਾਲੇ ਦਿਨਾਂ ਵਿੱਚ ਉਹ ਬੋਤੇ,ਬੋਤੀਆਂ, ਬਤਾਰੂ,ਬਲਦ, ਵਹਿੜਕੇ ਵੀ ਚਾਰਨ ਲੈ ਜਾਂਦਾ।

ਇਹ ਪਸ਼ੂ ਚਾਰਨ ਦਾ ਕੰਮ ਇਕੱਲਾ ਘਰ ਨਹੀਂ ਪਿੰਡਾਂ ਦੇ ਪਿੰਡ ਕਰਦੇ ਸਨ। ਆਸੇ ਪਾਸੇ ਮੁਸਲਮਾਨਾਂ ਦੇ ਪਿੰਡ ਹੋਣ ਕਾਰਨ ਮਾਨਖੇੜੇ ਦੇ ਛੇੜੂਆਂ ਦੀ ਹੋਰ ਪਿੰਡਾਂ ਦੇ ਚਰਵਾਹਿਆਂ ਨਾਲ ਲੜਾਈ ਹੁੰਦੀ ਰਹਿੰਦੀ ਸੀ।

ਇਕ ਵਾਰ ਮਾਰਖੁੰਡ ਤੇ ਲੜਾਕੀ ਜਾਤ 'ਓਡਾਂ' ਦੇ ਦਸ ਪੰਦਰਾਂ ਗੱਭਰੂਆਂ ਨੇ ਬਾਬੇ ਮਰੀਕੇ ਨੂੰ ਘੇਰ ਲਿਆ ਤੇ ਪਹਿਲਾਂ ਵਾਰ ਵੀ ਕਰ ਦਿੱਤਾ। 'ਜਬੈ ਬਾਣ ਲਾਗੈ ਤਬੈ ਰੋਸ ਜਾਗੈ'..... ਦੇ ਮਹਾਂਵਾਕ ਅਨੁਸਾਰ ਸੱਟ ਖਾ ਕੇ ਬਾਬੇ ਦਾ ਖ਼ੂਨ ਖੌਲ ਪਿਆ। ਉਸ ਅੰਦਰਲਾ ਰਾਖ਼ਸ਼ ਜਾਗ ਪਿਆ। ਉਸ ਨੇ ਔਹ ਡਾਂਗ ਵਾਹੀ,ਔਹ ਡਾਂਗ ਵਾਹੀ ਓਡਾਂ ਦੇ ਖੱਪਰ ਖੋਲ੍ਹ ਦਿੱਤੇ। ਬਾਂਹਾਂ ਭੰਨ ਦਿੱਤੀਆਂ, ਟੰਗਾਂ ਤੋੜ ਦਿੱਤੀਆਂ। ਓਡ ਡੰਗਰ ਛੱਡ ਕੇ ਭੱਜ ਗਏ। ਬਾਬਾ ਸਾਰਾ ਵੱਗ ਪਿੰਡ ਹੱਕ ਲਿਆਇਆ। ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਰਾਜ਼ੀਨਾਮਾ ਕਰਾਇਆ। ਬਹਾਉਦੀ ਪਿੰਡ ਦਾ ਓਡਾਂ ਦਾ ਮੁੱਖੀਆ ਕਹਿੰਦਾ....!

"ਸਾਨੂੰ ਉਹ ਚੋਬਰ ਤਾਂ ਵਿਖਾ ਦਿਓ, ਜੀਹਨੇ ਸਾਡੇ ਦਰਜ਼ਨ ਬੰਦੇ ਕੁੱਟ ਸਿੱਟ ਨੇ....!"

ਨੀਵੀਂ ਪਾਈਂ ਪਰ ਹਿੱਕ ਚੌੜੀ ਕਰੀਂ ਬਾਬਾ ਮਰੀਕਾ ਸਾਹਮਣੇ ਆਇਆ ਤਾਂ ਮੁੱਖੀਏ ਨੇ ਮੁੰਡਾ ਹਿੱਕ ਨਾਲ ਲਾ ਲਿਆ ਤੇ ਇੱਕ ਰੁਪਈਆ ਸ਼ਗਨ ਦੇ ਕੇ ਗਿਆ। ਬਾਬੇ ਦੇ ਚਾਚੇ ਝੰਡਾ ਸਿਓਂ ਨੇ ਖਾਲਸ ਦੇਸੀ ਘਿਓ ਦਾ ਪੀਪਾ ਖੋਲ੍ਹ ਦਿੱਤਾ ਕਹਿੰਦਾ, "ਖਾ ਜਾਹ।"

• * * *

ਬਾਬੇ ਮਰੀਕੇ ਨੂੰ ਟਿੱਬੀ ਪਿੰਡ ਤੋਂ ਸਾਕ ਹੋ ਗਿਆ ਸੀ। ਕਿਸੇ ਨੇ ਸੱਚ ਦੱਸਿਆ ਸੀ ਜਾਂ ਭਾਨੀਮਾਰੀ ਸੀ.....!

"ਮਰੀਕੇ ਦੀ ਮੰਗੇਤਰ ਨੂੰ ਟੀ ਬੀ ਹੈ।"

ਸਾਕ ਛੱਡ ਦਿੱਤਾ। ਫਿਰ ਬਾਬੇ ਨੇ ਸਾਰੀ ਉਮਰ ਰਿਸ਼ਤਾ ਨਾ ਲਿਆ ਜਾਂ ਨਾ ਹੋਇਆ। ਉਹ ਅਣਵਿਆਹਿਆ ਰਹਿ ਗਿਆ ਜਾਂ ਕੰਨੀ ਦੇ ਕਿਆਰੇ ਵਾਂਗ ਸੁੱਕਾ ਰਹਿ ਗਿਆ। ਪਰ ਅੱਜ ਕੱਲ੍ਹ ਦੇ 'ਫਰਸਟੇਟ' ਤੇ ਨਿਰਾਸ਼ਾਵਾਦੀ ਨੌਜਵਾਨਾਂ ਵਾਂਗ ਬਾਬਾ ਡੋਲਿਆ, ਥਿੜਕਿਆ ਨਹੀਂ। ਆਪਣੀ ਜ਼ਿੰਦਗੀ ਨਸ਼ਿਆਂ, ਐਬਾਂ ਦੇ ਲੇਖੇ ਨਹੀਂ ਲਾਈ ਬਲਕਿ ਆਪਣਾ ਆਪਾ ਕੰਮ, ਖੇਤੀ, ਡੰਗਰਾਂ ਵਿੱਚ ਖਪਾ ਲਿਆ।

ਬਾਬੇ ਮਰੀਕੇ ਦੇ ਜਵਾਨੀ ਦੇ ਦਿਨਾਂ ਵਿੱਚ ਸਾਡੇ ਪਿੰਡ ਦੀ ਬਹੁਤੀ ਜ਼ਮੀਨ ਬਰਾਨੀ ਸੀ। ਫ਼ਸਲਾਂ ਮੀਂਹ ਤੇ ਨਿਰਭਰ ਸਨ। ਬੋਹਾ ਮਾਈਨਰ ਦੀ ਖਾਲ਼ ਜਿੱਡੀ ਕੱਸੀ ਦਾ ਪਾਣੀ ਤਾਂ ਸੀ ਪਰ ਪਿੰਡ ਟੇਲਾਂ ਤੇ ਹੋਣ ਕਾਰਨ ਮੁਸ਼ਕਿਲ ਨਾਲ ਹੀ ਪੁੱਜਦਾ ਸੀ। ਲੋਕ ਸੇਂਜੂ ਫ਼ਸਲਾਂ ਲਈ ਦੂਜੇ ਪਿੰਡਾਂ ਤੇ ਨਿਰਭਰ ਸਨ। ਬਾਬੇ ਮਰੀਕੇ ਨੇ ਵੀ ਅੰਗਰੇਜ਼ੀ ਰਾਜ ਦੇ ਪਿੰਡ ਜੋਧਕੇ ਵਿੱਚ ਵਾਹੀ ਜਾ ਕੀਤੀ। ਉਥੇ ਨਹਿਰ ਦਾ ਪਾਣੀ ਲੱਗਦਾ ਸੀ। ਚੌਧਰੀ ਬਾਗੜੀਆਂ ਤੋਂ ਜ਼ਮੀਨ ਹਿੱਸੇ ਠੇਕੇ ਤੇ ਲੈ ਕੇ ਉਥੇ ਕਮਾਦ ਕਣਕ ਬੀਜੇ। ਬਾਬਾ ਤੇ ਹੋਰ ਕਈ ਜਣੇ ਉਥੇ ਹੀ ਖੇਤਾਂ ਵਿੱਚ

ਛੁੰਬੀਆਂ ਪਾ ਕੇ ਰਹਿੰਦੇ। ਆਪ ਰੋਟੀ ਪਕਾਉਂਦੇ, ਫ਼ਸਲਾਂ ਦੇ ਢੇਰ ਲਾਉਂਦੇ। ਬਾਬਾ ਮਰੀਕਾ ਕਣਕ,ਗੁੜ, ਤੂੜੀ ਦੇ ਗੱਡੇ ਭਰ ਭਰ ਤੇ ਉੱਠ ਲੱਦ ਲੱਦ ਘਰੇ ਲਿਆਉਂਦਾ।

ਬਾਬਾ ਮਰੀਕਾ ਕੰਮ ਦਾ ਮਾਹਿਰ ਹੀ ਨਹੀਂ ਲਾਲਚੀ ਵੀ ਸੀ। ਉਹ ਆਪਣੇ ਨਾਲ ਦੇ ਕਾਮਿਆਂ ਦੀ ਜਾਨ ਕੱਢ ਲੈਂਦਾ। ਪੂਰੀ ਸਦੀ ਲੰਘ ਜਾਣ ਬਾਅਦ ਅਜੇ ਵੀ ਸਾਡੇ ਪਿੰਡ ਵਿੱਚ 'ਮਰੀਕੇ ਵਾਲੀ ਪਾਂਤ' ਮਸ਼ਹੂਰ ਹੈ। ਦਿਨ ਢੱਲ਼ਦੇ ਸ਼ੁਰੂ ਕੀਤੇ ਕਿਸੇ ਵੱਡੇ ਤੇ ਭਾਰੇ ਕੰਮ ਨੂੰ ਵੇਖ ਕੇ ਹੁਣ ਵੀ ਲੋਕ ਕਹਿ ਦਿੰਦੇ ਹਨ....!!

"ਕਰਲੀ ਸ਼ੁਰੂ ਮਰੀਕੇ ਆਲ਼ੀ ਪਾਂਤ..!"

ਆਪਣੀ ਉਮਰ ਦੇ ਜ਼ੋਰ ਵਾਲ਼ੇ ਦਿਨਾਂ ਵਿੱਚ ਬਾਬਾ ਦਿਨ ਢੱਲ਼ਦੇ ਆਖਰੀ ਪਾਂਤ ਲਾਉਣ ਵੇਲੇ ਲਲਕਰਾ ਮਾਰਦਾ....!

"ਲੈਅ ਬੀ ਮੁੰਡਿਓ ਹੋ ਜੋ ਤਕੜੇ,ਬੱਸ ਆਹੀ ਇੱਕੋ ਪਾਂਤ ਲਾਉਂਣੀ ਐ, ਫੇਰ ਘਰਾਂ ਨੂੰ ਚੱਲਾਂਗੇ।"

ਬਾਬਾ ਆਪ ਉਸ ਸਿਰੇ ਤੇ ਬੈਠ ਜਾਂਦਾ ਜਿੱਧਰ ਫ਼ਸਲ ਅਜੇ ਵੱਢਣ ਵਾਲ਼ੀ ਖੜ੍ਹੀ ਹੁੰਦੀ। ਓਹ ਸਿੱਧਾ ਓੜੇ ਦੇ ਨਾਲ ਨਾਲ ਨਾ ਚਲਦਾ ਸਗੋਂ ਟੇਢ ਵੱਟ ਲੈਂਦਾ। ਸਾਹਨ ਜਿੰਨੇ ਜ਼ੋਰ ਵਾਲ਼ੇ ਮਰੀਕੇ ਵਿੱਚ ਕੋਈ ਜਿੰਨ ਆ ਜਾਂਦਾ। ਉਹ ਫ਼ਸਲ ਦੇ ਵੱਢ ਵੱਢ ਢੇਰ ਲਾਈਂ ਜਾਂਦਾ। ਆਹੂ ਲਾਹੀਂ ਜਾਂਦਾ। ਲਾਚੜਿਆ ਲਲਕਾਰੇ ਮਾਰੀਂ ਜਾਂਦਾ। ਪਿੱਛੇ ਰਹਿ ਗਏ ਕਾਮੇ ਸਾਥੀਆਂ ਨੂੰ ਚੈਲਿੰਜ ਕਰੀਂ ਜਾਂਦਾ। ਸਾਰੇ ਦਿਨ ਦੇ ਥੱਕੇ ਵਾਢੇ ਪੈਰ ਧੂੰਹਦੇ ਬਾਬੇ ਦੇ ਮਗਰ ਮਗਰ ਚੱਲਣ ਲਈ ਮਜ਼ਬੂਰ ਹੁੰਦੇ। ਵੱਢਣ ਵੇਲੇ ਸ਼ੁਰੂ ਕੀਤੀ ਚਾਰ ਪੰਜ ਕਦਮਾਂ ਦੀ ਪਾਂਤ ਦੂਜੇ ਸਿਰੇ ਤੱਕ ਜਾਂਦੀ ਅਠਾਰਾਂ ਵੀਹ ਕਦਮਾਂ ਦੀ ਮਰੀਕੇ ਆਲ਼ੀ ਪਾਂਤ ਬਣ ਜਾਂਦੀ।

ਆਪਣੀ ਸੁਰਤ ਸੰਭਾਲਣ ਵੇਲੇ ਮੈਂ ਦੋਹਾਂ ਬਾਬਿਆਂ ਨੂੰ ਸਾਡੇ ਬਾਹਰਲੇ ਘਰ ਅੱਡ-ਵਿੱਢ ਵੇਖਿਆ। ਉਹ ਆਪ ਰੋਟੀ ਪਕਾਉਂਦੇ। ਆਪ ਖੇਤੀ ਕਰਦੇ। ਬਾਬਾ ਕਰਤਾਰਾ ਖੇਤ ਜਾਂਦਾ। ਬਾਬਾ ਸਿੱਖ ਉਹਦੀ ਤੇ ਆਪਣੀ ਰੋਟੀ ਪਕਾ ਕੇ ਲਿਜਾਂਦਾ। ਉਨ੍ਹਾਂ ਦੇ ਅੰਤਾਂ ਦੀ ਫ਼ਸਲ ਹੁੰਦੀ। ਹੱਥਣੀਆਂ ਵਰਗੀਆਂ ਮੱਝਾਂ ਹੁੰਦੀਆਂ। ਕੋਤਲ ਘੋੜਿਆਂ ਵਰਗੇ ਬਲਦਾਂ ਦੀ ਜੋੜੀ ਹੁੰਦੀ। ਬਾਬੇ ਦਾ ਟੁੱਟਿਆਂ ਜਿਆ ਟਰੰਕ ਘਿਓ, ਮੱਖਣ,ਗੁੜ, ਖੰਡ ਨਾਲ ਭਰਿਆ ਰਹਿੰਦਾ। ਬਾਬਾ ਘਿਓ ਨਿਤਾਰ ਕੇ ਝਰੇਤੂ ਕੁੱਜੇ ਵਿੱਚ ਰਹਿਣ ਦਿੰਦਾ। ਝਰੇਤੂ ਤੇ ਦੋ ਦੋ ਇੰਚ ਮੋਟੀ ਘਿਓ ਦੀ ਤਹਿ ਜੰਮ ਜਾਂਦੀ। ਬਾਬਾ ਮੈਨੂੰ ਹੀ ਨਹੀਂ ਸਾਡੇ ਸਾਰੇ ਜਵਾਕਾਂ ਨੂੰ ਘਿਓ ਦੀ ਪੇਪੜੀ ਤੇ ਗੁੜ ਦੀ ਡਲੀ ਖਾਣ ਨੂੰ ਦਿੰਦਾ। ਮੈਨੂੰ ਉਹ ਖਾਧ ਪਦਾਰਥ ਤਿੰਨ ਮੇਲ ਦੇ ਪ੍ਰਸ਼ਾਦ ਤੋਂ ਵੀ ਸੁਆਦ ਲੱਗਦਾ। ਜਦੋਂ ਥੋੜ੍ਹਾ ਜਿਹਾ ਹੁਸ਼ਿਆਰ ਹੋਇਆ ਮੈਂ ਅੱਖ ਬਚਾ ਕੇ ਚੋਰੀਓ ਘਿਓ ਦੀ ਪੇਪੜੀ

ਪੱਟ ਲੈਂਦਾ ਤੇ ਗੁੜ ਚੱਕ ਲੈਂਦਾ। ਇਕ ਬੁਰਕੀ ਘਿਓ ਦੀ ਇੱਕ ਬੁਰਕੀ ਗੁੜ ਦੀ ਵੱਢ ਕੇ ਗਲੱਪ ਗਲੱਪ ਖਾ ਜਾਂਦਾ।

ਬਾਬਾ ਸਿੱਖ ਅੰਮ੍ਰਿਤਧਾਰੀ ਸਿੱਖ ਕਦੋਂ ਬਣਿਆ ਇਹ ਤਾਂ ਮੈਨੂੰ ਪਤਾ ਨਹੀਂ ਪਰ ਮੈਂ ਉਹਨੂੰ ਆਪਣੀ ਸੁਰਤ ਦੇ ਪੱਚੀ ਤੀਹ ਸਾਲਾਂ ਵਿੱਚ ਗਾਤਰਾ ਪਾਏ ਨਹੀਂ ਵੇਖਿਆ ਨਾ ਹੀ ਕਦੇ ਪਾਠ ਕਰਦੇ। ਉਸ ਦੇ ਪੈਰਾਂ ਵਿੱਚ ਧੌੜੀ ਦੇ ਜੋੜੇ, ਗੋਡਿਆਂ ਤੱਕ ਲੰਮਾ ਕਛਹਿਰਾ,ਚਿੱਟਾ ਕੁੜਤਾ ਤੇ ਸਿਰ ਤੇ ਨੀਲੇ ਰੰਗ ਦੀ ਟਸਰੀ। ਉਸ ਦਾ ਇਹ ਪਹਿਰਾਵਾ ਸਾਰੀ ਉਮਰ ਰਿਹਾ। ਉਮਰ ਦੇ ਆਖਰੀ ਪੜਾਅ ਤੇ ਆ ਕੇ ਉਸ ਦੇ ਗੋਡੇ ਜਵਾਬ ਦੇ ਗਏ ਸਨ ਪਰ ਅੜਬਾਈ ਕਾਇਮ ਰਹੀ। ਜੇ ਕਦੇ ਉਸ ਦੀ ਦਾਲ ਸਬਜ਼ੀ ਵਿੱਚ ਘਿਓ ਘੱਟ ਰਹਿ ਜਾਂਦਾ ਤਾਂ ਉਹ ਥਾਲ਼ੀ ਵਗਾਹ ਕੇ ਮਾਰਦਾ।

ਬਾਬੇ ਸਿੱਖ ਦਾ ਗਦੂਦਾਂ ਦਾ ਅਪਰੇਸ਼ਨ ਹੋਇਆ। ਖ਼ੂਨ ਦੀ ਲੋੜ ਪਈ, ਬਾਪੂ ਨੇ ਖ਼ੂਨ ਦਿੱਤਾ। ਖ਼ੂਨ ਦੀ ਬੋਤਲ ਲੱਗੀ, ਪਤਾ ਲੈਣ ਗਏ ਭਰਾ ਬੰਤੇ ਨੇ ਬੋਤਲ ਪੱਟ ਦਿੱਤੀ। ਨਾਲ ਦੇ ਬੈੱਡ ਤੇ ਪਏ ਬਾਗੜੀ ਬੁੜ੍ਹੇ ਨੇ ਬਾਬੇ ਕਰਤਾਰੇ ਨੂੰ ਦੱਸ ਦਿੱਤਾ। ਹਸਪਤਾਲ ਵਿੱਚ ਬਾਬੇ ਸਿੱਖ ਨੂੰ ਖੰਘ ਲੱਗ ਗਈ। ਵੱਡੇ ਵੱਡੇ ਖੰਘਾਰ ਨਿਕਲਦੇ।ਕੱ ਚੇ ਘਰਾਂ ਵਿੱਚ ਰਹਿਣ ਗਿੱਝੇ ਬਾਬੇ ਸਿੱਖ ਨੇ ਪੱਕੇ ਫਰਸ਼ ਤੇ ਥੁੱਕ ਥੁੱਕ ਕੇ ਢੇਰ ਲਾ ਦਿੱਤੇ।ਨਰਸ ਕੁੜੀ ਬਾਬੇ ਦੇ ਗਲ਼ ਪੈ ਗਈ। ਬਾਬਾ ਡਰ ਗਿਆ। ਥੋੜ੍ਹੇ ਚਿਰ ਬਾਅਦ ਉਸ ਨੂੰ ਫੇਰ ਖੰਘ ਦਾ ਦੌਰਾ ਉਠਿਆ। ਮੂੰਹ ਖੰਘਾਰ ਨਾਲ ਭਰ ਗਿਆ।ਨਾ ਉਹ ਬੋਲ ਸਕੇ ਨਾ ਥੁੱਕਣ ਨੂੰ ਥਾਂ ਥਿਆਵੇ। ਬਾਬੇ ਦੀ ਹਾਲਤ ਵੇਖ ਮੈਂ ਦੋਵੇਂ ਹੱਥਾਂ ਦਾ ਬੁੱਕ ਬਣਾ ਕੇ ਬਾਬੇ ਦੇ ਮੂੰਹ ਦੇ ਮੂਹਰੇ ਕਰ ਦਿੱਤਾ।

"ਥੁੱਕ ਦੇ ਬਾਬਾ...!"

ਬਾਬੇ ਨੇ ਹੋਰ ਆਸੇ ਪਾਸੇ ਥੁੱਕਣ ਦਾ ਤਰਲਾ ਮਾਰਿਆ, ਆਖ਼ਰ ਮੇਰੇ ਬੁੱਕ ਵਿੱਚ ਥੁੱਕ ਦਿੱਤਾ। ਥੁੱਕ ਕੇ ਉਸ ਨੂੰ ਆਰਾਮ ਆ ਗਿਆ। ਉਸ ਦਾ ਪੱਟਿਆ ਸਾਹ ਟਿਕ ਗਿਆ।

ਬਾਬੇ ਨੂੰ ਘਰ ਲੈ ਆਏ। ਉਹ ਅਜੇ ਪੂਰਾ ਠੀਕ ਨਹੀਂ ਸੀ ਹੋਇਆ ਕਿ ਇਕ ਦਿਨ ਤੜਕੇ ਤੜਕੇ ਮੈਨੂੰ ਕਹਿੰਦਾ....।

"ਗੱਲ ਸੁਣ..... ਟਰੈਕਟਰ ਕੱਢ, ਢਡਾਲੀਂ ਜਾਣੈ।"

"ਤੇਰੀ ਦਵਾਈ ਤਾਂ ਸਰਸੇ ਤੋਂ ਚੱਲਦੀ ਐ,ਢਡਾਲੀਂ ਕੀ ਕਰਨ ਜਾਣੈ।"

"ਬਸੀਅਤ ਕਰਾਉਣੀਂ ਐ ਸੋਡੇ ਚਾਰੇ ਭਰਾਵਾਂ ਦੇ ਨਾਂ।"

ਤੇ ਬਾਬੇ ਸਿੱਖ ਨੇ ਸਾਲ 1980 ਚ ਆਪਣੀ ਗਿਆਰਾਂ ਕਿੱਲੇ ਜ਼ਮੀਨ ਸਾਡੇ ਨਾਮ ਚੜ੍ਹਾ ਦਿੱਤੀ। ਉਸ ਤੋਂ ਪੂਰੇ ਨੌਂ ਸਾਲ ਸਿਰੇ ਦੀ ਸੇਵਾ ਕਰਵਾਕੇ ਸਾਡਾ ਬਾਬਾ ਸਿੱਖ ਸਾਨੂੰ ਛੱਡ ਕੇ ਤੁਰ ਗਿਆ।

• * * *

**ਬਾਬਾ ਕਰਤਾਰ ਸਿੰਘ ਉਰਫ ਛੋਟਾ ਬਾਬਾ**

ਛੋਟਾ ਬਾਬਾ ਕਰਤਾਰਾ ਮੂੰਹ ਦਾ ਕੌੜਾ ਪਰ ਦਿਲ ਦਾ ਸਾਫ ਸੀ। ਉਹ ਸਿਰੇ ਦਾ ਲੜਾਕਾ ਸੀ,ਖੁੰਦਕੀ ਸੀ, ਉਹ ਤਾਂ ਨਿਰੀ ਅੱਗ ਦੀ ਨਾਲ਼ ਸੀ। ਉਹ ਪੂਰਾ ਅੜਬ ਬੰਦਾ ਸੀ। ਸਾਰੇ ਭਰਾਵਾਂ ਵਿੱਚ ਸਭ ਤੋਂ ਛੋਟਾ ਹੋਣ ਕਾਰਨ ਲਾਡਲਾ ਤਾਂ ਹੋਵੇਗਾ ਹੀ ਤਾਂ ਹੀ ਵਿਗੜਿਆ ਹੋਵੇਗਾ। ਪਰ ਸੀ ਉਹ ਬਹੁਤ ਮੋਹਖੋਰਾ, ਅਣਥੱਕ ਕਾਮਾ,ਹੁੱਨਰੀ ਕਿਸਾਨ ਤੇ ਘਰ ਤੇ ਪਹਿਰਾ ਦੇਣ ਵਾਲਾ ਪਹਿਰੇਦਾਰ।

ਬਾਬੇ ਕਰਤਾਰੇ ਦੀ ਛੋਟੀ ਉਮਰ ਵਿੱਚ ਨਿਗਾਹ ਘੱਟ ਸੀ। ਇਕ ਅੱਖ ਛੋਟੀ ਸੀ। ਨਜ਼ਰ ਦਿਨੋ ਦਿਨ ਘੱਟਦੀ ਜਾਂਦੀ ਸੀ। ਬਾਬਾ ਆਪ ਹੀ ਦੱਸਦਾ ਹੁੰਦਾ ਸੀ....।

"ਫੇਰ ਭਾਈ ਮੈਂ ਆਵਦੇ ਭਰਾ ਬੱਗਾ ਸਿਓਂ ਕੋਲ ਰੌਲਪਿੰਡੀ ਦਵਾਈ ਲੈਣ ਵਗ ਗਿਆ। ਓਥੇ ਓਹ ਨੇ ਮਲੱਟਰੀ ਹਸਪਤਾਲ ਚ ਮੇਰਾ ਅਪਰੇਸ਼ਨ ਕਰਾਇਆ। ਅੰਗਰੇਜ਼ ਡਾਕਟਰ ਨੇ ਕਿਹਾ ਸੀ...'ਨਜ਼ਰ ਵਧਦੀ ਤਾਂ ਹੈ ਨਹੀਂ ਪਰ ਘੱਟਦੀ ਵੀ ਨਹੀਂ' ... ਵੇਖ ਲਓ ਓਦੋਂ ਦੀ ਓਮੇਂ ਜਿਮੇਂ ਟਿਕੀ ਹੋਈ ਐ।"

ਬਾਬਾ ਅੱਖ ਦੇ ਨੁਕਸ਼ ਕਰਕੇ ਜਾਂ ਕਿਸੇ ਹੋਰ ਕਾਰਨ ਅਣਵਿਆਹਿਆ ਰਹਿ ਗਿਆ। ਇਸੇ ਨੁਕਸ਼ ਕਰਕੇ ਲੋਕ ਉਸ ਨੂੰ ਕਰਤਾਰਾ ਕਾਣਾ ਵੀ ਕਹਿਣ ਲੱਗਪੇ ਸਨ। ਪਰ ਪਿੱਠ ਪਿੱਛੇ.... ਮੂੰਹ ਤੇ ਉਹ ਅਗਲੇ ਦਾ ਮੂੰਹ ਨੋਚ ਲੈਂਦਾ। ਮੂੰਹ ਤੇ ਉਸ ਨੂੰ ਬਾਬਾ ਸਿੱਖ ਹੀ ਆਖਦਾ....।

"ਏਹ ਸਾਲਾ ਕਰਤਾਰਾ ਕਾਣਾ ਅੱਗ ਦੀ ਨਾਲ਼ ਐ।"

"ਤੇ ਤੂੰ ਕੀ ਐਂ,ਓਡ... ਰੂਸ ਮਰੀਕਾ।"

ਬਾਬਾ ਕਰਤਾਰਾ ਆਪ ਬਹੁਤ ਕੰਮ ਕਰਦਾ। ਨਾਲ਼ ਦੇ ਤੋਂ ਵੀ ਓਨਾ ਕੰਮ ਭਾਲਦਾ। ਸੀਰੀਆਂ ਪਾਲ਼ੀਆਂ ਨੂੰ ਪੂਰਾ ਤੰਗ ਕਰਦਾ। ਮੇਰੇ ਬਾਪੂ ਦੇ ਤੋਰੇ ਫੇਰੇ ਤੇ ਔਖਾ ਰਹਿੰਦਾ, ਗਾਲ੍ਹਾਂ ਕੱਢਦਾ। ਸਾਡੇ ਚਾਚੇ ਨੂੰ ਖਾਣ ਸੂਰਾ ਕਹਿੰਦਾ। ਸਾਨੂੰ ਨਿਕੰਮੇ, ਕੰਮਚੋਰ ਆਖਦਾ। ਪਰ ਕੰਮ ਕਰਨ ਦੇ ਨੁਸਖੇ ਵੀ ਸਿਖਾਉਂਦਾ। ਆਵਦੇ ਸਕੇ ਭਰਾ ਬਾਬੇ ਬੰਤੇ ਨਾਲ ਉਸ ਦਾ ਸਿਰ ਵੱਢਵਾਂ ਵੈਰ ਸੀ। ਵੱਡੇ ਭਰਾਵਾਂ ਬਾਬਾ ਬੱਗਾ ਸਿਓਂ ਤੇ ਬਾਬੇ ਸਿੱਖ ਦੀ ਉਹ ਬਹੁਤ ਇੱਜ਼ਤ ਕਰਦਾ ਸੀ। ਉਹ

ਪਲ ਵਿੱਚ ਅੱਖਾਂ ਵਿੱਚ ਲਹੂ ਉਤਾਰੀਂ ਖੜ੍ਹਾ ਹੁੰਦਾ ਛਿਣ ਬਾਅਦ ਅੱਖਾਂ ਭਰ ਲੈਂਦਾ। ਬਾਬੇ ਨੇ ਘਰ ਲਈ ਬਹੁਤ ਕਮਾਇਆ। ਬਹੁਤ ਖਪਿਆ, ਮੁੜ੍ਹਕਾ ਡੋਲ੍ਹਿਆ। ਬਹੁਤ ਕਲਪਿਆ।

ਇਕ ਵਾਰ ਸਿਆਲਾਂ ਦੇ ਦਿਨ ਸਨ। ਘਰ ਦੀ ਹਾਲਤ ਖ਼ਰਾਬ ਸੀ। ਕਣਕ, ਤੂੜੀ, ਦੁੱਧ,ਗੁੜ ਚਾਹ ਮੁੱਕੇ ਹੋਏ ਸਨ। ਬਾਪੂ ਕਈ ਦਿਨਾਂ ਦਾ ਗਰਾਂ ਗਿਆ ਮੁੜਿਆ ਨਹੀਂ ਸੀ। ਅਸੀਂ ਖੇਤ ਵਿੱਚ ਲਾਏ ਛਟੀਆਂ ਦੇ ਛੌਰ ਵਿੱਚੋਂ ਬੋਤੀ ਤੇ ਲੱਦਾ ਲੱਦ ਰਹੇ ਸਾਂ। ਛੋਟਾ ਬਾਬਾ ਲੱਦੇ ਦੇ ਉਤੇ ਚੜ੍ਹ ਕੇ ਰੱਸਾ ਕਸੀ ਜਾ ਰਿਹਾ ਸੀ। ਉਹ ਬੈਠੀ ਬੋਤੀ ਦੇ ਚੁਫੇਰੇ ਲਾਏ ਛਟੀਆਂ ਦੇ ਢੇਰ ਦੇ ਉਪਰ ਖੜ੍ਹਾ ਕਹਿਣ ਲੱਗਾ।

"ਟਿੱਚ ਟਿੱਚ ਟਿੱਚ.... ਕੀ ਬਣੂ ਏਸ ਗੰਦੇ ਟੱਬਰ ਦਾ... ਟਿੱਚ ਟਿੱਚ।"

ਟਿਚਕਰ ਸੁਣ ਕੇ ਬੋਤੀ ਖੜ੍ਹੀ ਹੋ ਗਈ। ਛਟੀਆਂ ਦਾ ਲੱਦਾ ਖਿੰਡ ਗਿਆ। ਬਾਬਾ ਛਟੀਉ ਦੇ ਢੇਰ ਚ ਦੱਬਿਆ ਗਿਆ। ਅਸੀਂ ਮਸਾਂ ਬਾਬੇ ਨੂੰ ਛਟੀਆਂ ਚੋਂ ਕੱਢਿਆ। ਸਾਨੂੰ ਹੱਸਦਿਆਂ ਨੂੰ ਵੇਖ ਉਸ ਗਾਲ੍ਹਾਂ ਦੀ ਸੂੜ੍ਹ ਧਰ ਲਈ।

"ਦੰਦ ਕੱਢੀਂ ਜਾਂਦੇ ਨੇ ਕੰਜਰ ਦੇ, ਮੈਂ ਛਟੀਆਂ ਨਾਲ਼ ਛਿੱਲਿਆ ਪਿਆਂ।"

"ਨਾ ਮਾਰਦਾ ਟਿਚਕਰਾਂ।" ਮੇਰੇ ਚਾਚੇ ਨੇ ਆਖ ਦਿੱਤਾ।

"ਓਏ ਕਦੋਂ ਮਾਰੀ ਸੀ....ਆਪੇ ਵੱਜ ਗਈ ਸਾਲ਼ੀ।"

ਅਸੀਂ ਫੇਰ ਹੱਸ ਪਏ। ਹਾਸੀ ਬਾਬੇ ਦੀ ਵੀ ਨਿੱਕਲ ਗਈ। ਉਹ ਹਾਸੀ ਰੋਕਦਾ ਬੋਲਿਆ...।

"ਚਲੋ ਸ਼ੇਰੋ, ਫੇਰ ਲੱਦੀਏ .... ਇੱਛ ਇੱਛ ਇੱਛ।" ਉਹ ਬੋਤੀ ਨੂੰ ਬਹਾਉਣ ਲੱਗਾ।

ਛੋਟਾ ਬਾਬਾ ਆਪ ਹੀ ਦੱਸਦਾ ਹੁੰਦਾ ਸੀ।

"'ਕੇਰਾਂ ਭਾਈ ਮੈਂ ਫ਼ੀਮ ਖਾਣ ਲੱਗ ਪਿਆ। ਫ਼ੀਮ ਦਾ ਗੋਲ਼ਾ ਖਾ ਲੈਂਦਾ ਸਿਰ ਸਿੱਟ ਕੇ ਕੰਮ ਨੂੰ ਜੁਟਿਆ ਰਹਿੰਦਾ। ਨਾ ਟੈਮ ਸਿਰ ਰੋਟੀ ਨਾ ਚਾਹ। ਨਾ ਨਹਾਉਣਾ ਨਾ ਕੱਪੜੇ ਧੋਣਾ.... ਬੱਸ ਫ਼ੀਮ ਤੇ ਕੰਮ, ਫਿਰ ਫ਼ੀਮ ਤੇ ਕੰਮ।"

"ਹਾੜੀ ਦਾ ਕੰਮ ਮੁੱਕਿਆਂ,ਛੇ ਮਹੀਨੇ ਹੋ ਗਏ, ਮੈਂ ਫੇਰ ਵੀ ਫ਼ੀਮ ਨਾ ਛੱਡੀ। ਇਕ ਦਿਨ ਮੈਂ ਸੋਚਿਆ.... ਐਂ ਕਿਮੇਂ ਟੈਮ ਟੱਪੂ? ਕਿਥੋਂ ਆਊ ਨਸ਼ਾ? ਕੌਣ ਦੇਊ ਲਿਆ ਕੇ ਜਦੋਂ ਅੰਗ ਪੈਰ ਜਵਾਬ ਦੇ ਗਏ।"

"ਮੈਂ ਤਾਂ ਭਾਈ ਮਾਰੀ ਚਲਾ ਕੇ ਡੱਬੀ।ਨਾ ਦਵਾਈ,ਨਾ ਟੀਕਾ। ਔਖਾ ਤਾਂ ਮੈਂ ਬਹੁਤ ਹੋਇਆ।ਕਰੜੀ ਜਿਹੀ ਬਣਾਉਂਦਾ ਚਾਹ, ਵਾਰੀ ਵਾਰੀ ਨਹਾ ਲੈਂਦਾ। ਲੱਤਾਂ ਫਸਾ ਲੈਂਦਾ ਮੰਜੇ ਦੀ ਦੌਣ ਚ, ਜਿਮੇਂ ਪੁਲਸ ਕਾਠ ਚ ਲਾਉਂਦੀ ਐ।"

"ਉਦੋਂ ਦੀ ਛੱਡੀ ਅੱਜ ਤੱਕ ਮੂੰਹ ਤੇ ਨੀਂ ਧਰੀ....!"

ਇਹ ਗੱਲਾਂ ਉਹ ਸਾਡੇ ਘਰ ਆ ਵੜੇ ਨਸ਼ਿਆਂ ਦੀ ਧਾੜ.... ਸ਼ਰਾਬ,ਭੁੱਕੀ, ਕੈਪਸੂਲ, ਬੀੜੀਆਂ,ਜਰਦੇ ਕਰਕੇ ਕਹਿੰਦਾ।

ਛੋਟੇ ਬਾਬੇ ਦੀ ਘਰ ਪ੍ਰਤੀ ਸਮਰਪਣ ਦੀ ਪੂਰੀ ਭਾਵਨਾ ਸੀ। ਪਰ ਉਸ ਦੀ ਕੋਈ ਕਲ਼ ਪੁੱਠੀ ਜੜੀ ਹੋਈ ਸੀ। ਜੇ ਤਾਂ ਘਰ ਵਿੱਚ ਸੁੱਖਸਾਂਦ ਹੁੰਦੀ,ਅਮਨ ਸ਼ਾਂਤੀ ਹੁੰਦੀ ਤਾਂ ਛੋਟਾ ਬਾਬਾ ਕਲ਼ ਖੜ੍ਹੀ ਕਰ ਦਿੰਦਾ। ਉਹ ਬਹਾਨੇ ਬਣਾ ਬਣਾ ਕੇ ਲੜ ਪੈਂਦਾ। ਜੇ ਘਰੇ ਕੋਈ ਤੰਗੀ ਤੋੜਾ ਹੁੰਦਾ, ਕੋਈ ਕੰਮ ਖ਼ਰਾਬ ਹੁੰਦਾ ਜਾਂ ਕੋਈ ਹੋਰ ਸਮੱਸਿਆ ਹੁੰਦੀ ਤਾਂ ਛੋਟਾ ਬਾਬਾ ਹਮਦਰਦ ਬਣ ਬਣ ਬਹਿੰਦਾ। ਮੂਹਰੇ ਹੋ ਕੇ ਦੁੱਖ ਵੰਡਾਉਂਦਾ। ਭੱਜ ਭੱਜ ਕੇ ਕੰਮ ਕਰਦਾ। ਮੱਤਾਂ ਦਿੰਦਾ....!

"ਤਕੜੇ ਹੋਵੋ। ਜੇ ਚੰਗੇ ਦਿਨ ਨਹੀਂ ਰਹੇ ਤਾਂ ਆਹ ਵੀ ਨਹੀਂ ਰਹਿੰਦੇ। ਕੰਮ ਕਰੋ ਬੱਸ ਕੰਮ।"

ਬਾਬਿਆਂ ਦੀਆਂ ਗਾਲ੍ਹਾਂ,ਟੋਕਾ ਟਾਕੀ, ਲੜਾਈ, ਝਗੜੇ ਅਤੇ ਉਨ੍ਹਾਂ ਦੇ ਖਰਵੇ ਸੁਭਾਅ ਦੇ ਸਤਾਏ ਅਸੀਂ ਕਈ ਵਾਰ ਕਹਿ ਦਿੰਦੇ..!

"ਇਹ ਨੀਂ ਮਰਦੇ, ਮਗਰੋਂ ਲੈਂਹਦੇ।"

"ਹਿੱਕ ਤੇ ਧਰ ਕੇ ਲੈ ਜਿਓ ਆਵਦੀ ਜ਼ਮੀਨ।"

ਛੋਟੇ ਬਾਬੇ ਦੇ ਸਾਡੇ ਲਈ ਪਿਆਰ ਅਤੇ ਸਮਰਪਣ ਦੀ ਭਾਵਨਾ ਸੀ ਕਿ ਬਾਬੇ ਸਿੱਖ ਨੂੰ ਓਸੇ ਨੇ 'ਮੱਤ' ਦਿੱਤੀ ਸੀ। ਬਾਬਾ ਸਿੱਖ ਜਦੋਂ ਗਦੂਦਾਂ ਦਾ ਸਫ਼ਲ ਉਪਰੇਸ਼ਨ ਕਰਵਾ ਕੇ ਆਇਆ ਸੀ ਤਾਂ ਇਕ ਦਿਨ ਛੋਟੇ ਬਾਬੇ ਨੇ ਸਿੱਖ ਨੂੰ ਪੁੱਛਿਆ...!

"ਕਿਮੇਂ ਸਿੱਖਾ, ਹੁਣ ਕਿਮੇਂ ਐਂ?" ਉਹ ਬੈਠਕ ਮੂਹਰੇ ਮੰਜੇ ਡਾਹ ਕੇ ਹਮੇਸ਼ਾ ਇਕੱਠੇ ਪੈਂਦੇ ਸਨ।

"ਜਮਾਂ ਠੀਕ ਆਂ.... ਟੱਲੀ ਆਂਗੂੰ ਖੜਕਾਦਾਂ।"

"ਖੜਕ ਗਿਆ ਸੀ ਟੱਲੀ ਆਂਗੂੰ ਤੂੰ ਤਾਂ, ਬੰਤੇ ਨੇ ਖੜਕਾਤੀ ਸੀ ਤੇਰੀ ਟੱਲੀ...!"

ਫੇਰ ਬਾਬੇ ਕਰਤਾਰੇ ਨੇ ਬਾਬੇ ਸਿੱਖ ਨੂੰ ਸਾਰੀ ਘਟਨਾ ਦੱਸ ਦਿੱਤੀ। ਭਤੀਜੇ ਵੱਲੋਂ ਖ਼ੂਨ ਦੇਣਾ, ਉਨ੍ਹਾਂ ਦੇ ਸਕੇ ਭਰਾ ਵੱਲੋਂ ਖ਼ੂਨ ਵਾਲੀ ਬੋਤਲ ਪੱਟ ਦੇਣਾ, ਚਸ਼ਮਦੀਦ ਗਵਾਹ ਬਜ਼ੁਰਗ ਬਾਗੜੀ ਵੱਲੋਂ ਛੋਟੇ ਬਾਬੇ ਨੂੰ ਦੱਸਣਾ, ਪੋਤਰੇ ਵੱਲੋਂ ਹੱਥਾਂ ਵਿੱਚ ਖੰਘਾਰ ਥੁੱਕਾਉਣਾ .... ਦੱਸ ਕੇ ਕਿਹਾ।

"ਵੇਖ ਲੈ ਆਵਦਾ ਕੌਣ ਬੇਗਾਨਾ ਕੌਣ.... ਸਕਾ ਭਰਾ ਮਾਰਨ ਨੂੰ ਫਿਰਦਾ ਸੀ, ਭਤੀਜੇ ਤੇ ਪੋਤੇ ਨੇ ਬਚਾਤਾ।"

"ਫੇਰ....!" ਬਾਬਾ ਸਿੱਖ ਸੋਚੀਂ ਪੈ ਗਿਆ।

"ਫੇਰ ਕੀ ਪੁਛੜਾ..... ਆਹ ਜ਼ਮੀਨ ਜੈਦਾਤ ਕੀ ਨਾਲ ਲੈਜੇਂਗਾ ਚੱਕ ਕੇ..... ਲਵਾ ਦੇ ਜਵਾਕਾਂ ਦੇ ਨਾਂ... ਆਵਦੀ ਅੰਸ ਦੇ ਨਾਂਮ ਚੜ੍ਹਾ ਦੇ।"

ਛੋਟੇ ਬਾਬੇ ਦੇ ਕਹਿਣ ਤੇ ਬਾਬੇ ਸਿੱਖ ਨੇ ਸਾਡੇ ਨਾਂ ਵਸੀਅਤ ਕਰਾ ਦਿੱਤੀ। ਵਸੀਅਤ ਕਰਾਉਣ ਤੋਂ ਨੌਂ ਸਾਲ ਬਾਅਦ ਬਾਬੇ ਸਿੱਖ ਦੀ ਮੌਤ ਹੋ ਗਈ। ਬਾਬੇ ਦੇ ਭੋਗ ਤੋਂ ਕਈ ਮਹੀਨਿਆਂ ਬਾਅਦ ਸਾਡੇ ਸਕਿਆਂ ਦਾ ਲੀਡਰ ਟਾਈਪ ਪ੍ਰਾਹੁਣਾ ਸਾਡੇ ਘਰੇ ਆਇਆ। ਬਾਪੂ ਨੇ ਆਵਾਜ਼ ਮਾਰੀ।

"ਚਾਹ ਨਾ ਧਰੋ, ਦੁੱਧ ਤੱਤਾ ਕਰ ਲੋ,ਜਵਾਈ ਭਾਈ ਆਇਐ।"

ਬੇਬੇ ਦੁੱਧ ਗਰਮ ਕਰਨ ਲੱਗੀ। ਬਾਪੂ ਨੇ ਚੁੱਲ੍ਹੇ ਕੋਲ ਹੀ ਮੰਜਾ ਖਿੱਚ ਲਿਆ। ਛੋਟਾ ਬਾਬਾ ਵੀ ਸੋਟੀ ਦੀ ਠੱਕ ਠੱਕ ਕਰਦਾ ਕੋਲ ਆ ਗਿਆ ਅਤੇ ਠੋਡੀ ਹੇਠਾਂ ਸੋਟੀ ਰੱਖ ਕੇ ਪਹਿਰੇਦਾਰਾਂ ਵਾਂਗੂੰ ਖੜ੍ਹ ਗਿਆ।

ਪ੍ਰਾਹੁਣੇ ਨੇ ਸੋਚੇ ਸਮਝੇ ਤੀਰ ਛੱਡਣ ਲਈ ਸਿਆਣਪ ਘੋਟੀ।

" ਵੇਖੋ ਜੀ.... ਇਕ ਬੁੜ੍ਹੇ ਦੀ ਜ਼ਮੀਨ ਸੋਨੂੰ ਆਗੀ.... ਦੂਜੀ ਉਹਨਾਂ ਨੂੰ ਛੱਡ ਦਿਓ।"

ਬਾਪੂ ਦੀਆਂ ਗਿਆਨ ਇੰਦਰੀਆਂ ਸੁਚੇਤ ਹੋ ਗਈਆਂ। ਉਸ ਛੋਟੇ ਬਾਬੇ ਵੱਲ ਹੱਥ ਕਰਕੇ ਕਿਹਾ।

"ਆਹ ਖੜ੍ਹਾ ਛੋਟਾ ਬੁੜ੍ਹਾ..... ਹੁਣੇ ਲੈ ਜਾ।"

"ਐਂ ਤਾਂ ਕਿਮੇਂ ਲੈਜਾਂ...... ਪਹਿਲਾਂ ਜ਼ਮੀਨ ਨਾਂ ਲਵਾਏ.... ਉਂਅ ਕਿਹੜਾ ਗੂੰਹ ਚੱਕੇ।"

ਛੋਟੇ ਬਾਬੇ ਨੂੰ ਚੀਹ ਚੜ੍ਹ ਗਈ। ਉਸ ਅੰਦਰਲੀ ਅੱਗ ਨਾਲ਼ ਵਿੱਚ ਆ ਗਈ। ਉਸ ਠੋਡੀ ਹੇਠਾਂ ਦਿੱਤੀ ਸੋਟੀ ਦੋਹਾਂ ਹੱਥਾਂ ਨਾਲ ਸਿਰ ਤੋਂ ਉਪਰ ਲਿਜਾ ਕੇ ਉਘਰ ਲਈ ਤੇ ਗਾਲ੍ਹਾਂ ਦੀ ਵਾਛੜ ਕਰਦਾ ਗਰਜਿਆ....!

"ਤੇਰੀ ਓਏ ਮਾਂ ਦਾ ਮਾਰਿਆ ਫਲਾਨਾ ਥੋਕ.... ਨਿੱਕਲ ਜਾ ਐਸੇ ਵਕ਼ਤ ਸਾਡੇ ਘਰੋਂ.... ਸਾਲੇ ਦਾ ਸੋਟੀ ਮਾਰ ਕੇ ਸਿਰ ਪਾੜਦੂੰ।"

ਪ੍ਰਾਹੁਣੇ ਦੀ ਸਾਰੀ ਸੱਤਿਆ ਮੁੱਕ ਗਈ। ਉਹ ਕੱਚਾ,ਬੇਸ਼ਰਮ ਵੀ ਹੋ ਗਿਆ ਤੇ ਡਰ ਵੀ ਗਿਆ। ਉਹ ਉਠ ਕੇ ਭੱਜਦਿਆਂ ਵਾਂਗ ਤੁਰ ਪਿਆ। ਤੇਜ਼ ਕਦਮੀਂ ਤੁਰੇ ਜਾਂਦੇ ਪ੍ਰਾਹੁਣੇ ਵੱਲ ਛੋਟੇ ਬਾਬੇ ਨੇ ਉਵੇਂ ਉਘਰੀ ਸੋਟੀ ਨਾਲ ਦੋ ਤਿੰਨ ਕਦਮ ਪੁੱਟੇ ਤੇ ਫੇਰ ਭਬਕਿਆ।

"ਖੜ੍ਹੋ ਜਾਹ, ਲੈ ਕੇ ਜਾਈਂ ਮੁਰੱਬੇ... ਢੇਕਾ ਜ਼ਮੀਨ ਦਾ।"

ਤੇ ਐਂ ਹੀ ਸਾਡੇ ਘਰ ਤੇ ਠੀਕਰੀ ਪਹਿਰਾ ਦਿੰਦਾ ਛੋਟਾ ਬਾਬਾ ਇਕ ਵਾਰ ਆਪ ਹੀ ਜਾ ਕੇ ਸਿਕੰਦਰਪੁਰੇ ਰਾਧਾ ਸੁਆਮੀਆਂ ਦੇ ਡੇਰੇ ਚੋਂ ਅੱਖਾਂ ਦਾ ਅਪਰੇਸ਼ਨ ਕਰਾ ਲਿਆਇਆ ਜਿਸਨੇ ਉਸਨੂੰ ਅਜਿਹਾ ਮੰਜੇ ਤੇ ਸੁਟਿਆ,ਮੁੜ ਨਹੀਂ ਉਠਿਆ। ਮੰਜੇ ਤੇ ਪਏ ਬਾਬੇ ਦੀ ਸਾਡੇ ਸਾਰੇ ਟੱਬਰ ਨੇ ਬਹੁਤ ਸੇਵਾ ਕੀਤੀ। ਭਾਵੇਂ ਜ਼ਮੀਨ ਸਾਂਭਣ ਦੀ ਲੋਕ ਲੱਜ ਵੀ ਸੀ ਪਰ ਸੇਵਾ ਕੀਤੀ ਬਹੁਤ। ਆਪਣੇ ਸਕੇ ਬਾਪ ਦਾਦੇ ਤੋਂ ਵੀ ਕਿਤੇ ਵੱਧ....!

ਸਾਡੇ ਅਣਵਿਆਹੇ ਬਾਬੇ, ਬਾਬਾ ਸਿੱਖ ਤੇ ਛੋਟਾ ਬਾਬਾ ਸਾਡੇ ਸੰਘਿਆਂ ਵਾਲੇ ਖੇਤ ਪੰਜ ਪੰਜ ਇੱਟਾਂ ਦੀਆਂ ਮਟੀਆਂ ਵਿੱਚ ਬੈਠੇ ਅਜੇ ਵੀ ਸਾਡੇ ਖੇਤ ਅਤੇ ਘਰ 'ਤੇ ਠੀਕਰੀ ਪਹਿਰਾ ਦੇਈਂ ਜਾਂਦੇ ਨੇ। ਬੇਰੀ,ਨਿੰਮ ਤੇ ਤੂਤ ਦੀ ਤ੍ਰਿਵੈਣੀ ਹੇਠ ਚਿੱਟੀ ਕਲੀ ਕੀਤੀਆਂ ਮਟੀਆਂ ਸਾਡੀ ਬਾਬਿਆਂ ਲਈ ਸ਼ਰਧਾਂਜਲੀ ਹੀ ਹਨ। ਸਾਡੇ ਘਰ ਦੀਆਂ ਔਰਤਾਂ ਅਜੇ ਵੀ ਮੱਸਿਆ, ਸੰਗਰਾਂਦ, ਦਿਵਾਲੀ, ਦੁਸਹਿਰੇ ਨੂੰ ਸਿਰ ਢਕ ਕੇ, ਘੁੰਡ ਕੱਢ ਕੇ ਬਾਬਿਆਂ ਨੂੰ ਮੱਥਾ ਟੇਕ ਕੇ ਆਉਂਦੀਆਂ ਹਨ।

--o--

# ਯਾਦਾਂ

# ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ 'ਪ੍ਰੇਮ ਪ੍ਰਕਾਸ਼' ਨਾਲ ਮੁਲਾਕਾਤ



ਜਿੰਦਰ
ਪ੍ਰਸਿੱਧ ਕਹਾਣੀਕਾਰ
ਅਤੇ
ਸੰਪਾਦਕ ਸ਼ਬਦ
(ਮੈਗਜ਼ੀਨ)
jinder340@gmail.com

ਪੰਜਾਬੀ ਕਹਾਣੀ ਸਾਹਿਤ ਦੇ ਆਕਾਸ਼ ਵਿੱਚ ਪ੍ਰੇਮ ਪ੍ਰਕਾਸ਼ ਇੱਕ ਚਮਕਦਾ ਸਿਤਾਰਾ ਸਨ, ਜਿਨ੍ਹਾਂ ਨੇ ਆਪਣੀ ਲੇਖਣੀ ਨਾਲ ਮਨੁੱਖੀ ਮਨ ਦੀਆਂ ਅਣਦਿੱਸਦੀਆਂ ਤਹਿਆਂ ਨੂੰ ਫਰੋਲਿਆ ਅਤੇ ਔਰਤ-ਮਰਦ ਸੰਬੰਧਾਂ ਦੇ ਬਾਰੀਕ ਤਾਣੇ-ਬਾਣੇ ਨੂੰ ਮਨੋਵਿਗਿਆਨਕ ਨਜ਼ਰੀਏ ਤੋਂ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ। 1992 ਈ. ਵਿੱਚ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਕੁੱਝ ਅਣਕਿਹਾ ਵੀ' ਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਉਨ੍ਹਾਂ ਦੀਆਂ ਕਹਾਣੀਆਂ ਸਿਰਫ਼ ਮਨੋਰੰਜਨ ਹੀ ਨਹੀਂ ਸਨ ਕਰਦੀਆਂ ਸਗੋਂ ਸਮਾਜਿਕ ਯਥਾਰਥ ਦਾ ਸ਼ੀਸ਼ਾ ਵੀ ਸਨ, ਜਿਨ੍ਹਾਂ ਵਿੱਚ ਮਨੁੱਖੀ ਵਿਵਹਾਰ ਦੇ ਲੁਕਵੇਂ ਪਹਿਲੂ ਇੰਨੀ ਸੂਝ-ਬੂਝ ਨਾਲ ਉਜਾਗਰ ਹੁੰਦੇ ਸਨ ਕਿ ਪਾਠਕ ਆਪਣੇ ਅੰਦਰ ਝਾਂਕਣ ਲਈ ਮਜਬੂਰ ਹੋ ਜਾਂਦੇ ਸਨ। ਉਨ੍ਹਾਂ ਦੀ ਲੇਖਣੀ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਮ ਜ਼ਿੰਦਗੀ ਦੇ ਮਾਮੂਲੀ ਪ੍ਰਸੰਗਾਂ ਵਿੱਚੋਂ ਅਸਾਧਾਰਨ ਕਹਾਣੀਆਂ ਘੜ੍ਹ ਲੈਂਦੇ ਸਨ। ਮਨੁੱਖੀ ਰਿਸ਼ਤਿਆਂ ਦੀ ਜਟਿਲਤਾ ਅਤੇ ਭਾਵਨਾਵਾਂ ਦੇ ਅੰਤਰ-ਵਿਰੋਧ ਨੂੰ ਬਿਆਨ ਕਰਨ ਵਿੱਚ ਉਨ੍ਹਾਂ ਦੀ ਕਲਮ ਕਿਸੇ ਜਾਦੂਗਰ ਦੀ ਛੜੀ ਵਾਂਗ ਕੰਮ ਕਰਦੀ ਸੀ। 30 ਮਾਰਚ 2025 ਨੂੰ ਜਦੋਂ ਪ੍ਰੇਮ ਪ੍ਰਕਾਸ਼ ਜੀ ਨੇ ਇਸ ਸੰਸਾਰ ਤੋਂ ਅੰਤਿਮ ਵਿਦਾਇਗੀ ਲਈ, ਤਾਂ ਪੰਜਾਬੀ ਸਾਹਿਤ ਦਾ ਇੱਕ ਯੁਗ ਸਮਾਪਤ ਹੋ ਗਿਆ। ਪਰ ਸੱਚੇ ਸਾਹਿਤਕਾਰ ਕਦੇ ਮਰਦੇ ਨਹੀਂ-ਉਹ ਆਪਣੀਆਂ ਰਚਨਾਵਾਂ ਵਿੱਚ ਅਮਰ ਰਹਿੰਦੇ ਹਨ। ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਜਿੰਦਰ ਨੇ ਪ੍ਰੇਮ ਪ੍ਰਕਾਸ਼ ਜੀ ਨਾਲ ਇੱਕ ਲੰਬੀ-ਚੌੜੀ ਮੁਲਾਕਾਤ ਕੀਤੀ ਸੀ, ਇਹ ਮੁਲਾਕਾਤ ਕਦੋਂ ਕੀਤੀ, ਇਸ ਸੰਬੰਧੀ ਖ਼ੁਦ ਜਿੰਦਰ ਨੂੰ ਵੀ ਕੋਈ ਚੇਤਾ ਨਹੀਂ ਹੈ। ਪਰੰਤੂ ਇਸ ਮੁਲਾਕਾਤ ਦੇ ਅੰਦਰੂਨੀ ਹਵਾਲਿਆਂ ਦੇ ਆਧਾਰ 'ਤੇ ਇਹ ਸੰਨ 2000 ਦੇ ਆਸ-ਪਾਸ ਕੀਤੀ ਗਈ ਪ੍ਰਤੀਤ ਹੁੰਦੀ ਹੈ। ਇਸ ਗੱਲਬਾਤ ਵਿੱਚ ਪ੍ਰੇਮ ਪ੍ਰਕਾਸ਼ ਜੀ ਦੇ ਸਾਹਿਤਕ ਚਿੰਤਨ, ਜੀਵਨ ਦਰਸ਼ਨ ਅਤੇ ਸਿਰਜਣ ਪ੍ਰਕਿਰਿਆ ਆਦਿ ਅਨੇਕ ਪਹਿਲੂਆਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹ ਸਿਰਫ਼ ਇੱਕ ਮੁਲਾਕਾਤ ਨਹੀਂ, ਬਲਕਿ ਦੋ ਸਾਹਿਤਕਾਰਾਂ ਦੀ ਗਿਆਨ ਭਰਪੂਰ ਗੋਸ਼ਟਿ ਹੈ। ਅਸੀਂ ਇਸ ਗੋਸ਼ਟਿ ਨੁਮਾ ਮੁਲਾਕਾਤ ਨੂੰ ਖੋਜਨਾਮਾ ਦੇ ਇਸ ਅੰਕ ਵਿੱਚ ਸ਼ਾਮਿਲ ਕਰਨ ਦਾ ਮਾਣ ਹਾਸਿਲ ਕਰ ਰਹੇ ਹਾਂ।

**ਸੰਪਾਦਕ**

**ਜਿੰਦਰ:**-ਕਿਉਂ ਨਾ ਗੱਲ ਬਚਪਨ ਤੋਂ ਹੀ ਸ਼ੁਰੂ ਕਰੀਏ, ਤੁਹਾਡਾ ਬਚਪਨ ਕਿਹੋ ਜਿਹਾ ਸੀ ਅਤੇ ਤੁਹਾਨੂੰ ਕਿਹੋ ਜਿਹੇ ਸੰਸਕਾਰ ਮਿਲੇ?

**ਪ੍ਰੇਮ ਪ੍ਰਕਾਸ਼:**-ਮੈਂ ਦੂਜੇ ਨੰਬਰ ਦੀ ਸੰਤਾਨ ਹਾਂ। ਇੱਕ ਭਾਈ ਮੇਰਾ ਵੱਡਾ ਤੇ ਚਾਰ ਛੋਟੇ ਸਨ। ਇੱਕ ਸਕੂਲ ਪੜਦਾ ਹਾਦਸੇ 'ਚ ਗੁਜ਼ਰ ਗਿਆ ਸੀ। ਦੋ ਛੋਟੀਆਂ ਭੈਣਾਂ ਨੇ। ਘਰ 'ਚ ਬਹੁਤ ਖੁਸ਼ਹਾਲੀ ਸੀ। ਪਰ ਮੈਂ ਸਿਰੜੀ, ਰੋਂਦੂ, ਜ਼ਿੱਦੀ, ਕਮਜ਼ੋਰ ਤੇ ਡਰਾਕਲ ਸੀ। ਬੀਬੀ ਦਾ ਪੱਲਾ ਨਹੀਂ ਸੀ ਛੱਡਦਾ। ਉਹ ਭੂਤਾਂ ਚੁੜੇਲਾਂ ਤੋਂ ਡਰਾਉਦੀ–ਖਹਿੜਾ ਮਸਾਂ ਛੱਡਾਉਦੀ ਸੀ। ਬਾਪ ਦਾ ਸੁਭਾਅ ਸਖਤ ਸੀ। ਉਹਨੇ ਨਾ ਕਦੇ ਗੱਲ ਕੀਤੀ ਸੀ ਤੇ ਨਾ ਈ ਉਂਗਲੀ ਲਾਇਆ ਸੀ। ਵੱਡਾ ਭਾਈ ਅੱਖੜ ਤੇ ਕਰੂਰ ਸੀ। ਮੈਨੂੰ ਕੁੱਟ ਪੈਂਦੀ ਰਹਿੰਦੀ ਸੀ। ਬਦਲਾ ਲੈ ਨਹੀਂ ਸੀ ਸਕਦਾ। ਪਿਤਾ ਆਰੀਆ ਸਮਾਜੀ ਹਿੰਦੂ ਧਰਮ ਨੂੰ ਮੰਨਣ ਵਾਲੇ ਗਾਂਧੀਵਾਦੀ ਸਨ। ਪਰਮੈਨੂੰ ਨਿਆਂ ਨਹੀਂ ਸੀ ਮਿਲਦਾ। ਜੇ ਬੀਬੀ ਨਾ ਹੁੰਦੀ ਤਾਂ ਮੈਂ ਉਸ ਘਰੋਂ ਬਹੁਤ ਛੋਟੀ ਉਮਰੇ ਭੱਜ ਜਾਣਾ ਸੀ। ਦਾਦੀ-ਦਾਦਾ ਨੇ ਹੀ ਪਿਆਰ ਨਾਲ ਪਾਲਿਆ ਸੀ। 1947 ਤੋਂ ਬਾਅਦ ਅੱਠਵੀਂ ਨੌਂਵੀਂ 'ਚ ਪੜਦਾ ਮੈਂ ਘਰੋਂ ਕਈ ਵਾਰ ਭੱਜਿਆ ਸੀ। ਜਦ ਪੈਸਾ ਧੇਲਾ ਮੁੱਕ ਜਾਂਦਾ ਸੀ, ਮੁੜ ਆਉਂਦਾ ਸੀ।

ਦਾਦਾ ਦਾਦੀ ਸਨਾਤਨੀ ਸਨ। ਬਾਪ ਕੱਟੜ ਆਰੀਆ ਸਮਾਜੀ। ਉਹ ਵੱਡਿਆਂ ਦੇ ਸਨਾਤਨ ਧਰਮ, ਦੇਵੀ ਦੇਵਤਿਆਂ, ਪੁਰਾਣਾਂ ਤੇ ਧਰਮ ਕਰਮਾਂ ਦਾ ਮਜ਼ਾਕ ਉਡਾਂਦੇ ਸਨ। ਦਾਦੀ ਦੁੱਖੀ ਹੁੰਦੀ ਸੀ। ਨੌਂਵੀਂ 'ਚ ਮੈਂ ਬਾਪ ਦੇ ਧਰਮ ਦਾ ਮਜ਼ਾਕ ਉਡਾਇਆ ਸੀ। ਉਹਨੂੰ ਸਾਰੀ ਉਮਰ ਇਹ ਗੱਲ ਨਹੀਂ ਸੀ ਭੁੱਲੀ। ਏਸੇ ਲਈ ਮੇਰੇ ਨਾਲ ਵਿਤਕਰੇ ਕੀਤੇ। ਉਂਜ ਉਹ ਬੇਹੱਦ ਇਮਾਨਦਾਰ, ਸੱਚ ਬੋਲਣ ਵਾਲੇ, ਗਰੀਬਾਂ ਦੁਖੀਆਂ ਦੇ ਹਮਦਰਦ ਸਨ। ਮੈਂ ਸਾਰੀ ਉਮਰ ਏਨਾ ਕਮਾਇਆ ਨਹੀਂ, ਜਿੰਨਾ ਉਹਨਾਂ ਦਾਨ ਕੀਤਾ ਸੀ। ਏਸੇ ਕਰਕੇ ਜਦ ਉਹ ਸੱਠਾਂ ਤੋਂ ਟੱਪ ਗਏ ਤਾਂ ਮੈਨੂੰ ਉਹਨਾਂ 'ਤੇ ਪਿਆਰ ਆਉਣ ਲੱਗ ਪਿਆ ਸੀ। ਮੈਂ ਉਹਨਾਂ ਦੀਆਂ ਸਭ ਵਧੀਕੀਆਂ ਭੁੱਲ ਗਿਆ ਸੀ। ਮੈਂ ਏਨਾ ਸੱਚਾ ਬੰਦਾ ਹੋਰ ਕੋਈ ਨਹੀਂ ਦੇਖਿਆ। ਬੀਬੀ ਹਿੰਦੀ ਚੰਗੀ ਪੜੀ ਹੋਈ ਸੀ। ਉਰਦੂ ਦੀ ਚਿੱਠੀ ਪੜ ਲੈਂਦੀ ਸੀ। ਉਹਨੇ ਜਸਵੰਤ ਸਿੰਘ ਟੋਹਾਣਵੀਦੀ ਰਾਮਾਇਣ ਤੇ ਮਹਾਂਭਾਰਤ ਸਾਰੀ ਨਾਟਕੀ ਰੂਪ 'ਚ ਮੈਨੂੰ ਸੁਣਾਈ ਸੀ। ਤਦ ਦੇ ਇਹ ਗ੍ਰੰਥ

ਮੇਰੇ ਅੰਦਰ ਨੇ। ਬਾਪ ਦੀ ਅਲਮਾਰੀ ਪੁਸਤਕਾਂ ਨਾਲ ਭਰੀ ਪਈ ਰਹਿੰਦੀ ਸੀ। ਚਾਰੇ ਵੇਦਾਂ ਦਾ ਹਿੰਦੀ ਅਨੁਵਾਦ ਸੀ। ਕੁਝ ਉਹਨਾਂ ਧੱਕੇ ਨਾਲ ਪੜਾਈਆਂ ਸਨ ਤੇ ਕੁਝ ਮੈਂ ਸ਼ੌਕ ਨਾਲ ਪੜ੍ਹੀਆਂ ਸਨ। ਧਰਮ ਅਤੇ ਵਿਦਰੋਹ ਨਾਲ ਭਰਿਆ ਸੰਸਾਰ ਲੈ ਕੇ ਮੈਂ ਜਲੰਧਰ ਆਇਆ ਸੀ।

**ਜਿੰਦਰ:**-ਉਦੋਂ ਜਲੰਧਰ ਕਿਹੋ ਜਿਹਾ ਲੱਗਾ ਸੀ। ਕੀ ਤੁਸੀਂ ਜਲੰਧਰ ਆ ਕੇ ਲਿਖਣਾ ਸ਼ੁਰੂ ਕੀਤਾ ਸੀ। ਇਥੋਂ ਦਾ ਸਾਹਤਿਕ ਮਾਹੌਲ ਕਿਹੋ ਜਿਹਾ ਸੀ?

**ਪ੍ਰੇਮ ਪ੍ਰਕਾਸ਼:**-ਪੰਜ- ਛੇ ਕੁ ਮਹੀਨਿਆਂ ਬਾਅਦ ਮੈਨੂੰ ਤਨਖਾਹ ਮਿਲਣ ਲੱਗੀ ਸੀ। ਮੈਂ ਛੜਾ ਸੀ। ਚੌਂਕ ਸੂਦਾਂ 'ਚ ਬਣੀ ਬਾਹਰੀ ਮਾਰਕੀਟ ਦੇ ਉੱਪਰ ਬਣੇ ਕਮਰੇ 'ਚ ਰਿਹਾ ਸੀ। ਉਥੇ ਸਭ ਛੜੇ ਸਨ। ਉਥੇ ਮੈਨੂੰ ਗੁਰਬਚਨ ਸਿੰਘ ਚੌਧਰੀ ਮਿਲਿਆ। ਉਹ ਉਰਦੂ ਤੇ ਪੰਜਾਬੀ 'ਚ ਸਭ ਕੁਝ ਲਿਖਦਾ ਸੀ। ਉਹਦੇ ਕਹਿਣ ਤੇ ਮੈਂ ਗਿਆਨੀ ਕੀਤੀ। ਉਥੇ ਗਿਆਨੀ ਹੀਰਾ ਸਿੰਘ ਦਰਦ ਮਿਲੇ। ਜਸਵੰਤ ਸਿੰਘ ਵਿਰਦੀ ਤੇ ਗੁਰਦਰਸ਼ਨ ਸਿੰਘ (ਮਹਿਰਮ ਯਾਰ) ਵੀ ਉਥੇ ਹੀ ਮਿਲੇ। ਉਹਨਾਂ ਦੀ ਸੰਗਤ ਕਰ ਕੇ ਹੀ ਮੈਂ ਇੱਕ ਕਹਾਣੀ ਲਿਖੀ। ਉਦੋਂ ਪ੍ਰੋ. ਮੋਹਨ ਸਿੰਘ ਅੰਬਰਸਰੋਂ ਉਠ ਕੇ ਜਲੰਧਰ ਆ ਗਏ ਸੀ। ਉਹਨਾਂ ਲੇਖਕਾਂ ਦੀ ਮੀਟਿੰਗ ਬੁਲਾਈ। ਮੈਂ ਕੰਬਦਿਆਂ ਕਹਾਣੀ ਪੜੀ ਸੀ । ਫਿਕਰ ਤੌਂਸਵੀ ਤੇ ਮੋਹਨ ਸਿੰਘ ਨੇ ਚੰਗੀ ਵੀ ਕਿਹਾ ਸੀ ਤੇ ਨਸੀਹਤਾਂ ਵੀ ਦਿੱਤੀਆਂ। ਫੇਰ ਲੇਖਕਾਂ ਦੀਆਂ ਮੀਟਿੰਗਾਂ ਫੁਲਵਾੜੀ ਗਿਆਨੀ ਕਾਲਿਜ 'ਚ ਹੋਣ ਲੱਗੀਆਂ ਸਨ। ਜਿਥੇ ਇੱਕ ਪਾਸੇ ਅਗਾਂਹ–ਵਧੂ ਗਰੁੱਪ ਬੈਠਦਾ ਸੀ। ਜਿਸ ਦਾ ਨੇਤਾ ਸੁਰਜਨ ਜ਼ੀਰਵੀ ਸੀ। ਵਿਰੋਧੀ ਗਰੁੱਪ 'ਚ ਤਿੰਨ ਪੱਤਰਕਾਰ ਬਾਬਾ ਬਨੂਆਣਾ, ਪਿਆਰਾ ਸਿੰਘ ਭੋਗਲ ਤੇ ਗਿ. ਹਰਭਜਨ ਸਿੰਘ ਹੁੰਦੇ ਸੀ। ਬਹਿਸ ਅੱਜ ਨਾਲੋਂ ਵੀ ਭੈੜੀ ਹੁੰਦੀ ਸੀ। ਬੱਸ ਅੰਨੇਵਾਹ ਅਗਾਂਹ ਵਧੂ ਸਾਹਿਤ ਰਚਿਆ ਜਾਂਦਾ ਸੀ । ਕਮਿਉਨਿਸਟ ਪਾਰਟੀ ਨੇ ਲੇਖਕਾਂ ਦਾ ਵੀ ਇੱਕ ਸੈਲ ਬਣਾਇਆ ਹੋਇਆ ਸੀ। ਮੈਨੂੰ ਵੀ ਬੁਲਾਇਆ ਸੀ। ਕਾ. ਅਨੰਦ ਨੇ ਮਾਰਕਸਵਾਦ ਦੀ ਬੈਟਰੀ ਜਗਾ ਕੇ ਵਿਖਾਈ ਸੀ। ਮੈਂ ਨਵੀਂ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। ਮੁੜ ਕਿਸੇ ਨਾਲ ਨਹੀਂ ਟੁਰਿਆ। ਮੈਨੂੰ ਕਾ. ਜੋਸ਼ ਸਾਹਿਤ ਬਾਰੇ ਕਦੇ ਅਕਲ ਦੀ ਗੱਲ ਕਰਦੇ ਨਹੀਂ ਸੀ ਲੱਗਦੇ। ਲੇਖਕਾਂ ਦੇ ਫੈਸਲੇ ਨਵੇਂ ਜ਼ਮਾਨੇ ਜਾਂ ਪਾਰਟੀ ਦਫ਼ਤਰ

'ਚ ਹੁੰਦੇ ਸਨ। ਪਹਿਲਾਂ ਅਸੀਂ ਪਲਾਜ਼ਾ 'ਚ ਬੈਠਦੇ ਸੀ। ਫੇਰ ਖਿੰਡ ਗਏ। ਫੇਰ ਕਾਫ਼ੀ ਹਾਉਸ ਨੇ ਜੋੜ ਦਿੱਤੇ। ਉਦੋਂ ਅਸੀਂ ਅੱਜ ਦੇ ਨੌਜਵਾਨ ਵਾਂਗ ਹੀ ਲੜਦੇ ਭਿੜਦੇ ਰਹਿੰਦੇ ਸੀ। ਮੈਂ ਬਹੁਤਾ ਖਿਝਿਆ ਰਹਿੰਦਾ ਸੀ। ਲੜਦਾ ਰਹਿੰਦਾ ਸੀ। ਮੈਨੂੰ ਬਹੁਤਿਆਂ ਮਾਰਕਸਵਾਦੀਆਂ ਦੀ ਸੋਚ ਨਾਲ ਤੁਰਨਾ ਜਬਰ ਲੱਗਦਾ ਸੀ। ਮੈਂ ਸਾਰੀ ਉਮਰ ਬੈਠਿਆ ਉਠਿਆ ਮਾਰਕਸਵਾਦੀਆਂ ਨਾਲ, ਪਰ ਲਿਖਦਾ ਉਨਾਂ ਦੀ ਸੋਚ ਤੋਂ ਟੁੱਟ ਕੇ ਰਿਹਾ। ਕੋਈ ਕੁਝ ਵੀ ਲਿਖਦਾ, ਇੱਕ ਦੂਜੇ ਨੂੰ ਸੁਣਾਂਦੇ ਤੇ ਬਹਿਸ ਕਰਦੇ ਰਹਿੰਦੇ ਸੀ। ਉਦੋਂ ਵੀ ਇਵੇਂ ਹੀ ਸੀ ਕਿ ਸਭਾਵਾਂ ਦੇ ਬਹੁਤ ਅਹੁਦੇਦਾਰ ਗੈਰ–ਸਾਹਿਤਕਾਰ ਜਾਂ ਪੱਤਰਕਾਰ ਹੁੰਦੇ ਸੀ। ਜਲੰਧਰ ਪੱਤਰਕਾਰਾਂ ਦਾ ਗੜ ਰਿਹਾ ਏ।

**ਜਿੰਦਰ**:-ਤੁਹਾਡੀਆਂ ਅਨੇਕਾਂ ਕਹਾਣੀਆਂ 'ਚ ਮਰਦ ਔਰਤ ਦੇ, ਖਾਸ ਕਰਕੇ ਪਤੀ-ਪਤਨੀ ਦੇ ਆਪਸੀ ਸੰਬੰਧ ਟੁੱਟਦੇ ਹਨ। ਕੀ ਇਸ ਪਿਛੇ ਕੋਈ ਖਾਸ ਕਾਰਨ ਹੈ?

**ਪ੍ਰੇਮ ਪ੍ਰਕਾਸ਼:**-ਨਹੀਂ ਇੰਜ ਨਹੀਂ ਏ। ਇਹ ਕੁਝ ਕੁ ਕਹਾਣੀਆਂ 'ਚ ਹੋਇਆ ਏ। ਖਾਸ ਕਰ ਕੇ 'ਮੁਕਤੀ–1' ਤੇ 'ਮੁਕਤੀ –2'. ਵਿੱਚ। 'ਟੈਲੀਫੋਨ ਤੇ 'ਸ਼ਵੇਤਾਂਬਰ ਨੇ ਕਿਹਾ ਸੀ' ਵਿੱਚ ਪਤਨੀਆਂ ਹੋਰਾਂ ਮਰਦਾਂ ਨਾਲ ਦੋਸਤੀਆਂ ਤਾਂ ਕਰਦੀਆਂ ਨੇ ਪਰ ਪਤੀਆਂ ਤੋਂ ਤੋੜ–ਵਿਛੋੜਾ ਆਪ ਚਾਹ ਕੇ ਨਹੀਂ ਕਰਦੀਆਂ। ਉਂਜ ਵੀ ਮੈਨੂੰ ਏਸ ਕੌੜੇ ਸੰਬੰਧ ਬਾਰੇ ਅਨੁਭਵ ਬਹੁਤ ਘੱਟ ਏ। ਪਤੀ ਪਤਨੀ ਦੇ ਝਗੜੇ ਨੂੰ ਮੈਂ ਬਹੁਤ ਨੇੜਿਓ ਵੀ ਨਹੀਂ ਦੇਖਿਆ। ਸੁਣੇ ਅਨੁਭਵ ਨੇ।

**ਜਿੰਦਰ**:- ਕਹਾਣੀ 'ਚ ਅਨੁਭਵ, ਕਲਪਨਾ ਤੇ ਯਥਾਰਥ ਦਾ ਕਿੰਨਾ ਕੁ ਸੁਮੇਲ ਹੁੰਦਾ ਹੈ?

**ਪ੍ਰੇਮ ਪ੍ਰਕਾਸ਼**:-ਮੈਂ ਆਪਣੀ ਕਲਾ ਦੀ ਗੱਲ ਦੱਸਦਾ ਹਾਂ। ਜਦ ਕਹਾਣੀ ਰਚੀ ਜਾ ਰਹੀ ਹੁੰਦੀ ਏ ਤਾਂ ਉਹ ਅਨਭੂਤੀਆਂ ਦੇ ਟੋਟਿਆਂ ਤੇ ਉਸਰਦੀਆਂ ਘਟਨਾਵਾਂ ਦੇ ਟੁਕੜੇ ਹੁੰਦੇ ਨੇ। ਕਿਸੇ ਨਿੱਕੇ ਜਿਹੇ ਅਨੁਭਵ ਨੂੰ ਕਲਪਨਾ ਫੈਲਾ ਕੇ ਕਿਤੇ ਦਾ ਕਿਤੇ ਲੈ ਜਾਂਦੀ ਏ। ਪਰ ਉਸ ਫੈਲਾਅ 'ਚ ਵੀ ਅਨੁਭਵਾਂ ਦੇ ਕਣ ਹੁੰਦੇ ਨੇ। ਉਹ ਕਿੰਨੇ ਹੀ ਰੂਪ ਵਟਾਂਦੇ-ਵਟਾਂਦੇ ਕੁਝ ਦਾ ਕੁਝ ਬਣ ਜਾਂਦੇ ਨੇ। ਕਈ ਵਾਰੀ ਤਾਂ ਮੈਨੂੰ ਵੀ ਪਤਾ ਨਹੀਂ ਲੱਗਦਾ ਕਿ ਉਹ ਗੱਲ ਕਿੱਥੋਂ ਆ ਜੁੜੀ। ਹੋ ਸਕਦਾ ਏ ਕਿ ਕੋਈ ਦੇਖੀ, ਸੁਣੀ ਜਾਂ ਪੜੀ ਘਟਨਾ ਵੀਹ ਤੀਹ ਸਾਲ ਪਹਿਲਾਂ ਦੀ ਅਵਚੇਤਨ ਮਨ 'ਚ ਕਿਤੇ ਪਈ ਅਚਾਨਕ ਜਾਗ ਕੇ ਅੱਗੇ ਆ ਗਈ ਹੋਵੇ। ਉਹ ਕਹਾਣੀ ਦੇ ਸੰਗਠਨ

'ਚ ਇੱਕ ਹਿੱਸਾ ਬਣ ਗਈ ਹੋਵੇ। ਪਰ ਮੈਂ ਉਹਨਾਂ ਸਾਰੇ ਟੋਟਿਆਂ ਨੂੰ ਪਛਾਣ ਨਹੀਂ ਰਿਹਾ ਹੁੰਦਾ। ਫੇਰ ਅਨੁਭਵਾਂ ਦੇ ਵਿੱਚ ਅਨੁਭਵ ਵੜ ਜਾਂਦੇ ਨੇ। ਕਿਸੇ ਇੱਕ ਦੀ ਆਪਣੀ ਸ਼ਨਾਖਤ ਨਹੀਂ ਰਹਿੰਦੀ। ਸੰਪੂਰਨ ਕਹਾਣੀ ਨੂੰ ਏਨੇ ਅਣੂਆਂ 'ਚ ਤੋੜ ਕੇ ਕੌਣ ਦੇਖ ਸਕਦਾ ਏ। ਕਿਉਂਕਿ ਉਹ ਕਹਾਣੀ ਕਿਹੜਾ ਆਪਣੇ ਜਤਨਾਂ ਨਾਲ ਅਨੁਭਵ ਜੋੜ ਜੋੜ ਕੇ ਲਿਖੀ ਗਈ ਹੁੰਦੀ ਏ। ਉਹ ਤਾਂ ਕਿਸੇ ਰਹੱਸ ਭਰੇ ਤਰੀਕੇ ਨਾਲ ਆਪਣੇ ਆਪ ਜੁੜ ਜਾਂਦੀ ਏ। ਏਸ ਜੁੜਾਈ 'ਚ ਲੇਖਕ ਦੀ ਨੀਅਤ ਤੇ ਚਿੰਤਨ ਦਾ ਹਿੱਸਾ ਜ਼ਰੂਰ ਹੁੰਦਾ ਏ। ਮੈਂ ਇਹ ਮੰਨਦਾ ਹਾਂ ਕਿ ਮੈਂ ਕਹਾਣੀ ਨਹੀਂ ਲਿਖਦਾ, ਕਹਾਣੀ ਮੈਥੋਂ ਲਿਖ ਹੋ ਜਾਂਦੀ ਏ।

**ਜਿੰਦਰ:**- ਤੁਸੀਂ ਪੇਂਡੂ ਮਾਹੌਲ ਤੋਂ ਆਏ। ਪਰ ਤੁਹਾਡੇ ਕਥਾ ਸੰਸਾਰ ਤੋਂ ਪਿੰਡ ਗਾਇਬ ਹੈ।

**ਪ੍ਰੇਮ ਪ੍ਰਕਾਸ਼:**- ਤੂੰ ਸ਼ਾਇਦ ਧਿਆਨ ਨਾਲ ਨਹੀਂ ਪੜ੍ਹੀਆਂ ਹੋਣੀਆਂ ਮੇਰੀਆਂ ਸਾਰੀਆਂ ਕਹਾਣੀਆਂ। ਜਾਂ ਇਹ ਵੀ ਹੋ ਸਕਦੈ ਕਿ ਤੂੰ ਕਹਾਣੀ ਪੜ੍ਹਦਾ ਹੋਇਆ ਕਹਾਣੀ ਦੇ ਘਟਨਾ ਸਥਾਨ ਤੇ ਪਾਤਰਾਂ ਨੂੰ ਜਲੰਧਰ ਦੇ ਘਰਾਂ 'ਚ ਚਿਤਵ ਲੈਂਦਾ ਹੋਵੇ ਜਾਂ ਪਿੰਡ ਦੀ ਕਹਾਣੀ ਤੂੰ ਉਸੇ ਨੂੰ ਸਮਝਦਾ ਹੋਵੇ, ਜੀਹਦੇ ਵਿੱਚ ਖੂਹ, ਖੱਤਿਆਂ, ਕਿਸਾਨ ਤੇ ਕੰਮੀਆਂ ਦਾ ਜ਼ਿਕਰ ਹੋਵੇ। ਮੈਂ ਆਪਣੇ ਬਾਰੇ ਦੱਸ ਦਿਆਂ ਕਿ ਮੈਂ ਜੰਮਿਆ ਖੰਨੇ, ਚਾਰ ਜਮਾਤਾਂ ਭਾਦਸੋਂ ਪੜ੍ਹਿਆਂ (ਜਿਹੜਾ ਵੱਡਾ ਪਿੰਡ ਏ), ਫੇਰ ਖੰਨੇ ਆਪਣੇ ਘਰ ਰਿਹਾ। ਖੰਨਾ ਕਸਬਿਆਂ ਨਾਲੋਂ ਵੱਡਾ ਸ਼ਹਿਰ ਏ। ਬਹੁਤੇ ਲੋਕ ਪੜ੍ਹੇ ਲਿਖੇ ਤੇ ਖਾਂਦੇ ਪੀਂਦੇ ਨੇ। 1950 ਤੋਂ 1953 ਤੱਕ ਮੈਂ ਪਿੰਡ ਬਡਗੁਜਰਾਂ ਖੇਤੀ ਕੀਤੀ ਸੀ। ਹੁਣ ਮੇਰੇ ਅਨੁਭਵ ਨਿੱਕੇ ਪਿੰਡ ਦੇ ਨਾਲ ਵੱਡੇ ਪਿੰਡ, ਸ਼ਹਿਰਨੁਮਾ ਕਸਬੇ ਤੇ ਫੇਰ ਜਲੰਧਰ ਸ਼ਹਿਰ ਤੇ ਫੇਰੇ ਮੇਰੀ ਕਲਪਨਾ ਦੇ ਸ਼ਹਿਰ ਦੇ ਨੇ। ਮੈਂ ਇਹਨਾਂ ਸਾਰੇ ਮਾਹੌਲਾਂ ਨੂੰ ਨਾਲ ਲਈ ਫਿਰਦਾ ਹਾਂ। ਪਿੰਡ ਨਾਲ ਏਸ ਲਈ ਜੁੜਿਆ ਰਿਹਾ ਕਿ ਉਥੇ ਮੇਰੇ ਮਾਪੇ ਤੇ ਜ਼ਮੀਨ ਸੀ। ਖੰਨੇ ਨਾਲ ਏਸ ਲਈ ਕਿ ਉਥੇ ਮੇਰੇ ਭਾਈ, ਚਾਚਾ ਤੇ ਜੱਦੀ ਘਰ ਸੀ। ਮੇਰੇ ਅੰਦਰ ਹਾਲੇ ਵੀ ਇਹ ਸਾਰੇ ਰੂਪ ਨੇ। ਮੈਂ ਪਹਿਲਾਂ ਕਹਾਣੀ 'ਉਪਤ ਖੁਪਤ' ਨਾਂ ਦੀ ਲਿਖੀ, ਜਿਹੜੀ ਪਿੰਡ ਦੇ ਜੱਟਾਂ ਵੱਲੋਂ ਵਿਹੜੇ ਵਾਲਿਆਂ ਦੀ ਨਾਕਾਬੰਦੀ ਕਰਨ ਬਾਰੇ ਸੀ। ਫੇਰ ਹੋਰ ਕਈ ਕਹਾਣੀਆਂ ਲਿਖੀਆਂ। ਉਹ ਅਭਿਆਸ ਦਾ ਸਮਾਂ ਸੀ। ਮੈਂ ਕਈ ਕਹਾਣੀਆਂ ਗੁਆ ਦਿੱਤੀਆਂ। ਫੇਰ ਵੀ ਕੁਝ ਕਹਾਣੀਆਂ ਦੇ ਨਾਉਂ ਦੱਸਦਾ ਹਾਂ – 'ਬਾਪੂ', 'ਕਾਨੀ', 'ਕੰਡਲੀ',

'ਸਤਵੰਤੀ', 'ਰੁਕਮਣੀ', 'ਗੜੀ', 'ਅਰਜਨ ਛੇਡ ਗਡੀਰਨਾ', 'ਕੋਠੀ ਵਾਲੀ', 'ਕਪਾਲ ਕਿਰਿਆ', 'ਜੜ ਹਰੀ', 'ਸੁਰਖਰੂ', 'ਨਾਵਲ ਦਾ ਮੁੱਢ', 'ਏਸ ਜਨਮ 'ਚ', 'ਫੈਸਲਾ', 'ਬੇਵਤਨ', 'ਸ਼ੀਂਹ ਤੇ ਅਮਲਤਾਸ', 'ਤਪੀਆ', 'ਟਾਕੀ', 'ਕੀੜੇ ਦਾ ਰਿਜ਼ਕ', 'ਮੁਰੱਬਿਆਂ ਵਾਲੀ', ਵਗੈਰਾ ਵਗੈਰਾ। ਇਹ ਪਿੰਡ ਦੀਆਂ ਨੇ।

**ਜਿੰਦਰ:-** ਇਨ੍ਹਾਂ ਕਲਪਨਾ ਦੇ ਸ਼ਹਿਰਾਂ ਬਾਰੇ ਖੁੱਲ ਕੇ ਦੱਸੋ ਤਾਂ?

**ਪ੍ਰੇਮ ਪ੍ਰਕਾਸ਼:-**ਸ਼ਹਿਰ ਹਮੇਸ਼ਾ ਤਬਦੀਲੀ ਦੇ ਸਥਾਨ ਹੁੰਦੇ ਨੇ। ਗਿਆਨ, ਸੰਸਕ੍ਰਿਤੀ, ਚਿੰਤਨ ਤੇ ਵਿਹਾਰ ਪਹਿਲਾਂ ਸ਼ਹਿਰਾਂ 'ਚ ਬਦਲਦੇ ਨੇ। ਉਹ ਤਬਦੀਲੀ ਹੋਰ ਵੱਡੇ–ਵੱਡੇ ਸ਼ਹਿਰਾਂ ਤੋਂ ਆਈ ਹੁੰਦੀ ਏ, ਜਿਹੜੇ ਮਹਾਂਨਗਰ ਕਹੇ ਜਾਂਦੇ ਨੇ। ਉਹ ਤਬਦੀਲੀ ਵੀ ਪਹਿਲਾਂ ਖਾਸ ਪੜ੍ਹੇ ਲਿਖੇ ਤੇ ਖਾਂਦੇ ਪੀਂਦੇ ਵਰਗ 'ਚ ਆਉਂਦੀ ਏ। ਹਰ ਸ਼ਹਿਰ 'ਚ ਹਰ ਵਰਗ ਦੇ ਤੇ ਸਮੇਂ ਦੇ ਬੰਦੇ ਰਹਿੰਦੇ ਨੇ। ਕਹਾਣੀਆਂ 'ਚ ਮੇਰੇ ਪੇਂਡੂ ਪਾਤਰ ਸ਼ਹਿਰ ਆਉਂਦੇ ਨੇ ਤਾਂ ਇੱਕੋ ਟੱਬਰ 'ਚ ਟਕਰਾਓ ਹੋ ਜਾਂਦਾ ਏ। ਕਈ ਕਹਾਣੀਆਂ ਦੇ ਪਾਤਰ ਜਲੰਧਰ 'ਚ ਫਿਟ ਹੁੰਦੇ ਨੇ ਪਰ ਕਦੇ ਕਦੇ ਮੈਨੂੰ ਲੱਗਦਾ ਏ ਕਿ ਮੈਂ ਮਾਹੌਲ (ਥਾਂ) ਬਦਲ ਦਿਆਂ। ਮੈਂ ਉਹਨੂੰ ਚੰਡੀਗੜ੍ਹ ਜਾ ਦਿੱਲੀ 'ਚ ਫਿਟ ਕਰ ਲੈਂਦਾ ਹਾਂ। ਜਾਂ ਆਪਣੀ ਕਲਪਨਾ ਦਾ ਵੀ ਇੱਕ ਸ਼ਹਿਰ ਵਸਾ ਲੈਂਦਾ ਹਾਂ। ਉਹਦਾ ਨਕਸ਼ਾ ਬਣਾਉਂਦਾ ਹਾਂ। ਉਹਦੇ ਨਗਰਾਂ ਦੇ ਨਾਂ ਰੱਖਦਾ ਹਾਂ । ਪਾਤਰਾਂ ਦੇ ਘਰਾਂ ਦੇ ਵੀ ਨਕਸ਼ੇ ਬਣਾਉਂਦਾ ਹਾਂ। ਮੈਂ ਜਾਣ ਕੇ ਸ਼ਹਿਰ ਦਾ ਨਾਂ ਬਦਲਦਾ ਹਾਂ। ਜ਼ਰੂਰੀ ਨਹੀਂ ਕਿ ਜਲੰਧਰ ਜਿਹੜਾ ਅੱਜ ਏ, ਉਹ ਵੀਹ ਸਾਲਾਂ ਬਾਅਦ ਵੀ ਹੋਵੇ। ਮੇਰੇ ਵਾਂਗ ਮੇਰੇ ਪਾਤਰ ਵੀ ਆਪਣੀ ਕਲਪਨਾ ਦਾ ਸ਼ਹਿਰ ਤੇ ਘਰ ਬਣਾਉਂਦੇ ਹਨ। ਉਹ ਵੀ ਕਲਪਨਾ 'ਚ ਪਾਤਰਾਂ ਦੀਆਂ ਗਤੀਵਿਧੀਆਂ ਦੇਖਦੇ ਨੇ।

**ਜਿੰਦਰ:-**ਫਰਾਇਡ ਕਹਿੰਦਾ ਹੈ ਕਿ ਕਿਸੇ ਵੀ ਆਦਮੀ ਦਾ ਵਿਅਕਤੀਤਵ 12–14 ਸਾਲ ਦੀ ਉਮਰ 'ਚ ਹੀ ਉਸਰ ਜਾਂਦਾ ਹੈ ਜਦੋਂ ਕਿ ਅਮਰੀਕਨ ਫਿਲਾਸਫਰ ਹਾਰਲੋਕ ਨੇ ਆਪਣੀ ਪੁਸਤਕ Development of Psychology 'ਚ ਇਹ ਉਮਰ 20–25 ਸਾਲ ਦੀ ਮੰਨੀ ਹੈ। ਕੀ ਤੁਸੀਂ ਇਸ ਨਾਲ ਸਹਿਮਤ ਹੋ? ਕੀ ਤੁਸੀਂ ਇਸ ਉਮਰ 'ਚ ਔਰਤਾਂ ਪ੍ਰਤੀ ਉਲਾਰ

ਹੋਏ ਸੀ। ਮੇਰੇ ਪੁੱਛਣ ਦਾ ਭਾਵ ਇਹ ਹੈ ਕਿ ਤਹਾਡੇ Subconscious mind 'ਚ ਔਰਤ ਦਾ ਸੰਕਲਪ ਉਦੋਂ ਤਾਂ ਪੈਦਾ ਨਹੀਂ ਹੋ ਗਿਆ ਸੀ?

**ਪ੍ਰੇਮ ਪ੍ਰਕਾਸ਼:**-ਮੈਂ ਸਮਝਦਾ ਹਾਂ ਕਿ ਬੰਦੇ ਦਾ ਵਿਅਕਤੀਤਵ ਗਰਭ 'ਚ ਹੀ ਬਨਣ ਲੱਗ ਪੈਂਦਾ ਏ। ਗਰਭ 'ਚ ਜਾਂਦਿਆਂ ਵੀ ਉਹ ਆਪਣੇ ਨਾਲ ਸੰਸਕਾਰ (ਜੀਨਜ਼) ਲੈ ਕੇ ਜਾਂਦਾ ਏ। ਇਹ ਸੰਸਕਾਰ ਪਿਛਲੀਆਂ ਕਈ ਪੀੜੀਆਂ ਦੇ ਹੁੰਦੇ ਨੇ। ਇਸੇ ਲਈ ਬ੍ਰਾਹਮਣ ਖੱਤਰੀ ਕੋਲ ਅੱਖਰ ਗਿਆਨ ਸੰਸਕਾਰ ਵਜੋਂ ਮਿਲਿਆ ਹੁੰਦਾ ਏ। ਫੇਰ ਵਿਅਕਤੀ ਦਾ ਮਾਹੌਲ, ਵਸਤਾਂ, ਸੋਚਾਂ ਨਾਲ ਟਕਰਾਓ ਉਹਦੇ ਸੰਸਕਾਰਾਂ ਨੂੰ ਤੋੜਦਾ, ਭੰਨਦਾ ਤੇ ਘੜਦਾ ਰਹਿੰਦਾ ਏ।

**ਜਿੰਦਰ:**-ਇਹ ਔਰਤ ਕੀ ਹੈ?

**ਪ੍ਰੇਮ ਪ੍ਰਕਾਸ਼:**- ਔਰਤ ਸਾਡੀ ਮਾਂ ਏ। ਸਭ ਤੋਂ ਪਹਿਲਾਂ ਵਾਸਤਾ ਉਸੇ ਨਾਲ ਪੈਂਦਾ ਏ। ਫੇਰ ਭੈਣ ਏ, ਫੇਰ ਧੀ ਏ। ਫੇਰ ਪਰ ਨਾਰੀ ਏ। ਪਤਨੀ ਏ। ਮਹਿਬੂਬਾ ਏ।— ਅੱਗੇ ਹਰੇਕ ਬੰਦੇ ਦੀ ਆਪਣੀ ਪਹੁੰਚ ਏ ਕਿ ਉਹ ਔਰਤ ਨੂੰ ਕਿਸ ਰੂਪ 'ਚ ਦੇਖਦਾ ਏ। ਜਿਵੇਂ ਮਰਦ ਦੀ ਨਜ਼ਰ ਬਦਲਦੀ ਏ, ਉਵੇ ਔਰਤ ਦੇ ਰੂਪ ਵੀ ਬਦਲਦੇ ਰਹਿੰਦੇ ਨੇ। ਕਦੇ ਉਹ ਵੈਸ਼ਿਆ ਵੀ ਹੁੰਦੀ ਏ ਤੇ ਕਦੇ ਦੇਵੀ ਵੀ। ਉਹ ਦੁਰਗਾ, ਲਕਸ਼ਮੀ, ਸਰਸਵਤੀ, ਚੰਡੀ, ਕਈ ਰੂਪਾਂ 'ਚ ਸਾਨੂੰ ਦਿੱਸਦੀ ਏ। ਏਨੇ ਹੀ ਰੂਪ ਮਰਦ-ਇਸਤ੍ਰੀ ਨੂੰ ਸਮਝਣ ਦੇ ਚੱਕਰ 'ਚ ਹੈ ਤੇ ਇਸਤ੍ਰੀ ਮਰਦ ਨੂੰ। ਦੋਹਾਂ ਦਾ ਮਨੋਰਥ ਇੱਕ ਦੂਜੇ ਦੀਆਂ ਸ਼ਕਤੀਆਂ ਕਮਜ਼ੋਰੀਆਂ ਨੂੰ ਸਮਝਣਾ ਤੇ ਫੇਰ ਵਰਤਣਾ ਏ। ਪੰਜਾਬੀ ਸਾਹਿਤ 'ਚ ਔਰਤ ਨੂੰ ਸਮਝਣਾ ਤੇ ਉਹਦੇ ਬਾਰੇ ਲਿਖਣਾ ਬਹੁਤਾ ਚੰਗਾ ਨਹੀਂ ਸਮਝਿਆ ਗਿਆ। ਪਰ ਮੈਂ ਤਾਂ ਸ਼ੁਰੂ ਤੋਂ ਈ ਲਿਖ ਰਿਹਾਂ। ਮੇਰੀ ਪਹਿਲੀ ਪੁਸਤਕ 'ਕੱਚਕੜੇ' 'ਚ ਵੀ ਅਜਿਹੀਆਂ ਕਹਾਣੀਆਂ ਮਿਲਣਗੀਆਂ।

**ਜਿੰਦਰ:**-ਤੁਸੀਂ ਇੱਕ ਪਾਸੇ ਸਾਧਾਂ, ਸੰਤਾਂ ਨੂੰ ਦੁਰਕਾਰਦੇ ਹੋ, ਇੱਕ ਵਿਗਿਆਨਕ ਸੋਚ ਵਾਲੇ ਵਿਅਕਤੀ ਵਾਂਗ। ਦੂਜੇ ਪਾਸੇ ਤੁਹਾਨੂੰ ਭਗਵੇਂ ਕੱਪੜੇ ਖਿੱਚਦੇ ਹਨ। ਤੁਸੀਂ ਕਈ ਸਾਲ ਐਦਾਂ ਦਾ ਬਾਣਾ ਪਾਉਦੇ ਰਹੇ ਹੋ। ਇਹ ਸ੍ਵੈ–ਵਿਰੋਧ ਅਚਨਚੇਤ ਸਿਰਜਿਆ ਗਿਆ ਹੈ ਜਾਂ ਜਾਣ–ਬੁੱਝ ਕੇ?

**ਪ੍ਰੇਮ ਪ੍ਰਕਾਸ਼:**-ਮੇਰਾ ਖਿਆਲ ਏ ਕਿ ਵਿਗਿਆਨਕ ਸੋਚ ਨਾਲ ਬੰਦੇ ਨੂੰ ਸਮਝਿਆ ਨਹੀਂ ਜਾ ਸਕਦਾ। ਪਿਛਲੇ ਸਮੇਂ 'ਚ ਮਾਰਕਸਵਾਦੀ ਲਾਲ ਬੁਝਕੜਾਂ ਨੇ ਇਹੋ ਜਿਹੇ ਦਾਅਵੇ ਕੀਤੇ ਸੀ। ਜਿਹੜੇ ਗਲਤ ਨਿਕਲੇ। ਮੈਂ ਸਾਧਾਂ ਸੰਤਾਂ ਨੂੰ ਹੁਣ ਵੀ ਠੀਕ ਨਹੀਂ ਸਮਝਦਾ। ਉਹਨਾਂ ਵਿਹਲੜਾਂ ਨਾਲ ਸਾਡੀ ਆਰਥਿਕਤਾ ਵਿਗੜਦੀ ਏ। ਪਰ ਮੈਂ ਇਹ ਵੀ ਮੰਨਦਾ ਹਾਂ ਕਿ ਗੁਰੂ, ਆਚਾਰੀਆ ਜਾਂ ਸੰਤਾਂ ਦਾ ਵੀ ਸਮਾਜ ਨੂੰ ਸਮਤੋਲ ਰੱਖਣ ਲਈ ਉਹੋ ਜਿਹਾ ਹੀ ਰੋਲ ਏ , ਜਿਹੋ ਜਿਹਾ ਕੋਮਲ ਕਲਾਵਾਂ ਦੀ ਸਿਰਜਨਾ ਤੇ ਸਮਾਜੀ ਸਰਗਰਮੀਆਂ ਦਾ।

ਮੈਂ ਭਗਵੇਂ ਕੱਪੜੇ ਸਿਰਫ ਕਈ ਸਾਲ ਨਹੀਂ, ਵੀਹ ਸਾਲ ਪਾਏ ਹੋਣਗੇ। ਹੁਣ ਕੁਝ ਸਾਲਾਂ ਤੋਂ ਛੱਡੇ ਨੇ ਆਪਣੀ ਪਤਨੀ ਦੇ ਜ਼ੋਰ ਦੇਣ ਤੇ। ਜਦ ਪਾਉਂਦਾ ਸੀ ਤਾਂ ਚੰਗੇ ਲੱਗਦੇ ਸੀ। ਭਗਵੇਂ ਰੰਗ 'ਚ ਬੜੀ ਖਿਚ ਏ ਮੇਰੇ ਲਈ। ਮੈਨੂੰ ਬਚਪਨ 'ਚ ਤੇ ਫੇਰ ਲੜਕਪਨ 'ਚ ਜਦ ਮੈਂ ਬਾਗੀ ਬਣ ਰਿਹਾ ਸੀ, ਤਦ ਵੀ ਸਾਧ ਚੰਗੇ ਲੱਗਦੇ ਸੀ। ਮੈਂ ਉਹਨਾਂ ਦੀ ਸੰਗਤ ਕਰਦਾ ਸੀ। ਇਹ ਰਹੱਸ ਭਰਿਆ ਵਿਰੋਧਾਭਾਸ ਏ ਮੇਰੇ ਚਰਿੱਤਰ 'ਚ। ਇਹ ਕਿਉ ਏ! ਮੈਨੂੰ ਨਹੀਂ ਪਤਾ।

**ਜਿੰਦਰ:**- ਲੇਖਕ ਦੀ ਜ਼ਿੰਦਗੀ 'ਚ ਇੱਕ ਅਜਿਹਾ ਸਮਾਂ ਵੀ ਆਓਂਦਾ ਹੈ ਜਦੋਂ ਉਹਦੀ ਇੱਕ ਤੋਂ ਇੱਕ ਰਚਨਾ ਦੀ ਭਰਪੂਰ ਚਰਚਾ ਹੁੰਦੀ ਹੈ ਜਿਹੜੀ ਕਿ ਬੜੀ ਦੇਰ ਤੱਕ ਚਲਦੀ ਰਹਿੰਦੀ ਹੈ। ਤੁਹਾਡੇ ਨਾਲ ਵੀ ਅਜਿਹਾ ਹੋਇਆ ਹੈ। ਤੁਹਾਡੀ ਇੱਕ ਤੋਂ ਬਾਦ ਇੱਕ ਕਹਾਣੀ ਹਿੱਟ ਹੁੰਦੀ ਰਹੀ ਹੈ। ਮੁਕਤੀ, ਡੈਡ ਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਕਪਾਲ ਕ੍ਰਿਆ, ਗੋਈ, ਸ਼ੋਲਡਰ ਬੈਗ, ਬਾਪੂ—ਚਲੋ ਛੱਡੋ–ਇਹ ਲਿਸਟ ਲੰਮੀ ਹੋ ਜਾਣੀ ਐ। ਤੁਸੀਂ ਇੱਕ ਵਿੱਥ 'ਤੇ ਖੜ੍ਹੇ ਕੇ ਆਪਣੀਆਂ ਇਨਾਂ ਕਹਾਣੀਆਂ ਨੂੰ ਕਿਵੇਂ ਦੇਖਦੇ ਹੋ?

**ਪ੍ਰੇਮ ਪ੍ਰਕਾਸ਼:**-ਮੇਰੀ ਇੱਕ ਵੀ ਕਹਾਣੀ ਛਪਣ ਸਾਰ ਸਰਾਹੀ ਨਹੀਂ ਗਈ। ਡੈਡ ਲਾਈਨ 'ਸਿਰਜਣਾ' 'ਚ ਛਪੀ ਸੀ ਤਾਂ ਰਘਬੀਰ ਸਿੰਘ ਨੇ ਅਗਲੇ ਅੰਕ 'ਚ ਚਿੱਠੀ ਛਾਪੀ ਸੀ ਕਿ ਇਹ ਕੀ ਬਕਵਾਸ ਕਹਾਣੀ ਛਾਪ ਦਿੱਤੀ। ਉਹਨੂੰ ਆਪ ਦਿਲੋਂ ਪਸੰਦ ਨਹੀਂ ਸੀ। ਸਿੱਕੇਬੰਦ ਮਾਰਕਸਵਾਦੀਆਂ ਨੇ ਬੜਾ ਵਿਰੋਧ ਕੀਤਾ ਸੀ। ਇਹ ਤਾਂ ਹੌਲੀ ਹੌਲੀ ਹਵਾ ਬਦਲੀ, ਕਈ ਸਾਲਾਂ 'ਚ। ਪੱਕੀ ਉਦੋਂ ਹੋਈ ਜਦ ਡਾ. ਹਰਿਭਜਨ ਸਿੰਘ ਨੇ 'ਤੇਰੇ ਨਾਂ ਚਿੱਠੀ' ਛਪਾਈ। ਤੇ ਫੇਰ ਲਿਖੀ 'ਖਾਮੋਸ਼ੀ ਦਾ ਜਜ਼ੀਰਾ'। 'ਸ਼ੋਲਡਰ ਬੈਗ' ਬਾਰੇ ਸੁਰਜੀਤ ਹਾਂਸ ਨੇ ਲਿਖਿਆ

ਤਾਂ ਪਾਠਕਾਂ ਨੂੰ ਪਤਾ ਲੱਗਿਆ। 'ਕਪਾਲ ਕਿਰਿਆ' ਨੂੰ ਹਾਲੇ ਵੀ ਵੱਡੀ ਕਹਾਣੀ ਸਿਰਫ ਡਾ. ਰਾਹੀ ਮੰਨਦਾ ਏ। ਹਿੱਟ ਹੋਣ ਲਈ ਅੱਧੀ ਉਮਰ ਚਾਹੀਦੀ ਏ। ਉਂਜ ਇਹ ਹਿੱਟ ਹੋਣਾ ਬੜਾ ਖਤਰਨਾਕ ਏ। ਇੱਕ ਉਹਨਾਂ ਲਈ ਜਿਨਾਂ ਦਾ ਜਰਨ ਦਾ ਜਿਗਰਾ ਛੋਟਾ ਏ ਤੇ ਦੂਜੇ ਉਹ ਜਿਨਾਂ ਦੀ ਪਹਿਲੀ ਪੁਸਤਕ ਹਿੱਟ ਹੋ ਜਾਂਦੀ ਏ।

**ਜਿੰਦਰ:**-ਆਹ ਕਹਾਣੀ ਕੀ ਹੁੰਦੀ ਹੈ ਤੇ ਕਹਾਣੀਕਾਰ ਕੀ ਹੁੰਦਾ ਹੈ?

**ਪ੍ਰੇਮ ਪ੍ਰਕਾਸ਼:**- ਕਹਾਣੀ ਸਿਰਫ ਗੱਲ ਹੁੰਦੀ ਏ। ਜਦ ਕੋਈ ਬੰਦਾ ਕੋਈ ਨਵਾਂ ਅਨੁਭਵ ਕਰਦਾ ਏ ਤੇ ਉਹਨੂੰ ਆਪਣੀ ਜਾਣ 'ਚ ਉਹ ਅਨੋਖਾ ਲੱਗਦਾ ਏ। ਮਨੱਖ ਵੀ ਸਮਾਜੀ ਪ੍ਰਵਿਰਤੀ ਅਨੁਸਾਰ ਉਹ ਆਪਣਾ ਅਨੁਭਵ ਦੂਜਿਆਂ ਨੂੰ ਦੱਸਦਾ ਏ। ਇਹ ਗੱਲ ਦੱਸਣੀ ਹੀ ਕਹਾਣੀ ਦਾ ਮੁੱਢਲਾ ਰੂਪ ਏ। ਦੂਜਿਆਂ ਦੇ ਲਿਖੇ ਅਨੁਭਵ ਤੇ ਗਿਆਨ ਸ਼ਾਸਤਰ ਪੜਦਾ ਉਹ ਆਪਣੇ ਅਨੁਭਵਾਂ ਨੂੰ ਵੱਧ ਚੰਗੀ ਤਰਤੀਬ 'ਚ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ਼ ਕਰਦਾ ਏ। ਜੇ ਪਾਠਕ ਤੇ ਹੋਰ ਸਿਆਣੇ ਕਹਿੰਦੇ ਨੇ–ਸੁਆਦ ਆ ਗਿਆ –ਇਹ ਗੱਲ ਠੀਕ ਏ, ਤਾਂ ਉਹਨੂੰ ਕਹਾਣੀ ਮੰਨ ਲਿਆ ਜਾਂਦਾ ਏ। ਏਸੇ ਤਰਾਂ ਬੇਅੰਤ ਬੰਦੇ ਬੇਅੰਤ ਅਨੁਭਵ ਦੱਸਦੇ ਲਿਖਦੇ ਨੇ। ਪਾਠਕ ਤਾਂ ਮਾਣਦੇ ਬਹੁਤਾ ਨੇ, ਪਰ ਆਲੋਚਕ ਨਿਰਖਦੇ ਪਰਖਦੇ ਨੇ ਪਈ ਪਿਛਲੇ ਸਮੇਂ ਦੇ ਬੱਝੇ ਰੂਪਾਂ 'ਚ ਕੀ ਇਹ ਕਹਾਣੀ ਏ? – ਲਿਖਣ ਵਾਲੇ ਕਹਾਣੀ ਦੇ ਬੜੇ ਰੂਪ ਤੇ ਸੰਕਲਪ ਬਦਲਦੇ ਰਹਿੰਦੇ ਨੇ। ਕਈ ਆਲੋਚਕ ਵੀ ਏਸ ਕੰਮ 'ਚ ਸਹਾਈ ਹੁੰਦੇ ਨੇ।

ਗੱਲ ਦੱਸਣ ਵਾਲਾ ਕਹਾਣੀਕਾਰ ਏ। ਚਾਹੇ ਉਹ ਮੰਦਰ ਗੁਰਦੁਆਰੇ ਦਾ ਕਥਾਵਾਚਕ ਹੋਵੇ, ਚਾਹੇ ਖੁੰਢ 'ਤੇ ਬਹਿ ਕੇ ਪਿੰਡ ਦੇ ਮੁੰਡਿਆਂ ਨੂੰ ਗੱਲਾਂ ਸੁਨਾਣ ਵਾਲਾ ਤਾਇਆ ਤੇ ਭਾਵੇਂ ਅਖ਼ਬਾਰਾਂ ਤੇ ਸਾਹਿਤਕ ਪਰਚਿਆਂ 'ਚ ਕੁਝ ਛਪਵਾਉਣ ਵਾਲਾ ਲੇਖਕ।

**ਜਿੰਦਰ:**- ਇੱਕ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਲੇਖਕ ਦੀ ਕਲਮ 'ਚ ਠਹਿਰਾਓ ਆ ਜਾਂਦਾ ਹੈ ਜਾਂ ਕਈ ਵਾਰ ਲੇਖਕ ਇਹ ਵੀ ਕਹਿੰਦੇ ਸੁਣੇ ਗਏ ਹਨ ਕਿ ਹੁਣ ਉਨਾਂ ਕੋਲ ਲਿਖਣ ਲਈ ਕੁਝ ਰਿਹਾ ਹੀ ਨਹੀਂ। ਜਾਂ ਉਨਾਂ ਨੂੰ ਇਉ ਵੀ ਲੱਗਦਾ ਹੈ ਕਿ ਲਿਖਣਾ ਫਜ਼ੂਲ ਹੈ। ਜੋ ਲਿਖ ਲਿਆ–ਉਹ ਹੀ ਕਾਫੀ ਹੈ। ਕੀ ਤਸੀ ਵੀ ਕਦੇ ਅਜਿਹਾ ਮਹਿਸੂਸ ਕੀਤਾ ਹੈ?

**ਪ੍ਰੇਮ ਪ੍ਰਕਾਸ਼:-** ਹਰੇਕ ਦੀ ਕਲਾ (ਲਿਖਤ) 'ਚ ਠਹਿਰਾਓ ਜ਼ਰੂਰ ਆਉਂਦਾ ਏ। ਇਹਦਾ ਕਾਰਨ ਕਦੇ ਲੇਖਕ ਦੇ ਨਿੱਜੀ ਹਾਲਾਤ ਹੁੰਦੇ ਨੇ ਤੇ ਕਦੇ ਮਾਹੌਲ ਹੁੰਦਾ ਏ। ਕਦੇ ਲੇਖਕ ਦੀ ਪ੍ਰਾਥਮਿਕਤਾ ਹੀ ਬਦਲ ਜਾਂਦੀ ਏ। ਉਹ ਹੋਰਾਂ ਕੰਮਾਂ ਨੂੰ ਵੱਧ ਅਹਿਮ ਸਮਝਣ ਲੱਗ ਪੈਂਦਾ ਏ। ਮੇਰੀ ਲਿਖਣ-ਰਫਤਾਰ ਘਟੀ ਏ। ਭਾਵਨਾਵਾਂ 'ਚ ਉਹ ਸ਼ਿੱਦਤ ਨਹੀਂ ਰਹੀ। ਜਾਂ ਇੰਜ ਕਹੀਏ ਕਿ ਬਲੱਡ ਪ੍ਰੈਸ਼ਰ ਤੇ ਟੈਨਸ਼ਨ ਤੋਂ ਬਚਣ ਲਈ ਮੈਂ ਜਿਥੇ ਦਵਾਈਆਂ ਖਾਂਦਾ ਹਾਂ, ਉਥੇ ਆਪਣੇ ਮਨ ਨੂੰ ਟਿਕਾਓਣ ਲਈ ਚਿਤੰਨ ਤੇ ਸਾਧਨਾ ਵੀ ਕਰਦਾ ਹਾਂ। ਹੁਣ ਜ਼ਿੰਦਗੀ ਅੱਗੇ ਵਰਗੀ ਬੇਮੁਹਾਰ ਨਹੀਂ ਗੁਜ਼ਾਰੀ ਜਾ ਸਕਦੀ। ਨਵੇਂ ਤਜਰਬੇ ਕਰਨ ਤੋਂ ਡਰ ਲੱਗਦਾ ਏ। ਮਨ 'ਚ ਡਰ ਦੀਆਂ ਗੱਠਾਂ ਪੈਂਦੀਆਂ ਖੁੱਲਦੀਆਂ ਰਹਿੰਦੀਆਂ ਨੇ। ਜਦ ਕਦੇ ਕੋਈ ਚਿਤਰ ਅਚਾਨਕ ਬਣ ਜਾਂਦਾ ਏ ਤਾਂ ਕਹਾਣੀ ਲਿਖ ਹੋ ਜਾਂਦੀ ਏ। ਉਂਜ ਲਿਖਣ ਦੀ ਅੱਚਵੀ ਨਹੀਂ ਲੱਗਦੀ। ਨਾ ਹੀ ਨਾ ਲਿਖੀ ਜਾਣ ਤੇ ਨਿਰਾਸ਼ਾ ਹੁੰਦੀ ਏ। ਇਹ ਅਵਸਥਾ ਹੁਣ ਦੀ ਏ। ਪਤਾ ਨਹੀਂ ਕੱਲ੍ਹ ਨੂੰ ਕੀ ਹੋਵੇ। ਖਬਰੇ ਲਿਖ ਨਾ ਹੋਵੇ ਜਾਂ ਖ਼ਬਰੇ ਕਹਾਣੀਆਂ ਵਰ ਪੈਣ।

**ਜਿੰਦਰ**:- ਕੀ ਲਿਖਣਾ ਤੁਹਾਡੇ ਆਪਣੇ ਵੱਸ 'ਚ ਨਹੀਂ ?

**ਪ੍ਰੇਮ ਪ੍ਰਕਾਸ਼:-**ਨਹੀਂ, ਉੱਕਾ ਨਹੀਂ। ਜਦ ਮੈਂ ਕਹਿੰਦਾ ਹਾਂ ਕਿ ਮੈਂ ਕਹਾਣੀ ਨਹੀਂ ਲਿਖਦਾ, ਮੈਥੋਂ ਲਿਖੀ ਜਾਂਦੀ ਏ। ਉਹਦਾ ਅਰਥ ਇਹ ਨਹੀਂ ਕਿ ਮੈਂ ਉੱਕਾ ਕੋਈ ਤਰੱਦਦ ਨਹੀਂ ਕਰਦਾ। ਮੈਂ ਘਟਨਾਵਾਂ ਨੂੰ ਜੋੜਦਾ ਤੋੜਦਾ ਹੋਇਆ ਕਲਪਨਾ 'ਚ ਉਹਨਾਂ ਨਾਲ ਖੇਡਦਾ ਰਹਿੰਦਾ ਹਾਂ। ਇੰਜ ਘਟਨਾਵਾਂ ਨੂੰ ਸੁਚੇਤ ਹੋ ਕੇ ਤਰਤੀਬ ਵੀ ਦੇਂਦਾ ਹਾਂ। ਏਸ ਲਈ ਕਈ ਜੁਗਤਾਂ ਵੀ ਵਰਤਦਾ ਹਾਂ। ਮੈਂ ਪਾਠਕ ਨੂੰ ਕਹਾਣੀ ਰਾਹੀਂ ਫੜਨਾ ਜੁ ਹੋਇਆ ਤੇ ਨਾਲੇ ਦੂਜੇ ਕਹਾਣੀਕਾਰਾਂ ਤੇ ਸਮਾਲੋਚਕਾਂ ਤੋਂ ਵੀ ਭਾਣਾ ਮੰਨਵਾਉਣਾ ਹੁੰਦਾ ਏ। ਮੈਂ ਏਸ ਕੰਮ ਲਈ ਇੱਕੋ ਕਹਾਣੀ ਨੂੰ ਤਿੰਨ ਜਾਂ ਚਾਰ ਵਾਰ ਭੰਨ ਤੋੜ ਕੇ ਸਾਫ ਕਾਗਜ਼ 'ਤੇ ਲਿਖਦਾ ਹਾਂ। ਫੇਰ ਵੀ ਇਹ ਸਾਰਾ ਕੰਮ ਮੇਰੇ ਵੱਸ 'ਚ ਨਹੀਂ ਕਿ ਸਿੱਟਾਂ ਮੇਰੀ ਮਰਜ਼ੀ ਅਨੁਸਾਰ ਹੋਵੇ। ਬਹੁਤੀ ਵਾਰ ਕਹਾਣੀ ਆਪਣੇ ਆਪ ਪੂਰੀ ਹੋ ਕੇ ਸਾਹਮਣੇ ਆ ਜਾਂਦੀ ਏ। ਤੇ ਕਦੇ ਜ਼ੋਰ ਲਾਉਣ ਤੇ ਵੀ ਨਹੀਂ ਬਣਦੀ। ਮੈਂ ਤਾਂ ਕਹਾਣੀ ਦੇ ਲਿਖ ਹੋਣ ਦੀ ਉਡੀਕ ਕਰਦਾ ਰਹਿੰਦਾ ਹਾਂ। ਏਸੇ ਲਈ ਮੈਂ ਕਹਿੰਦਾ ਹਾਂ ਕਿ ਮੈਂ ਜ਼ਿੰਦਗੀ ਭਰ ਕਦੇ ਏਸ ਕੰਮ 'ਚ ਮਿਹਨਤ ਨਹੀਂ ਕੀਤੀ। ਰਚਨਾ ਕਰਨ ਦਾ ਜਿਹੜਾ ਵੀ

ਕੰਮ ਹੁੰਦਾ ਏ ਉਹਦੇ 'ਚ ਏਨਾ ਰਸ ਆਉਂਦਾ ਏ ਕਿ ਕੰਮ ਲੱਗਦਾ ਹੀ ਨਹੀਂ। ਏਸ ਕੰਮ 'ਚ ਦੋਸਤ, ਔਰਤ ਦੇ ਸੰਗ ਵਰਗਾ ਸੁਆਦ ਹੁੰਦਾ ਏ। ਸਮਾਂ ਬੀਤਣ ਨਾਲ ਹੁਣ ਦੋਹਾਂ 'ਚ ਰਸ ਘੱਟ ਗਿਆ ਏ, ਪਰ ਮੁੱਕਿਆ ਨਹੀਂ।

**ਜਿੰਦਰ**:- ਬਹੁਤੇ ਪਾਠਕ ਇਹ ਕਹਿੰਦੇ ਸੁਣੇ ਗਏ ਹਨ ਕਿ ਤਹਾਡੀਆਂ ਬਹੁਤੀਆਂ ਕਹਾਣੀਆਂ ਪਹਿਲੀ ਵਾਰ ਪੜ ਕੇ ਸਮਝ ਨਹੀਂ ਆਉਦੀਆਂ ਜਾਂ ਪਕੜ 'ਚ ਨਹੀਂ ਆਓਦੀਆਂ। ਇਨਾਂ ਨੂੰ ਵਾਰ–ਵਾਰ ਪੜ੍ਹਨ ਦੀ ਲੋੜ ਹੈ। ਅਜਿਹਾ ਕਿਹੜਾ ਆਲੋਚਕ ਸੀ, ਜਿਸ ਨੇ ਇਨ੍ਹਾਂ ਦਾ ਠੀਕ ਮੁਲਾਂਕਣ ਕੀਤਾ ?

**ਪ੍ਰੇਮ ਪ੍ਰਾਕਸ਼**:- ਕਹਾਣੀ ਨੂੰ ਪੜ੍ਹ ਕੇ ਸਮਝਣ ਲਈ ਤਾਂ ਹਰੇਕ ਪਾਠਕ ਦੀ ਆਪਣੀ ਸਮਝ ਅਤੇ ਆਪਣੇ ਅਨੁਭਵ ਹੀ ਕੰਮ ਆਉਂਦੇ ਨੇ। ਸੁਰਜੀਤ ਹਾਂਸ ਮੇਰੀ ਕਹਾਣੀ ਪੜ੍ਹਦਿਆਂ ਹੀ ਮੈਥੋਂ ਵੱਧ ਸਮਝ ਲੈਂਦਾ ਏ। ਮੈਂ ਹਰੇਕ ਕਹਾਣੀ ਪਹਿਲਾਂ ਸੁਰਜੀਤ ਕੌਰ ਨੂੰ ਪੜ੍ਹਨ ਨੂੰ ਦੇਂਦਾ ਹਾਂ। ਉਹਦਾ ਮਸ਼ਵਰਾ ਲੈ ਕੇ ਸੋਧ ਕੇ ਛਪਣ ਲਈ ਭੇਜਦਾ ਹਾਂ। ਜ਼ਾਹਿਰ ਏ ਕਿ ਉਹਨੂੰ ਕਹਾਣੀ ਛੇਤੀ ਸਮਝ ਆ ਜਾਂਦੀ ਏ। ਡਾ. ਹਰਿਭਜਨ ਸਿੰਘ ਉਨਾਂ ਤੰਦਾਂ ਨੂੰ ਵੀ ਫੜ ਲੈਂਦਾ ਏ, ਜਿਨਾਂ ਨੇ ਉਸ ਕਹਾਣੀ ਨੂੰ ਜਨਮ ਦਿੱਤਾ ਹੁੰਦਾ ਏ। ਸੂਝ ਤੇ ਗਿਆਨ ਦੀ ਏਨੀ ਵਿਸ਼ਾਲਤਾ ਹੋਰ ਕਿਸੇ 'ਚ ਨਹੀਂ। ਉਹ ਨਾ ਹੁੰਦਾ ਤਾਂ ਮੈਨੂੰ ਗਿਲਾ ਰਹਿਣਾ ਸੀ ਕਿ ਮੇਰੀ ਗੱਲ ਮੇਰੇ ਤਕ ਹੀ ਰਹੀ। ਹਿੰਦੂ ਸੰਸਕਾਰਾਂ ਦੀਆਂ ਕਹਾਣੀਆਂ ਅਖੌਤੀ ਸਮਾਜਿਕ ਯਥਾਰਥਵਾਦੀ ਆਲੋਚਕਾਂ ਦੀ ਸੋਚ ਦੇ ਮੇਚ ਨਾ ਆਈਆਂ। ਹੁਣ ਤਾਂ ਟੀ.ਆਰ.ਵਿਨੋਦ, ਬਲਦੇਵ ਸਿੰਘ ਧਾਲੀਵਾਲ ਵੀ ਸਮਝ ਰਹੇ ਨੇ।

**ਜਿੰਦਰ**:-ਤੁਹਾਨੂੰ ਕਿਹੋ ਜਿਹੀ ਕਹਾਣੀ ਚੰਗੀ ਲੱਗਦੀ ਹੈ?

**ਪ੍ਰੇਮ ਪ੍ਰਕਾਸ਼**:- ਮੇਰਾ ਵਿਸ਼ਵਾਸ ਏ ਕਿ ਬੰਦਾ ਜਿੰਨਾ ਤੇ ਜਿਹੋ ਜਿਹਾ ਬਾਹਰ ਦਿੱਸਦਾ ਏ, ਉਸ ਤੋਂ ਵੀਹ ਗੁਣਾਂ ਉਹ ਅੰਦਰ ਏ। ਜਿਹੜਾ ਦਿੱਸਦਾ ਨਹੀਂ। ਜਿਹੜਾ ਕਰਮ ਇੰਦਰੀਆਂ ਦੀ ਪਕੜ 'ਚ ਨਹੀਂ ਆਉਂਦਾ। ਗਿਆਨ ਇੰਦਰੀਆਂ ਵੀ ਥੋੜਾ ਜਿਹਾ ਭੇਤ ਪਾ ਸਕਦੀਆਂ ਨੇ—ਬਾਹਰਲੇ ਬੰਦੇ ਨੂੰ ਤਾਂ ਸਾਰੇ ਜਾਣਦੇ ਹੁੰਦੇ ਨੇ, ਉਹ ਮੇਰੇ ਲਈ ਜਾਨਣ ਵਾਲੀ ਗੱਲ ਨਹੀਂ। ਮੈਂ ਉਹਦੇ ਅੰਦਰਲੇ ਬੰਦਿਆਂ ਨੂੰ ਜਾਨਣਾ ਚਾਹੁੰਦਾ ਹਾਂ। ਜਿਹੜੀ ਕਹਾਣੀ ਇਹ ਦੱਸਦੀ

ਏ ਜਾਂ ਦੱਸਣ ਦੀ ਕੋਸ਼ਿਸ਼ ਕਰਦੀ ਏ, ਮੈਨੂੰ ਉਹ ਚੰਗੀ ਲੱਗਦੀ ਏ। ਬਾਹਰਲੇ ਦਿੱਸਦੇ ਜਗਤ ਦੀਆਂ ਗੱਲਾਂ ਮੈਨੂੰ ਨਹੀਂ ਭਾਉਂਦੀਆਂ। ਜਦ ਕਿਸੇ ਕਹਾਣੀ 'ਚ ਪਾਤਰ ਵਾਰਤਾਲਾਪ ਕਰਦੇ ਨੇ, ਮੈਂ ਔਖਾ ਹੋ ਜਾਂਦਾ ਹਾਂ। ਮੈਂ ਨਾਟਕ ਨਾ ਪੜ੍ਹ ਸਕਦਾ ਹਾਂ ਤੇ ਨਾ ਲਿਖ ਸਕਦਾ ਹਾਂ। ਬਕ–ਬਕ ਕਰਦਾ ਪਾਤਰ ਮੈਨੂੰ ਚੰਗਾ ਨਹੀਂ ਲੱਗਦਾ। ਮੈਂ ਉਹਦੀਆਂ ਹਰਕਤਾਂ ਲਿਖ ਸਕਦਾ ਹਾਂ। ਕਿਉਕਿ ਉਹ ਮੈਨੂੰ ਉਹਦੇ ਅੰਦਰ ਦੀ ਮੂਕ ਸੂਚਨਾ ਦੇਂਦੀਆਂ ਨੇ। ਜਿਹੜੀ ਕਹਾਣੀ ਮੈਨੂੰ ਮਨੁੱਖ ਦੇ ਹਨੇਰੇ ਖੂੰਜਿਆਂ 'ਚ ਲਈ ਫਿਰਦੀ ਏ, ਉਹ ਚੰਗੀ ਲੱਗਦੀ ਏ। ਅਕਲਾਂ ਵਾਲੀਆਂ ਲਿਖਤਾਂ ਤੋਂ ਮੈਂ ਬਚਦਾ ਹਾਂ।

**ਜਿੰਦਰ:**-'ਆਹ ਅਕਲਾਂ ਵਾਲੀਆਂ ਲਿਖਤਾਂ' ਨੂੰ ਸਪੱਸ਼ਟ ਕਰੋਗੇ?

**ਪ੍ਰੇਮ ਪ੍ਰਕਾਸ਼:**- ਜਿੰਨਾਂ 'ਚ ਲੇਖਕ ਇਹ ਮਿਥ ਕੇ ਲਿਖਦਾ ਏ ਕਿ ਉਹ ਸਭ ਕੁਝ ਜਾਣਦਾ ਏ ਤੇ ਆਪਣੀ ਅਕਲ ਪਾਠਕਾਂ ਨੂੰ ਦੇ ਰਿਹਾ ਏ। ਅਜਿਹੇ ਲੇਖਕ ਆਪਣੀ ਪੱਕੀ ਵਿਚਾਰਧਾਰਾ ਲੈ ਕੇ ਤੁਰਦੇ ਨੇ। ਉਹ ਆਪਣੇ ਪਾਤਰਾਂ ਨੂੰ ਤੇ ਘਟਨਾਵਾਂ ਨੂੰ ਆਪਣੀ ਵਿਚਾਰਧਾਰਾ ਦੇ ਤਾਬੇ ਕਰ ਕੇ ਕੰਮ ਕਰਾਉਂਦੇ ਨੇ। ਉਹ ਸਮਝਦੇ ਨੇ ਕਿ ਏਸ ਤਰਾਂ ਉਹ ਪਾਠਕਾਂ ਨੂੰ ਸਿਆਣੇ ਬਣਾ ਦੇਣਗੇ। ਫੇਰ ਬਹੁਤੇ ਸਿਆਣੇ ਬੰਦੇ ਰਲ ਕੇ ਸਮਾਜ ਨੂੰ ਬਦਲ ਦੇਣਗੇ, ਮੇਰਾ ਖਿਆਲ ਏ ਕਿ ਸਾਹਿਤ ਬੰਦੇ ਨੂੰ ਅਕਲਾਂ ਦੇ ਕੇ ਸਮਾਜ ਨੂੰ ਬਦਲ ਨਹੀਂ ਸਕਦਾ। ਉਸਦਾ ਕੰਮ ਤੇ ਪਹਿਲਾਂ ਆਪ ਜਿਗਿਆਸੂ ਬਣਨਾ ਤੇ ਫੇਰ ਪਾਠਕ ਨੂੰ ਜਿਗਿਆਸੂ ਬਣਾਉਣਾ ਏ। ਪਿਛਲੇ ਪੰਜਾਹ ਸਾਲਾਂ 'ਚ ਮਾਰਕਸਵਾਦੀਆਂ ਦਾ ਰਚਿਆ ਸਾਹਿਤ ਪੰਜਾਬੀਆਂ ਨੂੰ ਧਰਮ-ਨਿਰਪੱਖ ਨਹੀਂ ਬਣਾ ਸਕਿਆ। ਜਿਹੜੇ ਕਾਲੇ ਦਿਨਾਂ ਦੇ ਬਾਰਾਂ ਸਾਲਾਂ ਦਾ ਸੰਤਾਪ ਅਸੀਂ ਝੱਲਿਆ, ਉਹ ਕਿਸੇ ਸਾਹਿਤ ਨੇ ਪੈਦਾ ਨਹੀਂ ਸੀ ਕੀਤਾ। ਜਿਹੜੇ ਧਰਮ–ਨਿਰਪੱਖ ਹੋਣ ਦੀਆਂ ਅਕਲਾਂ ਦੇਂਦੇ ਸੀ, ਉਹ ਆਪ ਅੱਤਵਾਦੀਆਂ ਨਾਲ ਰਲ ਗਏ ਸੀ।

**ਪ੍ਰੇਮ ਪ੍ਰਕਾਸ਼:**- 'ਚੌਥੀ ਕੂੰਟ' ਦਾ ਕੀ ਰੌਲਾ ਹੈ। 'ਕਹਾਣੀ ਪੰਜਾਬ' ਦੇ ਇੱਕ ਸਾਰੇ ਅੰਕ 'ਚ ਰਾਮ ਸਰੂਪ ਅਣਖੀ ਹੋਰਾਂ ਨੇ ਤਾਂ ਪੰਜਵੀ ਪੀੜੀ ਦਾ ਐਲਾਨ ਕਰ ਦਿੱਤਾ ਹੈ।

**ਪ੍ਰੇਮ ਪ੍ਰਕਾਸ਼:**- 'ਚੌਥੀ ਕੂਟ' ਦਾ ਮਤਲਬ ਚੌਥੀ ਪੀੜੀ ਨਹੀਂ। ਏਸ ਦਾ ਅਰਥ ਉਹ ਸਾਹਿਤਕਾਰ ਨੇ ਜਿਹੜੇ ਉਸ ਦਿਸ਼ਾ ਨੂੰ ਜਾਂਦੇ ਨੇ, ਜਿਸ ਦਾ ਪਹਿਲਿਆਂ ਨੂੰ ਪਤਾ ਨਹੀਂ

ਹੁੰਦਾ। ਉਸ ਦਿਸ਼ਾ ਨੂੰ ਜਾਣ ਤੋਂ ਪਹਿਲੇ ਲੇਖਕ ਵਰਜਦੇ ਨੇ। ਪਰ ਕੋਈ ਅਜਿਹਾ ਵੀ ਹੁੰਦਾ ਏ, ਜਿਹੜਾ ਵਰਜਣ ਦੀ ਪਰਵਾਹ ਨਹੀਂ ਕਰਦਾ। ਕਈ ਵਾਰ ਤਾਂ ਮੁਸੀਬਤਾਂ ਨਾਲ ਟੱਕਰ ਲੈਣ ਲਈ ਉਸ ਵਰਜੀ ਚੌਥੀ ਕੂਟ ਵੱਲ ਜਾਂਦਾ ਏ। ਪੰਜਾਬੀ ਸਾਹਿਤ 'ਚ ਇਹ ਕੰਮ ਕੁਲਵੰਤ ਸਿੰਘ ਵਿਰਕ ਨੇ ਸੇਖੋਂ ਦੇ ਰੋਕਦਿਆਂ ਕੀਤਾ। ਕੁਝ ਸਤਿਆਰਥੀ ਨੇ ਕੀਤਾ। ਸ਼ਿਵ ਕਮਾਰ ਬਟਾਲਵੀ ਨੇ ਕੀਤਾ। 'ਚੌਥੀ ਕੂਟ' ਦੇ ਲੇਖਕ ਪਰੰਪਰਾ ਨੂੰ ਭੰਨ ਕੇ ਨਵੀਆਂ ਬਣਾਉਂਦੇ ਨੇ। ਕਹਾਣੀ ਦੇ ਖੇਤਰ 'ਚ 'ਚੌਥੀ ਕੂਟ' ਵੱਲ ਜਾਣ ਵਾਲੇ ਕਈ ਲੇਖਕ ਉਭਰੇ ਨੇ। ਦੇਖੋ, ਕਿਹੜਾ ਲੀਹਾਂ ਪਾੜ ਕੇ ਨਵੀਆਂ ਪਾਉਂਦਾ ਏ।

**ਜਿੰਦਰ**:- ਮਸਲਨ ਕਿਹੜੇ- ਕਿਹੜੇ ਕਹਾਣੀਕਾਰ?

**ਪ੍ਰੇਮ ਪ੍ਰਕਾਸ਼;**-ਮੈਂ ਪਹਿਲਾਂ ਹੀ ਕਿਹਾ ਤਾਂ ਹੈ ਕਿ 'ਚੌਥੀ ਕੂਟ' ਦਾ ਪਹਿਲਾ ਕਹਾਣੀਕਾਰ ਕਲਵੰਤ ਸਿੰਘ ਵਿਰਕ ਸੀ। ਸਤਿਆਰਥੀ ਨੇ ਵੀ ਨਵੇਂ ਰਾਹ ਲਭੇ, ਪਰ ਉਹ ਕਹਾਣੀਕਾਰ ਦੇ ਤੌਰ ਤੇ ਪੈਂਠ ਨਹੀ ਬਣਾ ਸਕਿਆ। ਏਸੇ ਤਰਾਂ ਸੁਰਜੀਤ ਵਿਰਦੀ ਨੇ ਕੋਸ਼ਿਸ਼ ਕੀਤੀ ਸੀ। ਅਜੀਤ ਕੌਰ ਨੇ ਨਵੇਂ ਲੀਹੇ ਪਾੜੇ ਨੇ। ਗੁਰਪਾਲ ਲਿਟ ਨੇ ਵੀ ਯਤਨ ਕੀਤੇ ਨੇ। ਨਵਿਆਂ ਵਿੱਚ ਸੁਖਜੀਤ, ਜਿੰਦਰ, ਬਲਜਿੰਦਰ ਗਰੇਵਾਲ, ਵੀਨਾ ਵਰਮਾ ਤੇ ਹੋਰ ਕਈ ਸ਼ਾਮਲ ਨੇ। ਮੈਂ ਹੁਣ ਨਾਉਂ ਭੁਲ ਰਿਹਾਂ। ਉਸ ਤੋਂ ਬਾਅਦ ਹੁਣ ਨਵੇਂ ਉਭਰ ਰਹੇ ਕਹਾਣੀਕਾਰਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਬਹੁਤੇ ਮੇਰੇ ਪਿੱਛੇ  ਟੁਰ ਪਏ  ਨੇ। ਏਸੇ ਗੱਲ ਨੇ ਉਹਨਾਂ ਨੂੰ ਮਾਰ ਦੇਣਾ ਏ। ਉਂਜ ਪਤਾ ਨਹੀਂ ਕਿ ਕਿਹੜਾ ਨਵਾਂ ਰਾਹ ਲੱਭ ਲਏ ਤੇ ਖਤਰੇ ਮੁੱਲ ਲੈ ਕੇ ਜੰਗਲ ਚੀਰ ਦੇਵੇ।...ਏਸ ਸਮੇਂ ਮਨਮੋਹਨ ਬਾਵਾ ਵੀ ਲੀਹਾਂ ਪਾੜਨ ਵਾਲਿਆਂ 'ਚ ਸ਼ਾਮਲ ਏ।

**ਜਿੰਦਰ:**-ਤੁਸੀਂ ਕਹਿੰਦੇ ਹੋ,''ਮੈਂ ਆਪਣੀਆਂ ਕਹਾਣੀਆਂ ਦਾ ਚੰਗਾ ਜੱਜ ਨਹੀਂ ਹਾਂ। ਚੰਗੀ ਮਾੜੀ ਕਹਾਣੀ ਦਾ ਫੈਸਲਾ ਆਲੋਚਕਾਂ ਤੇ ਸਿਆਣੇ ਪਾਠਕਾਂ ਦੇ ਪ੍ਰਤੀਕਰਮ ਤੇ ਛੱਡਦਾ ਹਾਂ।'' (ਲੋਅ–ਜਨਵਰੀ 1988) ਤਹਾਡੀ ਨਜ਼ਰ 'ਚ ਚੰਗਾ ਪਾਠਕ ਕਿਸ ਤਰਾਂ ਦਾ ਹੁੰਦਾ ਹੈ ਅਤੇ ਆਲੋਚਕ ਕੀ ਹੁੰਦਾ ਹੈ? ਕੀ ਆਲੋਚਕ ਨੂੰ ਲੇਖਕ 'ਤੇ ਭਾਰੂ ਹੋਣ ਦੇਣਾ ਚਾਹੀਦਾ ਹੈ? ਮੈਨੂੰ ਇੱਥੇ ਦੋ ਸ਼ਬਦ ਯਾਦ ਆ ਰਹੇ ਹਨ,''ਜੋ ਲੇਖਕ ਲਿਖਦਾ ਹੈ— ਉਹਨੂੰ ਆਲੋਚਕ ਪੂਰੀ ਤਰਾਂ ਸਮਝ ਨਹੀਂ ਸਕਦਾ। ਉਹ ਸਿਰਫ ਅੰਦਾਜ਼ਾ ਲਾ ਸਕਦਾ ਹੈ।''

**ਪ੍ਰੇਮ ਪ੍ਰਕਾਸ਼:-** ਮੈਂ ਆਪ ਨੂੰ ਕਹਾਣੀ ਦਾ ਚੰਗਾ ਜੱਜ ਹੁਣ ਵੀ ਨਹੀਂ ਸਮਝਦਾ। ਸੱਚਾਈ ਤਾਂ ਇਹ ਹੈ ਕਿ ਕੋਈ ਵੀ ਲੇਖਕ ਅਜਿਹਾ ਨਹੀਂ ਹੁੰਦਾ। ਕੋਈ ਵੀ ਇੱਕ ਜਣਾ ਨਹੀਂ ਹੁੰਦਾ, ਨਾ ਲੇਖਕ, ਨਾ ਆਲੋਚਕ ਤੇ ਨਾ ਹੀ ਪਾਠਕ। ਹਰੇਕ ਆਪਣੇ–ਆਪਣੇ ਚਿੰਤਨ ਤੇ ਸੁਹਜ ਸੁਆਦ ਤੇ ਸੂਝ ਬੂਝ ਅਨੁਸਾਰ ਫੈਸਲਾ ਕਰਦਾ ਏ। ਇੱਕ ਤੇ ਮੈਂ ਵਿੱਚਕਾਰ 98 ਦਰਜੇ ਨੇ।

ਚੰਗਾ ਪਾਠਕ ਆਪਣੇ ਤੌਰ 'ਤੇ ਕੁਝ ਵੀ ਨਹੀਂ ਹੁੰਦਾ। ਕਿਸੇ ਲੇਖਕ ਦੇ ਪਾਠਕ ਜ਼ਰੂਰੀ ਨਹੀਂ ਕਿ ਹੋਰਾਂ ਲੇਖਕਾਂ ਨੂੰ ਵੀ ਉਸੇ ਤਰਾਂ ਸਮਝ ਸਕਣ ਤੇ ਮਾਣ ਸਕਣ। ਇੱਕ ਲੇਖਕ ਦੇ ਪਾਠਕ ਉਸੇ ਲੇਖਕ ਦੀਆਂ ਵੱਖ–ਵੱਖ ਕਹਾਣੀਆਂ ਦਾ ਮੁੱਲਾਂਕਣ ਵੱਖ–ਵੱਖ ਕਰਦੇ ਨੇ। ਏਥੇ ਫੇਰ ਉਹੀ ਗੱਲ ਪਾਠਕ ਦੀ ਗ੍ਰਹਿਣ ਸਮਰੱਥਾ ਕੰਮ ਕਰਦੀ ਏ। ਇੱਕ ਪਾਸਿਓਂ ਸੰਚਾਰ ਹੋ ਰਿਹਾ ਹੁੰਦਾ ਏ ਤੇ ਦੂਜੇ ਪਾਸੇ ਗ੍ਰਹਿਣ। ਦੋਹਾਂ ਵਿੱਚਕਾਰ ਤੰਦ ਠੀਕ ਜੁੜ ਜਾਵੇ ਤਾਂ ਵਾਹਵਾ ਨਹੀਂ ਤਾਂ ਸੰਪਰਕ ਟੁੱਟ ਜਾਂਦਾ ਏ। ਜਾਂ ਦੂਹਾਂ ਪਾਸਿਆਂ ਨੂੰ ਗਿਲਾ ਹੁੰਦਾ ਏ ਕਿ ਉਹਨੇ ਠੀਕ ਸੁਨੇਹਾ ਨਹੀਂ ਘੱਲਿਆ, ਜਾਂ ਉਹਨੇ ਸੁਨੇਹਾ ਠੀਕ ਨਹੀਂ ਸੁਣਿਆ ਜਾਂ ਸਮਝਿਆ। —ਆਲੋਚਕ ਦਾ ਵੀ ਇਹੀ ਹਾਲ ਹੁੰਦਾ ਏ। ਉਹ ਵੀ ਦੂਜੇ ਸਿਰੇ ਤੇ ਪਾਠਕ ਵਾਂਗੂ ਹੀ ਹੁੰਦਾ ਏ। ਏਸੇ ਲਈ ਦੋਹਾਂ ਵਿੱਚਕਾਰ ਗਿਲਿਆਂ ਦਾ ਸਿਲਸਿਲਾ ਮੁੱਢ ਕਦੀਮ ਤੋਂ ਹੀ ਜਾਰੀ ਰਿਹਾ ਏ।

ਜਦ ਆਲੋਚਕ ਕਿਸੇ ਰਚਨਾਕਾਰ ਦੀ ਨੁਕਤਾਚੀਨੀ ਕਰਦਾ ਏ ਤਾਂ ਲੇਖਕ ਔਖਾ ਹੁੰਦਾ ਏ। ਏਸੇ ਔਖਿਆਈ ਕਰਕੇ ਲੇਖਕ ਘੋੜੇ ਦੀ ਮੱਖੀ, ਪਿੱਸੂ ਜਾਂ ਪਰਜੀਵੀ ਕਹਿ ਕੇ ਨਿੰਦਦੇ ਰਹੇ ਨੇ। ਇਹ ਵੀ ਕਿਹਾ ਜਾਂਦਾ ਰਿਹਾ ਏ ਕਿ ਜਦ ਕੋਈ ਬੰਦਾ ਸਿਰਜਣਾ ਕਰ ਨਹੀਂ ਸਕਦਾ ਜਾਂ ਕਰਦਾ ਕਰਦਾ ਅਸਫਲ ਹੋ ਜਾਂਦਾ ਏ ਤਾਂ ਉਹ ਆਲੋਚਕ ਬਣ ਜਾਂਦਾ ਏ। ਉਹ ਆਪਣੀ ਅਸਫਲਤਾ ਦਾ ਬਦਲਾ ਸਫਲ ਲੇਖਕਾਂ ਤੋਂ ਲੈਂਦਾ ਏ। ਮੇਰਾ ਖਿਆਲ ਏ ਕਿ ਸਾਰੇ ਤਾਂ ਨਹੀਂ, ਪਰ ਬਹੁਤੇ ਆਲੋਚਕ ਖੱਸੀ ਜਾਂ ਬਾਂਝ ਲੇਖਕ ਹੁੰਦੇ ਨੇ। ਏਸ ਮਾਮਲੇ 'ਚ ਅਤਰ ਸਿੰਘ ਚੰਗੀ ਉਦਾਹਰਣ ਏ। ਉਹ ਸੂਝਵਾਨ ਸੀ। ਉਹਨੇ ਕਹਾਣੀ ਵੀ ਲਿਖੀ ਤੇ ਤੇ ਕਵਿਤਾ ਵੀ।.... ਲਿਖਣ ਵਾਲਿਆਂ 'ਚ ਬਹੁਤਿਆਂ ਦੇ ਜਦ ਦਾਣੇ ਮੁੱਕ ਜਾਂਦੇ ਨੇ ਤਾਂ ਟਿੱਪਣੀਆਂ ਕਰਨ ਲੱਗ ਪੈਂਦੇ ਨੇ। ਇਹਦੇ ਨਾਲ ਨਿਆਂਧੀਸ਼ ਬਨਣ ਦਾ ਸੁਆਦ ਵੀ ਪੂਰਾ ਹੋ ਜਾਂਦਾ ਏ। ਨਵੇਂ ਸਾਹਿਤਕਾਰਾਂ ਨੂੰ

ਡਰਾਇਆ ਵੀ ਜਾ ਸਕਦਾ ਏ। ਪੜਨ ਦੀ ਆਦਤ ਵੀ ਬਣੀ ਰਹਿੰਦੀ ਏ। ਨਾਓਂ ਦਾ ਸਿੱਕਾ ਵੀ ਚਲਦਾ ਏ। ਚਾਰ ਪੈਸੇ ਵੀ ਮਿਲਦੇ ਨੇ। ਦਿਲ 'ਤੇ ਪਿਆ ਬੋਝ ਵੀ ਘਟਦਾ ਏ।

**ਜਿੰਦਰ:-** ਤੁਹਾਡੀਆਂ ਬਹੁਤੀਆਂ ਕਹਾਣੀਆਂ ਮਨੋਵਿਗਿਆਨਕ ਵਿਸ਼ਲੇਸ਼ਣ ਦੀਆਂ ਕਹਾਣੀਆਂ ਹਨ। ਕੀ ਤੁਸੀਂ ਸਿੱਧੇ ਜਾਂ ਅਸਿੱਧੇ ਰੂਪ 'ਚ ਫਰਾਇਡ, ਜੁੰਗ , ਏਂਡਲਰ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ?

**ਪ੍ਰੇਮ ਪ੍ਰਕਾਸ਼:-** ਮੈਂ ਕੋਈ ਵੀ ਦਰਸ਼ਨ ਸੰਪੂਰਨ ਰੂਪ 'ਚ ਨਹੀਂ ਪੜ੍ਹਿਆ। ਹਰੇਕ ਨੂੰ ਕਿਸੇ ਪ੍ਰਸੰਗ ਵਿੱਚ ਪੜ੍ਹਿਆ ਤੇ ਸਮਝਿਆ ਏ। ਏਸੇ ਲਈ ਮੈਂ ਕਿਸੇ ਦੀ ਗੱਲ ਕੋਟ ਨਹੀਂ ਕਰ ਸਕਦਾ। ਮੈਂ ਧਾਰਮਕ ਗਰੰਥ ਵੀ ਬੜੇ ਪੜੇ ਨੇ। ਪਰ ਮੈਨੂੰ ਯਾਦ ਨਹੀਂ ਰਹਿੰਦਾ ਕਿ ਕੀ ਕਿਥੇ ਪੜ੍ਹਿਆ ਸੀ। ਆਪਣੇ ਤੌਰ 'ਤੇ ਮੈਂ ਕਹਿ ਸਕਦਾ ਹਾਂ ਕਿ ਮੈਂ ਮਨੋਵਿਗਿਆਨ ਦਾ ਵਿਦਿਆਰਥੀ ਹਾਂ। ਹੁਣ ਵੀ ਇਹ ਸਿਲਸਿਲਾ ਜਾਰੀ ਏ। .... ਤੇਰੇ ਮਨ ਦੀ ਗੱਲ ਦਾ ਜਵਾਬ ਇਹ ਵੇ ਕਿ ਮੈਨੂੰ ਸਭ ਤੋਂ ਵੱਧ ਦਿਲਚਸਪੀ ਨਰ ਨਾਰੀ ਦੇ ਰਿਸ਼ਤਿਆਂ ਦੇ ਸੱਚ ਨੂੰ ਜਾਨਣ 'ਚ ਏ। ਜਿਵੇਂ ਪੁਰਾਣੀਆਂ ਕਹਾਣੀਆਂ 'ਚ ਕਿਹਾ ਜਾਂਦਾ ਰਿਹਾ ਏ ਕਿ ਜੇ ਤੂੰ ਏਨਾ ਚਿਰ ਪਰਮਾਤਮਾ ਨੂੰ ਯਾਦ ਕੀਤਾ ਹੁੰਦਾ ਤਾ ਬੇੜਾ ਪਾਰ ਹੋ ਜਾਂਦਾ। ਮੈਂ ਇਸਤ੍ਰੀ ਨੂੰ ਏਸ ਤੋਂ ਵੱਧ ਚਾਹਿਆ ਤੇ ਧਿਆਇਆ ਏ। ਹੁਣ ਜਦ ਮੈਂ ਕਹਾਣੀ ਲਿਖਦਾ ਹਾਂ, ਜੇ ਉਹਦੇ ਵਿੱਚ ਇਸਤ੍ਰੀ ਦਾ ਜ਼ਿਕਰ ਨਾ ਹੋਵੇ ਤਾਂ ਮੇਰਾ ਪੈੱਨ ਨਹੀ ਚਲਦਾ। ਇਸਤ੍ਰੀ ਬਾਰੇ ਮੈਂ ਰੋਜ਼ ਕਹਾਣੀਆ ਲਿਖਦਾ ਹਾਂ, ਭਾਵੇਂ ਕਲਪਨਾ 'ਚ ਹੀ ਸਹੀ।

ਜਿਹੜਾ ਬੰਦਾ ਇਸਤ੍ਰੀਆਂ ਦੀਆਂ ਗੱਲਾਂ ਨਹੀਂ ਕਰਦਾ ਮੈਂ ਉਸ ਤੋਂ ਅੱਕ ਜਾਂਦਾ ਹਾਂ। ਮੈਨੂੰ ਲੱਗਦਾ ਏ ਕਿ ਉਹ ਪਖੰਡੀ ਏ। ਜਿੰਦਰ ਜਦ ਮੈਨੂੰ ਪਹਿਲਾਂ ਮਿਲਣ ਲੱਗਾ ਤਾਂ ਮਹਾਂ ਪਖੰਡੀ ਸੀ। ਹੁਣ ਉਹ ਵਾਤਸਾਇਨ ਦਾ 'ਕਾਮਸੂਤਰ' ਪੜਦਾ ਏ। 'ਨਾਰੀ 'ਕਾਮਸੂਤਰ ' ਵਾਚਦਾ ਏ। ਮੇਰੇ ਵਾਂਗੂ 'ਐਫ ਚੈਨਲ' 'ਚ ਤੀਵੀਆਂ ਦੇ ਨੰਗ ਦੇਖਦਾ ਏ। ਮੈਨੂੰ ਲੱਗਦਾ ਏ ਕਿ ਉਹ ਹੁਣ ਆਪਣੇ ਸੱਚ ਦੱਸਣ ਲੱਗ ਪਿਆ ਏ।

**ਜਿੰਦਰ:-**ਔਰਤਦੀ ਸਾਇੱਕੀ ਨੂੰ ਸਮਝਣ ਲਈ ਤਹਾਨੂੰ ਕਿਹੜੀਆਂ ਕਿਤਾਬਾਂ ਨੇ ਪ੍ਰਭਾਵਤ ਕੀਤਾ? ਕਿੰਨਾਂ ਔਰਤਾਂ ਨੇ ਪ੍ਰਭਾਵਤ ਕੀਤਾ? ਤਹਾਡੀ ਮਿਸਿਜ਼ ਨੇ ਕਿੰਨਾ ਕੁ ਪ੍ਰਭਾਵਤ ਕੀਤਾ?

**ਪ੍ਰੇਮ ਪ੍ਰਕਾਸ਼:-** ਸੋਲਾਂ ਸਾਲ ਦੀ ਉਮਰ ਤੋਂ ਹੁਣ 69 ਤਕ ਮੈਨੂੰ ਜਿੱਥੇ ਵੀ ਇਸਤ੍ਰੀ ਦਾ ਜ਼ਿਕਰ ਮਿਲਿਆ, ਮੈਂ ਪੜਦਾ ਰਿਹਾ ਹਾਂ। ਕੀ ਮਨੋਵਿਗਿਆਨ, ਕੀ ਦਰਸ਼ਨ, ਕੀ ਕਾਮ ਸ਼ਾਸਤਰ, ਕੀ ਧਰਮ ਸ਼ਾਸਤਰ ਤੇ ਕੀ ਸਾਹਿਤ–ਮੈਂ ਬਹੁਤ ਕੁਝ ਪੜ੍ਹਿਆ ਏ। ਕੋਈ ਇੱਕ ਪੁਸਤਕ ਆਪਣੇ ਆਪ 'ਚ ਸੰਪੂਰਨ ਨਹੀਂ ਹੁੰਦੀ। ਬਹੁਤ ਲਿਖਤਾਂ ਪੜ ਕੇ ਕਿਤੇ ਪ੍ਰਭਾਵ ਬਣਦਾ ਏ। ਉਹ ਏਨਾ ਬਹੁਭਾਂਤਾ ਹੁੰਦਾ ਏ ਕਿ ਪਛਾਣਿਆ ਨਹੀਂ ਜਾ ਸਕਦਾ। ਜ਼ਿੰਦਗੀ 'ਚ ਜਿਹੜੀ ਵੀ ਤੀਵੀਂ ਮਿਲੀ, ਭਾਵੇਂ ਕੁਝ ਚਿਰ ਲਈ, ਮੈਂ ਉਸ ਤੋਂ ਵੀ ਪ੍ਰਭਾਵਤ ਹੋਇਆ ਹਾਂ। ਮੇਰੀਆਂ ਕਹਾਣੀਆਂ 'ਚ ਔਰਤਾਂ ਹੀ ਔਰਤਾਂ ਨੇ। ਹੋ ਸਕਦਾ ਏ ਕਿ ਕਿਸੇ ਇੱਕ ਦਾ ਪ੍ਰਭਾਵ ਵੱਧ ਪੈਂਦਾ ਹੋਵੇ। ਉਹਨਾਂ ਸਾਰੇ ਇਸਤ੍ਰੀ ਪਾਤਰਾਂ 'ਚ ਮੇਰੀ ਪਤਨੀ ਵੀ ਸ਼ਾਮਲ ਏ। ਉਹ ਮੇਰੀ ਜੀਵਨ ਸਾਥਣ ਏ। ਮੇਰੇ ਬੱਚਿਆਂ ਦੀ ਮਾਂ ਏ। ਘਰ ਦੀ ਧੁਰੀ ਏ। ਉਸ ਨੇ ਮੈਨੂੰ ਜਿਊਂਦਿਆਂ ਰੱਖਿਆਂ ਏ। ਦੂਜੀਆਂ ਤੀਵੀਆਂ ਨੂੰ ਯਾਰ ਦੇ ਮਰਨ ਦਾ ਬਹੁਤਾ ਦੁੱਖ ਨਹੀਂ ਹੁੰਦਾ। ਹੋ ਸਕਦੈ ਕਿ ਕਿਸੇ ਨੂੰ ਯਾਰ ਮਾਰ ਮਾਰ ਸੁਆਦ ਵੀ ਆਉਂਦਾ ਹੋਵੇ।

**ਜਿੰਦਰ** ''ਮੈਂ ਆਪਣੇ ਆਪ ਨੂੰ ਮਾਰਕਸਵਾਦੀ ਕਹਿੰਦਾ ਹਾਂ। ਮੇਰੀ ਨਜ਼ਰ 'ਚ ਮਾਰਕਸਵਾਦ ਕੇਵਲ ਸੱਤਾ ਹਥਿਆਉਣ ਦਾ ਹੀ ਸਾਧਨ ਨਹੀਂ, ਬਲਕਿ ਜੀਵਨ–ਢੰਗ ਦਾ ਅਧਾਰ ਹੈ। ਮੈਂ ਉਸ 'ਵਾਦ' ਦਾ ਪ੍ਰਤੀਬੱਧ ਹਾਂ, ਨਾ ਕਿ ਕਿਸੇ ਰਾਜਨੀਤਕ ਗਰੁੱਪਬੰਦੀ ਜਾਂ ਪੈਂਤੜੇਬਾਜ਼ੀ ਦਾ।'' ਇਹ ਤੁਹਾਡੇ ਵਿਚਾਰ ਹਨ। ਕੀ ਇਹਨੂੰ ਮੈਂ ਤਹਾਡੀ ਜੀਵਨ ਸ਼ੈਲੀ ਕਹਿ ਸਕਦਾ ਹਾਂ? ਦੂਜੀ ਗੱਲ–ਇਹ 'ਵਾਦ' ਤੁਹਾਡੇ ਸਾਹਿਤ 'ਚੋਂ ਕਿਉਂ ਮਨਫ਼ੀ ਹੈ।

**ਪ੍ਰੇਮ ਪ੍ਰਕਾਸ਼:-**ਇਹ ਗੱਲ ਮੈਂ ਕਿਤੇ ਕਹੀ ਜ਼ਰੂਰ ਸੀ। ਮੈਂ ਮਾਰਕਸਵਾਦ ਤੇ ਸਮਾਜਵਾਦ ਨੂੰ ਰਲਾ ਕੇ ਦੇਖਦਾ ਰਿਹਾ ਹਾਂ। ਸਮਾਜਵਾਦੀ ਮੇਰੀ ਨਜ਼ਰ 'ਚ ਸਾਰੇ ਇਨਸਾਨਾਂ ਲਈ ਹਰ ਕਿਸਮ ਦੀ ਬਰਾਬਰੀ ਚਾਹੁਣ ਵਾਲਾ ਹੁੰਦਾ ਏ। ਉਹ ਧਰਮ ਨਿਰਪੱਖ ਹੁੰਦਾ ਏ। ਇਹ ਵਿਚਾਰ ਮੈਨੂੰ ਹੁਣ ਵੀ ਠੀਕ ਲੱਗਦਾ ਏ। ਮੈਂ ਕੋਸ਼ਿਸ਼ ਕੀਤੀ ਏ ਕਿ ਇਹਨੂੰ ਆਪਣੀ ਜੀਵਨ ਸ਼ੈਲੀ ਬਣਾਵਾਂ। ਪਰ ਤੂੰ ਅੱਧੀ ਬਿਸਮਿੱਲਾ ਲੈ ਕੇ ਤੁਰ ਪਿਆ। ਮੈਂ ਏਸ ਤੋਂ ਅਗੇ ਕਿਹਾ ਸੀ ਕਿ ਮੈਂ ਸਾਹਿਤ 'ਚ ਕਿਸੇ ਵੀ ਵਾਦ ਨੂੰ ਨਹੀਂ ਵੜਨ ਦੇਂਦਾ। ਸਾਹਿਤ ਸਿਰਜਣਾ ਨੂੰ ਮੈਂ ਕੇਵਲ ਆਪਣੀ ਨਿੱਜੀ ਸਰਗਰਮੀ ਮੰਨਦਾ ਹਾਂ। ਮੇਰੇ ਸਾਹਿਤ ਦਾ ਮਨੋਰਥ ਉਹ ਨਹੀਂ, ਜਿਹੜਾ

ਮਾਰਕਸਵਾਦੀਆਂ ਦਾ ਹੁੰਦਾ ਏ। ਆਪਣਾ ਮਨੋਰਥ ਮੈਂ ਕਿਸੇ ਹੋਰ ਸਵਾਲ ਦੇ ਜਵਾਬ 'ਚ ਦੱਸ ਚੁੱਕਾਂ ਹਾਂ।

**ਜਿੰਦਰ:**- ਤੁਸੀਂ ਛੋਟੀ ਉਮਰ 'ਚ ਹੀ ਬਜ਼ੁਰਗਾਂ ਬਾਰੇ ਕਹਾਣੀਆਂ ਲਿਖਣੀਆਂ ਕਿਓ ਸ਼ੁਰੂ ਕਰ ਦਿੱਤੀਆਂ?

**ਪ੍ਰੇਮ ਪ੍ਰਕਾਸ਼:**-ਮਨੋਵਿਗਿਆਨ ਦਾ ਛੋਟਾ ਜਿਹਾ ਨੁਕਤਾ ਏ ਕਿ ਬੰਦੇ 'ਚ ਜਨਮ ਦੇ ਨਾਲ ਈ ਮੌਤ ਦਾ ਭੈਅ, ਡਿੱਗਣ ਦਾ ਡਰ ਪੈਦਾ ਹੋ ਜਾਂਦੇ ਨੇ। ਜਦ ਬੰਦਾ ਜਵਾਨ ਹੁੰਦਾ ਏ ਤਾਂ ਉਹਦੇ ਅੰਦਰ ਜਨਮ ਤੋਂ ਹੀ ਪੈਦਾ ਹੋਇਆ ਇੱਕ ਬੁੱਢਾ ਵੀ ਹੁੰਦਾ ਏ। ਜਿਵੇਂ ਇੱਕ ਬੰਦੇ 'ਚ ਕਈ ਰੂਪਾਂ ਦੇ ਬੰਦੇ ਹਰ ਵੇਲੇ ਰਹਿੰਦੇ ਨੇ। ਜਦ ਬੰਦਾ ਬੁੱਢਾ ਹੋ ਜਾਂਦਾ ਏ ਤਾਂ ਉਹਦੇ ਅੰਦਰ ਇੱਕ ਮੁੰਡਾ ਤੇ ਬੱਚਾ ਵੀ ਹੁੰਦਾ ਏ।

ਦੂਜੀ ਗੱਲ ਅਨੁਭਵਾਂ ਦੀ ਹੁੰਦੀ ਏ। ਜਦ ਮੈਂ ਹਾਲੇ ਸਕੂਲ ਨਹੀਂ ਸੀ ਜਾਣ ਲਗਿਆ ਘਰ 'ਚ ਮੇਰੀ ਦਾਦੀ, ਦਾਦਾ ਤੇ ਪੜਦਾਦੀ ਹੁੰਦੀ ਸੀ। ਮੇਰੇ ਚੇਤੇ 'ਚ ਉਹ ਤਿੰਨੇ ਬਹੁਤੇ ਖੁਭੇ ਰਹੇ ਨੇ। ਪੜਦਾਦੀ ਗੁਜਰੀ ਤਾਂ ਮੈਂ ਛੇਵੀਂ ਸੱਤਵੀ 'ਚ ਪੜਦਾ ਸੀ। ਫੇਰ ਦਾਦਾ ਤੇ ਦਾਦੀ ਗੁਜਰੇ। ਇਹ ਘਟਨਾਵਾਂ ਹੋਣੀਆਂ ਜ਼ਰੂਰੀ ਸਨ। ਫੇਰ ਪਤਾ ਨਹੀਂ ਕਿੰਨਾਂ ਕਾਰਨਾਂ ਕਰਕੇ ਮੇਰੇ ਅੰਦਰ ਬਜ਼ੁਰਗ ਤੇ ਮੌਤ ਆ ਗਏ ਸੀ। ਹੁਣ ਜਦ ਮੈਂ ਆਪ ਉਸ ਅਵਸਥਾ 'ਚ ਹਾਂ, ਮੈਨੂੰ ਬੁਢਾਪੇ ਦੀਆਂ ਸੱਚਾਈਆਂ ਦਾ ਪਤਾ ਲੱਗਦਾ ਏ। ਤਦ ਖਿਆਲ ਆਉਂਦਾ ਏ ਕਿ ਇਹ ਅਸਲੀ ਬਜ਼ੁਰਗੀ ਏ। ਪਰ ਏਸ ਹਾਲਤ ਬਾਰੇ ਬਹੁਤਾ ਲਿਖਿਆ ਨਹੀਂ ਜਾ ਸਕਦਾ। ਕਿਉਂਕਿ ਪਾਠਕ ਬਹੁਤੇ ਜਵਾਨ ਹੁੰਦੇ ਨੇ। ਉਹ ਅਜਿਹਾ ਦੁਖ ਪੜ੍ਹਨਾ ਪਸੰਦ ਨਹੀਂ ਕਰਦੇ। ਪਿਛਲੇ ਕੁੱਝ ਵਰਿਆਂ 'ਚ 1995 ਤੋਂ ਬਾਦ ਮੈਂ ਸਾਰੀਆਂ ਹੀ ਕਹਾਣੀਆਂ ਬੁੱਢਿਆਂ ਬਾਰੇ ਲਿਖੀਆਂ ਨੇ। ਜਿਨਾਂ 'ਚ ਸੁਣਦੈਂ ਖਲੀਫਾ, ਮੋਹੜੀ, ਪ੍ਰੋਫੈਸਰ ਵਾਲੀਆ ਸ਼ਾਮਲ ਨੇ। ਮੈਨੂੰ ਲੱਗਦੈ ਕਿ ਇਹਨਾਂ ਦੇ ਪਾਠਕ ਬਣਾਉਣਾ ਜਾਂ ਪਾਠਕ ਦੇ ਚੇਤੇ 'ਚ ਫਸਾਉਣਾ ਔਖਾ ਏ। ਕਹਾਣੀ ਮੋਹੜੀ ਵਾਲੀ ਇਹ ਗੱਲ ਬੜੀ ਰਹੱਸ ਭਰੀ ਏ ਕਿ ਬੰਦਾ ਮਰਨ ਵੇਲੇ ਆਪਣੇ ਪਿੰਡ ਨੂੰ ਕਿਉਂ ਜਾਂਦਾ ਏ? ਜਾਂ ਉਹ ਮਿੱਟੀ ਉਹਨੂੰ ਕਿਉਂ ਖਿੱਚਦੀ ਏ, ਜਿਥੇ ਉਹਦੀ ਔਲ ਦੱਬੀ ਹੁੰਦੀ ਏ? ਇਹ ਸੋਚ ਕਈ ਕਹਾਣੀਆਂ 'ਚ ਆਈ ਏ। ਪਰ ਇਹ ਕਹਾਣੀਆਂ ਉਨਾਂ ਕਹਾਣੀਆਂ ਦੇ ਮੁਕਾਬਲੇ 'ਚ

ਨਹੀਂ ਖੜ ਸਕਦੀਆਂ, ਜਿਨਾਂ 'ਚ ਜਵਾਨ ਤੇ ਅੰਨੀਆਂ ਭਾਵਨਾਵਾਂ ਨੇ। ਮਹਾਂਭਾਰਤ ਨੂੰ ਬਹੁਤੇ ਲੋਕ ਯੁੱਧ ਤਕ ਹੀ ਪੜਦੇ ਨੇ। ਬਾਦ 'ਚ ਕੀ ਹੋਇਆ। ਇਹ ਬੁੱਢੇ ਹੋਣ ਤੋਂ ਪਹਿਲਾਂ ਮੈਂ ਵੀ ਨਹੀਂ ਸੀ ਪੜਿਆ। ਹੁਣ ਪੜਿਆ ਤਾਂ ਅੱਖਾਂ ਖੁੱਲ ਗਈਆਂ।

ਫੇਰ ਵੀ ਮੈਂ ਮਨ ਆਈਆਂ ਕੀਤੀਆਂ ਨੇ। ਹੁਣ ਵੀ ਜੋ ਚਿੱਤ ਕੀਤਾ, ਉਹੀ ਲਿਖਣਾ ਏ।

**ਜਿੰਦਰ**:- ਤੁਹਾਡੀ ਵਿਲੱਖਣਤਾ ਬਾਰੇ ਸੁਤਿੰਦਰ ਸਿੰਘ ਨੂਰ ਲਿਖਦੇ ਹਨ : ''ਪ੍ਰੇਮ ਪ੍ਰਕਾਸ਼ ਅਜਿਹਾ ਕਹਾਣੀਕਾਰ ਹੈ ਜਿਸ ਦੀਆਂ ਕਹਾਣੀਆਂ ਪੜ ਕੇ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਕੋਲ ਬੇਦੀ, ਕ੍ਰਿਸ਼ਨ ਚੰਦਰ, ਮੰਟੋ ਜਾਂ ਹੋਰ ਭਾਰਤੀ ਕਹਾਣੀ ਦੀ ਸਰੰਚਨਾ ਜਾਂ ਪ੍ਰਤਿਮਾਨਾਂ ਦੀ ਚੇਤਨਾ ਹੈ। ਉਹ ਜਿਨਾਂ ਕਹਾਣੀਆਂ ਵਿੱਚ ਜਿਨਸੀ,ਔਰਤ–ਸੰਬੰਧਾਂ ਜਾਂ ਹੋਰ ਮਾਨਸਿਕ ਸਮੱਸਿਆਵਾਂ ਵਿੱਚ ਵਿਚਰਦੇ ਪਾਤਰਾਂ ਦਾ ਵਿਸ਼ਲੇਸ਼ਣ ਕਰਦਾ ਹੈ, ਉਨਾਂ ਨੂੰ ਪੜਦਿਆਂ ਸਾਨੂੰ ਜਾਪਦਾ ਹੈ ਕਿ ਉਹ ਮੰਟੋ ਤੋਂ ਪਾਰ ਦਾ ਕਹਾਣੀਕਾਰ ਹੈ।'' ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?

**ਪ੍ਰੇਮ ਪ੍ਰਕਾਸ਼**:- ਮੈਂ ਕਦੇ ਵੀ ਇੰਜ ਮਹਿਸੂਸ ਨਹੀਂ ਕੀਤਾ ਮੇਰੇ 'ਤੇ ਕਿਸੇ ਇੱਕ ਕਹਾਣੀਕਾਰ ਦਾ ਪ੍ਰਭਾਵ ਹੋਵੇ। ਇੰਜ ਸਮਝਣਾ ਵੀ ਗਲਤ ਏ। ਪ੍ਰਭਾਵ ਉਹਨਾਂ ਸਾਰੇ ਲੇਖਕਾਂ ਦਾ ਵੀ ਹੁੰਦਾ ਏ, ਜਿਨਾਂ ਦੇ ਅਸੀਂ ਨਾਂ ਵੀ ਨਹੀਂ ਜਾਣਦੇ ਹੁੰਦੇ। ਜਿਵੇਂ ਬਚਪਨ 'ਚ ਗੁਆਂਢਣ ਬੋਬੋ ਜਾਂ ਨਾਈ ਬਾਬੇ ਦੀਆਂ ਬਾਤਾਂ ਦਾ, ਰਮਾਇਣ, ਮਹਾਂਭਾਰਤ ਤੇ ਕਥਾ ਵਾਚਕਾਂ ਕੋਲੋਂ ਸੁਣੀਆਂ ਕਹਾਣੀਆਂ ਦਾ, ਪੜੇ ਇਸ਼ਕੀਆਂ ਕਿੱਸਿਆਂ ਦਾ, ਫੇਰ ਉਰਦੂ ਕਹਾਣੀਕਾਰਾਂ ਦਾ (ਮੰਟੋ, ਬੇਦੀ ਵਿਸ਼ੇਸ਼), ਵਿਦੇਸ਼ੀ ਲੇਖਕਾਂ ਦਾ ਤੇ ਅਖੀਰ 'ਚ ਆਪਣੀ ਭਾਸ਼ਾ ਪੰਜਾਬੀ 'ਚ ਲਿਖ ਰਹੇ ਸਮਕਾਲੀ ਕਹਾਣੀਕਾਰਾਂ ਦਾ। ਸਮਕਾਲੀ ਪੰਜਾਬੀ ਕਹਾਣੀਕਾਰਾਂ 'ਚੋਂ ਮੈਨੂੰ ਕੋਈ ਵੀ ਬਹੁਤਾ ਚੰਗਾ ਨਹੀਂ ਲੱਗਿਆ। ਵਿਰਕ ਵੀ ਨਹੀਂ। ਉਹਦੀਆਂ ਕਹਾਣੀਆਂ 'ਚ ਗੱਲ ਸਮਝਾਉਣ ਵਾਲਾ ਅੰਤਲਾ ਹਿੱਸਾ ਜਿਹੜਾ ਹੁੰਦਾ ਸੀ, ਮੈਂ ਉਹਦਾ ਮਜ਼ਾਕ ਉਡਾਉਂਦਾ ਹੁੰਦਾ ਸੀ। ਉਹ ਮੈਨੂੰ ਧੀਰ ਦੇ ਗਰੁੱਪ ਦਾ ਕਹਿ ਕੇ ਛੇੜਦਾ ਹੁੰਦਾ ਸੀ। ਸਆਦਤ ਹਸਨ ਮੰਟੋ ਬਹੁਤ ਵੱਡਾ ਕਹਾਣੀਕਾਰ ਏ। ਉਹਨੇ ਹਲਕੀਆਂ ਕਹਾਣੀਆਂ ਵੀ ਬਹੁਤ ਲਿਖੀਆਂ, ਪਰ ਉਹਦੀ ਉਚਾਈ ਤਕ ਪਹੁੰਚਣ ਵਾਲਾ ਹੋਰ ਭਾਰਤੀ ਕਹਾਣੀਕਾਰ ਮੈਨੂੰ ਨਹੀਂ ਲੱਭਿਆ। ਬੇਦੀ 'ਚ ਹਿੰਦੂ ਸੰਸਕਾਰਾਂ ਦੀ ਏਨੀ

ਡੂੰਘਾਈ ਸੀ ਕਿ ਉਰਦੂ ਵਾਲੇ ਵੀ ਨਹੀਂ ਸਮਝ ਸਕੇ। ਪੰਜਾਬੀ ਵਾਲਿਆਂ ਨੂੰ ਉਹ ਪ੍ਰਵਾਨ ਨਹੀਂ ਹੋਇਆ। ਬੇਦੀ ਨੇ ਉਹ ਸੰਸਕਾਰ ਆਪਣੀ ਬ੍ਰਾਹਮਣ ਮਾਤਾ ਤੋਂ ਪ੍ਰਾਪਤ ਕੀਤੇ ਸੀ।— ਜੇ ਨੂਰ ਮੈਨੂੰ ਮੰਟੋ ਦੇ ਨੇੜੇ ਵੀ ਸਮਝੇ ਤਾਂ ਵੀ ਇਹ ਵੱਡੀ ਗੱਲ ਏ।

**ਜਿੰਦਰ:-** ਤੁਸੀਂ ਇੱਕ ਥਾਂ ਕਹਿੰਦੇ ਹੋ: ''ਸ਼ੁਰੂ–ਸ਼ੁਰੂ 'ਚ ਮੈਂ ਵੀ ਹੋਰ ਲੇਖਕਾਂ ਵਾਂਗ ਘੜ ਕੇ, ਬੁਣ ਕੇ ਤੇ ਬਣਾ ਕੇ ਕਹਾਣੀ ਲਿਖਦਾ ਸੀ। ਬਾਅਦ 'ਚ ਇਹ ਸੱਚਾਵਾਦੀ ਰੂਪ ਮੈਂ ਆਪ ਤੋੜ ਦਿੱਤਾ। ਕਿਉਂਕਿ ਇਹ ਮੇਰੇ ਪ੍ਰਗਟਾਵੇ ਦੇ ਅਨਕੂਲ ਨਹੀਂ ਰਿਹਾ ਸੀ। ਸੱਚਾ ਟੁੱਟਣ ਨਾਲ ਥੋੜੀ ਬਹੁਤੀ ਮਿਹਨਤ ਮੁਸ਼ੱਕਤ ਵੱਧ ਗਈ। ਟੁਕੜੇ–ਟੁਕੜੇ ਜੋੜ ਕੇ ਤਸਵੀਰ ਪੂਰੀ ਹੋਣ ਲੱਗੀ। ਕਾਗਜ਼ ਦੇ ਪੁਰਜ਼ਿਆਂ 'ਤੇ ਟੁਕੜੇ ਲਿਖਦਾ। ਫੇਰ ਕਹਾਣੀ ਕੰਪੋਜ਼ ਹੁੰਦੀ। ਫੇਰ ਮੈਂ ਉਸ ਨੂੰ ਲਿਖਤੀ ਤਰਤੀਬ ਦਿੰਦਾ ਸੀ। ਹੁਣ ਨਾ ਤਾਂ ਕਹਾਣੀ ਸ਼ੁਰੂ ਕਰਨ ਦੀ ਕੋਈ ਮੁਸ਼ਕਿਲ, ਨਾ ਖਤਮ ਕਰਨ ਦੀ ਕਠਿਨਾਈ। ਕਦੇ–ਕਦੇ ਕਹਾਣੀ ਸ਼ੁਰੂ ਹੀ ਅੰਤ ਤੋਂ ਹੁੰਦੀ ਹੈ। ਉਸਦਾ ਸੱਚਾ ਆਪਣੇ ਆਪ ਬਣਦਾ ਹੈ। ਮੈਂ ਸਿਰਫ ਸੋਚਦਾ ਹਾਂ ਤੇ ਲਿਖਦਾ ਹਾਂ।'' (ਕੀਰਤੀ ਕੇਸਰ ਦੀ ਦੈਨਿਕ ਟ੍ਰਿਬਿਊਨ 'ਚ ਛਪੀ ਇੰਟਰਵਿਊ) ਤਹਾਡੇ ਇਨਾਂ ਵਿਚਾਰਾਂ ਨੂੰ ਲੈ ਕੇ ਹੀ ਮੈਂ ਕੁਝ ਇੱਕ ਸੁਆਲ ਪੁੱਛ ਰਿਹਾ ਹਾਂ: ਤੁਹਾਡਾ ਸੋਚਣ ਤੋਂ ਕੀ ਭਾਵ ਹੈ? ਇਹ ਰਹੱਸ ਜਿਹਨੂੰ ਤੁਸੀਂ ਲਿਖਣਾ ਕਹਿੰਦੇ ਹੋ, ਇਹ ਕੀ ਹੈ? ਤੁਹਾਨੂੰ ਲਿਖਣਾ ਸੋਖਾਲਾ ਲੱਗਦਾ ਹੈ ਤਾਂ ਇੰਨੀ ਧੀਮੀ ਗਤੀ ਨਾਲ ਲਿਖਣ ਪਿੱਛੇ ਕੀ ਤੁਸੀਂ ਕੋਈ ਯੋਜਨਾ ਉਲੀਕੀ ਹੋਈ ਹੈ।?

**ਪ੍ਰੇਮ ਪ੍ਰਕਾਸ਼:-** ਉਪਰਲੀ ਗੱਲ ਮੈਂ ਤਾਂ ਕਿਤੇ ਲਿਖੀ ਨਹੀਂ, ਕੀਰਤੀ ਨੇ ਸੁਣ ਸੁਣਾ ਕੇ ਬਣਾਈ ਹੋਵੇਗੀ। ਮੈਂ ਸੱਚਾਵਾਦੀ ਸ਼ਬਦ ਕਦੇ ਵੀ ਨਹੀਂ ਵਰਤਿਆ। ਮਿਹਨਤ ਮੁਸ਼ੱਕਤ ਵਧਣ ਵਾਲੀ ਗੱਲ ਵੀ ਮੈਨੂੰ ਠੀਕ ਨਹੀਂ ਲੱਗਦੀ। ਓਜ ਇਹ ਹੋ ਸਕਦਾ ਏ ਕਿ ਕਹਾਣੀ ਦੇ ਲਿਖੇ ਜਾਣ ਬਾਰੇ ਮੈਂ ਅਜਿਹਾ ਕੁਝ ਕਿਹਾ ਹੋਵੇ। ਸੋਚਣ ਤੋਂ ਸਿੱਧਾ ਭਾਵ ਤਾਂ ਇਹ ਵੇ ਕਿ ਸਾਡਾ ਦਿਮਾਗ ਹਰ ਸਮੇਂ ਆਪਣੀ ਸਰਗਰਮੀ ਜਾਰੀ ਰੱਖਦਾ ਏ। ਅਸੀਂ ਬੀਤੇ ਬਾਰੇ, ਬੀਤ ਰਹੇ ਬਾਰੇ ਤੇ ਬੀਤਣ ਵਾਲੇ ਬਾਰੇ ਸੋਚਦੇ ਹੀ ਰਹਿੰਦੇ ਹਾਂ। ਆਪਣੇ ਅਨੁਭਵਾਂ ਦੇ ਪਹਿਲੂਆਂ 'ਤੇ ਵਿਚਾਰ ਕਰਦਿਆਂ ਕਈ ਘਟਨਾਵਾਂ ਤੇ ਗੱਲਾਂ ਕਿਸੇ ਨੂੰ ਦੱਸਣ ਤੇ ਫੇਰ ਕਹਾਣੀ ਜੋੜਨ ਲਈ ਜੀਅ ਕਰਨ ਲੱਗ ਪੈਂਦਾ ਏ। ਜੇ ਘੜਣ ਦਾ ਅਮਲ ਤੇਜ਼ ਹੋ ਜਾਂਦਾ ਏ ਤਾਂ ਆਦਤ ਜਿਹੀ ਬਣ ਜਾਂਦੀ

ਏ। ਸੋਚਾਂ ਕਹਾਣੀਆਂ ਦੇ ਟੁਕੜੇ ਬਣਨ ਲੱਗ ਪੈਂਦੀਆਂ ਨੇ। ਟੁਕੜੇ ਜੁੜਨ ਲੱਗ ਪੈਂਦੇ ਨੇ। ਇਹੀ ਸੋਚ ਤੋਂ ਭਾਵ ਏ। ਲਿਖਤਾਂ ਦਾ ਰਹੱਸ ਵੀ ਇਹੀ ਏ। ਰਹੱਸ ਏਸ ਨਾਲ ਏ ਕਿ ਇਹ ਕੰਮ ਮੇਰੀ ਮਰਜ਼ੀ ਨਾਲ ਨਹੀ ਹੁੰਦਾ। ਜਾਂ ਨਤੀਜਾ ਮੇਰੀ ਮਰਜ਼ੀ ਅਨੁਸਾਰ ਨਹੀਂ ਹੁੰਦਾ। ਏਸੇ ਲਈ ਕਦੇ ਕਹਾਣੀ ਜੁੜਦੀ ਏ ਤੇ ਕਦੇ ਨਹੀਂ। ਕਦੇ ਸਾਲ 'ਚ ਤਿੰਨ ਜਾਂ ਚਾਰ ਕਹਾਣੀਆਂ ਲਿਖ ਹੋ ਜਾਂਦੀਆਂ ਸਨ ਤੇ ਹੁਣ ਮਸਾਂ ਇੱਕ ਜਾਂ ਦੋ। ਮੈਂ ਤਾਂ ਕਹਿੰਦਾ ਹਾਂ ਕਿ ਕਹਾਣੀ ਲਿਖਣਾ ਮੇਰੇ ਵੱਸ 'ਚ ਨਹੀਂ। ਕੋਈ ਯੋਜਨਾ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ।

**ਜਿੰਦਰ:-** ਸਾਡੇ ਸਮਾਜ ਦੇ ਇਤਿਹਾਸ 'ਚ ਕੁਝ ਇੱਕ ਔਰਤਾਂ ਨੇ ਕੁਝ ਇੱਕ ਖੇਤਰਾਂ 'ਚ ਨਾਮਣਾ ਖੱਟਿਆ। ਸਿਰਫ ਕੁਝ–ਇੱਕ ਔਰਤਾਂ ਨੇ ਉਨਾਂ ਦਾ ਵੀ ਕਾਫੀ ਵਿਰੋਧ ਹੋਇਆ ਸੀ। ਨਹੀਂ ਤਾਂ ਔਰਤ ਦਾ ਬਿੰਬ Polite, emotional,sentimental ਆਦਿ ਸ਼ਬਦਾਂ ਨਾਲ ਜੁੜਿਆ ਹੈ। ਵਾਤਸਾਇਨ ਵੀ 'ਕਾਮ ਸੂਤਰ' ਦੇ ਅਧਿਆਇ ਨੰ. ਪੰਜ 'ਚ ਔਰਤ ਨੂੰ ਸੰਗਾਊ ਮੰਨਦਾ ਹੈ। ਇਓ ਹੀ 'ਰਿਗਵੇਦ' 'ਚ ਔਰਤ ਬਾਰੇ ਲਿਖਿਆ ਹੈ,''ਮੈਂ ਆਪਣੇ ਪਤੀ ਨਾਲ ਸੌਂਵਾਂ , ਉਸਨੂੰ ਪਤੀ ਮੰਨ ਕੇ ਉਸ ਦੀ ਪਤਨੀ ਬਣ ਕੇ ਰਹਾਂ। ਉਸਨੂੰ ਆਪਣਾ ਸਰੀਰ ਅਰਪਣ ਕਰਾਂ।'' ਪਰ ਤੁਹਾਡੇ ਕਥਾ ਸੰਸਾਰ 'ਚ ਔਰਤਾਂ ਵਿਦਰੋਹ ਕਰਦੀਆਂ ਹਨ, ਉਹ ਆਪਣੇ ਪਤੀ ਤੋਂ ਅਸੰਤੁਸ਼ਟ ਹਨ। ਮਰਦ ਉਨਾਂ ਸਾਹਮਣੇ ਬੌਣਾ ਹੋ ਰਿਹਾ ਹੈ?

**ਪ੍ਰੇਮ ਪ੍ਰਕਾਸ਼:-**ਇਸਤ੍ਰੀਆਂ 'ਚ ਉਹ ਸਭ ਗੁਣ ਔਗਣ ਨੇ, ਜਿਹੜੇ ਮਰਦਾਂ 'ਚ ਹੁੰਦੇ ਨੇ। ਇੱਕ ਤਾਂ ਸਮਾਜਕ ਵਿਵਸਥਾ ਨੇ ਦੋਹਾਂ ਦੇ ਰੋਲ ਵੱਖ–ਵੱਖ ਕਰ ਦਿੱਤੇ ਨੇ ਤੇ ਦੂਜੇ ਇਸਤ੍ਰੀ ਦੀ ਸਰੀਰਕ ਬਣਤਰ ਕਰਕੇ ਬਣੀ ਪ੍ਰਵਿਰਤੀ ਨੇ। ਗਰਭ ਧਾਰਨ ਕਾਰਨ, ਬੱਚਾ ਜੰਮਣਾ, ਪਾਲਣਾ ਤੇ ਫੇਰ ਨਾ ਜੰਮ ਹੋਣ ਦਾ ਦੁੱਖ ਸਹਿਣਾ। ਇਹ ਗੱਲਾਂ ਮਰਦ ਤੋਂ ਵੱਖਰੀਆਂ ਨੇ। ਇਹਨਾਂ ਕਰਕੇ ਹੀ ਮਰਦ ਨੇ ਉਹਨੂੰ ਅਧੀਨ ਕੀਤਾ ਹੋਇਆ ਏ। ਸਿਰਫ ਸਾਡੇ ਸਮਾਜ 'ਚੋਂ ਹੀ ਨਹੀਂ, ਦੁਨੀਆਂ ਦੀਆਂ ਸਾਰੀਆਂ ਸੰਸਕ੍ਰਿਤੀਆਂ 'ਚ ਇਵੇਂ ਹੋਇਆ ਏ। ਇਸਤ੍ਰੀ ਮਰਦ ਨਾਲੋਂ ਸਰੀਰ 'ਚ ਕਮਜ਼ੋਰ ਰਹੀ ਏ, ਕਮਜ਼ੋਰ ਹੀ ਰਵੇਗੀ। ਪਰ ਇਹਦਾ ਮਤਲਬ ਇਹ ਨਹੀਂ ਕਿ ਉਹ ਹਰੇਕ ਔਰਤ ਮਰਦ ਦੇ ਥੱਲੇ ਲੱਗ ਕੇ ਹੀ ਰਹੇ। ਏਸੇ ਲਈ ਮੇਰੀਆਂ ਕਹਾਣੀਆਂ ਦੇ ਇਸਤ੍ਰੀ ਪਾਤਰ ਮਰਦ ਦੇ ਦਾਬੇ ਦਾ ਵਿਰੋਧ ਕਰਦੇ ਨੇ। ਵਿਦਰੋਹੀ ਹੁੰਦੇ ਨੇ।

ਤੇਰੀ ਇਹ ਗੱਲ ਗਲਤ ਏ ਕਿ ਮੇਰੀਆਂ ਕਹਾਣੀਆਂ 'ਚ ਉਹਨਾਂ ਔਰਤਾਂ ਸਾਹਮਣੇ ਮਰਦ ਬੌਣਾ ਹੁੰਦਾ ਏ। ਇਹ ਤਾਂ ਹਰੇਕ ਪਾਤਰ ਦੀ ਆਪਣੀ-ਆਪਣੀ ਸਮਰੱਥਾ ਹੁੰਦੀ ਏ। ਇਹ ਬੌਣਾ ਸ਼ਬਦ ਮੈਨੂੰ ਫਜ਼ੂਲ ਲੱਗਦਾ ਏ। ਕਮਜ਼ੋਰ ਹੋ ਸਕਦਾ ਏ। ......ਆਦਮੀ ਅਸਹਾਇ ਉਵੇਂ ਹੁੰਦਾ ਏ, ਜਿਵੇਂ ਇਸਤ੍ਰੀ ਹੁੰਦੀ ਏ। ਕਹਾਣੀ ਦਾ ਆਪਣਾ ਆਪਣਾ ਕਥਾਨਕ ਹੁੰਦਾ ਏ। ਕਿਸੇ 'ਚ ਨਰ ਜਾਂ ਨਾਰੀ ਦਾ ਰੂਪ ਕੋਈ ਹੁੰਦਾ ਏ ਤੇ ਕਿਸੇ 'ਚ ਕੋਈ।

**ਜਿੰਦਰ:-** ਇਹ ਦੇਖਿਆ ਗਿਆ ਹੈ ਕਿ ਮਨੱਖ ਜਦੋਂ ਦਾ ਸੱਭਿਅਕ ਹੋਇਆ ਹੈ –ਉਸਨੇ ਕੁਝ ਸਮਾਜਿਕ ਢੰਗ ਤਰੀਕੇ ਉਲੀਕੇ ਹਨ। ਰਿਗਵੇਦ 'ਚ ਸਿਰਫ ਯਮ ਤੇ ਯਮੀ ਦਾ ਕਿੱਸਾ ਆਉਦਾ ਹੈ। ਉਹ ਦੋਵੇਂ ਭੈਣ ਭਰਾ ਸਨ। ਰੋਮ ਦੇ ਮਿਥਿਹਾਸ 'ਚ ਸੋਫੋਕਲੀਜ਼ ਦਾ ਡਰਾਮਾ 'ਈਡੀਪਸ' ਹੈ। ਈਡੀਪਸ ਦੇਵਤਿਆਂ ਦੇ ਸਰਾਪ ਵੱਸ ਅਗਿਆਨਤਾ 'ਚ ਆਪਣੀ ਮਾਂ ਨਾਲ ਵਿਆਹ ਕਰਵਾਉਂਦਾ ਹੈ ਤੇ ਬੱਚੇ ਪੈਦਾ ਹੋਣ ਉਪਰੰਤ ਆਖਰ 'ਚ ਅੰਨਾ ਹੋ ਜਾਂਦਾ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਯੌਨ ਸੰਬੰਧਾਂ ਦੀਆਂ ਵੀ ਬੰਦਸ਼ਾਂ ਉਲੀਕੀਆਂ ਹੋਈਆਂ ਹਨ। ਨੈਤਿਕ ਕਦਰਾਂ ਕੀਮਤਾਂ ਰੱਖੀਆਂ ਹਨ। ਤੁਹਾਡੀਆਂ ਕਈ ਇੱਕ ਕਹਾਣੀਆਂ –ਜੇ ਨਾਂ ਲੈਣ ਹੋਣ ਤਾਂ ਮੁਕਤੀ, ਬਾਪੂ, ਗੜੀ, ਸ਼ੋਲਡਰ ਬੈਗ, ਬਿੱਲੀਆਂ, ਰੀਹਸਲ ਅਦਿ 'ਚ ਇਹ ਮਨੌਤਾਂ ਟੁੱਟੀਆਂ ਹਨ। 'ਬਿੱਲੀਆਂ' 'ਚ ਇਹ ਸਭ ਕੁਝ ਆਪਣੀ ਹਾਈਟ 'ਤੇ ਜਾ ਪਹੁੰਚਿਆ ਹੈ। ਪਿਉ ਪੁੱਤ–ਨੌਂਹ ਨਾਲ ਸੈਕਸ ਕਰਦਾ ਹੈ। ਕੀ ਅਜਿਹਾ ਕੁਝ ਤੁਹਾਡੇ ਅਚੇਤ ਮਨ 'ਚ ਪਹਿਲਾਂ ਤੋਂ ਪਿਆ ਸੀ?

**ਪ੍ਰੇਮ ਪ੍ਰਕਾਸ਼:-** ਜਦ ਸਮਾਜ ਦਾ ਸੰਗਠਨ ਹੁੰਦਾ ਏ ਤਾਂ ਬਹੁਤ ਸਾਰੀਆਂ ਵਰਜਣਾਂ ਬਣਾਈਆਂ ਜਾਂਦੀਆਂ ਨੇ। ਉਹਨਾਂ ਦੀ ਜੜ 'ਚ ਹੀ ਉਲੰਘਣਾ ਹੁੰਦੀ ਏ। ਉਲੰਘਣਾ ਕਰਨ ਵਾਲਿਆਂ ਨੂੰ ਦੰਡ ਮਿਲਦਾ ਏ। ਫੇਰ ਵਰਜਣਾਂ ਦੀਆਂ ਸੀਮਾਵਾਂ ਬਦਲਦੀਆਂ ਰਹਿੰਦੀਆਂ ਨੇ। ਇਹ ਸਿਲਸਿਲਾ ਅਨਾਦੀ ਕਾਲ ਤੋਂ ਤੁਰਿਆ ਹੋਇਆ ਏ। ਇਵੇਂ ਤੁਰਦਾ ਰਹਿਣਾ ਏ। ਇਹ ਮਨੁੱਖ ਦੀ ਫਿਤਰਤ ਏ। ਮਹਾਂਭਾਰਤ ਅਜਿਹੇ ਪ੍ਰਸੰਗਾਂ ਨਾਲ ਭਰਿਆ ਪਿਆ ਗ੍ਰੰਥ ਏ। ਜਿਨਾਂ ਨੇ ਸਾਡਾ ਪੁਰਾਣਾ ਸਾਹਿਤ ਪੜ੍ਹ ਕੇ ਵਿਚਾਰਿਆ ਨਹੀਂ, ਉਹਨਾਂ ਲਈ ਅਜਿਹੇ ਸੰਕਟ ਪੈਦਾ ਹੁੰਦੇ ਨੇ ਕਿ ਇਹ ਕੀ ਲਿਖਿਆ ਜਾਣ ਲੱਗ ਪਿਆ ਏ। ਸਮਾਜ 'ਚ ਤਾਂ ਹੋਰ ਬੜਾ ਕੁੱਝ ਹੁੰਦਾ

ਏ। ਇਥੇ ਸਵਾਲ ਸਿਰਫ ਇਹ ਬਣ ਜਾਂਦਾ ਏ ਕਿ ਅਸੀਂ ਕੀ ਲਿਖਣਾ ਏ? ਮੇਰੀਆਂ ਕਹਾਣੀਆਂ 'ਚ ਕੇਵਲ ਯੌਨ ਸੰਬੰਧ ਹੀ ਨਹੀਂ, ਇਸਤ੍ਰੀ ਪੁਰਸ਼ ਆਪਣੇ ਪੂਰੇ ਸਮਾਜੀ ਹਾਲਾਤ ਨਾਲ ਤੇ ਸੰਸਕ੍ਰਿਤੀ ਦੇ ਘੇਰੇ 'ਚ ਆਪਣੇ ਅੰਤਰਮਨ ਦੇ ਸੰਪੂਰਨ ਵਿਵਧਾਨ ਨਾਲ ਪੇਸ਼ ਹੁੰਦੇ ਨੇ। –ਪਰ ਜ਼ਰੂਰੀ ਨਹੀਂ ਕਿ ਹਰੇਕ ਉਹਨਾਂ ਗੱਲਾਂ ਨੂੰ ਜਾਣ ਸਕੇ। ਮਾੜੇ ਜਾਂ ਮੋਟੀ ਬੁੱਧੀ ਦੇ ਪਾਠਕ ਤਾਂ ਸਿਰਫ ਚਟਖਾਰੇ ਲੈਣ ਨੂੰ ਪੜਦੇ ਨੇ। ਜਿਹੜੀ ਗੱਲ ਤੂੰ ਯਮ ਯਮੀ ਜਾਂ ਭੈਣ ਭਰਾ ਦੇ ਰਿਸ਼ਤੇ ਦੀ ਕੀਤੀ ਏ, ਉਹਦੇ ਬਾਰੇ ਇਹ ਸਮਝ ਕਿ ਇਹ ਰਿਸ਼ਤੇ ਹਰੇਕ ਸਮਾਜ ਨੇ ਆਪਣੀਆਂ ਲੋੜਾਂ ਤੇ ਗਿਆਨ ਅਨੁਸਾਰ ਬਣਾਏ। ਭਾਰਤੀ ਸਮਾਜ 'ਚ ਇਹਦੇ ਕਈ ਰੂਪ ਮਿਲਦੇ ਨੇ। ਅਸੀਂ ਹੁਣ ਮਾਸੀ ਜਾਂ ਮਾਮੇ ਦੀ ਧੀ ਨੂੰ ਭੈਣ ਮੰਨਦੇ ਹਾਂ। ਪਰ ਪੱਛਮੀ ਪੰਜਾਬ ਤੋਂ ਆਏ ਅਰੋੜੇ ਉਹਨਾਂ ਨਾਲ ਵਿਆਹ ਕਰ ਸਕਦੇ ਨੇ। ਉਵੇਂ ਜਿਵੇਂ ਮਹਾਂਭਾਰਤ 'ਚ ਕ੍ਰਿਸ਼ਨ ਆਪਣੀ ਭੈਣ ਸੁੱਭਦਰਾ ਨੂੰ ਆਪਣੀ ਭੂਆ ਦੇ ਪੁੱਤ ਅਰਜਨ ਨਾਲ ਭਜਾ ਦੇਂਦਾ ਏ। ਕੁੰਤੀ ਦੇ ਪੁੱਤ ਵੱਖ–ਵੱਖ ਪਤੀਆਂ ਤੋਂ ਹੋਏ ਤੇ ਦਰੋਪਦੀ ਦੇ ਪੰਜ ਪਤੀ ਹੋਣੇ ਅੱਜ ਸਾਨੂੰ ਠੀਕ ਨਹੀਂ ਲੱਗਦੇ, ਪਰ ਉਸ ਸਮਾਜ ਨੂੰ ਠੀਕ ਲੱਗਦੇ ਸਨ। ਇਹ ਨੈਤਿਕਤਾ ਤਾਂ ਬਦਲਦੀ ਹੀ ਰਹਿੰਦੀ ਏ।

**ਜਿੰਦਰ**:- ਤੁਹਾਡੀ ਕਹਾਣੀ 'ਬੰਗਲਾ' 'ਚ ਜੱਟ ਜਮਾ ਖਤਰਾਣੀ; 'ਘਰ' 'ਚ ਜੱਟ ਜਮਾ ਬ੍ਰਾਹਮਣੀ ਅਤੇ 'ਗੋਈ' 'ਚ ਜੱਟ ਜਮਾ ਅਰੋੜੀ ਦਾ ਅੰਤਰ ਜਾਤੀ ਵਿਆਹ ਹੋਇਆ ਹੈ। ਪਰ ਉਨਾਂ 'ਚ ਕਿਤੇ ਨਾ ਕਿਤੇ ਦੂਰੀਆਂ ਹਨ, ਉਦਾਸੀਨਤਾ ਹੈ। ਇਉਂ ਹੀ ਕਹਾਣੀ 'ਅਨਸ਼ਠਾਨ' 'ਚ ਵੀ ਅੰਤਰ–ਜਾਤੀ ਸੰਬੰਧ ਵੀ ਹਨ ਅਤੇ ਵਖਰੇਵਾਂ ਵੀ। ਇਨ੍ਹਾਂ ਦਾ ਅਧਾਰ ਕੀ ਹੈ?

**ਪ੍ਰੇਮ ਪ੍ਰਕਾਸ਼**:- ਇਹ ਤਾਂ ਜਾਤਾਂ, ਉਪਜਾਤਾਂ ਦੇ ਸੱਭਿਆਚਾਰ ਤੇ ਉਪ ਸੱਭਿਆਚਾਰ ਦੇ ਟਕਰਾਓ ਦੀਆਂ ਕਹਾਣੀਆਂ ਨੇ। ਪ੍ਰਗਤੀਵਾਦੀਆਂ ਨੇ ਅਜਿਹੀਆਂ ਗੱਲਾਂ ਸੋਚਣ ਤੋਂ ਵਰਜਿਆ ਹੋਇਆ ਸੀ। ਮੈਂ ਰੋਕ ਮੰਨਦਾ ਨਹੀਂ ਸੀ। ਏਸੇ ਸੋਚ ਨੇ ਇਹ ਕਹਾਣੀਆਂ ਲਿਖਵਾਈਆਂ। ਇਹ ਅੰਤਰ ਜਾਤੀ ਸੰਬੰਧ ਜਾਂ ਰਿਸ਼ਤੇ ਕੋਈ ਨਵੀਂ ਗੱਲ ਨਹੀਂ। ਮਹਾਂਭਾਰਤ 'ਚ ਵੀ ਅਜਿਹੇ ਪ੍ਰਸੰਗ ਆਉਂਦੇ ਨੇ। –ਪੰਜਾਬੀ ਸਾਹਿਤ 'ਚ ਜੱਟ ਤੇ ਸੀਰੀ ਵਿਚਕਾਰ ਆਰਥਿਕ ਰਿਸ਼ਤਿਆਂ ਦੀਆਂ ਗੱਲਾਂ ਹੋਈਆਂ ਪਰ ਸਮਾਜੀ ਪੱਧਰ ਦੀਆਂ ਉਲਝਣਾਂ ਬਾਰੇ

ਨਹੀਂ ਲਿਖਿਆ ਗਿਆ। ਸਾਡੇ ਸਮਾਜ 'ਚ ਜਾਤੀ ਉਪਜਾਤੀ ਗੋਰਖਧੰਦਾ ਬੜਾ ਗੁੰਝਲਦਾਰ ਏ। ਇਹਦਾ ਪ੍ਰਭਾਵ ਮੇਰੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ 'ਚ ਵੀ ਲੱਭਦਾ ਏ।

ਮੈਂ ਜ਼ਿੰਦਗੀ ਨੂੰ 'ਸਿਰਫ ਆਰਥਿਕਤਾ' 'ਚੋਂ ਕੱਢ ਕੇ ਸਾਂਸਕ੍ਰਿਤਕ ਧਰਾਤਲ ਤੇ ਲਿਆ ਕੇ ਦੇਖਿਆ ਤੇ ਸਮਝਿਆ ਏ। ਮੇਰੀਆਂ ਕਹਾਣੀਆਂ ਸਮਝਣ ਲਈ ਉਸ ਸੱਭਿਆਚਾਰ ਨੂੰ ਸਮਝਣਾ ਜ਼ਰੂਰੀ ਏ।

**ਜਿੰਦਰ:**- ਤੁਸੀਂ ਮੰਨਦੇ ਹੋ ਕਿ ਤੁਹਾਡਾ ਵਿਰਸਾ ਕੇਵਲ ਉਰਦੂ ਸਾਹਿਤ ਹੈ, ਪਰ ਕਹਾਣੀਕਾਰ ਦੇ ਤੌਰ 'ਤੇ ਤੁਸੀਂ ਪੰਜਾਬੀ 'ਚ ਸਥਾਪਤ ਹੋ ਗਏ ਹੋ –ਕੀ ਤੁਹਾਡਾ ਪੰਜਾਬੀ ਭਾਸ਼ਾ ਨਾਲ ਕੋਈ ਮੋਹ ਸੀ?

**ਪ੍ਰੇਮ ਪ੍ਰਕਾਸ਼:**-ਵਿਰਸਾ ਤਾਂ ਬਹੁਤ ਵਿਸ਼ਾਲ ਹੁੰਦਾ ਏ। ਉਹਦੇ ਵਿੱਚ ਲੋਕ ਕਹਾਣੀਆਂ, ਧਾਰਮਕ ਕਥਾਵਾਂ–ਸਾਰੀਆਂ ਭਾਸ਼ਾਵਾਂ ਦਾ ਸਾਹਿਤ ਸ਼ਾਮਲ ਹੁੰਦਾ ਹੁੰਦਾ ਏ। ਇਹ ਗੱਲ ਮੈਂ ਕਿਸੇ ਹੋਰ ਸਵਾਲ ਦੇ ਜਵਾਬ 'ਚ ਵੀ ਲਿਖੀ ਏ। - ਮੈਂ ਉਰਦੂ 'ਚ ਲਿਖਣਾ ਚਾਹੁੰਦਾ ਸੀ। ਜੇ ਦੇਸ਼ ਦੀ ਵੰਡ ਨਾ ਹੁੰਦੀ ਤਾਂ ਮੈਂ ਸ਼ਾਇਦ ਉਰਦੂ 'ਚ ਹੀ ਲਿਖਦਾ। ਪਰ ਜਦ ਮੈਂ ਲਿਖਣ ਲੱਗਿਆ ਤਾਂ ਪ੍ਰਗਤੀਸ਼ੀਲ ਸਾਹਿਤ ਲਹਿਰ ਨੇ ਮਾਤ ਭਾਸ਼ਾ ਦਾ ਪਿਆਰ ਜਗਾਇਆ। ਮੈਨੂੰ ਵੀ ਲੱਗਿਆ ਕਿ ਆਪਣੀ ਭਾਸ਼ਾ 'ਚ ਹੀ ਹਰ ਕਿਸਮ ਦੀ ਗੱਲ ਠੀਕ ਤਰ੍ਹਾਂ ਕਹੀ ਜਾ ਸਕਦੀ ਏ। ਫੇਰ ਪੰਜਾਬੀ ਭਾਸ਼ਾ ਦੀ ਜ਼ਬਰਦਸਤ ਸ਼ਕਤੀ ਦਾ ਪਤਾ ਲੱਗਿਆ। ਪੰਜਾਬੀ ਨਾਲ ਮੋਹ ਉਦੋਂ ਢੈਲਾ ਵੀ ਹੋਇਆ, ਜਦ ਅਹਿਸਾਸ ਹੋਇਆ ਕਿ ਏਨੀ ਉਮਰ ਤਕ ਕਹਾਣੀਆਂ ਲਿਖ ਕੇ ਵੀ ਏਸ ਤੋਂ ਮੈਨੂੰ ਚਾਹ ਨਹੀਂ ਮਿਲਣ ਲੱਗੀ। ਫੇਰ ਇਹ ਦੁੱਖ ਘਟ ਗਿਆ। ਹੁਣ ਨਾਸ਼ਤਾ ਮਿਲ ਜਾਂਦਾ ਏ।

**ਜਿੰਦਰ:**-ਕਿਹਾ ਜਾਂਦਾ ਹੈ ਕਿ ਲੇਖਕ ਦਾ ਅਕਸ ਉਹਦੀਆਂ ਲਿਖਤਾ 'ਚੋਂ ਉਭਰਦਾ ਹੈ। ਜੇ ਲੇਖਕ ਨੂੰ ਜਾਣਨਾ ਹੋਵੇ ਤਾਂ ਉਹਦੇ ਸਮੁੱਚੇ ਸਾਹਿਤ ਨੂੰ ਪੜ੍ਹਨਾ ਚਾਹੀਦਾ ਹੈ। ਮੈਂ ਤੁਹਾਡਾ ਅਕਸ ਕਈ ਇੱਕ ਕਹਾਣੀਆਂ 'ਚੋਂ ਲੱਭਣ ਦੀ ਕੋਸ਼ਿਸ਼ ਕੀਤੀ। ਬਾਪੂ, ਮੋਹੜੀ, ਗੜੀ, ਗੋਈ, ਲੱਛਮੀ ਆਦਿ ਕਹਾਣੀਆਂ 'ਚੋਂ ਤੁਹਾਡੇ ਬਾਰੇ ਆਂਸ਼ਿਕ ਰੂਪ 'ਚ ਇਸ਼ਾਰੇ ਮਿਲਦੇ ਹਨ–ਪਰ

ਭਰਵੇਂ ਰੂਪ 'ਚ ਕੁਝ ਹੱਥ ਨਹੀਂ ਆਉਂਦਾ। ਫੇਰ ਕੀ ਕਾਰਨ ਹਨ ਕਿ ਤੁਹਾਡਾ ਆਪਣਾ ਅਕਸ ਨਹੀਂ ਮਿਲ ਰਿਹਾ?

**ਪ੍ਰੇਮ ਪ੍ਰਕਾਸ਼:-** ਏਸ ਕੰਮ ਲਈ ਤਾਂ ਬਹੁਤ ਵੱਡੇ ਗਿਆਨ, ਅਨੁਭਵ ਤੇ ਵਰਿਆਂ ਦੀ ਸਾਧਨਾ ਦੀ ਲੋੜ ਏ। –ਪਰ ਫੇਰ ਵੀ ਜ਼ਰੂਰੀ ਨਹੀਂ ਕਿ ਲੱਭ ਪਵੇ। ਨਾਲੇ ਜੇ ਦਸ ਜਣੇ ਲੱਭਣ ਲੱਗਣ ਤਾਂ ਸਾਰੇ ਜਣੇ ਦਸ ਅਕਸ ਚੁੱਕੀ ਫਿਰਨਗੇ। ਤੂੰ ਤਾਂ ਕਹਾਣੀਆਂ 'ਚੋਂ ਲੱਭਦਾ ਫਿਰਦਾ ਏਂ, ਜੀਹਦੇ ਵਿੱਚ ਪਤਾ ਨਹੀਂ ਕਿੰਨੇ ਹੀ ਪਾਤਰ ਘੁਲੇ ਮਿਲੇ ਹੋਏ ਪਏ ਹੁੰਦੇ ਨੇ, ਕਿਸੇ ਦਾ ਅਕਸ ਤਾਂ ਉਹ ਵੀ ਨਹੀਂ ਲੱਭ ਸਕਦੇ ਜਿਹੜੇ ਅੱਧੀ ਸਦੀ ਨਾਲ ਨਾਲ ਰਹੇ ਹੋਣ। ਮੇਰਾ ਇੱਕ ਦੋਸਤ ਕਹਿੰਦਾ ਏ—''ਮੈਂ ਤੈਨੂੰ ਸਭ ਸਮਝਦੈਂ, ਤੀਹ ਸਾਲਾਂ ਤੋਂ ਤੇਰੇ ਨਾਲ ਹਾਂ।''—ਇਹਦੇ ਜਵਾਬ 'ਚ ਮੈਂ ਕਹਿੰਦਾ ਹੁੰਦਾ—''ਮੈਂ ਤਾਂ ਤੈਨੂੰ ਅੱਧਾ ਵੀ ਨਹੀਂ ਜਾਣ ਸਕਿਆ ਤੀਹ ਸਾਲਾਂ 'ਚ।''– ਬੰਦਾ ਤਾਂ ਸਾਰੀ ਉਮਰ ਆਪਣੇ ਆਪ ਨੂੰ ਵੀ ਨਹੀਂ ਸਮਝ ਸਕਦਾ।

ਜਦ ਬੰਦਾ ਤੀਹ ਸਾਲ ਕਿਸੇ ਦੇ ਨਾਲ ਰਹਿੰਦਾ ਏ ਤਾਂ ਉਹਨੂੰ ਪਤਾ ਹੀ ਨਹੀਂ ਲੱਗਦਾ ਕਿ ਬੰਦਾ ਦਿਨੋ ਦਿਨ ਕਿਵੇਂ ਬਦਲਦਾ ਗਿਆ ਹੁੰਦਾ ਏ। ਦੋਵੇਂ ਬਦਲਦੇ ਇੱਕ ਦੂਜੇ ਨੂੰ ਜਾਣਦੇ ਅਣਜਾਣ ਵੀ ਬਣਦੇ ਰਹਿੰਦੇ ਨੇ। —ਇਹ ਵੇ ਬੰਦੇ ਦੀ ਦਾਸਤਾਂ। ਤੂੰ ਸਾਹਿਤ 'ਚੋਂ ਮੇਰਾ ਅਕਸ ਲਭਦੈਂ –ਜਿਥੇ ਹਜ਼ਾਰਾਂ ਮਿਲਾਵਟਾਂ ਨਾਲ ਨਿੱਕਾ ਜਿਹਾ ਪਾਤਰ ਉੱਸਰਦਾ ਏ।

**ਜਿੰਦਰ**:-ਇੱਕ ਵਾਰ ਕਿਸੇ ਨੇ ਭੀਸ਼ਮ ਸਾਹਨੀ ਤੋਂ ਪੁੱਛਿਆ ਸੀ ਕਿ ਸੌ ਸਾਲ ਬਾਅਦ ਕਿਹੜਾ ਸਾਹਿਤ ਬਚੇਗਾ ਤਾਂ ਉਨਾਂ ਕਿਹਾ ਸੀ ਕਿ ਬਹੁਤਾ ਸਾਹਿਤ ਸਿਰਫ ਲਾਇਬਰੇਰੀਆਂ ਦਾ ਸ਼ਿੰਗਾਰ ਬਣੇਗਾ। ਕੁੱਝ ਚਿਰ ਪਿੱਛੋਂ ਇਨਾਂ ਨੂੰ ਕੀੜੇ ਖਾ ਜਾਣਗੇ। ਇਹ ਜਲਦੀ ਹੀ ਮਿੱਟੀ ਹੋ ਜਾਵੇਗਾ। ਕੁਝ ਕਿਤਾਬਾਂ ਪਹਿਲਾਂ ਯੂਨੀਵਰਸਿਟੀਆਂ ਦੇ ਕੋਰਸਾਂ 'ਚ ਲੱਗਣਗੀਆਂ। ਉਨਾਂ ਤੇ ਢੇਰ ਸਾਰਾ ਕੰਮ ਹੋਵੇਗਾ ਤੇ ਇਹ ਸਾਰਾ ਕੁਝ ਕਈ ਲੇਖਕਾਂ ਦੇ ਸਾਹਮਣੇ ਹੀ ਢਹਿ ਢੇਰੀ ਹੋ ਜਾਵੇਗਾ ਕਿਉਂਕਿ ਇਸ 'ਚ ਲੇਖਕ ਦੇ ਆਪਣੇ ਯਤਨ ਸ਼ਾਮਲ ਹੁੰਦੇ ਹਨ। ਸਿਰਫ ਇੱਕ ਅੱਧ ਕਿਤਾਬ ਜਾਂ ਦੋ ਚਾਰ ਕਹਾਣੀਆਂ ਹੀ ਬਚਣਗੀਆਂ, ਜਿਹੜੀਆਂ ਕਿ ਅਗਲੀ ਸਦੀ 'ਚ ਜਾਣਗੀਆਂ। ਇਹ ਸਰਵੋਤਮ ਸਾਹਿਤ ਹੋਵੇਗਾ। ਮੈਂ ਇਸੇ ਸੰਦਰਭ 'ਚੋ ਤੁਹਾਡੇ ਤੋਂ ਸਵਾਲ

ਪੁੱਛ ਰਿਹਾਂ। ਜੁਆਬ ਈਮਾਨਦਾਰੀ ਨਾਲ ਦੇਣਾ। ਪੰਜਾਬੀ ਦੀ ਕਿਹੜੀ ਅਜਿਹੀ ਕਹਾਣੀ ਹੈ ਜਿਹੜੀ 2050 'ਚ ਯਾਦ ਰੱਖੀ ਜਾਵੇਗੀ ?

**ਪ੍ਰੇਮ ਪ੍ਰਕਾਸ਼:**-ਭੀਸ਼ਮ ਸਾਹਨੀ ਦੀ ਅੱਧੀ ਗੱਲ ਠੀਕ ਏ। ਅਗਲੀ ਸਦੀ ਤਕ ਜਾਂਦਿਆਂ ਬੜਾ ਕੁਝ ਨਸ਼ਟ ਹੋ ਜਾਣਾ ਏ। ਪਰ ਅਗਲੀ ਸਦੀ (21ਵੀ) 'ਚ ਉਹ ਸਭ ਕੁਝ ਜਾਵੇਗਾ ਜਿਹੜਾ ਪਿਛਲੀਆਂ ਸਦੀਆਂ 'ਚ ਰਚਿਆ ਜਾਂਦਾ ਰਿਹਾ ਏ। ਬਹੁਤਾ ਸਾਰਾ ਸਾਹਿਤ ਗੋਹਲੇ ਬਨਾਉਣ ਦੇ ਕੰਮ ਆਵੇਗਾ, ਪਰ ਨਵੀਂ ਸਦੀ 'ਚ ਵੀ ਅਜਿਹਾ ਸਾਹਿਤ ਰਚਿਆ ਜਾਂਦਾ ਰਵੇਗਾ ਜਿਹੜਾ ਅੱਗੇ ਜਾ ਕੇ ਨਸ਼ਟ ਹੋ ਜਾਵੇਗਾ। ਇਹ ਸਿਲਸਿਲਾ ਜਾਰੀ ਰਹਿੰਦਾ ਏ। –ਪੁਰਾਣੇ ਸੰਸਕ੍ਰਿਤ ਸਾਹਿਤ ਵਿੱਚੋਂ ਸਾਡੇ ਕੋਲ ਦੋ ਮਹਾਂ ਕਾਵਿ, ਬਹੁਤ ਸਾਰੇ ਨਾਟਕ, ਪ੍ਰੇਮ-ਕਾਵਿ, ਕ੍ਰਿਸ਼ਣ-ਕਾਵਿ ਤੇ ਸ਼ਿੰਗਾਰ ਰਸ ਦਾ ਬੜਾ ਵੱਡਾ ਖਜ਼ਾਨਾ ਬਚਿਆ ਪਿਆ ਏ। ਏਸੇ ਤਰਾਂ ਹਿੰਦੀ ਤੇ ਪੰਜਾਬੀ ਸਾਹਿਤ ਦਾ ਵੀ ਕੁਝ ਨਾ ਕੁਝ ਬਚ ਜਾਵੇਗਾ। – ਉਹ ਕੀ ਹੋਵੇਗਾ? ਇਹਦੇ ਬਾਰੇ ਮੈਂ ਕੁਝ ਨਹੀਂ ਦੱਸ ਸਕਦਾ। ਕੇਵਲ ਏਨਾ ਕਹਿ ਸਕਦਾ ਹਾਂ ਕਿ ਜਿਹੜਾ ਸਾਹਿਤ ਸਾਡੀਆਂ ਮੂਲ ਪ੍ਰਵਿਰਤੀਆਂ ਦੀ ਸੰਤਸ਼ਟੀ ਕਰਦਾ ਰਵੇਗਾ, ਉਹਦੇ ਬਚਣ ਦੀ ਸੰਭਾਵਨਾ ਵੱਧ ਹੁੰਦੀ ਏ। –ਮੇਰਾ ਖਿਆਲ ਏ ਕਿ ਭੀਸ਼ਮ ਸਾਹਨੀ ਦਾ ਕੁਝ ਨਹੀਂ ਬਚੇਗਾ।

**ਜਿੰਦਰ**:- 'ਡੈੱਡ ਲਾਇਨ' ਕਹਾਣੀ ਕਿਵੇਂ ਲਿਖੀ ਗਈ?

**ਪ੍ਰੇਮ ਪ੍ਰਕਾਸ਼:**- ਇਹ ਕਹਾਣੀ 1979 'ਚ ਲਿਖੀ ਗਈ ਸੀ। ਗੱਲ ਬਹੁਤ ਪੁਰਾਣੀ ਹੋ ਗਈ ਏ। ਮੈਨੂੰ ਬਹੁਤਾ ਕੁਝ ਯਾਦ ਨਹੀਂ। ਮੇਰੇ ਕੋਲ ਇਸਤ੍ਰੀ ਲਈ ਤੀਬਰ ਇੱਛਿਆ ਦਾ ਅਨੁਭਵ ਬਹੁਤ ਭਾਰੂ ਸੀ, ਮੌਤ ਦਾ ਅਨੁਭਵ ਤੇ ਦਰਦ ਮੇਰੇ ਇੱਕ ਛੋਟੇ ਭਾਈ ਦੀ ਦੁਰਘਟਨਾ 'ਚੋਂ ਹੋਈ ਮੌਤ ਦਾ ਸਿੱਟਾ ਸੀ। ਉਹ ਗੁੜ ਬਣਨ ਦੇ ਨੇੜੇ ਆਈ ਪੱਤ ਦੇ ਕੜਾਹੇ 'ਚ ਡਿਗ ਕੇ ਸੜ ਗਿਆ ਸੀ। ਫੇਰ ਕਿੰਨੇ ਹੀ ਦਿਨਾਂ ਬਾਅਦ ਪਟਿਆਲੇ ਦੇ ਹਸਪਤਾਲ 'ਚ ਮਰ ਗਿਆ ਸੀ। ਮੇਰੀ ਜ਼ਿੰਦਗੀ ਦਾ ਇਹ ਪਹਿਲਾਂ ਵੱਡਾ ਸਦਮਾ ਸੀ, ਜਿਸ ਦਾ ਪ੍ਰਭਾਵ ਮੇਰੇ 'ਤੇ ਬੜਾ ਲੰਮਾ ਚਿਰ ਰਿਹਾ ਸੀ। ਘਟਨਾ ਦੀ ਬੁਨਿਆਦ ਮੈਨੂੰ ਆਪਣੇ ਦੋਸਤ ਓਮ ਪ੍ਰਕਾਸ਼ ਪਨਾਹਗੀਰ ਦੇ ਸਾਲੇ ਨੂੰ ਹੋਏ ਗਲੇ ਦੇ ਕੈਂਸਰ ਤੋਂ ਲੱਭੀ। ਉਹਦਾ ਇਲਾਜ ਲੰਮਾ ਚੱਲਿਆ

ਸੀ। ਏਸ ਸਮੇਂ 'ਚ ਉਹਦੇ ਵਿਹਾਰ 'ਚ ਜਿਹੜੀਆਂ ਤਬਦੀਲੀਆਂ ਆਉਂਦੀਆਂ, ਉਹ ਪਨਾਹਗੀਰ ਮੈਨੂੰ ਦੱਸਦਾ ਰਹਿੰਦਾ ਸੀ। ਮੈਂ ਆਪ ਵੀ ਉਹਦੀ ਖ਼ਬਰ ਲੈਣ ਜਾਂਦਾ ਹੁੰਦਾ ਸੀ। ਉਹਦੇ ਗੁਜ਼ਰਨ ਤੋਂ ਬਾਅਦ ਅਚਾਨਕ ਮੇਰੀ ਕਲਪਨਾ 'ਚ ਤਸਵੀਰਾਂ ਬਨਣ ਲੱਗ ਪਈਆਂ। ਉਹੀ ਤਸਵੀਰਾਂ ਜੁੜ ਕੇ ਇੱਕ ਰਾਤ ਪੂਰੀ ਤਸਵੀਰ ਬਣ ਗਈ। ਦਿਓਰ ਭਾਬੀ ਦੇ ਇਸ ਰਿਸ਼ਤੇ ਦੀਆਂ ਤਸਵੀਰਾਂ ਪਤਾ ਨਹੀਂ ਕਿਥੋਂ-ਕਿਥੋਂ ਬਣੀਆਂ। ਸੱਚ ਇਹ ਵੇ ਕਿ ਕਿਸੇ ਵੀ ਭਾਬੀ ਨਾਲ ਮੇਰਾ ਕੋਈ ਸਰੋਕਾਰ ਰਿਹਾ ਹੀ ਨਹੀਂ। ਮੈਂ ਆਪਣੀ ਭਾਬੀ ਨੂੰ ਕਦੇ ਕਪੜੇ ਤੋਂ ਵੀ ਨਹੀਂ ਛੂਹਿਆ। ਸਿਰਫ ਗੱਲਾਂ ਸੁਣੀਆਂ ਜਾਂ ਕਦੇ ਦੇਖੀਆਂ ਸਨ ਦੋਹਾਂ ਦੇ ਸੰਬੰਧਾਂ ਦੀਆਂ। ਸਾਡੇ ਮਹਾਜਨੀ ਉਪ ਸੱਭਿਆਚਾਰ'ਚ ਦਿਓਰ ਭਾਬੀ ਵਿਚਕਾਰ ਉਹ ਰਿਸ਼ਤਾ ਨਹੀਂ ਹੰਦਾ, ਜਿਹੜਾ ਜੱਟਾਂ ਜਾਂ ਹੋਰ ਜਾਤਾਂ 'ਚ ਹੁੰਦਾ ਏ। ਏਸੇ ਲਈ ਏਸ ਕਹਾਣੀ ਦੇ ਛਪਣ ਤੇ ਕਈਆਂ ਨੇ ਬੜੇ ਇਤਰਾਜ਼ ਕੀਤੇ ਸਨ।

**ਜਿੰਦਰ**:- ਤੁਸੀਂ ਲਿਖਦੇ ਹੋ,''ਲੇਖਕ ਕਹਿੰਦੇ ਹਨ ਕਿ ਉਹ ਜ਼ਿੰਦਗੀ ਨੂੰ ਬੇਨਕਾਬ ਕਰਦੇ ਹਨ, ਪਰ ਮੈਂ ਤਾਂ ਜ਼ਿੰਦਗੀ ਦਾ ਭੇਤ ਦੱਸਦਾ ਹਾਂ। ਕੁੱਝ ਦੱਸਣ ਦੀ ਰੀਝ ਨਾਲ ਲਿਖਦਾ ਹਾਂ। ਮੈਨੂੰ ਲੱਗਦਾ ਹੈ ਕਿ ਕਈ ਗੱਲਾਂ ਮੈਂ ਹੀ ਸਿਰਫ ਦੱਸ ਸਕਦਾ ਹਾਂ।'' ਕੀ ਸਾਹਿਤਕਾਰ ਦਾ ਇੰਨਾ ਕ ਰੋਲ ਹੁੰਦਾ ਹੈ? ਇੱਕ ਹੋਰ ਪ੍ਰਸ਼ਨ ਸਾਹਿਤ ਦੀ ਕੀ ਸਾਰਥਿਕਤਾ ਹੁੰਦੀ ਹੈ?

**ਪ੍ਰੇਮ ਪ੍ਰਕਾਸ਼**:- ਉਦੋਂ ਮੇਰਾ ਜਵਾਬ ਏਸ ਗੱਲ ਦੇ ਪ੍ਰਤੀਕਰਮ ਵਜੋਂ ਬਣਿਆ ਸੀ ਕਿ ਸਾਹਿਤ ਸਮਾਜ ਨੂੰ ਬੇਨਕਾਬ ਕਰਦਾ ਏ। ਇਹ ਅਖ਼ਬਾਰੀ ਸ਼ਬਦ ਏ, ਬੇਨਕਾਬ ਕਰਨਾ ਜਾਂ ਨੰਗਿਆਂ ਕਰਨਾ। ਬਹੁਤੇ ਲੇਖਕ ਅਜਿਹਾ ਹੀ ਸਾਹਿਤ ਰਚਦੇ ਨੇ। ਮੈਂ ਉਦੋਂ ਭੇਤ ਖੋਲਣ ਦੀ ਗੱਲ ਕੀਤੀ ਸੀ। ਫੇਰ ਭੇਤ ਲੱਭਣ ਦੀ। ਜਦੋਂ ਮੈਂ ਇਹ ਕਿਹਾ ਸੀ ਕਿ ਕਈ ਗੱਲਾਂ ਸਿਰਫ ਮੈਂ ਹੀ ਦੱਸ ਸਕਦਾ ਹਾਂ, ਉਦੋਂ ਸ਼ਾਇਦ ਮੈਂ ਜਾਤ, ਉਪਜਾਤ ਜਾਂ ਸੰਸਕ੍ਰਿਤੀ ਉਪ ਸੰਸਕ੍ਰਿਤੀ ਦੇ ਟਕਰਾਓ ਦੀਆਂ ਕਹਾਣੀਆਂ ਲਿਖ ਰਿਹਾ ਸੀ। ਉਦੋਂ ਹੋਰ ਕੋਈ ਅਜਿਹਾ ਨਹੀਂ ਸੀ ਕਰ ਰਿਹਾ।

ਮੈਂ ਸਾਰੇ ਸਾਹਿਤਕਾਰਾਂ ਦੇ ਰੋਲ ਦੀ ਗੱਲ ਨਹੀਂ ਦੱਸ ਸਕਦਾ। ਬਹੁਤੇ ਸਾਹਿਤਕਾਰਾਂ ਦੇ ਰੋਲ ਵੱਖ–ਵੱਖ ਹੋਣਗੇ। ਪਰ ਮੇਰੇ ਸਾਹਿਤ ਦਾ ਰੋਲ ਬਹੁਤ ਸੀਮਤ ਲੱਗਦਾ ਏ। ਮੇਰਾ ਮਨੋਰਥ ਤਾਂ ਜੀਵਨ ਦੇ ਸੱਚ ਦੇ ਭੇਤ ਲੱਭਣਾ ਤੇ ਸਮਝਣਾ ਹੀ ਏ।

ਇਹ ਕਿੰਨੀ ਮੋਟੀ ਗੱਲ ਏ ਕਿ ਸਾਰੇ ਸਾਹਿਤ ਨੂੰ ਇੱਕ ਇੱਕਾਈ ਮੰਨ ਲਿਆ ਜਾਂਦਾ ਏ। ਜਦ ਕਿ ਸਾਹਿਤ ਵੱਖ-ਵੱਖ ਮਨੋਰਥਾਂ ਲਈ ਲਿਖਿਆ ਜਾਂਦਾ ਏ। ਹਰੇਕ ਕਿਸਮ ਦਾ ਸਾਹਿਤ ਆਪਣਾ ਮਨੋਰਥ ਪੂਰਾ ਕਰਨ ਦੇ ਜਤਨ ਕਰਦਾ ਏ। ਤੈਨੂੰ ਪਤਾ ਏ ਕਿ ਸਾਹਿਤ ਤਾਂ ਨਫਰਤ ਵੀ ਫੈਲਾਓਦਾ ਏ। ਦੋ ਧਰਮਾਂ ਦੇ ਲੋਕਾਂ ਵਿੱਚਕਾਰ ਦੰਗੇ ਫਸਾਦ ਵੀ ਕਰਵਾਓਂਦਾ ਏ। ਦੂਜੇ ਦ੍ਰਿਸ਼ਟੀਕੋਣ ਦੇ ਲੋਕਾਂ ਨੂੰ ਕਤਲ ਕਰਨ ਲਈ ਵੀ ਉਕਸਾਓਂਦਾ ਏ। ਇੱਕ ਸਾਹਿਤ ਇੰਜ ਕਰਨ ਤੋਂ ਰੋਕਦਾ ਵੀ ਏ। ਵਰਜਦਾ ਵੀ ਏ। ਪਰ ਇਹ ਸਾਰਾ ਸਾਹਿਤ ਥੋੜੇ ਚਿਰ ਰਹਿਣ ਵਾਲਾ ਹੁੰਦਾ ਏ। ਕਿਉਂਕਿ ਇਹਦੇ 'ਚ ਸਦੀਵੀ ਕਦਰਾਂ ਨਹੀਂ ਹੁੰਦੀਆਂ।

**ਜਿੰਦਰ:**- ਤੁਹਾਡੀਆਂ ਮੁੱਢਲੀਆਂ ਕਹਾਣੀਆਂ 'ਚ ਮੌਤ ਦਾ ਵਾਰ–ਵਾਰ ਜ਼ਿਕਰ ਆਉਂਦਾ ਹੈ ਤੇ 'ਸ਼ਵੇਤਾਂਬਾਰ ਨੇ ਕਿਹਾ ਸੀ' ਦਾ ਪਾਤਰ ਵੀ ਕਹਿੰਦਾ ਹੈ:-ਹੁਣ ਮੈਨੂੰ ਮਾਰ ਦੇ। ਇਸ 'ਮੌਤ ' ਦੀ ਧਾਰਨਾ ਦਾ ਮੁੱਢ ਕਿਥੋਂ ਬੱਝਿਆ?

**ਪ੍ਰੇਮ ਪ੍ਰਕਾਸ਼**:- ਇਹਦੀ ਮੈਨੂੰ ਪੂਰੀ ਸਮਝ ਨਹੀਂ। ਮੇਰੀਆਂ ਪਹਿਲੀਆਂ ਕਹਾਣੀਆਂ 'ਕੱਚਕੜੇ –1966' ਦੇ ਪਾਤਰਾਂ ਦੀਆਂ ਸੋਚਾਂ 'ਚ ਗਰਮੀ, ਗੁੱਸਾ ਤੇ ਜੋਸ਼ ਏ। ਪਰ ਦੂਜੇ ਕਹਾਣੀ ਸੰਗ੍ਰਹਿ 'ਨਮਾਜ਼ੀ–1971' ਦੇ ਪਾਤਰ ਮੌਤ ਬਾਰੇ ਵੱਧ ਸੋਚਦੇ ਨੇ। ਉਹ ਬੁੱਢੇ ਵੀ ਨੇ। ਜੇ ਜਵਾਨ ਨੇ ਤਾਂ ਉਹਨਾਂ ਦੀ ਸੋਚ ਤੇ ਸੁਭਾਓ ਬੁੱਢਿਆਂ ਵਰਗਾ ਏ। ਇਥੋਂ ਤੱਕ ਕਿ ਜਿਹੜੀ ਕਹਾਣੀ ਨੌਜਵਾਨ ਮੁੰਡੇ ਤੇ ਕੁੜੀ ਦੇ ਮਿਲਾਪ ਦੀ ਏ ਉਹ ਬੁੱਢੇ ਦੀ ਨਜ਼ਰ ਤੋਂ ਦੇਖੀ ਗਈ ਏ ਜਾਂ ਜਵਾਨ ਦੀ ਸੋਚ ਦੀ ਟੋਰ ਸੁਸਤ ਤੇ ਢਿੱਲੜ ਜਿਹੀ ਏ। ਇਹਦਾ ਕਾਰਣ ਮੇਰੇ ਉਸ ਸਮੇਂ (1966 ਤੋਂ 1970 ਤੱਕ) ਦੇ ਨਿੱਜੀ ਹਾਲਾਤ ਵੀ ਹੋ ਸਕਦੇ ਨੇ। ਇੱਕ ਇਹ ਵੀ ਸੀ ਕਿ ਅਗਾਂਹ ਵਧੂ ਸੋਚ ਤਿਫਾੜ ਹੋ ਚੁੱਕੀ ਸੀ। ਸਾਰੇ ਦੇਸ਼ ਦੇ ਚਿੰਤਕਾਂ ਤੇ ਲੇਖਕਾਂ ਦੀ ਸੋਚ ਢਿੱਲੀ ਪੈ ਗਈ ਸੀ। ਸਾਹਿਤ ਵਿੱਚ ਪ੍ਰਯੋਗਵਾਦ, ਭੁੱਖੀ ਪੀੜ੍ਹੀ, ਅਕਵਿਤਾ, ਅਕਹਾਣੀ ਜਿਹੇ ਅੰਦੋਲਨ ਚੱਲ ਰਹੇ ਸਨ। ਪੁਰਾਣੇ ਸੁਫਨੇ ਟੁੱਟ ਰਹੇ ਸਨ 'ਤੇ ਨਵਾਂ ਸੁਫਨਾ ਹਾਲੇ ਕੋਈ ਬਣਿਆ ਨਹੀਂ ਸੀ – ਉਹ ਸਮਾਂ ਦੁਬਿਧਾ ਵਾਲੀ ਮਾਨਸਿਕਤਾ ਵਾਲਾ ਸੀ। ਉਸੇ ਮਾਨਸਿਕਤਾ ਦਾ ਪ੍ਰਭਾਵ ਮੇਰੇ 'ਤੇ ਵੀ ਰਿਹਾ ਹੋਵੇਗਾ। ਪਰ ਬਾਦ 'ਚ ਜਦ ਮੈਂ ਮੁਕਤੀ–ਰੰਗ ਦੀਆਂ ਕਹਾਣੀਆਂ ਲਿਖਣ ਲੱਗਿਆ ਤਾਂ ਮੌਤ ਦੀ ਉਹ ਸੋਚ ਮੇਰੇ ਨਾਲ ਰਹੀ। ਮਨ ਦੀ ਦੁਬਿਧਾ ਨੇ ਹੋਰ ਪੇਚੀਦਗੀਆਂ ਪੈਦਾ ਕਰ

ਦਿੱਤੀਆਂ। ਫੇਰ ਮੌਤ ਭਾਰਤੀ ਦਰਸ਼ਨ ਦੇ ਰੂਪ ਵਜੋਂ ਮੇਰੇ ਅੰਦਰ ਕੰਮ ਕਰਦੀ ਰਹੀ। ਉਸ ਦਰਸ਼ਨ ਅਨੁਸਾਰ ਮੌਤ ਮਨੱਖ ਦੀਆਂ ਸਾਰੀਆਂ ਸੋਚਾਂ ਦੀ ਜਨਨੀ ਹੈ। ਇਹ ਚੰਗੀ ਅਵਸਥਾ ਨਾ ਹੁੰਦੀ ਤਾਂ ਅਸੀਂ ਜ਼ਿੰਦਗੀ ਦੇ ਏਨੇ ਸੁਖਾਂ ਸਵਾਦਾਂ ਬਾਰੇ ਵੀ ਨਹੀਂ ਸੋਚਣਾ ਸੀ। ਭਾਰਤੀ ਦਰਸ਼ਨ 'ਚ ਮੌਤ ਜੀਵਨ ਦਾ ਅੰਤ ਨਹੀਂ, ਮੁੱਢ ਏ। ਉਥੋਂ ਨਵਾਂ ਜਨਮ ਸ਼ੁਰੂ ਹੁੰਦਾ ਏ।

**ਜਿੰਦਰ:-** ਕੁਝ ਲੇਖਕਾਂ/ਆਲੋਚਕਾਂ ਦਾ ਵਿਚਾਰ ਹੈ ਕਿ ਤੁਸੀਂ ਪ੍ਰੇਮ ਦੇ ਕਹਾਣੀਕਾਰ ਹੋ। ਕੁਝ ਤੁਹਾਨੂੰ ਇਸਤਰੀ ਪੁਰਖ ਦੇ ਡੂੰਘੇ  ਰਿਸ਼ਤਿਆਂ ਦਾ ਕਹਾਣੀਕਾਰ ਮੰਨਦੇ ਹਨ। ਪਰ ਮੇਰੇ ਵਿਚਾਰ 'ਚ ਅਸਲ ਵਿੱਚ ਤੁਹਾਡਾ ਪ੍ਰੇਮ ਦੇ ਰੋਗ ਦੇ ਕਹਾਣੀਕਾਰ ਵਜੋਂ ਠੀਕ ਮੁਲਾਂਕਣ ਹੋਇਆ ਹੈ। ਇਸ 'ਪ੍ਰੇਮ ਦੇ ਰੋਗ' ਦਾ ਬੀਜ ਤਹਾਨੂੰ ਕਿਥੋਂ ਮਿਲਿਆ?

**ਪ੍ਰੇਮ ਪ੍ਰਕਾਸ਼:-** ਇਹ ਗੱਲ ਮੈਂ ਕਈ ਵਾਰੀ ਦੱਸੀ ਏ ਕਿ ਮੈਂ ਪ੍ਰੇਮ ਕਹਾਣੀਆਂ ਨਹੀਂ ਲਿਖਦਾ। ਅਸਲ 'ਚ ਪ੍ਰੇਮ ਸ਼ਬਦ ਦੀ ਵਰਤੋਂ ਜਿਹੜੀ ਪਰੰਪਰਾਗਤ ਅਰਥਾਂ 'ਚ ਹੋਈ ਏ ਉਹਦੇ ਅਨੁਸਾਰ ਸਾਡੇ ਮਨ 'ਚ ਹੀਰ ਰਾਂਝਾਂ, ਲੈਲਾ ਮਜਨੂੰ, ਸੱਸੀ ਪੁਨੂੰ ਦੇ ਪਾਤਰ ਆਉਂਦੇ ਨੇ। ਜਿਹੜੇ ਪਿਆਰ 'ਚ ਅੰਨੇ ਹੋਏ ਬਾਰਾਂ ਵਰ੍ਹੇ ਖੂਹ ਗੇੜਦੇ ਜਾਂ ਮੱਝੀਆਂ ਚਾਰਦੇ ਨੇ। ਮੈਂ ਏਸ ਅਵਸਥਾ ਨੂੰ ਪਾਗਲਪਨ ਸਮਝਦਾ ਹਾਂ। ਸ਼ਬਦ ਮਜਨੂੰ 'ਜਨੂੰਨ' ਤੋਂ ਬਣਿਆ ਏ, ਜੀਹਦਾ ਅਰਥ 'ਪਾਗਲ' ਏ। ਇਹ ਕਥਾਵਾਂ ਭਾਵੁਕ ਤੇ ਮੋਟੀ ਬੁੱਧੀ ਵਾਲੇ ਬੰਦਿਆਂ ਦੇ ਮਨ ਪਰਚਾਵੇ ਲਈ ਲਿਖੀਆਂ ਗਈਆਂ ਹੋਣਗੀਆਂ....ਪਰ ਮੈਂ ਕਹਾਣੀਆਂ ਆਦਮੀ ਤੇ ਇਸਤਰੀ (ਭਾਵੇਂ ਜਵਾਨ ਹੋਣ ਤੇ ਭਾਵੇਂ ਬੁੱਢੇ) ਦੇ ਆਪਸੀ ਸੰਬੰਧਾਂ ਦੇ ਹਰ ਪਲ ਬਦਲਦੇ ਰੂਪਾਂ ਦੀਆਂ ਉਧੜਦੀਆਂ ਪਰਤਾਂ ਨੂੰ ਸਮਝਣ ਲਈ ਲਿਖੀਆਂ ਨੇ। ਮੇਰੇ ਪਾਤਰ ਬਹੁਤੀ ਵਾਰ ਅਸਧਾਰਣ ਲੱਗਦੇ ਨੇ। ਉਹਨਾਂ ਦੇ ਵਿਹਾਰ ਅਸਧਾਰਨ ਮਨੋਵਿਗਿਆਨ ਨੂੰ ਸਮਝ ਕੇ ਹੀ ਸਮਝੇ ਜਾ ਸਕਦੇ ਨੇ।... ਮੇਰਾ ਖਿਆਲ ਏ ਕਿ ਬਹੁਤੇ ਲੋਕ ਅਸਧਾਰਣ ਹੁੰਦੇ ਨੇ। ਜਦੋਂ ਉਹਨਾਂ ਦੀ ਅਸਧਾਰਣਤਾ ਵਿਗੜ ਜਾਂਦੀ ਏ ਤਾਂ ਉਹ ਮਨੋਰੋਗੀ ਬਣ ਜਾਂਦੇ ਨੇ। ਹਰ ਬੰਦੇ 'ਚ ਕੋਈ ਨਾ ਕੋਈ ਟੇਢ ਹੈ। ਉਹ ਟੇਢਾਂ ਮੈਨੂੰ ਸਮਝਣ ਲਈ ਦਿਲਚਪਸ ਲੱਗਦੀਆਂ ਨੇ। ਮੈਂ ਉਹਨਾਂ ਦੀਆਂ ਉਲਝਣਾਂ ਖੋਲਦਾ ਹਾਂ।

ਮੇਰੇ ਪਾਤਰਾਂ ਦੀਆਂ ਉਲਝਣਾ ਨੂੰ 'ਪ੍ਰੇਮ ਰੋਗ' ਕਹਿਣਾ ਠੀਕ ਨਹੀਂ, ਇਹ ਤਾਂ ਜੀਵਨ–ਰੋਗ ਏ। ਪਾਤਰ ਜਿਉਣ ਵਾਸਤੇ ਤਰ੍ਹਾਂ– ਤਰ੍ਹਾਂ ਦੇ ਖੇਖਣ, ਪਖੰਡ ਤੇ ਅਦਾਕਾਰੀ ਕਰਦੇ ਦਿੱਸਦੇ ਉਹ ਸਚਾਈਆਂ ਹੰਢਾਉਂਦੇ ਨੇ, ਜਿਹੜੀਆਂ ਸਧਾਰਨ ਬੁੱਧੀ ਵਾਲੇ ਪਾਠਕ ਜਾਂ ਆਲੋਚਕ ਦੀ ਪਕੜ 'ਚ ਨਹੀਂ ਆਉਂਦੀਆਂ। ਜੀਵਨ–ਰੋਗ ਦੇ ਬੀਜ ਕਿਸੇ ਵਿਸ਼ੇਸ਼ ਸਮੇਂ ਪੈਦਾ ਨਹੀਂ ਹੁੰਦੇ। ਉਹ ਤਾਂ ਜਨਮ ਤੋਂ ਹੀ ਉੱਗਣ ਲੱਗ ਪੈਂਦੇ ਨੇ। ਤੇ ਮਰਨ ਤਕ ਆਪਣੇ ਉੱਗਣ ਦਾ ਸਿਲਸਿਲਾ ਜਾਰੀ ਰੱਖਦੇ ਨੇ। ਜਿਉਣ ਦੀ ਲਾਲਸਾ 'ਚ ਜੇ ਕੋਈ ਇਸਤਰੀ ਦਾ ਸੰਗ ਸ਼ਿੱਦਤ ਨਾਲ ਚਾਹੁੰਦਾ ਏ ਤਾਂ ਕੋਈ ਹੋਰ ਕਰਸੀ ਪਿੱਛੇ, ਧਨ ਪਿੱਛੇ ਜਾਂ ਨਾਮਣਾ ਖੱਟਣ ਪਿੱਛੇ ਸ਼ੁਦਾਈ ਹੋ ਸਕਦਾ ਏ। ਕਿਸੇ ਲਈ ਵੀ ਪਿਆਰ ਦੇ ਬੀਜ਼ ਦੇ ਨਾਲ ਬੰਦੇ ਅੰਦਰ ਨਫਰਤ ਦਾ ਬੀਜ ਵੀ ਹੁੰਦਾ ਏ। ਬਦਲੇ ਦੀ ਭਾਵਨਾ ਵੀ ਹੁੰਦੀ ਏ। ਮੇਰੀਆਂ ਕਹਾਣੀਆਂ ਤੇ ਪਾਤਰਾਂ 'ਚ ਇਹਨਾਂ ਸਾਰੀਆਂ ਭਾਵਨਾਵਾਂ ਦੇ ਬੀਜ ਮੌਜੂਦ ਨੇ।

**ਜਿੰਦਰ**:-ਤੁਹਾਡਾ ਨਾਂ ਨਕਸਲਵਾੜੀ ਲਹਿਰ ਨਾਲ ਜੁੜਿਆ ਰਿਹਾ ਹੈ ਤੇ ਤੁਸੀਂ ਇਸ ਦੇ ਮਿੱਠੇ–ਖੱਟੇ ਅਨੁਭਵਾਂ ਨੂੰ 'ਦਸਤਾਵੇਜ਼' ਨਾਵਲ ਦੇ ਰੂਪ ਵਜੋਂ ਸਾਹਮਣੇ ਲਿਆਂਦਾ ਹੈ ਪਰ ਇਉਂ ਲੱਗਦਾ ਹੈ ਕਿ ਤੁਸੀਂ ਲਹਿਰ ਨਾਲ ਜੁੜੇ ਰਹਿੰਦਿਆਂ ਹੋਇਆ ਵੀ ਆਪਣੀਆਂ ਕਹਾਣੀਆਂ ਤੇ ਕੋਈ ਬੱਝਵਾਂ ਪ੍ਰਭਾਵ ਨਹੀਂ ਕਬੂਲਿਆ। ਆਖਿਰ ਅਜਿਹਾ ਕਿਓਂ?

**ਪ੍ਰੇਮ ਪ੍ਰਕਾਸ਼:**-1969 'ਚ ਪੰਜਾਬ 'ਚ ਨਕਸਲੀ ਲਹਿਰ ਦਾ ਜ਼ੋਰ ਦਿੱਸਣ ਲੱਗਾ ਸੀ। ਉਹਦਾ ਸਿੱਧਾ ਅਸਰ ਕਾਲਜਾਂ, ਸਕੂਲਾਂ ਦੇ ਅਧਿਆਪਕਾਂ, ਵਿਦਿਆਰਥੀਆਂ ਤੇ ਲੇਖਕਾਂ 'ਤੇ ਬਹੁਤਾ ਸੀ। ਏਸ ਲਹਿਰ ਦੀ ਅਗਵਾਈ ਕਮਿਊਨਿਸਟ ਪਾਰਟੀ ਦੇ ਕ੍ਰਾਂਤੀਕਾਰੀ ਰੋਲ ਤੋਂ ਨਿਰਾਸ਼ ਹੋਏ ਤੱਤੇ ਲਹੂ ਵਾਲੇ ਲੋਕ ਕਰ ਰਹੇ ਸਨ। ਉਹਨਾਂ ਦਿਨਾਂ 'ਚ ਸਾਹਿਤ ਦਾ ਹਾਲ ਇਹ ਸੀ ਕਿ ਸਾਹਿਤਕਾਰਾਂ ਦੇ ਜ਼ਿਹਨ ਉਲਝੇ ਪਏ ਸਨ। ਭਟਕੇ ਆਮ ਲੇਖਕ ਨਿਰਾਸ਼ਾ ਭਰੀ ਤੇ ਬਿਨਾਂ ਸੋਚੇ ਸਮਝੇ ਟੁੱਲੇ ਲਾ ਰਹੇ ਸਨ। ਪਰ ਬੰਗਾਲੀ 'ਚ ਨਵ–ਕ੍ਰਾਂਤੀਕਾਰੀ ਸਾਹਿਤ ਰਚਿਆ ਜਾ ਰਿਹਾ ਸੀ, ਜੀਹਦੇ ਵਿੱਚ ਸਾਹਿਤਕਾਰ ਕੇਵਲ ਕਲਮ ਚਲਾਉਣ ਵਾਲਾ ਹੀ ਨਹੀਂ, ਬਲਕਿ ਆਪ ਕ੍ਰਾਂਤੀਕਾਰੀ ਲਹਿਰ ਦਾ ਹਿੱਸਾ ਬਨਣ ਦਾ ਦਾਅਵਾ ਕਰਦਾ ਸੀ। ਇਹਨੇ ਸਾਡੀਆਂ ਭਾਵਨਾਵਾਂ ਨੂੰ ਵੀ ਗਰਮ ਕਰ ਦਿੱਤਾ ਸੀ। ਅਮਰਜੀਤ ਚੰਦਨ ਨੇ ਲੁਕਵਾਂ

ਪਰਚਾ 'ਦਸਤਾਵੇਜ਼' ਕੱਢ ਲਿਆ ਸੀ। ਸੁਰਜੀਤ ਹਾਂਸ ਇੰਗਲੈਂਡ ਸੀ। ਉਹਨੇ ਪੈਸੇ ਭੇਜੇ ਤੇ ਮੈਂ ਸਾਹਿਤ ਨੂੰ ਹਥਿਆਰ ਬਨਾਉਣ ਦਾ ਦਾਅਵਾ ਕਰ ਕੇ 'ਲਕੀਰ' ਕੱਢਿਆ। ਜੀਹਦੇ ਵਿੱਚ ਉਲ ਜਲੂਲ ਸਾਹਿਤ ਦੀ ਨਿੰਦਿਆ ਕੀਤੀ ਗਈ ਤੇ ਕ੍ਰਾਂਤੀਕਾਰੀ ਸਾਹਿਤ ਛਾਪਿਆ ਗਿਆ.....ਉਦੋਂ ਵੀ ਮੈਨੂੰ ਪਤਾ ਸੀ ਕਿ ਇਹ ਕ੍ਰਾਂਤੀਕਾਰੀ ਸਾਹਿਤ ਵੱਡਾ ਸਾਹਿਤ ਨਹੀਂ ਬਣ ਸਕੇਗਾ। ਪਰ ਕ੍ਰਾਂਤੀ ਲਈ ਸਾਹਿਤ ਤੇ ਹੋਰ ਕਿਸੇ ਵੀ ਕਲਾ ਤੇ ਨਿੱਜੀ ਅਜ਼ਾਦੀ ਦੀ ਕਰਬਾਨੀ ਦਿੱਤੀ ਜਾ ਸਕਦੀ ਏ। ਏਸੇ ਸੋਚ ਨਾਲ ਮੈਂ ਪਰਚਾ ਲਹਿਰ ਦੇ ਠੰਢੀ ਪੈਣ ਤਕ ਕੱਢਦਾ ਰਿਹਾ। ਪਰ ਮੈਂ ਆਪ ਕੋਈ ਕ੍ਰਾਂਤੀਕਾਰੀ ਕਹਾਣੀ ਨਹੀਂ ਲਿਖੀ। ਪਾਸ਼ ਨੇ ਏਸ ਗੱਲ ਦਾ ਗਿਲਾ ਕੀਤਾ ਸੀ ਕਿ ਪ੍ਰੇਮ ਪ੍ਰਕਾਸ਼ ਨੇ ਸਾਨੂੰ ਗੁੰਮਰਾਹ ਕੀਤਾ। ਉਹਦਾ ਦੂਜਾ ਅਣਕਿਹਾ ਗਿਲਾ ਸੀ ਕਿ ਮੈਂ ਲਾਲ ਸਿੰਘ ਦਿਲ ਨੂੰ ਵੱਡਾ ਕਵੀ ਬਣਾ ਕੇ ਛਾਪਦਾ ਸੀ। ਮੈਨੂੰ ਪਤਾ ਸੀ ਕਿ ਹਰ ਵੇਲੇ ਵੱਡਾ ਸਾਹਿਤ ਨਹੀਂ ਰਚਿਆ ਜਾਂਦਾ। ਪਰ ਏਸ ਗੱਲ ਦਾ ਅਫਸੋਸ ਏ ਕਿ ਲਹਿਰ ਤੋਂ ਬਾਅਦ ਵੀ ਲਹਿਰ ਬਾਰੇ ਚੰਗਾ ਕਥਾ ਸਾਹਿਤ ਨਹੀਂ ਰਚਿਆ ਗਿਆ। ਇਹਦਾ ਕਾਰਣ ਇਹ ਵੀ ਏ ਕਿ ਸਾਡੇ ਸਾਹਿਤਕਾਰ ਸਿਆਸੀ ਲੀਡਰਾਂ ਦੇ ਥੱਲੇ ਲੱਗ ਕੇ ਸੋਚਦੇ ਤੇ ਕੰਮ ਕਰਦੇ ਰਹੇ ਨੇ। ਉਹ ਸਿਆਸਤਦਾਨਾਂ ਨੂੰ ਆਪਣੇ ਨਾਲੋਂ ਵੱਧ ਚੇਤਨ ਮਨੁੱਖ ਮੰਨਦੇ ਸੀ। ਜਦੋਂ ਕਿ ਸਚਾਈ ਇਹ ਸੀ ਕਿ ਸਿਆਸਤਦਾਨ ਮੱਕਾਰ ਮਨੁੱਖ ਵੱਧ ਹੁੰਦਾ ਏ। ਅੰਤਰ ਆਤਮਾ ਕੇਵਲ ਕਲਾਕਾਰ ਜਾਂ ਧਾਰਮਿਕ ਮਨੁੱਖ ਦੀ ਵੱਧ ਚਿਰ ਤਕ ਜਾਗਦੀ ਰਹਿ ਸਕਦੀ ਏ।

**ਜਿੰਦਰ**:- 'ਦਸਤਾਵੇਜ਼' ਤੋਂ ਬਾਅਦ ਤੁਸੀਂ ਕੋਈ ਵੀ ਨਾਵਲ ਨਹੀਂ ਲਿਖਿਆ? ਕੀ ਤਹਾਨੂੰ ਕੋਈ ਅਨੁਭਵ ਨਹੀਂ ਹੈ ਜਾਂ ਤੁਸੀਂ ਨਾਵਲ ਨਹੀਂ ਲਿਖ ਸਕਦੇ?

**ਪ੍ਰੇਮ ਪ੍ਰਕਾਸ਼**:- 'ਦਸਤਾਵੇਜ਼' ਲਿਖਣ ਵੇਲੇ ਮੇਰੀ ਇਹ ਸੋਚ ਨਹੀਂ ਸੀ ਕਿ ਮੈਂ ਨਾਵਲ ਲਿਖ ਰਿਹਾ ਹਾਂ। ਉਹਨੀਂ ਦਿਨੀਂ (1973) ਮੈਂ ਮਕਾਨ ਬਣਵਾ ਰਿਹਾ ਸੀ। ਅਖ਼ਬਾਰ ਦੇ ਦਫਤਰ ਜਾਣ ਤੋਂ ਪਹਿਲਾਂ ਤੇ ਫੇਰ ਰਾਤ ਨੂੰ ਅੱਧੀ ਦਿਹਾੜੀ ਇੱਟਾਂ ਮਿੱਟੀ ਨਾਲ ਘੁਲਦਾ ਸੀ। ਘਰ 'ਚ ਬਿਜਲੀ ਨਹੀਂ ਸੀ। ਮੈਂ ਲੈਂਪ ਬਾਲ ਕੇ ਸਰਾਣੇ ਵੱਲ ਰੱਖੇ ਸਟੂਲ 'ਤੇ ਰੱਖ ਲੈਂਦਾ ਤੇ ਥੋੜੇ ਚਾਨਣ 'ਚ ਯਾਦਾਂ ਲਿਖੀ ਜਾਂਦਾ। ਮਹੀਨੇ ਪਿਛੋਂ ਮੈਂ ਮੁੜ ਕੇ ਪੜੀਆਂ ਤਾਂ ਚੰਗੀਆਂ ਲੱਗੀਆਂ। ਮੈਂ ਆਖਰੀ ਚੈਪਟਰ ਗਲਪ ਵਜੋਂ ਨਾਲ ਜੋੜ ਦਿੱਤਾ। ਜਦ ਛਪਿਆ ਤਾਂ ਇਹਨੂੰ ਨਾਵਲ ਮੰਨ

ਲਿਆ ਗਿਆ ਤੇ ਫੇਰ ਸਾਰੀਆਂ ਕਮਿਊਨਿਸਟ ਪਾਰਟੀਆਂ ਵੱਲੋਂ ਇਹਦੀ ਨਿੰਦਿਆ ਕੀਤੀ ਗਈ। ਮੈਨੂੰ ਅਮਰੀਕਾ ਹੱਥ ਵਿਕਿਆ ਲੇਖਕ ਆਖਿਆ ਗਿਆ। ਏਸ ਤੋਂ ਬਾਦ ਮੈਂ ਇੱਕ ਨਾਵਲ ਲਿਖਣ ਦੀ ਕੋਸ਼ਿਸ਼ ਕੀਤੀ। ਪਰ ਲਿਖ ਨਾ ਸਕਿਆ। ਇੱਕ ਨਾਵਲ 1962 ਦੇ ਗੇੜ 'ਚ ਲਿਖਿਆ ਸੀ। ਉਹ ਮੈਂ ਦਸ ਕ ਵਰੇ ਰੱਖ ਕੇ ਸਾੜ ਦਿੱਤਾ। ਹੁਣ ਲੱਗਦਾ ਏ ਕਿ ਏਨਾ ਲੰਮਾ ਕੰਮ ਕਰਨਾ ਮੇਰੇ ਵਸ 'ਚ ਨਹੀਂ। ਜੇ ਕੋਈ ਗੱਲ ਮੈਂ ਆਖਣੀ (ਲਿਖਣੀ) ਹੁੰਦੀ ਏ, ਉਹ ਕਦੇ ਛੋਟੀ, ਕਦੇ ਵੱਡੀ ਤੇ ਕਦੇ ਲੰਮੀ ਕਹਾਣੀ 'ਚ ਕਰ ਲੈਂਦਾ ਹਾਂ। - ਮੈਂ ਜਾਂ ਹੋਰ ਕੋਈ ਸਾਹਿਤਕਾਰ ਕੀ ਕਰ ਸਕਦਾ ਏ ਤੇ ਕੀ ਨਹੀਂ, ਏਸ ਬਾਰੇ ਕੋਈ ਵੀ ਨਹੀਂ ਦੱਸ ਸਕਦਾ। ਪਤਾ ਨਹੀਂ ਕਿਸ ਵੇਲੇ ਕਿਸੇ ਤੋਂ ਕੀ ਲਿਖ ਹੋ ਜਾਵੇ।

**ਜਿੰਦਰ**:-ਮੈਂ ਕ੍ਰਮਵਾਰ ਵੀ ਗੱਲ ਕਰਾਂ ਤਾਂ ਮੁਕਤੀ, ਡੈਡਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਆਦਿ ਕਹਾਣੀਆਂ ਦੀ ਜਿੰਨੀ ਚਰਚਾ ਹੋਈ ਸੀ ਜਾਂ ਅਜੇ ਵੀ ਹੈ – ਓਨੀ ਤੁਹਾਡੀ ਕਿਸੇ ਹੋਰ ਕਹਾਣੀ ('ਪਰਫਾਰਮੈਂਸ' ਤੇ 'ਬਿੱਲੀਆਂ' ਬਾਰੇ ਮੱਧਮ ਸੁਰ 'ਚ ਗੱਲ ਚੱਲੀ ਸੀ) ਦੀ ਗੱਲ ਨਹੀਂ ਹੁੰਦੀ। ਪੇਪਰਾਂ/ਸੈਮੀਨਾਰਾਂ 'ਚ ਵੀ ਤੁਹਾਡੀਆਂ ਮੁਕਤੀ, ਡੈਡਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਕਹਾਣੀਆਂ ਨੂੰ ਹੀ ਕੋਟ ਕੀਤਾ ਜਾ ਰਿਹਾ ਹੈ। ਤੁਹਾਡੀਆਂ ਬਾਅਦ ਦੀਆਂ ਕਹਾਣੀਆਂ ਬਾਰੇ ਗੰਭੀਰ ਨੋਟਿਸ ਕਿਉਂ ਨਹੀਂ ਲਿਆ ਗਿਆ। ਕੀ ਅਜਿਹਾ ਤਾਂ ਨਹੀਂ ਕਿ ਤੁਸੀਂ ਆਪਣੇ ਆਪ ਨੂੰ ਰੀਪੀਟ ਕਰ ਰਹੇ ਹੋ?

**ਪ੍ਰੇਮ ਪ੍ਰਕਾਸ਼**:-ਇਹ ਸੁਆਲ ਤੂੰ ਪਹਿਲਾਂ ਵੀ ਪੁੱਛਿਆ ਸੀ। ਖੈਰ.... ਮੁਕਤੀ, ਡੈਡਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਤਿੰਨੋਂ ਕਹਾਣੀਆਂ ਦੀ ਏਨੀ ਚਰਚਾ ਹੋਣੀ ਆਪਣੇ ਤੌਰ 'ਤੇ ਤਸੱਲੀ ਵਾਲੀ ਗੱਲ ਏ। ਪਰ ਸ਼ਾਇਦ ਤੈਨੂੰ ਪਤਾ ਨਹੀਂ ਕਿ ਮੇਰੀ ਕਹਾਣੀ ਗੋਈ, ਲੱਛਮੀ, ਮੱਛੀ, ਘਰ, ਇਹ ਉਹ ਜਸਵੀਰ ਨਹੀਂ, ਬਾਪੂ ਅਤੇ ਕਾਰ ਸੇਵਾ ਦੀ ਚਰਚਾ ਵੀ ਬਹੁਤ ਹੋਈ ਏ। 'ਡੈੱਡਲਾਈਨ' ਬਹੁਤਿਆਂ ਦੇ ਮੂੰਹ ਤੇ ਚੜ ਗਈ ਏ। ਜਦ ਕੋਈ ਗੰਭੀਰ ਆਲੋਚਕ ਮੇਰੀ ਕਹਾਣੀ ਕਲਾ ਬਾਰੇ ਲਿਖਦਾ ਏ ਤਾਂ ਆਪਣੀ-ਆਪਣੀ ਪਸੰਦ ਅਨੁਸਾਰ ਹੋਰਾਂ ਕਹਾਣੀਆਂ 'ਚੋਂ ਉਸਨੂੰ ਬਹੁਤ ਕੁਝ ਲੱਭਦਾ ਏ। ਬਹੁਤ ਗੁਣ ਦਿੱਸਦੇ ਨੇ। ਡਾ. ਜੋਗਿੰਦਰ ਸਿੰਘ ਰਾਹੀ ਨੇ ਹੁਣੇ ਮੇਰੀਆਂ ਜਿਹੜੀਆਂ ਕਹਾਣੀਆਂ ਚੁਣ ਕੇ ਅੰਗ੍ਰਜ਼ੀ 'ਚ ਅਨੁਵਾਦ ਕੀਤੀਆਂ ਨੇ, ਉਹਨਾਂ

'ਚ ਕਾਨੀ' ਤੇ 'ਕਪਾਲ ਕਿਰਿਆ' ਨੂੰ ਵਿਸ਼ੇਸ਼ ਤੌਰ 'ਤੇ ਚੁਣਿਆ ਏ। ਡਾ.ਹਰਿਭਜਨ ਸਿੰਘ ਨੇ ਮੇਰੀ ਇੱਕ ਕਹਾਣੀ 'ਏਸ ਜਨਮ 'ਚ' ਦਾ ਜ਼ਿਕਰ 'ਖ਼ਾਮੋਸ਼ੀ ਦਾ ਜਜ਼ੀਰਾ' ਵਿੱਚ ਖਾਸ ਤੌਰ ਤੇ ਕੀਤਾ ਏ। 'ਗੜੀ' ਤੇ 'ਘੋੜਾ' ਬਾਰੇ ਦੋ ਵਿਦਵਾਨਾਂ ਨੇ ਵੱਖਰੇ–ਵੱਖਰੇ ਲੇਖ ਲਿਖੇ ਨੇ। ਮੇਰੀ ਪੁਸਤਕ 'ਕੁਝ ਅਣਕਿਹਾ ਵੀ' ਤੋਂ ਬਾਅਦ 'ਰੰਗਮੰਚ ਤੇ ਭਿਕਿਸ਼ੂ' ਤੇ 'ਸੁਣਦੈਂ ਖਲੀਫਾ' ਛਪੀਆਂ ਤਾਂ ਮੈਂ ਆਪ ਸਰੀਰਕ ਤੇ ਮਾਨਸਿਕ ਸਿਹਤ ਵੱਲੋਂ ਢਿੱਲਾ ਹੋਣ ਕਰਕੇ ਅਵੇਸਲਾ ਜਿਹਾ ਸੀ। ਉਂਜ ਵੀ ਕਹਾਣੀਆਂ 'ਚ ਪਹਿਲਾਂ ਵਾਲੀ ਸ਼ਿੱਦਤ ਨਹੀਂ ਸੀ। ਲੇਖਕ ਹਮੇਸ਼ਾਂ ਇੱਕੋ ਤਾੜੇ 'ਤੇ ਨਹੀਂ ਰਹਿੰਦਾ। ਇਹ ਗੱਲ ਠੀਕ ਏ ਕਿ ਮੇਰੀਆਂ ਕਹਾਣੀਆਂ 'ਚ ਦੁਹਰਾਉ ਏ। ਨਰ ਤੇ ਨਾਰੀ ਵਿਚਕਾਰ ਰਿਸ਼ਤੇ ਨੂੰ ਮਾਨਣਾ ਤੇ ਸਮਝਣਾ, ਇਹ ਵਿਸ਼ਾ ਅਨਾਦਿ ਕਾਲ ਤੋਂ ਚਲਿਆ ਆ ਰਿਹਾ ਏ ਤੇ ਅਨੰਤ ਸਮੇਂ ਤਕ ਰਹਿਣਾ ਏ। ਮੈਂ ਇਹਨੂੰ ਦੁਹਰਾਉਂਦਿਆਂ ਰਹਿਣਾ ਏ। ਇੱਕ ਦੁਹਰਾਈ ਪਾਤਰਾਂ ਦੀ ਹੁੰਦੀ ਏ। ਉਸ ਤੋਂ ਮੈਂ ਵਾਹ ਲੱਗਦੀ ਬਚਣ ਦੇ ਜਤਨ ਕਰਦਾ ਹਾਂ। ਕਦੇ ਸਫਲ ਨਹੀਂ ਵੀ ਹੁੰਦਾ। ਇੱਕ ਦੁਹਰਾਈ ਟਰੀਟਮੈਂਟ ਦੀ ਏ। ਉਹਦੇ ਲਈ ਮੈਂ ਬਹੁਤ ਸਾਰੀਆਂ ਜੁਗਤਾਂ ਵਰਤਦਾ ਦੁਹਰਾਅ ਜਾਂਦਾ ਹਾਂ। ਇਸ ਦੁਹਰਾਈ ਨਾਲ ਹੀ ਮੇਰੀ ਸ਼ੈਲੀ ਬਣੀ ਏ। ਜਿਵੇਂ ਵਿਰਕ ਨੇ ਆਪਣੀਆਂ ਸਾਰੀਆਂ ਇੱਕ ਸੌਂ ਛੇ ਕਹਾਣੀਆਂ ਇੱਕੋ ਸ਼ੈਲੀ 'ਚ ਲਿਖੀਆਂ। ਜੀਹਦੇ ਨਾਲ ਵਿਰਕ ਦੀ ਵੱਖਰੀ ਸ਼ੈਲੀ ਮੰਨੀ ਗਈ। ਹੁਣ ਵਿਰਕ ਸ਼ੈਲੀ 'ਚ ਕੋਈ ਵੀ ਲਿਖੇ, ਉਹ ਵੱਡਾ ਕਾਹਣੀਕਾਰ ਨਹੀਂ ਬਣ ਸਕਦਾ। ਇਵੇਂ ਮੇਰੀ ਸ਼ੈਲੀ ਵਿਕਸਿਤ ਹੋਈ ਏ। ਜਿਸ ਦੀ ਨਕਲ ਕਈ ਕਹਾਣੀਕਾਰ ਕਰ ਰਹੇ ਨੇ।

**ਜਿੰਦਰ**:- ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਪੰਜਾਬੀ ਸਾਹਿਤ ਦੇ ਪਾਠਕ ਘੱਟ ਹਨ। ਕੋਈ ਵੀ ਪਰਚਾ ਪੰਜ ਜਾਂ ਛੇ ਸੌਂ ਤੋਂ ਜ਼ਿਆਦਾ ਛਪਦਾ ਨਹੀਂ। ਗੈਰ–ਸਾਹਿਤਕ ਗਾਹਕ ਭਾਵੇਂ ਦਸ ਹਜ਼ਾਰ ਬਣਾ ਲਉ। ਕਈ ਇਸ ਨੂੰ ਮੀਡੀਆ ਦੇ ਫੈਲਾਉ ਦਾ ਪ੍ਰਭਾਵ ਮੰਨਦੇ ਹਨ। ਕਿਤਾਬਾਂ ਦੀ ਛਪਣ ਗਿਣਤੀ ਘੱਟ ਗਈ ਹੈ। ਜਦੋਂ ਇਹ ਸੰਕਟ ਚੱਲ ਰਿਹਾ ਹੈ ਤਾਂ ਠੀਕ ਉਸੇ ਸਮੇਂ ਫਜ਼ੂਲ ਕਿਸਮ ਦੀ ਆਲੋਚਨਾ, ਲੇਖ ਛਪਣੇ ਸ਼ੁਰੂ ਹੋ ਗਏ ਹਨ। ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਕੁਝ ਹੋ ਰਿਹਾ ਹੈ, ਕੀ ਇਸ ਨਾਲ ਪੰਜਾਬੀ 'ਚ ਲਿਖਣ ਵਾਲਿਆਂ ਜਾਂ ਪਾਠਕ ਵਰਗ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਏਗਾ?

**ਪ੍ਰੇਮ ਪ੍ਰਕਾਸ਼:**-ਪੰਜਾਬੀ ਦੇ ਪਾਠਕ ਬਹੁਤ ਵਧੇ ਨੇ। ਜਦ ਅਣਪੜ੍ਹਤਾ ਘਟਦੀ ਏ ਤਾਂ ਪਾਠਕ ਵਧਦੇ ਹੀ ਨੇ। ਸਾਹਿਤ ਨੂੰ ਵੀ ਉਹਨਾਂ 'ਚੋਂ ਕੁਝ ਹਿੱਸਾ ਮਿਲਦਾ ਏ। ਪਰ ਸਾਹਿਤ ਦੇ ਪ੍ਰਬੁੱਧ ਪਾਠਕ ਏਨੇ ਨਹੀਂ ਵਧੇ। ਦੂਜੇ ਸੰਚਾਰ ਮਾਧਿਆਮਾਂ ਨੇ ਆਪਣਾ ਹਿੱਸਾ ਲੈ ਲਿਆ ਏ। ਜਿਸਦਾ ਪ੍ਰਭਾਵ ਕਿਤਾਬਾਂ ਦੀ ਗਿਣਤੀ 'ਤੇ ਪਿਆ ਏ। ਹੁਣ ਕਿਤਾਬਾਂ (ਟਾਈਟਲਾਂ) ਦੀ ਗਿਣਤੀ ਵਧ ਗਈ, ਪਰ ਇੱਕ ਛਾਪ ਦੀ ਗਿਣਤੀ ਘਟ ਗਈ ਏ। ਇਹਦੇ ਉੱਤੇ ਵਪਾਰ ਦਾ ਵੀ ਪ੍ਰਭਾਵ ਏ। ਸਾਹਿਤਿਕ ਪਰਚਿਆਂ ਦਾ ਘਟ ਗਿਣਤੀ 'ਚ ਛਪਣਾ ਮੇਰੀ ਜਾਚੇ ਕੋਈ ਸੰਕਟ ਨਹੀਂ। ਇਹ ਸੰਕਟ ਮਾੜੇ ਸਾਹਿਤਕਾਰਾਂ ਲਈ ਏ। ਪਰ ਉਹ ਵੀ ਫ਼ਿਕਰ ਨਾ ਕਰਨ। ਉਹਨਾਂ ਦਾ ਸਾਹਿਤ ਛਾਪਣ ਲਈ ਦੈਨਿਕ ਅਖ਼ਬਾਰ ਤੇ ਚਾਲੂ ਰਸਾਲੇ ਬਥੇਰੇ ਨਿਕਲ ਰਹੇ ਨੇ। ਲੇਖਕ, ਸਾਹਿਤਕਾਰ ਤੇ ਆਲੋਚਕ ਵਿਚਕਾਰ ਅਜਿਹਾ ਰਿਸ਼ਤਾ ਹਮੇਸ਼ਾਂ ਤੋਂ ਰਿਹਾ ਏ। ਚੰਗਾ ਮਾੜਾ ਹਮੇਸ਼ਾ ਲਿਖਿਆ ਜਾਂਦਾ ਰਿਹਾ ਏ। ਮੈਂ ਅਖ਼ਬਾਰਾਂ ਨਹੀਂ ਪੜ੍ਹਦਾ। ਕਿਸੇ ਦੇ ਵਿਰੁੱਧ ਜਾਂ ਪੱਖ 'ਚ ਲਿਖਿਆ ਹੀ ਜਾਂਦਾ ਰਿਹਾ ਏ। ਇਹ ਕੋਈ ਅਲੋਕਾਰ ਵਤੀਰਾ ਨਹੀਂ। ਹੁਣ ਦੇ ਸਮੇਂ ਨੂੰ ਮੈਂ ਪਿਛਲੇ ਨਾਲੋਂ ਚੰਗਾ ਸਮਝਦਾ ਹਾਂ। ਪਹਿਲਾਂ ਸੰਤ ਸਿੰਘ ਸੇਖੋਂ ਜੋ ਕੁਝ ਕਹਿੰਦਾ ਸੀ, ਸਾਰੇ ਉਹਦੇ ਮਗਰ ਤਰ ਪੈਂਦੇ ਸੀ। ਹੁਣ ਅਸੀਂ ਕਿਸੇ ਸੀਮਾ ਤਕ ਇੱਜੜ ਮਾਨਸਿਕਤਾ ਤੋਂ ਬਚ ਰਹੇ ਹਾਂ। ਇਹਦਾ ਲੇਖਕਾਂ ਤੇ ਪਾਠਕਾਂ 'ਤੇ ਚੰਗਾ ਪ੍ਰਭਾਵ ਹੀ ਪੈ ਰਿਹਾ ਏ। ਮਾਰਕਸਵਾਦੀ ਭਾਈ ਇਸਤ੍ਰੀ ਪੁਰਸ਼ ਦੇ ਰਿਸ਼ਤਿਆਂ, ਸੰਸਕ੍ਰਿਤੀ ਤੇ ਭਾਰਤੀ ਦਰਸ਼ਨ ਬਾਰੇ ਸੋਚ ਸਮਝ ਰਹੇ ਨੇ। ਮੈਨੂੰ ਲਕੀਰ ਦੀ ਛਪਣ ਗਿਣਤੀ ਵਧਾਉਣ 'ਚ ਕੋਈ ਦਿਲਚਸਪੀ ਨਹੀਂ। ਗਿਣਤੀ ਵਧੂ ਤਾਂ ਘਾਟਾ ਵਧੂ। ਜੇ ਨਿਸ਼ਾਨਾ ਬਹੁਤਿਆਂ ਨੂੰ ਪਾਠਕ ਬਣਾਉਣ ਦਾ ਹੋ ਜਾਵੇ ਤਾਂ ਮਿਆਰ ਘਟ ਜਾਂਦਾ ਏ।

**ਜਿੰਦਰ**:-ਪ੍ਰੇਮ ਪ੍ਰਕਾਸ਼ ਖੰਨਵੀ ਤੋਂ ਪ੍ਰੇਮ ਪ੍ਰਕਾਸ਼ ਬਣਨ ਦਾ ਕੀ ਚੱਕਰ ਸੀ?

**ਪ੍ਰੇਮ ਪ੍ਰਕਾਸ਼:**- ਉਰਦੂ ਦੇ ਸਾਹਤਿਕਾਰ ਜਾਂ ਸ਼ਾਇਰ ਆਪਣੇ ਪਿੰਡ ਜਾਂ ਸ਼ਹਿਰ ਦਾ ਨਾਂ ਆਪਣੇ ਨਾਂ ਨਾਲ ਜੋੜ ਲੈਂਦੇ ਸੀ। ਮੈਂ ਉਹਨਾਂ ਦੀ ਰੀਸ ਕੀਤੀ ਸੀ। ਖੰਨੇ ਦਾ ਹੋਣ ਕਰਕੇ ਖੰਨਵੀ ਹੋ ਗਿਆ। ਇਹ ਨਾਂ ਚੱਲ ਵੀ ਪਿਆ ਸੀ। ਮੈਂ ਚਾਰ ਸਾਲ ਲਿਖਦਾ ਰਿਹਾ। ਫੇਰ 'ਚੇਤਨਾ' ਦੇ ਸੰਪਾਦਕ ਸ. ਸਵਰਨ ਦੀ ਸਲਾਹ 'ਤੇ ਮੈਂ ਇਹਨੂੰ ਲਾਹ ਦਿੱਤਾ। ਇਹ

ਸਾਹਤਿਕ ਹਲਕਿਆਂ 'ਚ ਤਾਂ ਲਹਿ ਗਿਆ, ਪਰ ਪੱਤਰਕਾਰੀ ਹਲਕੇ 'ਚ ਮੈਨੂੰ ਚੰਬੜਿਆ ਰਿਹਾ। 'ਮਿਲਾਪ' ਤੇ 'ਹਿੰਦ ਸਮਾਚਾਰ' 'ਚ ਬਹੁਤੇ ਪੱਤਰਕਾਰ ਸਾਥੀਆਂ ਨੂੰ ਮੇਰੇ ਪੂਰੇ ਨਾਂ ਦਾ ਪਤਾ ਨਹੀਂ ਸੀ। ਉਹ 'ਖੰਨਵੀ ਸਾਹਿਬ' ਹੀ ਕਹਿੰਦੇ ਸੀ। ਨਾਂ ਦੇ ਨਾਲ ਸਾਹਿਬ ਕਹਿਣਾ ਉਰਦੂ ਵਾਲਿਆਂ ਦੀ ਸੱਭਿਅਤਾ ਸੀ। ਹੁਣ ਮੈਨੂੰ ਇਹ 'ਖੰਨਵੀ' ਨਾ ਚੰਗਾ ਲੱਗਦਾ ਏ ਤੇ ਨਾ ਈ ਮਾੜਾ। ਪਹਿਲਾਂ ਫ਼ਖ਼ਰ ਹੁੰਦਾ ਸੀ। ਹੁਣ ਤਾਂ ਮੈਂ ਖੰਨਵੀ ਤੋਂ ਵੱਧ ਜਲੰਧਰੀ ਹੋ ਗਿਆ ਹਾਂ।

**ਜਿੰਦਰ:**- ਤੁਹਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਪੱਤਰਕਾਰੀ 'ਚ ਬੀਤਿਆ। ਹਿੰਦ ਸਮਾਚਾਰ 'ਚ ਉਪ ਸੰਪਾਦਕ ਵਜੋਂ। ਤੁਸੀਂ ਇਹਨਾਂ ਸਾਲਾਂ 'ਚ ਬਤੌਰ ਪ੍ਰੇਮ ਪ੍ਰਕਾਸ਼ ਕਹਾਣੀਕਾਰ ਤੇ ਪ੍ਰੇਮ ਪ੍ਰਕਾਸ਼ ਮੁਲਾਜ਼ਮ 'ਚ ਤਾਲਮੇਲ ਕਿਵੇਂ ਬਣਾਈ ਰੱਖਿਆ?

**ਪ੍ਰੇਮ ਪ੍ਰਕਾਸ਼:**- ਏਸ ਤਾਲਮੇਲ ਲਈ ਮੇਰੇ ਕੰਮ ਆਈ ਮੇਰੀ ਜ਼ਿੱਦ। ਮੈਂ ਅਖ਼ਬਾਰਾਂ 'ਚ ਕੰਮ ਕਰਨ ਤੋਂ ਪਹਿਲਾਂ ਅਖ਼ਬਾਰ ਨਵੀਸਾਂ ਨੂੰ ਨਫਰਤ ਕਰਦਾ ਸੀ। ਕੁਦਰਤ ਨੇ ਮੈਥੋਂ ਅਜਿਹਾ ਬਦਲਾ ਲਿਆ ਕਿ ਮੈਨੂੰ ਅਖਬਾਰ ਨਵੀਸ ਬਣਾ ਕੇ ਪੱਤਰਕਾਰਾਂ ਨਾਲ ਬਿਠਾ ਦਿੱਤਾ। ਮੈਂ ਏਸ ਅੱਤਿਆਚਾਰ ਨੂੰ ਸਹਿੰਦਾ ਲੜਦਾ ਭਿੜਦਾ ਕੰਮ ਕਰਦਾ ਰਿਹਾ। ਏਸੇ ਨਫਰਤ ਕਰ ਕੇ ਮੈਂ ਪੱਤਰਕਾਰਾਂ 'ਤੇ ਇਹ ਜ਼ਾਹਰ ਨਹੀਂ ਹੋਣ ਦਿੱਤਾ ਕਿ ਮੈਂ ਕਹਾਣੀਆਂ ਲਿਖਦਾ ਹਾਂ। ਮੈਂ ਸੌਂਹ ਖਾਧੀ ਸੀ ਅਖ਼ਬਾਰ 'ਚ ਆਪਣਾ ਨਾਂ ਨਹੀਂ ਛਪਵਾਉਣਾ ਤੇ ਅਖ਼ਬਾਰ ਦੇ ਦਫ਼ਤਰ 'ਚ ਮਿਲ ਕੇ ਜੇ ਕੋਈ ਸਾਹਿਤ ਬਾਰੇ ਗੱਲ ਕਰਨ ਲੱਗਦਾ ਤਾਂ ਮੈਂ ਰੋਕ ਦੇਂਦਾ ਸੀ। ਕਹਿੰਦਾ ਸੀ–ਇਹ ਗੱਲ ਘਰ ਜਾ ਕੇ ਕਰਾਂਗੇ। ਜਦ ਮੈਨੂੰ ਪੰਜਾਬ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਤਾਂ ਮੇਰੀ ਅਖ਼ਬਾਰ 'ਹਿੰਦ ਸਮਾਚਾਰ' ਤੇ 'ਪੰਜਾਬ ਕੇਸਰੀ' 'ਚ ਕਿਸੇ ਹੋਰ ਦਾ ਨਾਂ ਛਾਪਿਆ ਗਿਆ ਸੀ। ਦੂਜੇ ਦਿਨ ਕਰਤਾਰ ਸਿੰਘ ਦੁੱਗਲ ਨੇ ਆ ਕੇ ਵਿਜੇ ਕਮਾਰ ਨੂੰ ਮੇਰੇ ਬਾਰੇ ਦੱਸਿਆ ਸੀ।

**ਜਿੰਦਰ**:-ਜੇ ਮੈਂ ਨਹੀਂ ਭੁੱਲਦਾ ਤਾਂ ਮੈਂ ਤਹਾਨੂੰ 1982 ਦੇ ਐੜ ਗੇੜ 'ਚ ਪੁੱਛਿਆ ਸੀ ਕਿ ਤੁਹਾਨੂੰ ਬਤੌਰ ਕਹਾਣੀਕਾਰ ਕਿਸ ਤੋਂ ਖਤਰਾ ਹੈ ਤਾਂ ਤੁਸੀਂ ਅਤਰਜੀਤ ਦਾ ਨਾਂ ਲਿਆ ਸੀ। ਫੇਰ ਕਿਹਾ ਸੀ ਕਿਉਂ ਜੁ ਅਤਰਜੀਤ ਦੀ ਕਹਾਣੀ 'ਚ ਕਾਮਰੇਡਾਂ ਪ੍ਰਤੀ ਉਲਾਰਤਾ ਆ ਗਈ ਹੈ, ਹੁਣ ਇਹ ਖਤਰਾ ਖਤਮ ਹੋ ਗਿਆ ਹੈ। 1982 ਤੋਂ 2000 ਤੱਕ ਪੂਰੇ ਇੱਕੀ ਸਾਲਾਂ ਦਾ

ਵਕਫਾ। ਤੁਸੀਂ ਅਜੇ ਵੀ ਸਾਲ 'ਚ ਦੋ ਤਿੰਨ ਕਹਾਣੀਆਂ ਲਿਖ ਰਹੇ ਹੋ। ਮੈਂ ਜਾਣਨਾ ਚਾਹੁੰਦਾ ਹਾਂ ਕਿ ਹੁਣ ਤਹਾਨੂੰ ਕਿਸ ਕਹਾਣੀਕਾਰ ਤੋਂ ਖਤਰਾ ਹੈ?

**ਪ੍ਰੇਮ ਪ੍ਰਕਾਸ਼:**-ਮੈਨੂੰ ਠੀਕ ਯਾਦ ਨਹੀਂ। ਮੈਂ ਅਕਸਰ ਦਿਲਜੀਤ ਸਿੰਘ (ਦੁੱਕੀ, ਤਿੱਕੀ, ਪੰਜੀ) ਦਾ ਨਾਓ ਲੈਂਦਾ ਰਿਹਾ ਹਾਂ। ਸ਼ਾਇਦ ਕਦੇ ਅਤਰਜੀਤ ਦਾ ਵੀ ਲਿਆ ਹੋਵੇ। ਉਹਦੇ ਕਹਾਣੀ ਸੰਗ੍ਰਹਿ 'ਟੁਟਦੇ ਬਣਦੇ ਰਿਸ਼ਤੇ' 'ਚ ਕਈ ਕਹਾਣੀਆਂ ਬਹੁਤ ਚੰਗੀਆਂ ਨੇ। ਪਰ ਉਸ ਤੋਂ ਬਾਅਦ ਲੱਗਦਾ ਕਿ ਉਹਦਾ ਉਸ ਪਾਸੇ ਵੱਲ ਵਿਕਾਸ ਨਹੀਂ ਹੋਇਆ। ਉਹਨੂੰ ਉਹਦੀ ਵਰਗ ਚੇਤਨਤਾ ਨੇ ਘੇਰਿਆ ਹੋਇਆ ਏ। - ਇਹ ਸ਼ਬਦ 'ਖਤਰਾ' ਮੈਂ ਹਾਂ–ਪੱਖੀ ਅਰਥਾਂ 'ਚ ਲੇਖਕ ਦੀ ਵਡਿਆਈ ਕਰਨ ਲਈ ਵਰਤਿਆ ਸੀ। ਹਰੇਕ ਦਾ ਰਚਨਾ ਜਗਤ ਵੱਖਰਾ ਹੁੰਦਾ ਏ। 'ਖਤਰਾ' ਸ਼ਬਦ ਮੁੜ ਵਰਤਦਾ ਕਹਿੰਦਾ ਹਾਂ ਕਿ ਖਤਰਾ ਕਿਸੇ ਇੱਕ ਕਹਾਣੀਕਾਰ ਕੋਲੋਂ ਨਹੀਂ, ਸਾਰੀ ਨਵੀਂ ਪੀੜੀ ਤੋਂ ਏ, ਜਿਹੜੀ ਚੌਥੀ ਕੂਟ ਵੱਲ ਤੁਰ ਪਈ ਏ।– ਇਸ ਗੱਲ ਨੂੰ ਉਲਟਾ ਕੇ ਦੇਖੀਏ ਤਾਂ ਇਹ ਖਤਰਾ ਪੰਜਾਬੀ ਕਹਾਣੀ ਦਾ ਵਿਕਾਸ ਏ। ਜੀਹਦਾ ਸੁਆਗਤ ਕਰਨਾ ਚਾਹੀਦਾ ਏ। ਮੈਂ ਹਰੇਕ ਨਵੇਂ ਉਭਰਦੇ ਕਹਾਣੀਕਾਰ ਦਾ ਸੁਆਗਤ ਕਰਦਾ ਹਾਂ। 'ਖਤਰਾ' ਕਹਿ ਕੇ ਮੈਂ ਉਹਦੀ ਵਡਿਆਈ ਕਰਦਾ ਹਾਂ। – ਝੰਡੀ ਹਮੇਸ਼ਾਂ ਨਵੇਂ ਰਾਹ ਤੇ ਚੱਲਣ ਵਾਲੇ ਦੇ ਹੱਥ ਹੁੰਦੀ ਏ।

**ਜਿੰਦਰ**:- ਕੀ ਸ਼ਾਨਦਾਰ ਹੈ ਤੁਹਾਡਾ ਨਾਂ, ਪ੍ਰੇਮ ਪ੍ਰਕਾਸ਼! ਪ੍ਰੇਮ- ਲਵ। ਪ੍ਰਕਾਸ਼ ਨੂੰ ਇਨਲਾਈਟਿਨਮੈਂਟ ਕਿਹਾ ਜਾ ਸਕਦਾ ਹੈ। ਤੁਹਾਨੂੰ ਪ੍ਰੇਮ ਰੋਗ ਦਾ ਕਹਾਣੀਕਾਰ ਕਿਹਾ ਜਾਂਦਾ ਹੈ। ਤੁਹਾਡੀ ਵਿਦਵਤਾ ਅੱਗੇ ਸਿਰ ਝੁਕਦਾ ਹੈ। ਤਹਾਡੇ ਕੋਲ ਹਿੰਦੂ ਮਿਥਿਹਾਸ, ਕਲਚਰ , ਉਪ–ਕਲਚਰ ਦੀ ਕਾਫ਼ੀ ਸੂਝ ਹੈ। ਇਸ ਦੇ ਨਾਲ ਹੀ ਤੁਹਾਡੀ ਖ਼ੁਸ਼ਕੀ ਵੀ ਜਗ ਜ਼ਾਹਿਰ ਹੈ। ਹੁਣ ਤੁਸੀਂ ਮੇਰੇ ਸਾਹਮਣੇ ਹੋ। ਕੀ ਤੁਸੀਂ ਦੱਸੋਗੇ ਕਿ ਕੀ ਇਹ ਖੁਸ਼ਕੀ ਤੁਹਾਨੂੰ ਵਿਰਾਸਤ 'ਚ ਮਿਲੀ ਹੈ? ਮਾਹੌਲ ਤੋਂ ਮਿਲੀ ਹੈ ਜਾਂ ਕਿ ਪੂਰਵ ਜਨਮ ਦਾ ਕੋਈ ਫਲ?

**ਪ੍ਰੇਮ ਪ੍ਰਕਾਸ਼:**-ਜੇ ਤੂੰ ਹਿੰਦੀ ਪੜ੍ਹਿਆ ਹੁੰਦਾ ਤਾਂ ਤੈਨੂੰ ਪਤਾ ਹੁੰਦਾ ਕਿ ਪ੍ਰਕਾਸ਼ ਦਾ ਅਰਥ ਰੌਸ਼ਨੀ ਜਾਂ ਚਾਨਣਾ ਹੁੰਦਾ ਏ। ਮੇਰਾ ਸੁਭਾਅ ਅਜਿਹਾ ਕਿਉਂ ਏ, ਇਹਦੇ ਬਾਰੇ ਕੋਈ ਇੱਕ ਕਾਰਨ ਨਹੀਂ, ਬਹੁਤ ਸਾਰੇ ਹੁੰਦੇ ਨੇ। ਮੇਰੇ ਖਾਨਦਾਨੀ ਸੰਸਕਾਰ (ਜੀਨਜ), ਬਚਪਨ ਦੇ

ਪ੍ਰਤਿਕਰਮ, ਮੇਰੇ ਨਾਲ ਚੱਲਦਾ ਹੁਣ ਤਕ ਦਾ ਮਾਹੌਲ, ਮੇਰੇ ਸੁਭਾਅ ਦੇ ਚੰਗੇ ਮਾੜੇ ਪਹਿਲੂਆਂ ਨੂੰ ਸਮਝਣ ਵਾਲੇ ਦੀ ਸੂਝ ਤੇ ਉਹਦਾ ਆਪਣਾ ਸੁਭਾਅ–ਬਹੁਤ ਕੁਝ ਹੋ ਸਕਦਾ ਏ। ਮੈਂ ਪੂਰਵ ਜਨਮ ਨੂੰ ਨਹੀਂ ਮੰਨਦਾ। ਮੇਰੇ ਖਿਆਲ 'ਚ ਹਿੰਦੂ ਆਪਣੇ ਪੂਰਵਜਾਂ ਨੂੰ ਆਪਣੇ ਪਿਛਲੇ ਜਨਮ ਮੰਨਦੇ ਨੇ ਤੇ ਆਪਣੀਆਂ ਸੰਤਾਨਾਂ ਨੂੰ ਅਗਲੇ ਜਨਮ। ਚੁਰਾਸੀ ਲੱਖ ਜੂਨਾਂ ਭੋਗਣ ਦੀ ਗੱਲ ਦੀ ਜੜ ਵੀ ਇਹੀ ਏ।

ਮੈਂ ਅਕਸਰ ਬੁੜਕਦਾ ਤੇ ਮਖੌਲ ਕਰਦਾ ਰਹਿੰਦਾ ਹਾਂ। ਸਹਿੰਦਾ ਵੀ ਹਾਂ। ਲੜਦਾ ਵੀ ਹਾਂ। ਪਿਆਰ ਵੀ ਕਰਦਾ ਹਾਂ।




ਕਹਾਣੀਕਾਰ ਜਿੰਦਰ (ਖੱਬੇ ਪਾਸੇ) ਅਤੇ ਕਹਾਣੀਕਾਰ ਪ੍ਰੇਮ ਪ੍ਰਕਾਸ਼ (ਸੱਜੇ ਪਾਸੇ) ਦੀ ਯਾਦਗਰੀ ਤਸਵੀਰ

ISSN: 2584-0509


# ਸਹਿਜ,ਸੰਜਮ ਅਤੇ ਸਿਰੜ ਦੀ ਤ੍ਰਿਵੈਣੀ ਡਾ. ਅਟਵਾਲ



ਡਾ.ਲਖਵਿੰਦਰ ਸਿੰਘ ਜੌਹਲ
20 ਪ੍ਰੋਫ਼ੈਸਰ ਕਲੋਨੀ
144001
+91 9417194812

ਡਾਕਟਰ ਹਰਜਿੰਦਰ ਸਿੰਘ ਅਟਵਾਲ ਦਾ ਵਿਛੋੜਾ ਏਨਾ ਅਚਾਨਕ ਸੀ ਕਿ ਜਿਸ ਨੇ ਵੀ ਇਹ ਖ਼ਬਰ ਸੁਣੀ ਭੌਚੱਕਾ ਰਹਿ ਗਿਆ। ਆਪਣੀ ਸਿਹਤ ਪ੍ਰਤੀ ਸੁਹਿਰਦ, ਅਨੁਸਾਸ਼ਨੀ ਅਤੇ ਪਰਹੇਜ਼ੀ ਵਿਅਕਤੀ ਦਾ ਏਦਾਂ ਚਲੇ ਜਾਣਾ ਇਕ ਅਚੰਭਾ ਹੀ ਹੈ[

ਐਤਵਾਰ 30 ਮਾਰਚ 2025 ਦਾ ਸਾਰਾ ਦਿਨ ਉਹ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਜਨਰਲ ਇਜਲਾਸ ਦਾ ਕੇਂਦਰੀ ਬਿੰਦੂ ਸੀ। ਸਾਰੇ ਮੈਂਬਰਾਂ ਨਾਲ ਹੱਸ ਹੱਸ ਗੱਲਾਂ ਕਰਦਾ। ਇਜਲਾਸ ਵਿੱਚ ਮਤੇ ਪੇਸ਼ ਕਰਦਾ ਹੋਇਆ ਮਤਿਆਂ ਦੀ ਵਿਆਖਿਆ ਕਰਦਾ। ਇਜਲਾਸ ਦੀ ਸਮਾਪਤੀ ਉੱਤੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਾ ਹੋਇਆ, ਇਜਲਾਸ ਦੀ ਸਫ਼ਲਤਾ ਤੇ ਸੰਤੁਸ਼ਟੀ ਪ੍ਰਗਟ ਕਰਦਾ।......31 ਮਾਰਚ ਦੀ ਸਵੇਰ ਨੂੰ 8 ਵਜੇ ਤੋਂ 9 ਵਜੇ ਤੱਕ ਮੇਰੀ ਉਸ ਨਾਲ ਤਿੰਨ ਵਾਰ ਫੋਨ ਉੱਤੇ ਗੱਲ ਹੋਈ... ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ ਵਿੱਚ ਜਾਣ ਸੰਬੰਧੀ, ਪ੍ਰੇਮ ਪ੍ਰਕਾਸ਼ ਦੇ ਸੰਸਕਾਰ ਉੱਤੇ ਜਾਣ ਸੰਬੰਧੀ, ਅਤੇ 6 ਅਪ੍ਰੈਲ ਨੂੰ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਕੀਤੇ ਜਾਣ ਵਾਲੇ ਸਮਾਗਮ ਸੰਬੰਧੀ... ਆਪਣੀ ਸਿਹਤ ਬਾਰੇ ਉਹ ਏਨਾ ਹੀ ਕਹਿੰਦਾ ਹੈ.."ਅੱਜ ਤਬੀਅਤ ਕੁਝ ਠੀਕ ਨਹੀਂ ਹੈ, ਮੈਂ ਮੀਟਿੰਗ ਲਈ ਸਕੂਟਰ ਤੇ ਨਹੀਂ ਜਾਵਾਂਗਾ ਤੂੰ ਮੈਨੂੰ ਪ੍ਰੇਮ ਪ੍ਰਕਾਸ਼ ਦੇ ਸੰਸਕਾਰ ਤੋਂ ਬਾਅਦ ਦੇਸ਼ ਭਗਤ ਯਾਦਗਾਰ ਹਾਲ ਛੱਡ ਦੇਵੀਂ... ਆ ਮੈਂ ਆਪੇ ਜਾਵਾਂਗਾ।"... 9 ਵਜੇ ਵਾਲਾ ਫੋਨ ਉਹ ਹਸਪਤਾਲ ਨੂੰ ਜਾਂਦਿਆਂ ਰਾਹ ਵਿੱਚੋਂ ਕਾਰ ਵਿੱਚ ਬੈਠਾ ਕਰਦਾ ਹੈ.. ਕਹਿਣ ਲੱਗਾ "ਮੈਂ ਚੈੱਕ- ਅਪ ਕਰਵਾਉਣ ਜਾ ਰਿਹਾਂ, ਜੋ ਡਾਕਟਰ ਕਹੇਗਾ ਤੈਨੂੰ ਦੱਸ ਦਿਆਂਗਾ।" ਮੈਂ ਪੁੱਛਦਾ ਹਾਂ "ਇਕੱਲੇ ਜਾ ਰਹੇ ਹੋ? ਕਹਿੰਦਾ "ਨਹੀਂ ਬੇਟਾ ਤੇ ਅਮਨਜੀਤ (ਪਤਨੀ) ਨਾਲ ਹਨ। "ਮੈਂ ਕਿਹਾ "ਮੈਂ ਵੀ ਆਵਾਂ?" ਕਹਿੰਦਾ "ਕੋਈ ਲੋੜ ਨਹੀਂ ਹੈ, ਲੋੜ ਪਈ ਤਾਂ ਦੱਸ ਦਿਆਂਗੇ" ਸਵਾ ਕੁ ਨੌਂ ਵਜੇ ਉਸ ਦੇ ਬੇਟੇ ਹਰਮਿੰਦਰ (ਰਸੂਲ) ਦਾ ਮੇਰੇ ਬੇਟੇ ਜਸ਼ਨ ਨੂੰ ਫੋਨ ਆਉਂਦਾ ਹੈ "ਹਸਪਤਾਲ ਆ ਜਾਓ"...... ਮੈਂ ਤੇ ਬੇਟਾ ਤੁਰੰਤ ਹਸਪਤਾਲ ਨੂੰ ਤੁਰ ਪੈਂਦੇ ਹਾਂ, ਰਾਹ ਵਿੱਚੋਂ ਮੈਂ ਉਮਿੰਦਰ ਨੂੰ ਵੀ ਫੋਨ ਕਰ ਦਿੰਦਾ ਹਾਂ। ਸਾਢੇ ਕੁ 9 ਵਜੇ ਅਸੀਂ ਹਸਪਤਾਲ ਪਹੁੰਚਦੇ ਹਾਂ। ਡਾਕਟਰ ਜ਼ੋਰ ਜ਼ੋਰ ਨਾਲ ਪੰਪਿੰਗ ਕਰ ਰਹੇ ਹਨ, ਹਾਰਟ ਕੋਈ ਹੁੰਗਾਰਾ ਨਹੀਂ ਦੇ ਰਿਹਾ। ਉਮਿੰਦਰ ਵੀ ਪਹੁੰਚ ਜਾਂਦਾ ਹੈ... ਦੇਖਦੇ ਹੀ ਦੇਖਦੇ ਉਮੀਦ ਦੀ ਆਖਰੀ ਕਿਰਨ ਵੀ ਅਲੋਪ ਹੋ ਜਾਂਦੀ ਹੈ.....

ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਰਹਿਣ ਵਾਲਾ ਹਰਜਿੰਦਰ ਸਿੰਘ ਅਟਵਾਲ ਇੱਕ


www.khojnama.com khojnamapb03@gmail.com

ਹਰਮਨ ਪਿਆਰਾ ਅਧਿਆਪਕ ਸੀ, ਪ੍ਰਬੁੱਧ ਆਲੋਚਕ ਸੀ, ਸਮਰੱਥ ਜਥੇਬੰਦਕ ਸੀ...ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਸਕੱਤਰ ਵਜੋਂ, ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਵਜੋਂ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਜੀਵਨ ਮੈਂਬਰ ਵਜੋਂ, ਅਤੇ ਭੋਗਪੁਰ ਪੰਜਾਬੀ ਸਾਹਿਤ ਸਭਾ ਦੇ ਬਾਨੀ ਵਜੋਂ ਨਿਭਾਈਆਂ ਗਈਆਂ ਉਸ ਦੀਆਂ ਸੇਵਾਵਾਂ ਹਮੇਸ਼ਾ ਯਾਦ ਰੱਖੀਆਂ ਜਾਣਗੀਆਂ। ਉਸਦੀ ਕਲਮ ਦੀ ਨੋਕ ਵਿੱਚੋਂ ਨਿਕਲੀਆਂ ਕਿਤਾਬਾਂ ਵਿੱਚ ਸ਼ਾਹ ਹੁਸੈਨ, ਸੰਤੋਖ ਸਿੰਘ ਧੀਰ ਅਤੇ ਸੁਜਾਨ ਸਿੰਘ ਦੀਆਂ ਰਚਨਾਵਾਂ ਦੀ ਆਲੋਚਨਾ, ਪੰਜਾਬੀ ਨਾਇਕ ਦੇ ਸੰਕਲਪ ਅਤੇ ਵਿਹਾਰ, ਪ੍ਰਵਾਸੀ ਸਾਹਿਤ ਚਿੰਤਨ ਅਤੇ ਹਾਸ਼ੀਏ ਤੇ ਧੱਕੇ ਗਏ ਆਮ ਲੋਕਾਂ ਦੇ ਨਾਮ ਲਿਖੀ ਗਈ ਉਸਦੀ ਵਾਰਤਕ ਪੁਸਤਕ "ਲੋਕ ਵੇਦਨਾ" ਪ੍ਰਮੁੱਖ ਹਨ।

...ਮੇਰੇ ਨਾਲ ਉਸ ਦੀ ਜਾਣ ਪਛਾਣ 70ਵਿਆਂ ਦੇ ਆਖ਼ਰੀ ਅੱਧ ਤੋਂ ਸ਼ੁਰੂ ਹੋਈ ਸੀ, ਜਦੋਂ ਮੈਂ "ਨਵਾਂ ਜ਼ਮਾਨਾ" ਵਿੱਚ ਉਪ ਸੰਪਾਦਕ-ਕਮ-ਮੈਗ਼ਜ਼ੀਨ ਸੰਪਾਦਕ ਸਾਂ। ਉਹ ਪੰਜਾਬੀ ਲੈਕਚਰਾਰ ਵਜੋਂ ਟਾਂਡਾ, ਜ਼ੀਰਾ ਅਤੇ ਫ਼ਰੀਦਕੋਟ ਦੇ ਸਰਕਾਰੀ ਕਾਲਜਾਂ ਵਿੱਚ ਘੁੰਮ ਘੁਮਾ ਕੇ ਲਾਇਲਪੁਰ ਖਾਲਸਾ ਕਾਲਜ ਵਿਖੇ ਪਹੁੰਚ ਗਿਆ ਸੀ। ਕਾਮਰੇਡ ਗੁਰਮੀਤ ਨਾਲ ਉਸ ਦੀ ਭੋਗਪੁਰ ਤੋਂ ਹੀ ਵਾਕਫ਼ੀਅਤ ਹੋਣ ਕਾਰਨ ਉਹ "ਨਵਾਂ ਜ਼ਮਾਨਾ" ਅਕਸਰ ਆਉਂਦਾ ਤਾਂ ਮੇਰੇ ਨਾਲ ਵੀ ਗੱਲਾਂ ਦਾ ਸਬੱਬ ਬਣਿਆ ਰਹਿੰਦਾ। ਉਸਦੇ ਵਿਦਿਆਰਥੀ ਅਤੇ ਭੋਗਪੁਰ ਇਲਾਕੇ ਦੇ ਉਭਰ ਰਹੇ ਸਾਹਿਤਕਾਰ ਬਲਬੀਰ ਮਾਧੋਪੁਰੀ ਅਤੇ ਗੁਰਵਿੰਦਰ ਮਾਣਕ ਵੀ ਇਹਨਾਂ ਦਿਨਾਂ ਵਿੱਚ ਹੀ "ਨਵਾਂ ਜ਼ਮਾਨਾ" ਆਉਣ ਲੱਗ ਪਏ ਸਨ। ਵਾਕਫ਼ੀਅਤਾਂ ਦੋਸਤੀਆਂ ਵਿੱਚ ਬਦਲਣ ਲੱਗੀਆਂ। "ਨਵਾਂ ਜ਼ਮਾਨਾ" ਦੇ ਸਫ਼ਿਆਂ ਉੱਤੇ ਇਹਨਾਂ ਸਾਰਿਆਂ ਦੇ ਨਾਮ ਚਮਕਣ ਲੱਗੇ। ਰਚਨਾਵਾਂ ਛਪਣ ਲੱਗੀਆਂ। ਮਾਧੋਪੁਰੀ ਤੇ ਗੁਰਵਿੰਦਰ ਮਾਣਕ ਪੜ੍ਹਾਈ ਮੁਕੰਮਲ ਕਰਕੇ ਆਪੋ ਆਪਣੀਆਂ ਨੌਕਰੀਆਂ ਵਿੱਚ ਚਲੇ ਗਏ। ਗੁਰਵਿੰਦਰ ਸਕੂਲ ਅਧਿਆਪਕ ਬਣ ਗਿਆ, ਬਲਬੀਰ ਮਾਧੋਪੁਰੀ ਪੀ.ਆਈ.ਬੀ ਜਲੰਧਰ ਵਿਖੇ ਇਨਫਰਮੇਸ਼ਨ ਆਫ਼ੀਸਰ ਬਣ ਗਿਆ ਤੇ ਮੈਂ "ਨਵਾਂ ਜ਼ਮਾਨਾ ਤੋਂ "ਅਜੀਤ" ਰਾਹੀਂ ਹੁੰਦਾ ਹੋਇਆ ਦੂਰਦਰਸ਼ਨ ਦੇ ਤਲਿਸਮ ਵਿੱਚ ਪਹੁੰਚ ਗਿਆ।....

ਨੌਕਰੀਆਂ ਅਤੇ ਦੋਸਤੀਆਂ ਦਾ ਤਾਲਮੇਲ ਆਪਣੀ ਚਾਲੇ ਚੱਲਦਾ ਗਿਆ। ਤੇ ਫੇਰ 80ਵਿਆਂ ਦੇ ਅੱਧ ਵਿੱਚ ਇਕ ਦਿਨ "ਪ੍ਰੋਫ਼ੈਸਰ ਮੋਹਨ ਸਿੰਘ ਮੇਲੇ" ਉੱਤੇ ਅਸੀਂ ਲੁਧਿਆਣੇ ਇਕੱਠੇ ਹੋਏ।

ਰਘਬੀਰ ਸਿੰਘ ਸਿਰਜਣਾ, ਵਰਿਆਮ ਸਿੰਘ ਸੰਧੂ, ਹਰਜਿੰਦਰ ਸਿੰਘ ਅਟਵਾਲ ਤੇ ਮੈਂ ਰਾਤ ਨੂੰ ਹਰਜਿੰਦਰ ਸਿੰਘ ਅਟਵਾਲ ਦੇ ਸਹੁਰੇ ਘਰ ਗੁਰਦੇਵ ਨਗਰ ਵਿਖੇ ਹੀ ਰੁਕ ਗਏ। ...

ਅਗਲੇ ਹਫ਼ਤੇ ਇਕ ਦਿਨ ਬਲਬੀਰ ਮਾਧੋਪੁਰੀ ਮੇਰੇ ਕੋਲ ਦੂਰਦਰਸ਼ਨ ਆਇਆ ਤੇ ਮੈਨੂੰ ਕਹਿਣ ਲੱਗਾ "ਤੂੰ ਆਪਣੇ ਵਿਆਹ ਬਾਰੇ ਕੀ ਸੋਚਿਆ?"...

ਮੈਂ ਆਪਣੇ ਹੀ ਅੰਦਾਜ਼ ਵਿੱਚ ਡਾਇਲਾਗ ਮਾਰਿਆ "ਵਿਆਹ ਬਾਰੇ ਸੋਚਣਾ ਕੀ ਹੁੰਦੈ! ਇਹ ਤਾਂ ਕਰਾਉਣਾ ਹੀ ਹੁੰਦੈ"...

ਅਸੀਂ ਦੋਵੇਂ ਖਿੜ ਖਿੜਾ ਕੇ ਹੱਸ ਪਏ। ਮਾਧੋਪੁਰੀ ਕਹਿਣ ਲੱਗਾ "ਮੈਂ ਤੇਰੇ ਨਾਲ ਅੱਜ ਵਿਆਹ ਮਿਸ਼ਨ ਬਾਰੇ ਸੀਰੀਅਸਲੀ ਗੱਲ ਕਰਨ ਆਇਆਂ।"... ਮੈਂ ਇਕਦਮ ਗੰਭੀਰ ਹੋ ਗਿਆ..."ਆਪਣੇ ਅਟਵਾਲ ਸਾਹਿਬ ਦੀ ਸਾਲੀ ਦਾ ਰਿਸ਼ਤਾ ਲੈ ਕੇ ਆਇਆਂ ਤੇਰੇ ਲਈ...." ਉਹਦੀ ਗੱਲ ਸੁਣ ਕੇ ਮੇਰੇ ਸਾਹਮਣੇ ਗੁਰਦੇਵ ਨਗਰ ਵਾਲਾ ਘਰ ਸਕਾਰ ਹੋ ਗਿਆ... ਮੈਂ ਮੁਸਕਰਾਇਆ ਤੇ ਏਨਾ ਹੀ ਬੋਲਿਆ... "ਸੋਚ ਲੈਂਦੇ ਆਂ"... ਹੁਣ ਮਾਧੋਪੁਰੀ ਮੁਸਕਰਾਇਆ ਅਤੇ ਉਸਨੇ ਮੇਰਾ ਹੀ ਡਾਇਲਾਗ ਦੁਹਰਾਇਆ... "ਸੋਚਣਾ ਕੀ ਹੁੰਦੈ ਕਰਨਾ ਹੀ ਹੁੰਦੈ!... ਮੈਂ ਅਟਵਾਲ ਸਾਹਿਬ ਨਾਲ ਗੱਲ ਕਰ ਲੈਨਾਂ"... ਦੋ ਕੁ ਮਹੀਨੇ ਬਾਅਦ ਹੀ ਅਟਵਾਲ ਸਾਹਿਬ ਅਤੇ ਮੈਂ ਸਾਢੂ ਬਣ ਗਏ... 1986 ਤੋਂ 2025 ਤੱਕ ਦੇ ਲਗਪਗ ਚਾਲੀ ਸਾਲਾਂ ਦੇ ਆਪਣੇ ਸੰਬੰਧਾਂ ਤੇ ਨਜ਼ਰ ਮਾਰਦਾ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਬਹੁਤ ਸਾਰੀਆਂ ਸੰਸਥਾਵਾਂ ਵਿੱਚ ਵਿਚਰਦਿਆਂ, ਸਾਂਝੀਆਂ ਰਿਸ਼ਤੇਦਾਰੀਆਂ ਭੁਗਤਾਉਦਿਆਂ, ਸਟੇਜਾਂ ਸਾਂਝੀਆਂ ਕਰਦਿਆਂ ਵੀ ਸਾਡੇ ਦੋਹਾਂ ਵਿਚਕਾਰ ਕਦੇ ਸਾਢੂਆਂ ਵਾਲਾ ਸਾੜਾ ਨਹੀਂ ਪਨਪਿਆ। ਇਹ ਡਾਕਟਰ ਅਟਵਾਲ ਦੀ ਸ਼ਖ਼ਸੀਅਤ ਦਾ ਵਡੱਪਣ ਹੀ ਸੀ, ਕਿ ਉਸਨੇ ਮੈਨੂੰ ਹਮੇਸ਼ਾ ਆਪਣਾ ਛੋਟਾ ਭਰਾ ਹੀ ਸਮਝਿਆ ਸੀ...

ਲਾਇਲਪੁਰ ਖਾਲਸਾ ਕਾਲਜ ਵਿੱਚੋਂ 2012 ਵਿੱਚ ਸੇਵਾ ਮੁਕਤ ਹੋ ਕੇ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜਲੰਧਰ ਵਾਲੇ ਰਿਜ਼ਨਲ ਸੈਂਟਰ ਵਿੱਚ ਲੈਕਚਰਾਰ ਹੋ ਗਿਆ ਸੀ। ਜਿੱਥੇ ਲਗਭਗ ਅੱਠ ਸਾਲ ਤੱਕ ਉਸਨੇ ਸੇਵਾ ਨਿਭਾਈ ਤੇ ਫੇਰ ਬਲਬੀਰ ਪਰਵਾਨਾ ਵਲੋਂ "ਨਵਾਂ ਜ਼ਮਾਨਾ" ਦੀ ਸਾਹਿਤ ਸੰਪਾਦਨਾ ਛੱਡ ਜਾਣ ਉਪਰੰਤ ਉਹ ਆਪਣੇ ਪੁਰਾਣੇ ਦੋਸਤ ਗੁਰਮੀਤ ਦੀ ਸਲਾਹ ਉੱਤੇ ਹੀ "ਨਵਾਂ ਜ਼ਮਾਨਾ" ਦਾ ਸਾਹਿਤ ਸੰਪਾਦਕ ਬਣ ਗਿਆ ਸੀ। ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ ਵਿੱਚ ਪੂਰੀ ਤਰ੍ਹਾਂ ਤਨਦੇਹੀ ਨਾਲ ਜੁੱਟੇ

ਰਹਿਣਾ, "ਨਵਾਂ ਜ਼ਮਾਨਾ" ਦੇ ਸਾਹਿਤਕ ਅੰਕਾਂ ਅਤੇ ਵੈਬ ਚੈਨਲ ਨੂੰ ਪੂਰੀ ਇਕਾਗਰਤਾ ਨਾਲ ਅੱਗੇ ਵਧਾਉਣਾ ਉਸ ਦਾ ਆਦਰਸ਼ ਸੀ।

"ਨਵਾਂ ਜ਼ਮਾਨਾ" ਦੇ ਸਾਹਿਤਕ ਅੰਕਾਂ ਨੇ ਉਸ ਦੀ ਅਗਵਾਈ ਵਿੱਚ ਵੀ ਉਹ ਪਛਾਣ ਲਗਾਤਾਰ ਕਾਇਮ ਰੱਖੀ, ਜਿਸ ਲਈ ਸਾਹਿਤਕ ਹਲਕਿਆਂ ਵਿੱਚ "ਨਵਾਂ ਜ਼ਮਾਨਾ" ਹਮੇਸ਼ਾ ਜਾਣਿਆ ਜਾਂਦਾ ਰਿਹਾ ਹੈ।

ਮੈਂ ਗੱਲਾਂ ਹੀ ਗੱਲਾਂ ਵਿੱਚ ਕਈ ਵਾਰ ਉਸ ਨੂੰ ਮਜ਼ਾਕ ਕਰਦਾ- "ਅਟਵਾਲ ਸਾਹਿਬ ਮੇਰਾ ਕਰੀਅਰ ਜਿੱਥੋਂ ਸ਼ੁਰੂ ਹੋਇਆ ਸੀ, ਤੁਹਾਡਾ ਕਰੀਅਰ ਉਥੇ ਖਤਮ ਹੋਇਆ ਹੈ"! ਉਹ ਇਕਦਮ ਹੱਸਦਾ ਤੇ ਫਿਰ ਗੰਭੀਰ ਹੋ ਜਾਂਦਾ। ਹਾਸੇ ਵਿੱਚ ਵੀ ਗੰਭੀਰ ਬਣੇ ਰਹਿਣਾ ਉਸ ਦਾ ਸੁਭਾਅ ਸੀ। ਦੋਸਤੀਆਂ ਤੇ ਰਿਸ਼ਤੇਦਾਰੀਆਂ ਵਿੱਚ ਮੇਰੇ ਵੱਡੇ ਭਰਾ ਦੀ ਭੂਮਿਕਾ ਨਿਭਾਉਂਦਾ ਹੋਇਆ ਹਰਜਿੰਦਰ ਸਿੰਘ ਅਟਵਾਲ ਆਪਣੇ ਸਿਰੜ, ਸਹਿਜਤਾ ਅਤੇ ਸ਼ਾਲੀਨਤਾ ਕਰਕੇ ਹਮੇਸ਼ਾ ਮੇਰਾ ਪ੍ਰੇਰਨਾ ਸਰੋਤ ਰਿਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੀ 2023 ਵਾਲੀ ਚੋਣ ਤੋਂ ਪਹਿਲਾਂ ਮੈਂਬਰਸ਼ਿਪ ਦੀ ਸਕਰੂਟਨੀ ਦੇ ਵੰਗਾਰ ਭਰੇ ਕਾਰਜ ਨੂੰ ਜਿੰਨੀ ਕੁਸ਼ਲਤਾ ਅਤੇ ਨਿਰਪੱਖਤਾ ਨਾਲ ਉਸ ਨੇ ਨੇਪਰੇ ਚਾੜ੍ਹਿਆ ਸੀ, ਉਹ ਉਸ ਦਾ ਅਤਿ ਸ਼ਲਾਘਾਯੋਗ ਕਾਰਜ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀਆਂ ਚੋਣਾਂ ਵਿੱਚ, ਜਿਸ ਉਮਾਹ ਤੇ ਉਤਸ਼ਾਹ ਨਾਲ ਅਸੀਂ ਦੋਵੇਂ ਇੱਕ ਦੂਸਰੇ ਦੇ ਪੂਰਕ ਬਣਦੇ ਰਹੇ, ਉਸ ਦੀ ਵੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਉਸਦੇ ਚਲੇ ਜਾਣ ਨਾਲ ਜਿੱਥੇ ਅਗਾਹ-ਵਧੂ ਸਾਹਿਤਕ ਅਤੇ ਜਥੇਬੰਦਕ ਹਲਕਿਆਂ ਨੂੰ ਵੱਡਾ ਘਾਟਾ ਪਿਆ ਹੈ, ਉੱਥੇ ਮੇਰੇ ਲਈ ਨਿੱਜੀ ਤੌਰ ਤੇ ਵੀ ਇਹ ਘਾਟਾ ਅਸਹਿ ਤੇ ਅਕਹਿ ਹੈ।

# ਅਨੁਵਾਦਿਤ

# ਸਾਹਿਤ

## ਖ਼ਲੀਲ ਜਿਬਰਾਨ


ਮੂਲ ਲੇਖਕ
ਖ਼ਲੀਲ ਜਿਬਰਾਨ


ਅਨੁਵਾਦਕ
ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ
001-604-369-2371

ਖ਼ਲੀਲ ਜਿਬਰਾਨ 19 ਵੀਂ ਦਾ ਮਹਾਨ ਸਾਹਿਤਕਾਰ, ਚਿੰਤਕ ਅਤੇ ਚਿੱਤਰਕਾਰ ਸੀ। ਜਿਸ ਸਹਿਜ ਨਾਲ ਉਹ ਸਾਹਿਤਕ ਸਿਰਜਣਾ ਕਰਦਾ ਸੀ, ਉਸੇ ਸਹਿਜਤਾ ਦਾ ਪੱਲਾ ਫੜਕੇ ਉਹ ਦਾਰਸ਼ਨਿਕ ਵਿਚਾਰਾਂ ਨੂੰ ਆਮ ਲੋਕਾਂ ਦੀ ਸਮਝ ਆ ਜਾਣ ਵਾਲੀ ਭਾਸ਼ਾ ਵਿਚ ਗੁੱਝੀਆਂ ਰਮਜ਼ਾਂ ਸਮਝਾ ਦਿੰਦਾ ਸੀ। ਕਲਮ ਛੱਡ ਕੇ ਉਹ ਜਦੋਂ ਆਪਣੇ ਬਰੁਸ਼ ਨੂੰ ਰੰਗਾਂ ਨਾਲ ਛੋਹ ਕੇ ਕੈਨਵਸ 'ਤੇ ਕੁਝ ਚਿਤਰਦਾ, ਤਾਂ ਤਸਵੀਰਾਂ ਆਪਣੀ ਕਹਾਣੀ ਆਪ ਸੁਣਾਉਂਦੀਆਂ ਜਾਪਦੀਆਂ। ਉਸ ਨੇ ਕਵਿਤਾ ਵੀ ਲਿਖੀ, ਕਹਾਣੀਆਂ ਵੀ ਅਤੇ ਨਾਵਲ ਵੀ। ਉਹ ਜਦੋਂ ਵਾਰਤਕ ਲਿਖਦਾ, ਤਾਂ ਉਸ ਵਿਚੋਂ ਵੀ ਕਵਿਤਾ ਝਲਕਦੀ ਹੈ।

ਉਸ ਨੇ ਕੁੱਲ 25 ਪੁਸਤਕਾਂ ਦੀ ਰਚਨਾ ਕੀਤੀ। ਭਾਵੇਂ ਉਸ ਦੀਆਂ ਸਾਰੀਆਂ ਪੁਸਤਕਾਂ ਨੂੰ ਹੀ ਭਰਪੂਰ ਹੁੰਗਾਰਾ ਮਿਲਿਆ, ਪਰ 'ਦਾ ਪਰੋਫ਼ਿਟ' ਉਸਦੀ ਵਿਸ਼ਵ ਪ੍ਰਸਿੱਧ ਪੁਸਤਕ ਹੈ, ਜੋ ਉਸ ਨੇ 1823 ਵਿਚ ਲਿਖੀ। ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ 26 ਵਿਸ਼ਿਆਂ 'ਤੇ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਸੰਬੰਧੀ ਦਾਰਸ਼ਨਿਕ ਵਿਚਾਰ ਪ੍ਰਗਟਾਏ ਗਏ ਹਨ। ਹੁਣ ਤੱਕ ਇਸ ਪੁਸਤਕ ਦੇ ਸੌ ਤੋਂ ਵੱਧ ਅਨੁਵਾਦ ਹੋ ਚੁੱਕੇ ਹਨ ਅਤੇ ਇਕ ਅੰਦਾਜ਼ੇ ਅਨੁਸਾਰ ਇਸ ਦੀਆਂ ਇਕ ਕਰੋੜ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ. ਦੁਨੀਆਂ ਦੀਆਂ ਜਿਹੜੀਆਂ ਦਸ ਕਿਤਾਬਾਂ ਦਾ ਸਭ ਤੋਂ ਵੱਧ ਅਨੁਵਾਦ ਹੋਇਆ ਹੈ, 'ਦਾ ਪਰੋਫਿਟ ' ਉਹਨਾਂ ਵਿਚੋਂ ਇਕ ਹੈ। ਇਸ ਦੀ ਵਾਰਤਕ ਕਾਵਿ ਮਈ ਸ਼ੈਲੀ ਵਾਲੀ ਹੈ। ਇਸ ਪੁਸਤਕ ਵਿੱਚੋਂ ਕੁੱਝ ਅੰਸ਼ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ-**ਅਨੁਵਾਦਕ**

## ਜਹਾਜ਼ ਦਾ ਆਉਣਾ

ਅਲਮੁਸਤਫ਼ਾ ਸੀ ਇੱਕ ਖਾਸ ਇਨਸਾਨ, ਸਭ ਦਾ ਚਹੇਤਾ ਅਤੇ ਚੜ੍ਹਦੇ ਸੂਰਜ ਦੀ ਲਾਲੀ ਵਰਗਾ। ਉਸਨੇ ਓਰਫਲੀਸ ਸ਼ਹਿਰ ਵਿਚ ਆਪਣੇ ਜਹਾਜ਼ ਦਾ ਕੀਤਾ ਸੀ ਇੰਤਜ਼ਾਰ ਬਾਰਾਂ ਸਾਲ, ਜਿਸ ਨੇ ਉਸ ਨੂੰ ਵਾਪਿਸ ਸੀ ਲੈ ਕੇ ਜਾਣਾ ਉਸਦੇ ਜਨਮ ਸਥਾਨ। ਬਾਹਰਵੇਂ ਸਾਲ, ਫਸਲਾਂ ਦੀ ਵਾਢੀ ਵਾਲੇ ਮਹੀਨੇ ਦੇ ਸੱਤਵੇਂ ਦਿਨ, ਜਦੋਂ ਉਸ ਨੇ ਚਾਰ-ਦੀਵਾਰੀ ਤੋਂ ਸੱਖਣੇ ਸ਼ਹਿਰ ਦੀ ਪਹਾੜੀ' ਤੇ ਚੜ੍ਹ ਕੇ ਦੇਖਿਆ ਸਮੁੰਦਰ ਵੱਲ, ਜਿਸ ਜਹਾਜ਼ ਦਾ ਉਹ ਤੱਕਦਾ ਸੀ ਰਾਹ, ਧੁੰਦ ਨੂੰ ਚੀਰਦਾ ਉਹ ਰਿਹਾ ਸੀ ਆ। ਉਸਦੇ ਦਿਲ ਦੇ ਦਰਵਾਜ਼ੇ ਗਏ ਖੁਲ੍ਹ, ਉਸਦਾ ਦਿਲ ਇਕ ਅਕਿਹ ਖੇੜੇ ਵਿਚ ਆ ਸਮੁੰਦਰ ਦੇ ਉੱਪਰ ਦੂਰ-ਦੂਰ ਤੱਕ ਲੱਗਿਆ ਲਾਉਣ ਉਡਾਰੀਆਂ। ਉਸਨੇ ਆਪਣੀਆਂ ਅੱਖਾਂ ਕੀਤੀਆਂ ਬੰਦ ਅਤੇ ਆਪਣੀ ਰੂਹ ਦੀ ਸ਼ਾਂਤੀ

ਵਿਚ ਹੋ ਲੀਨ ਕੀਤੀ ਅਰਦਾਸ। ਪਰ ਪਹਾੜੀ ਤੋਂ ਉਤਰਦੇ ਹੋਏ, ਉਹ ਉਦਾਸੀ ਦੇ ਆਲਮ ਵਿਚ ਰਿਹਾ ਸੀ ਸੋਚ, ਕਿਵੇਂ ਜਾਏਗਾ ਇਥੋਂ ਸ਼ਾਂਤ ਚਿੱਤ ਅਤੇ ਬਿਨਾਂ ਉਦਾਸ ਹੋਏ? ਕੀ ਉਹ ਛੱਡ ਸਕੇਗਾ ਇਹ ਸ਼ਹਿਰ ਆਪਣੀ ਰੂਹ ਦੇ ਜ਼ਖ਼ਮੀ ਹੋਣ ਤੋਂ ਬਗੈਰ? ਇਸ ਸ਼ਹਿਰ ਦੀ ਚਾਰ-ਦੀਵਾਰੀ ਵਿਚ ਮੈਂ ਬਿਤਾਏ ਹਨ ਕਈ ਦੁਖਾਂ ਭਰੇ ਦਿਨ, ਇਕੱਲੇ ਨੇ ਹੀ ਬਿਤਾਈਆਂ ਹਨ ਰਾਤਾਂ ਕਈ ਅਤੇ ਕੌਣ ਹੈ ਜੋ ਆਪਣੇ ਦਰਦ ਅਤੇ ਇਕੱਲਤਾ ਤੋਂ ਦੂਰ ਜਾਣ ਵੇਲੇ ਨਾ ਹੋਵੇ ਉਦਾਸ? ਇਥੋਂ ਦੀਆਂ ਗਲੀਆਂ ਵਿਚ ਮੈਂ ਆਪਣੀ ਰੂਹ ਦੇ ਕਈ ਮਣਕੇ ਨੇ ਬਿਖੇਰੇ ਅਤੇ ਮੇਰੀਆਂ ਆਸਾਂ, ਇੱਛਾਵਾਂ ਇਹਨਾਂ ਪਹਾੜਾਂ ਵਿਚ ਹਨ ਵਸੀਆਂ। ਮੈਂ ਦਿਲ ਦੀ ਚੀਸ ਅਤੇ ਭਰੇ ਮਨ ਤੋਂ ਬਿਨਾਂ ਨਹੀਂ ਜਾ ਸਕਦਾ ਇਹਨਾਂ ਤੋਂ ਦੂਰ। ਇਹ ਮੇਰੀ ਪੁਸ਼ਾਕ ਤਾਂ ਨਹੀਂ ਜਿਸ ਨੂੰ ਮੈਂ ਅੱਜ ਉਤਾਰ ਕੇ ਦੇਵਾਂ ਸੁੱਟ। ਇਹ ਤਾਂ ਹੈ ਆਪਣੀ ਚਮੜੀ ਆਪਣੇ ਹੀ ਹੱਥਾਂ ਨਾਲ ਉਚੇੜ ਕੇ ਸੁੱਟਣ ਵਰਗੀ ਗੱਲ। ਇਥੋਂ ਜਾਣ ਵੇਲੇ ਮੈਂ ਆਪਣੇ ਖਿਆਲ ਨਹੀਂ ਆਪਣਾ ਧੜਕਦਾ ਦਿਲ ਛੱਡ ਕੇ ਰਿਹਾ ਹਾਂ ਜਾ, ਜੋ ਹੈ ਭੁੱਖ ਅਤੇ ਪਿਆਸ ਦੀ ਮਿਠਾਸ ਨਾਲ ਭਰਪੂਰ। ਹੁਣ ਇਥੇ ਮੈਂ ਰੁਕ ਵੀ ਨਹੀਂ ਸਕਦਾ ਹੋਰ। ਜਿਹੜਾ ਸਮੁੰਦਰ ਆਪਣੇ ਵੱਲ ਹਰ ਚੀਜ਼ ਨੂੰ ਬੁਲਾਏ, ਉਹ ਮੈਨੂੰ ਵੀ ਰਿਹੈ ਬੁਲਾ, ਮੈਨੂੰ ਜਾਣਾ ਹੀ ਪਏਗਾ। ਜੇ ਮੈਂ ਇਥੇ ਰੁਕਿਆ ਹੋਰ ਤਾਂ ਸਮੇਂ ਦੀ ਲਾਟ ਨਾਲ ਕਿਸੇ ਸੰਚੇ ਵਿਚ ਢਲ ਕੇ ਬਣ ਜਾਵਾਂਗਾ ਇਕ ਕੱਚ ਦਾ ਟੁਕੜਾ )ਭਾਵ ਮੈਂ ਮਾਨਸਿਕ ਤੌਰ ਤੇ ਇਕ ਬੇਜਾਨ ਪੱਥਰ ਦੀ ਤਰਾਂ ਹੋ ਜਾਂਵਾਂ ਗਾ(। ਮੈਂ ਇਥੋਂ ਜੋ ਵੀ ਚਾਹਵਾਂ ਖੁਸ਼ੀ-ਖੁਸ਼ੀ ਲੈ ਕੇ ਸਕਦਾ ਹਾਂ ਆਪਣੇ ਨਾਲ। ਪਰ ਮੈਂ ਇਹ ਕਿਵੇਂ ਕਰ ਸਕਾਂਗਾ? ਆਵਾਜ਼, ਜਿਸ ਨੂੰ ਮਿਲੇ ਜੀਭ ਅਤੇ ਬੁੱਲ੍ਹਾ ਤੋਂ ਉੱਡਣ ਦੀ ਸ਼ਕਤੀ, ਉਹ ਇਹਨਾਂ ਨੂੰ ਨਾ ਲੈ ਕੇ ਜਾ ਸਕੇ ਆਪਣੇ ਨਾਲ ਉਡਾ)ਬੁਲ ਅਤੇ ਜੀਭ ਭਾਵੇਂ ਅਵਾਜ਼ ਨੂੰ ਜਨਮ ਦਿੰਦੇ ਹਨ, ਪਰ ਤਾਂ ਵੀ ਅਵਾਜ਼ ਮੂੰਹ ਵਿਚੋਂ ਨਿਕਲਣ ਸਮੇਂ ਇਹਨਾਂ ਨੂੰ ਆਪਣੇ ਨਾਲ ਲੈ ਕੇ ਨਾ ਜਾ ਸਕੇ(। ਆਵਾਜ਼ ਨੂੰ ਤਾਂ ਵਿਸ਼ਾਲ ਖਲਾਅ ਵਿਚ ਰਹਿਣਾ ਪਏ ਇਕੱਲੇ ਹੀ। ਉਕਾਬ)ਚੀਲ (ਨੂੰ ਵੀ ਤਾਂ ਇਕੱਲੇ ਹੀ ਆਪਣੇ ਆਲ੍ਹਣੇ ਤੋਂ ਬਗੈਰ ਮਾਰਨੀ ਪਏ ਸੂਰਜ ਵੱਲ ਉਡਾਰੀ। ਪਹਾੜੀ ਤੋਂ ਹੇਠਾਂ ਆ, ਉਸਨੇ ਸਮੁੰਦਰ ਵੱਲ ਮੁੜ ਕੇ ਦੇਖਿਆ ਦੁਬਾਰਾ, ਉਸਦਾ ਜਹਾਜ਼ ਬੰਦਰਗਾਹ ਵੱਲ ਰਿਹਾ ਸੀ ਆ ਅਤੇ ਉਸ ਵਿਚ ਬੈਠੇ ਸੀ ਉਸਦੇ ਆਪਣੇ ਦੇਸ਼ ਦੇ ਮੁਹਾਣੇ ਅਤੇ ਮਲਾਹ। ਉਸਦੀ ਆਤਮਾ ਰੋ ਕੇ ਉਹਨਾਂ ਮਲਾਹਾਂ ਤੱਕ ਪਹੁੰਚੀ ਜੋ ਰਹੀ ਸੀ ਕਹਿ :ਮੇਰੇ ਜਨਮਾਂ-ਜਨਮਾਂ ਦੇ ਮਾਂ ਜਾਇਓ, ਸਮੁੰਦਰੀ ਛੱਲਾਂ ਦੇ ਸਵਾਰੋ, ਤੁਸੀਂ ਮੇਰੇ ਸੁਪਨਿਆਂ ਵਿਚ ਅਕਸਰ ਹੀ ਸੀ ਜਾਂਦੇ ਆ। ਹੁਣ ਤੁਸੀਂ ਹੋ ਮੇਰੇ ਸਾਹਮਣੇ ਖੜੇ, ਜੋ ਮੇਰੇ ਸੁਪਨਿਆਂ ਵਿਚ ਸੀ ਸਮਾਏ।

ਮੈਂ ਜਾਣ ਲਈ ਹਾਂ ਤਿਆਰ। ਇਸ ਹਵਾ ਵਿਚ ਮੈਂ ਸਾਹ ਲਵਾਂਗਾ ਕੁਝ ਹੋਰ, ਪਿੱਛੇ ਵੱਲ ਇਕ ਪਿਆਰੀ ਜਿਹੀ ਮਾਰਾਂਗਾ ਝਾਤ ਅਤੇ ਫੇਰ ਮੈਂ ਖੜਾ ਹੋਵਾਂਗੇ ਤੁਹਾਡੇ ਨਾਲ, ਸਮੁੰਦਰੀ ਮੁਸਾਫ਼ਰਾਂ ਨਾਲ ਇਕ ਸਮੁੰਦਰੀ ਮੁਸਾਫ਼ਰ ਹੋਰ। ਤੂੰ, ਇਕ ਵਿਸ਼ਾਲ ਸਮੁੰਦਰ, ਹੈਂ ਇੱਕ ਉਹ ਮਾਂ ਜੋ ਕਦੇ ਨਹੀਂ ਸੌਂਦੀ) ਭਾਵ ਮਾਂ, ਬੱਚਿਆਂ ਨੂੰ ਸਾਂਭਦੀ ਹੋਈ ਆਪ ਜਾਗਦੀ ਹੀ ਰਹਿੰਦੀ ਹੈ(। ਜੋ ਇੱਕਲਾ ਹੀ ਦਰਿਆਵਾਂ ਅਤੇ ਝਰਨਿਆਂ ਨੂੰ ਸ਼ਾਂਤੀ ਅਤੇ ਅਜ਼ਾਦੀ ਦੇਵੇਂ)ਭਾਵ ਆਪਣੇ ਵਿਚ ਮਿਲਾ ਲੈਂਦਾ ਹੈਂ( । ਚਸ਼ਮੇ ਦਾ ਇੱਕ ਹੋਰ ਮੋੜ ਹੈ ਬਾਕੀ। ਉਸ ਤੋਂ ਬਾਅਦ ਮੈਂ ਤੇਰੇ ਨਾਲ ਹੀ ਚਲਾਂ ਗਾ ਜਿਵੇਂ ਇੱਕ ਅਮੁਕ)ਜੋ ਕਦੇ ਖ਼ਤਮ ਨਾ ਹੋਵੇ ( ਬੂੰਦ ਕਿਸੇ ਅਮੁਕ ਸਾਗਰ ਦੇ ਨਾਲ। ਜਿਵੇਂ ਹੀ ਉਹ ਚਲਿਆ, ਉਸ ਨੇ ਦੂਰੋਂ ਦੇਖਿਆ, ਅੰਗੂਰ ਦੇ ਖੇਤਾਂ ਵਿਚ ਕੰਮ ਕਰਦੇ ਲੋਕ ਆਪਣਾ-ਆਪਣਾ ਕੰਮ ਛੱਡ ਤੇਜੀ ਨਾਲ ਸ਼ਹਿਰ ਦੇ ਮੁੱਖ ਦਰਵਾਜ਼ਿਆਂ ਵੱਲ ਰਹੇ ਸਨ ਆ ਅਤੇ ਲੋਕ ਉਸਦਾ ਨਾਂ ਲੈ ਕੇ ਆਵਾਜ਼ਾਂ ਰਹੇ ਸੀ ਮਾਰ ਅਤੇ ਇਕ ਖੇਤ ਤੋਂ ਦੂਜੇ ਖੇਤਾਂ ਵਿਚ ਕੰਮ ਕਰ ਰਿਹਾਂ ਨੂੰ ਉਸਦੇ ਜਹਾਜ਼ ਆਉਣ ਬਾਰੇ ਰਹੇ ਸੀ ਦੱਸ। ਉਸਨੇ ਆਪਣੇ-ਆਪ ਨੂੰ ਕਿਹਾ :ਕੀ ਜੁਦਾਈ ਦਾ ਦਿਨ ਇਕੱਠੇ ਹੋਣ ਦਾ ਦਿਨ ਵੀ ਹੋਵੇਗਾ ਅਤੇ ਕੀ ਮੇਰੀ ਸ਼ਾਮ ਹੀ ਅਸਲ ਵਿਚ ਹੋਵੇਗੀ ਮੇਰੀ ਸਵੇਰ? ਮੈਂ ਉਸਨੂੰ ਕੀ ਦੇਵਾਂ ਜੋ ਆਪਣਾ ਹਲ ਵਿਚ ਹੀ ਛੱਡ ਆਇਆ ਜਾਂ ਉਸਨੂੰ ਜਿਸ ਨੇ ਆਪਣੀ ਸ਼ਰਾਬ ਕੱਢਣ ਵਾਲੀ ਮਸ਼ੀਨ ਨੂੰ ਲਿਆ ਹੈ ਰੋਕ? ਕੀ ਮੇਰਾ ਦਿਲ ਫ਼ਲਾਂ ਨਾਲ ਲੱਦੇ ਉਸ ਰੁੱਖ ਵਾਂਗ ਜਾਵੇਗਾ ਹੋ ਜਿਸ ਦੇ ਫਲ ਇਹਨਾਂ ਨੂੰ ਵੰਡਦੇ ਜਾਵਾਂਗਾ?ਕੀ ਮੇਰੀਆਂ ਇੱਛਾਵਾਂ ਫੁਹਾਰੇ ਦੀ ਤਰਾਂ ਵਹਿਣ ਜਿੰਨਾਂ ਨਾਲ ਮੈਂ ਭਰ ਦਿਆਂ ਉਹਨਾਂ ਦੇ ਗਲਾਸ? ਕੀ ਮੈਂ ਹਾਂ ਉਹ ਸਾਜ਼ ਜਿਸ ਨੂੰ ਉਸ ਸ਼ਕਤੀਸ਼ਾਲੀ ਦੇ ਹੱਥਾਂ ਦੀ ਛੋਹ ਹੀ ਸਕੇ ਟੁਣਕਾਰ ਜਾਂ ਉਹ ਬੰਸਰੀ ਜਿਸ ਰਾਹੀਂ ਉਸਦੀ ਫੂਕ ਮੇਰੇ ਅੰਦਰੋਂ ਜਾਵੇ ਲੰਘ? ਮੈਂ ਚੁੱਪ ਹਾਂ ਰਹਿਣਾ ਚਾਹੁੰਦਾ ਅਤੇ ਚੁੱਪ ਵਿਚੋਂ ਲੱਭਿਆ ਹੈ ਮੈਂ ਖਜ਼ਾਨਾ ਜਿਹੜਾ, ਉਹ ਪੂਰੇ ਵਿਸ਼ਵਾਸ ਨਾਲ ਦੇਵਾਂ ਵੰਡ? ਜੇ ਇਹ ਮੇਰੇ ਲਈ ਹੈ ਵਾਢੀ ਦਾ ਦਿਨ ਤਾਂ ਮੈਂ ਕਿਹੜੇ ਖੇਤ, ਕਿਹੜੇ ਮੌਸਮ ਵਿਚ ਬੀਜੇ ਸੀ ਬੀਜ ਜੋ ਯਾਦ ਨਹੀਂ ਮੈਨੂੰ? ਜੇ ਅਸਲ ਵਿਚ ਇਹ ਉਹ ਸਮਾਂ ਹੈ ਜਿਸ ਵਿਚ ਮੈਂ ਚੁੱਕੀ ਹੈ ਆਪਣੀ ਲਾਲਟੈਣ)ਰੌਸ਼ਨੀ ਲਈ(, ਇਹ ਮੇਰੀ ਬੱਤੀ ਨਹੀਂ ਜੋ ਉਸ ਵਿਚ ਰਹੀ ਹੈ ਜਗ। ਮੈਂ ਆਪਣੀ ਖਾਲੀ ਅਤੇ ਬੁਝੀ ਲਾਲਟੈਣ ਨੂੰ ਹੀ ਚੁੱਕਾਂਗਾ ਉੱਪਰ। ਰਾਤ ਦਾ ਰਖਵਾਲਾ ਹੀ ਪਾਏਗਾ ਤੇਲ ਇਸ ਵਿਚ ਅਤੇ ਉਹੀ ਜਗਾਏਗਾ ਇਸ ਨੂੰ। ਇਹ ਸ਼ਬਦ ਤਾਂ ਉਸ ਨੇ ਦਿੱਤੇ ਬੋਲ, ਪਰ ਉਸ ਦੇ ਦਿਲ ਵਿਚ ਬਹੁਤ ਕੁਝ ਰਹਿ ਗਿਆ ਅਣਕਿਹਾ। ਉਹ ਆਪਣੇ ਦਿਲ ਦੀਆਂ ਡੂੰਘੀਆਂ ਗੱਲਾਂ ਆਪ ਹੀ ਨਾ ਸਕਿਆ ਕਹਿ। ਜਦੋਂ

ਉਹ ਸ਼ਹਿਰ ਦੇ ਅੰਦਰ ਹੋਇਆ ਦਾਖਲ ਸਾਰੇ ਲੋਕ ਉਸ ਨੂੰ ਮਿਲਣ ਗਏ ਆ ਅਤੇ ਉਹ ਸਾਰੇ ਚੀਕਾਂ ਰਹੇ ਸੀ ਮਾਰ, ਇਕ ਹੀ ਆਵਾਜ਼ ਵਿਚ। ਸ਼ਹਿਰ ਦੇ ਕੁਝ ਸਿਆਣੇ ਆਏ ਅੱਗੇ ਅਤੇ ਕਹਿਣ ਲੱਗੇ :ਅਜੇ ਨਾ ਜਾਓ ਸਾਡੇ ਤੋਂ ਦੂਰ। ਤੁਸੀਂ ਸਾਡੀ ਜ਼ਿੰਦਗੀ ਦੀ ਢਲਦੀ ਸ਼ਾਮ ਦੇ ਸਮੇਂ ਸਾਨੂੰ ਬਖਸ਼ੀ ਚੜ੍ਹਦੇ ਸੂਰਜ ਦੀ ਰੌਸ਼ਨੀ ਅਤੇ ਤੁਹਾਡੀ ਜਵਾਨੀ ਨੇ ਸਾਨੂੰ ਸੁਪਨੇ ਦਿੱਤੇ। ਤੁਸੀਂ ਸਾਡੇ ਲਈ ਨਹੀਂ ਬੇਗਾਨੇ, ਨਾ ਹੀ ਹੋ ਮਹਿਮਾਨ। ਸਾਡੇ ਲਈ ਹੋ ਸਾਡੇ ਬੱਚਿਆਂ ਵਾਂਗ ਪਿਆਰੇ। ਸਾਡੀਆਂ ਅੱਖਾਂ ਤਰਸ ਨਾ ਜਾਣ ਦੇਖਣ ਲਈ ਤੁਹਾਡਾ ਚਿਹਰਾ। ਪੁਜਾਰੀ ਅਤੇ ਪੁਜਾਰਨ ਨੇ ਉਸ ਨੂੰ ਕਿਹਾ :ਇਹ ਸਮੁੰਦਰ ਦੀਆਂ ਛੱਲਾਂ ਸਾਨੂੰ ਆਪਸ ਵਿਚ ਕਰ ਨਾ ਦੇਣ ਅਲੱਗ ਅਤੇ ਜੋ ਸਮਾਂ ਤੂੰ ਸਾਡੇ ਨਾਲ ਹੈ ਬਿਤਾਇਆ ਉਹ ਨਾ ਜਾਏ ਰਹਿ ਕਿਤੇ ਇਕ ਯਾਦ ਬਣ। ਤੂੰ ਸਾਡੇ ਵਿਚਕਾਰ ਰਿਹਾ ਸਾਡੀ ਰੂਹ ਦੀ ਤਰਾਂ ਅਤੇ ਤੇਰਾ ਪਰਛਾਵਾਂ ਸੀ ਸਾਡੇ ਚਿਹਰੇ ਦੀ ਰੌਸ਼ਨੀ। ਅਸੀਂ ਤੈਨੂੰ ਕੀਤਾ ਹੈ ਬਹੁਤ ਪਿਆਰ, ਪਰ ਸਾਡਾ ਪਿਆਰ ਸੀ ਗੁੱਝਾ ਅਤੇ ਲਿਪਟਿਆ ਹੋਇਆ ਕਈ ਪਰਦਿਆਂ ਵਿਚ। ਹੁਣ ਇਹ ਉੱਚੀ-ਉੱਚੀ ਰਿਹਾ ਹੈ ਰੋ ਤੇਰੇ ਲਈ ਅਤੇ ਤੇਰੇ ਸਾਹਮਣੇ ਇਸਦਾ ਇਜ਼ਹਾਰ ਵੀ ਰਿਹਾ ਹੈ ਹੋ। ਇਹ ਸਦਾ ਤੋਂ ਹੀ ਹੈ ਹੋ ਰਿਹਾ ਕਿ ਪਿਆਰ ਨੂੰ ਵੀ ਆਪਣੀ ਡੂੰਘਾਈ ਦਾ ਨਾ ਲੱਗੇ ਪਤਾ ਜਦੋਂ ਤੱਕ ਵੱਖ ਹੋਣ ਦਾ ਸਮਾਂ ਨਾ ਜਾਵੇ ਆ। ਹੋਰ ਲੋਕ ਵੀ ਉਸ ਕੋਲ ਗਏ ਆ, ਪਰ ਉਸ ਤੋਂ ਕੁਝ ਨਾ ਕਿਹਾ ਗਿਆ। ਉਸ ਨੇ ਸਿਰਫ ਆਪਣਾ ਸਿਰ ਹੀ ਮੋੜਿਆ ਅਤੇ ਜੋ ਖੜੇ ਸੀ ਉਸ ਕੋਲ ਉਹਨਾਂ ਦੇਖਿਆ ਉਸਦੇ ਹੰਝੂ ਰਹੇ ਸੀ ਉਸਦੀ ਛਾਤੀ' ਤੇ ਡਿੱਗ। ਉਹ ਅਤੇ ਹੋਰ ਲੋਕ ਮੰਦਰ ਦੇ ਬਾਹਰ ਵੱਡੇ ਮੈਦਾਨ ਵੱਲ ਪਏ ਚਲ। ਅਲਮਿੱਤਰਾ ਨਾਂ ਦੀ ਔਰਤ ਮੰਦਰ ਤੋਂ ਬਾਹਰ ਆਈ ਜੋ ਸੀ ਦਿੱਬ-ਦ੍ਰਿਸ਼ਟੀ) ਦੂਰ ਦੀ ਸੋਚਣ ਵਾਲੀ (ਵਾਲੀ। ਉਸ)ਅਲਮੁਸਤਫ਼ਾ (ਨੇ ਅਲਮਿੱਤਰਾ ਵੱਲ ਬੜੀ ਹੀ ਨਿਮਰਤਾ ਨਾਲ ਦੇਖਿਆ। ਇਹ ਉਹੀ ਸੀ ਜੋ ਸਭ ਤੋਂ ਪਹਿਲਾਂ ਅਲਮੁਸਤਫ਼ਾ ਨੂੰ ਇਸ ਸ਼ਹਿਰ ਵਿਚ ਸੀ ਮਿਲੀ, ਜਿਸ ਨੇ ਉਸਦੀ ਆਤਮਾ ਨੂੰ ਸੀ ਪਹਿਚਾਣਿਆ ਅਤੇ ਉਸ ਤੇ ਕੀਤਾ ਸੀ ਵਿਸ਼ਵਾਸ, ਜਦੋਂ ਉਸ ਨੂੰ ਇਸ ਸ਼ਹਿਰ ਵਿਚ ਆਏ ਅਜੇ ਹੋਇਆ ਸੀ ਇਕ ਹੀ ਦਿਨ। ਅਲਮਿੱਤਰਾ ਨੇ ਅਲਮੁਸਤਫ਼ਾ ਦੀ ਪ੍ਰਸੰਸਾ ਕਰਦੇ ਕਿਹਾ :ਓ ਰੱਬ ਦੇ ਪੈਗੰਬਰ, ਸਦੀਵੀ ਸੱਚ ਨੂੰ ਲੱਭਣ ਲਈ ਨਿਕਲੇ ਖੋਜੀ, ਤੁਸੀਂ ਬਹੁਤ ਦੇਰ ਤੋਂ ਆਪਣੇ ਜਹਾਜ਼ ਦੀ ਕਰ ਰਹੇ ਸੀ ਉਡੀਕ। ਹੁਣ ਤੁਹਾਡਾ ਜਹਾਜ਼ ਗਿਆ ਹੈ ਆ, ਤੁਹਾਨੂੰ ਜਾਣਾ ਹੀ ਹੈ ਚਾਹੀਦਾ। ਤੁਹਾਡੇ ਦਿਲ ਵਿਚ ਤੁਹਾਡੀਆਂ ਯਾਦਾਂ ਦੀ ਧਰਤੀ ਦੀ ਚਾਹਤ ਬਹੁਤ ਹੈ ਤੇਜ਼। ਸਾਡਾ ਪਿਆਰ ਤੁਹਾਡੇ ਜਾਣ ਦੇ ਰਾਹ ਵਿਚ ਨਹੀਂ ਬਣੇਗਾ ਰੋਕ। ਸਾਡਾ ਪਿਆਰ ਅਤੇ ਸਾਡੀਆਂ

ਜ਼ਰੂਰਤਾਂ ਵੀ ਨਹੀਂ ਸਕਦੀਆਂ ਰਾਹ ਤੁਹਾਡਾ ਰੋਕ। ਫੇਰ ਵੀ ਤੁਹਾਡੇ ਜਾਣ ਤੋਂ ਪਹਿਲਾਂ ਚਾਹੁੰਦੇ ਹਾਂ ਅਸੀਂ ਕਿ ਤੁਸੀਂ ਕਰੋ ਸਾਡੇ ਨਾਲ ਗੱਲਬਾਤ ਅਤੇ ਜ਼ਿੰਦਗੀ ਦੀਆਂ ਸੱਚਾਈਆਂ ਬਾਰੇ ਸਾਨੂੰ ਕੁਝ ਰੋਸ਼ਨੀ ਪਾਓ ਜ਼ਰੂਰ, ਜੋ ਅਸੀਂ ਦੱਸਾਂਗੇ ਆਪਣੇ ਬੱਚਿਆਂ ਨੂੰ ਅਤੇ ਉਹ ਆਪਣੇ ਬੱਚਿਆਂ ਨੂੰ, ਤਾਂ ਜੋ ਇਹ ਹੋ ਨਾ ਜਾਣ ਖਤਮ ਹਮੇਸਾਂ-ਹਮੇਸਾਂ ਲਈ। ਤੁਸੀਂ ਆਪਣੀ ਇਕੱਲਤਾ ਵਿਚ ਦੇਖੇ ਨੇ ਸਾਡੇ ਦਿਨ ਅਤੇ ਆਪਣੇ ਹੋਸ਼-ਹਵਾਸ ਵਿਚ ਸਾਡੇ ਸੁਤਿੱਆਂ ਦੇ ਰੋਣ, ਹਾਸਿਆਂ ਨੂੰ ਹੈ ਸੁਣਿਆ। ਇਸ ਲਈ ਹੁਣ ਸਾਨੂੰ ਸਾਡੇ ਬਾਰੇ ਦੱਸੋ। ਸਾਨੂੰ ਸਭ ਕੁਝ ਦੱਸੋ ਕਿ ਜਨਮ ਅਤੇ ਮੌਤ ਦੇ ਵਿਚਕਾਰ ਹੁੰਦਾ ਹੈ ਕੀ। ਅਲਮੁਸਤਫ਼ਾਰ ਨੇ ਜੁਆਬ ਦਿੱਤਾ : ਓਰਫ਼ਲੀਸ ਦੇ ਲੋਕੋ !ਮੈਂ ਤੁਹਾਨੂੰ ਦੱਸਾਂ ਕੀ? ਇਸ ਸਮੇਂ ਜੋ ਵੀ ਤੁਹਾਡੇ ਦਿਮਾਗ)ਤੁਹਾਡੀ ਆਤਮਾ (ਵਿਚ ਰਿਹਾ ਹੈ ਘੁੰਮ, ਉਸ ਨੂੰ ਰੱਖਣਾ ਸਾਂਭ।

1. **ਪਿਆਰ** ਬਾਰੇ ਫੇਰ ਅਲਮਿੱਤਰਾ ਨੇ ਕਿਹਾ, ਸਾਨੂੰ ਦੱਸ ਕੁਝ ਪਿਆਰ ਬਾਰੇ। ਅਲਮੁਸਤਫ਼ਾ ਨੇ ਗਰਦਨ ਚੁੱਕ ਦੇਖਿਆ ਲੋਕਾਂ ਵੱਲ, ਜਿੰਨਾਂ ਧਾਰ ਲਈ ਸੀ ਚੁੱਪ ਅਤੇ ਬੋਲਿਆ :ਜਦੋਂ ਪਿਆਰ ਦੀ ਰੌਸ਼ਨੀ ਤੁਹਾਡੇ ਤੇ ਹੈ ਪੈਂਦੀ)ਭਾਵ ਪਿਆਰ ਤੁਹਾਨੂੰ ਆਪਣੇ ਕੋਲ ਬੁਲਾਏ(, ਉਸ ਦੇ ਪਿਛੇ ਜਾਓ, ਭਾਵੇਂ ਉਸਦਾ ਰਾਹ ਹੋਵੇ ਮੁਸ਼ਕਲਾਂ ਭਰਿਆ ਅਤੇ ਤਿੱਖੀ ਚੜ੍ਹਾਈ ਵਾਲਾ। ਜਦ ਉਸ ਦੇ ਖੰਭ ਤੁਹਾਨੂੰ ਆਪਣੀ ਪਕੜ ਵਿਚ ਲੈਣ, ਉਸ ਨੂੰ ਘੁੱਟ ਕੇ ਫੜ ਲਓ, ਭਾਵੇਂ ਉਸਦੇ ਫੰਗਾਂ ਵਿਚ ਲੁਕਿਆ ਖੰਜ਼ਰ ਤੁਹਾਨੂੰ ਕਰ ਦੇਵੇ ਜ਼ਖ਼ਮੀ। ਜਦੋਂ ਉਹ ਤੁਹਾਡੇ ਨਾਲ ਕਰੇ ਗੱਲ, ਉਸ ਤੇ ਕਰੋ ਵਿਸ਼ਵਾਸ। ਭਾਵੇਂ ਉਸਦੀ ਅਵਾਜ਼ ਤੁਹਾਡੇ ਸੁਪਨੇ ਦੇਵੇ ਤੋੜ ਜਿਵੇਂ ਉੱਤਰ ਵਾਲੇ ਪਾਸੇ ਦੀ ਹਵਾ ਬਾਗ਼ ਵਿਚ ਖਿੰਡੇਰ ਜਾਵੇ ਕੂੜਾ। ਜਿਵੇਂ ਪਿਆਰ ਤੁਹਾਨੂੰ ਤਾਜ ਪਹਿਨਾ ਸਕਦਾ ਹੈ ਤਾਂ ਸੂਲੀ ਤੇ ਵੀ ਸਕੇ ਚੜ੍ਹਾ। ਜਿਵੇਂ ਉਹ ਤੁਹਾਨੂੰ ਵਧਾਉਂਦਾ ਹੈ, ਉਸੇ ਤਰਾਂ ਹੀ ਉਹ ਤੁਹਾਡੀ ਕਰਦਾ ਹੈ ਕਾਂਟ-ਛਾਂਟ)ਤੁਹਾਡਾ ਮੂੰਹ-ਮੱਥਾ ਵੀ ਹੈ ਸੰਵਾਰਦਾ(। ਜਿਵੇਂ ਉਹ ਰੁੱਖਾਂ ਦੇ ਉਪਰ ਤੱਕ ਜਾ ਕੇ ਸਭ ਤੋਂ ਨਰਮ ਟਾਹਣੀਆਂ ਨੂੰ ਕਰਦਾ ਹੈ ਲਾਡ ਜੋ ਸੂਰਜ ਦੀ ਰੌਸ਼ਨੀ ਨਾਲ ਕੰਬਣ, ਇਸੇ ਤਰਾਂ ਉਹ ਉਹਨਾਂ ਦੀਆਂ ਜੜਾਂ ਤੱਕ ਹੈ ਝੁਕਦਾ ਅਤੇ ਉਹਨਾਂ ਨੂੰ ਧਰਤੀ ਨਾਲ ਚਿੰਬੜੀਆਂ ਹੋਈਆਂ ਨੂੰ ਹੈ ਹਿਲਾਉਂਦਾ। ਮੱਕੀ ਦੇ ਬੰਨੇ ਹੋਏ ਪੂਲਿਆਂ ਵਾਂਗ ਉਹ ਤੁਹਾਨੂੰ ਕਰ ਲਏ ਇਕੱਠਾ ਆਪਣੇ ਅੰਦਰ। ਉਹ ਤੁਹਾਨੂੰ ਨੰਗਾ ਕਰਨ ਲਈ ਝਾੜਦਾ ਵੀ ਹੈ। ਉਹ ਤੁਹਾਡੇ ਛਿਲਕੇ ਲਾਹੁਣ ਲਈ ਚੰਗੀ ਤਰਾਂ ਛੱਟਦਾ ਹੈ ਤੁਹਾਨੂੰ। ਉਹ ਤੁਹਾਨੂੰ ਚਿੱਟਾ ਕਰਨ ਲਈ ਰਗੜਦਾ ਹੈ ਤੁਹਾਨੂੰ। ਉਹ ਉਦੋਂ ਤੱਕ ਮਸਲਦਾ ਹੈ ਤੁਹਾਨੂੰ ਜਦੋਂ ਤੱਕ ਤੁਸੀਂ ਪੂਰੀ ਤਰਾਂ ਨਹੀਂ ਜਾਂਦੇ ਹੋ ਨਰਮ; ਅਤੇ ਫੇਰ ਉਹ

ਤੁਹਾਨੂੰ ਸੇਕੇ ਆਪਣੀ ਪਵਿੱਤਰ ਅੱਗ ਵਿਚ, ਤਾਂ ਜੋ ਤੁਸੀਂ ਪਰਮਾਤਮਾ ਦੇ ਪਵਿੱਤਰ ਖਾਣੇ ਦੇ ਬਣ ਸਕੋ ਯੋਗ। ਪਿਆਰ ਇਹ ਸਭ ਕੁਝ ਕਰੇਗਾ ਨਾਲ ਤੁਹਾਡੇ ਜਦੋਂ ਤੱਕ ਤੁਹਾਨੂੰ ਆਪਣੇ ਦਿਲ ਦੇ ਰਾਜ ਪਤਾ ਨਾ ਲੱਗ ਜਾਣ ਅਤੇ ਉਹ ਗਿਆਨ ਬਣ ਜਾਵੇ ਤੁਹਾਡੇ ਦਿਲ ਦੀ ਮਹਿਕ। ਪਰ ਜੇ ਤੁਸੀਂ ਆਪਣੇ ਡਰ ਵਿਚ ਸਿਰਫ ਆਪਣੇ ਪਿਆਰ ਤੋਂ ਸ਼ਾਂਤੀ ਅਤੇ ਪਿਆਰ ਦੀ ਖੁਸ਼ੀ ਚਾਹੋਗੇ, ਫੇਰ ਤੁਹਾਡੇ ਲਈ ਹੈ ਚੰਗਾ ਇਹੋ ਕਿ ਤੁਸੀਂ ਆਪਣੇ ਨੰਗੇਜਵਾਦ)ਅਗਿਆਨਤਾ (ਨੂੰ ਢੱਕੋ ਅਤੇ ਆਪਣੇ ਪਿਆਰ ਦੇ ਸਖ਼ਤ ਪਿੜ ਤੋਂ ਚਲੇ ਜਾਓ ਦੂਰ। ਚਲੇ ਜਾਓ ਉਸ ਦੁਨੀਆਂ ਵਿਚ ਜਿਥੇ ਰੁਤਾਂ ਨਾ ਹੋਣ ਬਦਲਦੀਆਂ, ਜਿਥੇ ਤੁਸੀਂ ਹੱਸ ਸਕੋ, ਪਰ ਨਹੀਂ ਖੁਲ੍ਹ ਕੇ ਅਤੇ ਨਾ ਹੀ ਸਕੋ ਰੋ, ਖੁਲ੍ਹ ਕੇ। ਪਿਆਰ ਆਪਣੇ ਬਗੈਰ ਨਾ ਕੁਝ ਦੇਵੇ, ਨਾ ਕੁਝ ਲਏ। ਪਿਆਰ ਨਾ ਕਰੇ ਕਿਸੇ 'ਤੇ ਕਬਜ਼ਾ ਨਾ ਹੀ ਹੋਣ ਦੇਵੇ ਆਪਣੇ 'ਤੇ ਕਾਬਜ਼, ਕਿਉਂ ਜੋ ਪਿਆਰ, ਪਿਆਰ ਲਈ ਆਪ ਹੀ ਹੈ ਕਾਫੀ। ਜਦੋਂ ਤੁਸੀਂ ਕਰਦੇ ਹੋ ਪਿਆਰ, ਇਹ ਨਾ ਕਹੋ, "ਰੱਬ ਹੈ ਦਿਲ ਵਿਚ ਮੇਰੇ", ਇਹ ਕਹੋ, "ਮੈਂ ਹਾਂ ਰੱਬ ਦੇ ਦਿਲ ਵਿਚ। "ਇਹ ਨਾ ਸੋਚੋ, 'ਤੁਸੀਂ ਬਦਲ ਸਕਦੇ ਹੋ ਪਿਆਰ ਦਾ ਰਾਹ', ਕਿਉਂ ਜੋ ਪਿਆਰ, ਜੇ ਤੁਹਾਨੂੰ ਠੀਕ ਸਮਝੇ ਤਾਂ ਬਣ ਜਾਏ ਤੁਹਾਡਾ ਰਾਹ ਦਸੇਰਾ। ਪਿਆਰ ਦੀ ਇੱਛਾ ਨਾ ਹੋਵੇ ਕੋਈ ਹੋਰ, ਬਿਨਾਂ ਆਪਣੀ ਪੂਰਤੀ ਤੋਂ। ਪਰ ਜੇ ਤੁਹਾਨੂੰ ਹੈ ਪਿਆਰ ਅਤੇ ਪਿਆਰ ਵਿਚ ਹਨ ਤੁਹਾਡੀਆਂ ਕੁਝ ਰੀਝਾਂ ਵੀ ਤਾਂ ਤੁਹਾਡੀਆਂ ਇੱਛਾਵਾਂ ਇਹ ਹੋਣ :ਪਿਘਲ ਜਾਣਾ ਅਤੇ ਵਹਿਣਾ ਝਰਨੇ ਵਾਂਗ, ਜੋ ਰਾਤ ਨੂੰ ਸੁਣਾਏ ਮਿੱਠੇ ਗੀਤ, ਪਿਆਰ ਵਿਚ ਜਿਆਦਾ ਕੋਮਲਤਾ ਦੀ ਪੀੜ ਜਾਨਣ ਲਈ। ਪਿਆਰ ਦੀ ਤੁਹਾਡੀ ਆਪਣੀ ਸਮਝ ਕਰਕੇ ਹੋ ਜਾਣਾ ਜ਼ਖ਼ਮੀ ਅਤੇ ਆਪਣੀ ਮਰਜ਼ੀ ਅਤੇ ਖੁਸ਼ੀ ਨਾਲ ਕਿੰਨਾ ਕੁ ਵਹਾ ਸਕਦੇ ਹੋ ਆਪਣਾ ਖ਼ੂਨ ਉਸ ਜ਼ਖ਼ਮ ਵਿਚੋਂ। ਸਵੇਰੇ ਖੁਸ਼ੀ-ਖੁਸ਼ੀ ਜਾਗੋ ਤੇ ਪਿਆਰ ਦੇ ਇਕ ਹੋਰ ਦਿਨ ਲਈ ਕਰੋ ਧੰਨਵਾਦ। ਦੁਪਹਿਰ ਵੇਲੇ ਕਰੋ ਅਰਾਮ ਅਤੇ ਹੋ ਜਾਓ ਪਿਆਰ ਵਿਚ ਅੰਤਰ-ਧਿਆਨ। ਧੰਨਵਾਦ ਕਰਦੇ ਸ਼ਾਮ ਨੂੰ ਹੋਵੇ ਘਰ ਵਾਪਸੀ ਅਤੇ ਸੌਣ ਵੇਲੇ ਕਰੋ ਪ੍ਰਾਰਥਨਾ, ਆਪਣੇ ਦਿਲ ਵਿਚ ਵਸੇ ਪਿਆਰ ਲਈ ਅਤੇ ਬੁੱਲ੍ਹਾ' ਤੇ ਹੋਵੇ ਪ੍ਰਸੰਸਾ ਅਤੇ ਧੰਨਵਾਦੀ ਗੀਤ।

2. **ਵਿਆਹ** ਬਾਰੇ ਅਲਮਿੱਤਰਾ ਨੇ ਹੀ ਕੀਤਾ ਇਕ ਹੋਰ ਸੁਆਲ-ਕੁਝ ਦੱਸ ਸਾਨੂੰ ਪਿਆਰ ਬਾਰੇ :ਉਸ ਨੇ ਉੱਤਰ ਦਿੱਤਾ :ਤੁਸੀਂ ਇਕੱਠੇ ਪੈਦਾ ਹੋਏ ਅਤੇ ਹਮੇਸ਼ਾ ਲਈ ਰਹੋਗੇ ਇਕੱਠੇ। ਜਦੋਂ ਮੌਤ ਦੇ ਚਿੱਟੇ ਖੰਭ ਤੁਹਾਡੇ ਦਿਨ ਦੇਣਗੇ ਬਖੇਰ, ਉਸ ਸਮੇਂ ਵੀ ਤੁਸੀਂ ਹੋਵੋਗੇ ਇਕੱਠੇ। ਜਦੋਂ ਤੁਸੀਂ ਚੁੱਪ-ਚੁਪੀਤੇ ਰੱਬ ਨੂੰ ਕਰੋਗੇ ਯਾਦ ਉਸ ਵੇਲੇ ਵੀ ਤੁਸੀਂ ਹੋਵੋਗੇ ਇਕੱਠੇ ਹੀ। ਪਰ

ਤੁਹਾਡੇ ਇਕੱਠੇ ਹੋਣ ਵਿਚ ਵੀ ਚਾਹੀਦੀ ਹੈ ਕੁਝ ਵਿੱਥ। ਨੱਚਣ ਦਿਓ ਦਰਮਿਆਨ ਆਪਣੇ ਸਵਰਗ ਦੀਆਂ ਹਵਾਵਾਂ। ਕਰੋ ਪਿਆਰ ਇਕ-ਦੂਜੇ ਨੂੰ, ਪਰ ਨਾ ਬਣਾਓ ਪਿਆਰ ਨੂੰ ਕੈਦ; ਪਿਆਰ ਤੁਹਾਡੀਆਂ ਰੂਹਾਂ' ਚ ਹੋਵੇ, ਸਮੁੰਦਰ ਦੀਆਂ ਲਹਿਰਾਂ ਵਾਂਗ। ਇਕ ਦੂਜੇ ਦੇ ਪਿਆਲੇ ਜਰੂਰ ਭਰੋ, ਪਰ ਇਕੋ ਪਿਆਲੇ ਵਿਚੋਂ ਘੁੱਟ ਨਾ ਭਰੋ। ਇਕ ਦੂਜੇ ਨੂੰ ਆਪਣੀ ਰੋਟੀ ਦਿਓ, ਪਰ ਇਕੋ ਬੁਰਕੀ ਨਾ ਖਾਓ। ਇਕੱਠੇ ਨੱਚੋ-ਗਾਓ, ਖੁਸ਼ੀਆਂ ਮਨਾਓ, ਪਰ ਰਹੋ ਇਕੱਲੇ ਵੀ, ਅੱਡ-ਅੱਡ ਹੋਣ ਜਿਵੇਂ ਸਾਜ਼ ਦੀਆਂ ਤਾਰਾਂ, ਪਰ ਕੱਢਦੀਆਂ ਸੁਰ ਇਕ ਹੀ। ਇਕ ਦੂਜੇ ਨੂੰ ਆਪਣਾ ਦਿਲ ਦਿਓ, ਪਰ ਇਕ ਦੂਜੇ ਦੇ ਨਾ ਕਰੋ ਹਵਾਲੇ, ਤੁਹਾਡਾ ਦਿਲ ਸਿਰਫ ਜ਼ਿੰਦਗੀ ਦੇ ਹੀ ਹੋਵੇ ਹਵਾਲੇ। ਖੜੋ ਇਕੱਠੇ, ਪਰ ਇਕ ਦੂਜੇ ਦੇ ਬਹੁਤਾ ਨੇੜੇ ਵੀ ਨਹੀਂ :ਮੰਦਰ ਦੇ ਖੰਭੇ ਵੀ ਹੋਣ ਇਕ ਦੂਜੇ ਤੋਂ ਦੂਰ। ਬੋਹੜ)ਬਲੂਤ (ਅਤੇ ਸਰੂ)ਸਾਇਪ੍ਰਸ (ਦੇ ਰੁੱਖ ਇਕ ਦੂਜੇ ਦੀ ਛਾਂ ਵਿਚ ਨਾ ਵੱਧਦੇ।)* ਓਕ,ਬਲੂਤ ਦਰਖ਼ਤ ਲਈ ਬੋਹੜ ਅਤੇ ਸਾਇਪ੍ਰਸ ਰੁੱਖ ਲਈ ਸਰੂ ਵਰਤੇ ਗਏ ਹਨ। (

3. **ਬੱਚਿਆਂ** ਸੰਬੰਧੀ ਇਕ ਔਰਤ ਜਿਸ ਨੇ ਘੁੱਟਿਆ ਹੋਇਆ ਸੀ ਆਪਣੇ ਬੱਚੇ ਨੂੰ ਆਪਣੇ ਨਾਲ, ਲੱਗੀ ਕਹਿਣ, ਸਾਡੇ ਬੱਚਿਆਂ ਬਾਰੇ ਕੁਝ ਦੱਸ। ਉਸ ਨੇ ਕਿਹਾ, ਤੁਹਾਡੇ ਬੱਚੇ ਨਹੀਂ ਤੁਹਾਡੇ। ਉਹ ਹਨ ਬਾਲ ਜ਼ਿੰਦਗੀ ਦੀਆਂ ਇੱਛਾਵਾਂ ਦੇ। ਉਹ ਆਏ ਭਾਵੇਂ ਰਾਹੀਂ ਤੁਹਾਡੇ)ਭਾਵ ਤੁਸੀਂ ਉਹਨਾਂ ਨੂੰ ਜਨਮ ਦਿੱਤਾ(, ਪਰ ਨਹੀਂ ਉਹ ਤੁਹਾਡੇ। ਤੁਸੀਂ ਉਹਨਾਂ ਨੂੰ ਦੇ ਸਕਦੇ ਹੋ ਪਿਆਰ ਆਪਣਾ, ਪਰ ਨਹੀਂ ਆਪਣੇ ਵਿਚਾਰ। ਉਹ ਹੋਣ ਆਪਣੀਆਂ ਸੋਚਾਂ ਦੇ ਮਾਲਕ ਆਪ। ਤੁਸੀਂ ਉਹਨਾਂ ਨੂੰ ਸਰੀਰਕ ਰੂਪ ਵਿਚ ਰੱਖ ਸਕੋ ਕੋਲ ਆਪਣੇ, ਪਰ ਨਹੀਂ ਉਹਨਾਂ ਦੀ ਆਤਮਾ; ਉਹਨਾਂ ਦੀ ਆਤਮਾ ਦਾ ਨਿਵਾਸ ਹੋਵੇ ਆਉਣ ਵਾਲੇ ਕੱਲ ਵਿਚ, ਜਿਥੇ ਤੁਸੀਂ ਨਹੀਂ ਸਕਦੇ ਜਾ, ਸੁਪਨਿਆਂ ਵਿਚ ਵੀ। ਤੁਸੀਂ ਕਰੋ ਕੋਸ਼ਿਸ਼ ਉਹਨਾਂ ਦੀ ਤਰਾਂ ਬਣਨ ਦੀ, ਪਰ ਨਾ ਚਾਹੋ ਉਹਨਾਂ ਨੂੰ ਆਪਣੇ ਵਰਗਾ ਬਣਾਉਣ ਦੀ। ਜ਼ਿੰਦਗੀ ਨਾ ਮੁੜਦੀ ਪਿਛਾਂਹ ਵੱਲ, ਨਾ ਬਣੇ ਬੀਤ ਚੁੱਕੇ ਸਮੇਂ ਵਰਗੀ। ਤੁਸੀਂ ਹੋ ਉਹ ਕਮਾਨ ਜਿਸ ਵਿਚੋਂ ਤੁਹਾਡੇ ਬੱਚੇ ਨਿਕਲਦੇ ਜਿਉਂਦੇ ਤੀਰ ਵਾਂਗ। ਤੀਰ ਅੰਦਾਜ਼ ਦੂਰ ਦਿਸ ਹੱਦੇ ਵੱਲ ਲਾ ਨਿਸ਼ਾਨਾ ਛੱਡੇ ਤੀਰ। ਉਹ ਤੁਹਾਨੂੰ ਮੋੜੇ ਪੂਰੇ ਜ਼ੋਰ ਨਾਲ ਤਾਂ ਜੋ ਉਸਦਾ ਤੀਰ ਤੇਜੀ ਨਾਲ ਪਹੁੰਚੇ ਦੂਰ ਆਪਣੇ ਨਿਸ਼ਾਨੇ ਤੱਕ। ਤੀਰ ਅੰਦਾਜ਼ ਰਾਹੀਂ ਤੁਹਾਨੂੰ ਮੋੜਨਾ ਆਨੰਦ ਮਈ ਹੋਵੇ; ਕਿਉਂ ਜੋ ਉਹ)ਪਰਮਾਤਮਾ(ਜਿੰਨਾ ਪਿਆਰ ਉੱਡਦੇ ਤੀਰ ਨੂੰ ਕਰੇ ਓਨਾ ਹੀ ਪਿਆਰ ਕਰੇ ਆਪਣੀ ਮਜ਼ਬੂਤ ਕਮਾਨ ਨੂੰ ਵੀ।

**4. ਦਾਨ** ਦੇਣ ਬਾਰੇ ਇਕ ਅਮੀਰ ਆਦਮੀ ਨੇ ਕਿਹਾ, ਸਾਨੂੰ ਦਾਨ ਦੇਣ ਬਾਰੇ ਕੁਝ ਦੱਸ। ਉਸਨੇ ਜੁਆਬ ਦਿੱਤਾ :ਜਦੋਂ ਤੁਸੀਂ ਆਪਣੇ ਖਜ਼ਾਨੇ ਵਿਚੋਂ ਦਿਓ ਦਾਨ ਤਾਂ ਉਹ ਨਾ ਹੋਵੇ ਕੋਈ ਦਾਨ। ਜਦੋਂ ਤੁਸੀਂ ਆਪਣੇ-ਆਪ ਵਿਚੋਂ ਦਿਓ ਉਹੀ ਹੋਵੇ ਅਸਲੀ ਦਾਨ। ਤੁਹਾਡੀ ਧਨ-ਦੌਲਤ ਅਸਲ ਵਿਚ ਹੈ ਕੀ? ਉਹ ਚੀਜ਼ਾਂ ਜੋ ਤੁਸੀਂ ਰੱਖ ਲਓ ਸਾਂਭ ਕਿ ਆਉਣ ਵਾਲੇ ਸਮੇਂ ਆ ਜਾਣ ਕੰਮ? ਕਿਹੜਾ ਕੱਲ? ਆਉਣ ਵਾਲਾ ਕੱਲ੍ਹ? ਉਸ ਜਿਆਦਾ ਸਿਆਣੇ ਕੁੱਤੇ ਲਈ ਵੀ ਹੋਵੇਗਾ ਕੀ ਜੋ ਪਵਿੱਤਰ ਸ਼ਹਿਰ ਦੀ ਯਾਤਰਾ ਕਰ ਰਹੇ ਰਾਹੀਆਂ ਦਾ ਪਿੱਛਾ ਕਰਦੇ ਰੇਗਿਸਤਾਨ ਦੇ ਬਦਲਦੇ ਰਾਹਾਂ ਦੀ ਰੇਤ ਵਿਚ ਹੱਡੀਆਂ ਰੱਖੇ ਦੱਬ। ਜ਼ਰੂਰਤ ਦਾ ਡਰ ਹੈ ਕੀ? ਸਿਰਫ ਖ਼ੁਦ ਦੀ ਜ਼ਰੂਰਤ ਤੋਂ ਬਿਨਾਂ ਕੁਝ ਨਹੀਂ ਹੋਰ। ਜਦੋਂ ਤੁਹਾਡਾ ਖੂਹ ਹੋਵੇ ਭਰਿਆ, ਪਰ ਫੇਰ ਵੀ ਤੁਹਾਨੂੰ ਲੱਗਿਆ ਰਹੇ ਡਰ ਪਿਆਸ ਦਾ। ਇਹ ਅਸਲ ਵਿਚ ਨਾ ਹੋਵੇ ਪਿਆਸ ਦਾ ਡਰ, ਇਹ ਹੋਵੇ ਡਰ ਉਸ ਪਿਆਸ ਦਾ ਜੋ ਨਾ ਬੁਝੇ ਕਦੇ। ਕਈ ਹੋਣ ਅਜਿਹੇ ਜਿੰਨਾਂ ਕੋਲ ਹੋਵੇ ਬਹੁਤ ਕੁਝ, ਉਸ ਵਿਚੋਂ ਬਹੁਤ ਘੱਟ ਕਰਦੇ ਦਾਨ, ਇਸ ਲਈ ਕਿ ਉਹਨਾਂ ਦੀ ਬਣੀ ਰਹੇ ਪਹਿਚਾਣ। ਉਹਨਾਂ ਦੀਆਂ ਅੰਦਰਲੀਆਂ ਲੁਕੀਆਂ ਇੱਛਾਵਾਂ ਦਿੱਤੇ ਦਾਨ ਨੂੰ ਕਰ ਦੇਣ ਅਰਥ ਹੀਣ। ਕਈ ਹੋਣ ਅਜਿਹੇ ਜਿੰਨਾਂ ਕੋਲ ਹੋਵੇ ਭਾਵੇਂ ਘੱਟ, ਪਰ ਉਹ ਸਾਰਾ ਹੀ ਕਰ ਦੇਣ ਦਾਨ। ਇਹ ਹੋਣ ਉਹ ਲੋਕ ਜੋ ਜ਼ਿੰਦਗੀ ਅਤੇ ਜੀਵਨ ਦੇ ਦਿਆਲੂ ਪੁਣੇ ਤੇ ਕਰਨ ਵਿਸ਼ਵਾਸ ਅਤੇ ਉਹਨਾਂ ਦੇ ਖਜ਼ਾਨੇ ਹਮੇਸ਼ਾ ਰਹਿਣ ਭਰਪੂਰ। ਕਈ ਅਜਿਹੇ ਵੀ ਹੋਣ ਜੋ ਖੁਸ਼ੀ ਨਾਲ ਦਿੰਦੇ ਦਾਨ ਅਤੇ ਇਹੋ ਖੁਸ਼ੀ ਹੋਵੇ ਉਹਨਾਂ ਦਾ ਇਨਾਮ। ਕੁਝ ਹੋਣ ਅਜਿਹੇ ਦਾਨੀ ਜੋ ਦਾਨ ਕਰਨ ਪਰ ਦੁਖੀ ਹੋ ਕੇ ਨਹੀਂ ਅਤੇ ਨਾ ਹੀ ਭਾਲਦੇ ਇਸ ਵਿਚੋਂ ਖੁਸ਼ੀ। ਉਹ ਦਾਨ ਦੇਣ ਸਮੇਂ ਪੁੰਨ ਵਰਗੀ ਸੋਚ ਵੱਲ ਨਾ ਦਿੰਦੇ ਧਿਆਨ। ਉਹ ਦਾਨ ਕਰਨ ਜਿਵੇਂ ਦੂਰ ਵਾਦੀਆਂ ਵਿਚ ਮਹਿੰਦੀ ਦਾ ਬੂਟਾ ਆਪਣੀਆਂ ਪੱਤੀਆਂ ਦੀ ਮਹਿਕ ਹਵਾ' ਚ ਦੇਵੇ ਖਿੰਡੇਰ। ਅਜਿਹੇ ਰੱਬੀ ਲੋਕਾਂ ਦੇ ਹੱਥਾਂ ਵਿਚੋਂ ਬੋਲਦਾ ਹੈ ਰੱਬ ਅਤੇ ਉਹਨਾਂ ਦੀਆਂ ਅੱਖਾਂ ਰਾਹੀਂ ਰੱਬ ਧਰਤੀ ਵੱਲ ਤੱਕੇ ਅਤੇ ਹੱਸੇ। ਕਿਸੇ ਦੇ ਮੰਗਣ ਤੇ ਦਿੱਤਾ ਦਾਨ ਹੋਵੇ ਚੰਗਾ, ਪਰ ਬਿਨਾਂ ਮੰਗਿਆ ਦਿੱਤਾ ਦਾਨ ਹੋਰ ਵੀ ਹੈ ਚੰਗਾ ਅਤੇ ਖੁੱਲ੍ਹੇ ਦਿਲ ਨਾਲ ਦਾਨ ਦੇਣ ਵਾਲਿਆਂ ਨੂੰ ਦਾਨ ਦੇਣ ਤੋਂ ਵੀ ਜਿਆਦਾ ਖੁਸ਼ੀ ਮਿਲੇ ਦਾਨ ਲੈਣ ਵਾਲੇ ਦੀ ਭਾਲ। ਕੀ ਕੋਈ ਚੀਜ਼ ਹੈ ਅਜਿਹੀ ਜਿਸ ਨੂੰ ਤੁਸੀਂ ਰੱਖਣਾ ਚਾਹੁੰਦੇ ਹੋ ਆਪਣੇ ਕੋਲ? ਤੁਹਾਡੇ ਕੋਲ ਜੋ ਕੁਝ ਵੀ ਹੈ, ਇਕ ਦਿਨ ਮਿਲ ਜਾਵੇਗਾ ਕਿਸੇ ਨੂੰ ਹੋਰ, ਇਸ ਲਈ ਚੰਗਾ ਇਹੋ ਹੈ ਹੁਣੇ ਦੇ ਦਿਓ, ਤਾਂ ਜੋ ਤੁਹਾਨੂੰ ਹੀ ਮਿਲੇ ਦੇਣ ਦੀ ਖੁਸ਼ੀ ਨਾ ਕਿ ਤੁਹਾਡੇ ਵਾਰਸਾਂ ਨੂੰ। ਤੁਸੀਂ ਆਮ ਤੌਰ ਤੇ ਕਹਿੰਦੇ ਹੋ, 'ਮੈਂ ਦਾਨ ਦੇਵਾਂਗਾ, ਪਰ ਜਿੰਨਾਂ ਨੂੰ

ਲੋੜ ਹੈ। 'ਤੁਹਾਡੇ ਬਾਗ਼ ਦੇ ਰੁੱਖ ਤਾਂ ਇਹ ਨਾ ਕਹਿਣ, ਨਾ ਹੀ ਤੁਹਾਡੀਆਂ ਚਰਾਂਦਾ ਦੇ ਪਸ਼ੂ। ਉਹ ਇਸ ਲਈ ਦਿੰਦੇ ਹਨ ਤਾਂ ਜੋ ਉਹ ਰਹਿ ਸਕਣ ਜਿਉਂਦੇ। ਆਪਣੇ ਕੋਲ ਹੀ ਜੋ ਰੱਖਦੇ ਸਾਂਭ ਉਹ ਹੋ ਜਾਣ ਖਤਮ। ਯਕੀਨਨ ਜੋ)ਕੁਦਰਤ ਤੋਂ (ਆਪਣੇ ਦਿਨ ਅਤੇ ਰਾਤ ਪ੍ਰਾਪਤ ਕਰਨ ਦੇ ਹੁੰਦੇ ਯੋਗ, ਉਹ ਤੁਹਾਡੇ ਕੋਲੋਂ ਵੀ ਸਭ ਕੁਝ ਲੈਣ ਦੇ ਹੋਣ ਯੋਗ। ਜੋ ਜ਼ਿੰਦਗੀ ਦੇ ਸਮੁੰਦਰ' ਚੋਂ ਘੁੱਟ ਸਕਦੇ ਭਰ, ਉਹ ਤੁਹਾਡੇ ਛੋਟੇ ਝਰਨੇ ਦੀ ਧਾਰਾ ਵਿਚੋਂ ਵੀ ਹੈ ਆਪਣਾ ਪਿਆਲਾ ਸਕਦੇ ਭਰ। ਇਸ ਤੋਂ ਵਧੀਆ ਗੱਲ ਹੋਵੇ ਹੋਰ ਕੀ, ਜੋ ਹੌਸਲੇ ਅਤੇ ਭਰੋਸੇ ਵਿਚ ਹੈ)ਦਾਨ ਦੇਣ ਸਮੇਂ(, ਨਾ ਕਿ ਦਾਨ ਲੈਣ ਵਿਚ? ਤੁਸੀਂ ਹੋ ਕੌਣ ਜੋ ਆਪਣੀ ਖੁਸ਼ੀ ਅਤੇ ਯੋਗਤਾ ਨੂੰ ਪਰਖਣ ਲਈ ਦੂਜਿਆਂ ਦੇ ਮਾਣ-ਸਨਮਾਨ ਨੂੰ ਸੱਟ ਮਾਰੋ, ਤਾਂ ਜੋ ਉਹ ਤੁਹਾਡੇ ਸਾਹਮਣੇ ਆਪਣੀ ਅਸਲੀਅਤ ਨੂੰ ਬੇ-ਪਰਦਾ ਕਰ ਸਕਣ? ਪਹਿਲਾਂ ਤੁਸੀਂ ਇਹ ਖ਼ੁਦ ਦੇਖੋ ਕਿ ਕੀ ਤੁਸੀਂ ਦੇਣ ਦੇ ਯੋਗ ਵੀ ਹੋ ਅਤੇ ਦਾਨ ਦੇਣ ਦੇ ਸਾਧਨ ਹਨ ਕੋਲ ਤੁਹਾਡੇ? ਸੱਚਾਈ ਇਹ ਹੈ ਕਿ ਇਹ ਜ਼ਿੰਦਗੀ ਹੀ ਹੈ ਜੋ ਜ਼ਿੰਦਗੀ ਨੂੰ ਦੇਵੇ ਕੁਝ। ਤੁਸੀਂ ਜੋ ਸਮਝਦੇ ਹੋ ਆਪਣੇ ਆਪ ਨੂੰ ਦਾਨੀ, ਤੁਸੀਂ ਤਾਂ ਦਾਨ ਦੇਣ ਦੇ ਮਹਿਜ਼ ਹੋ ਇਕ ਸਾਧਨ। ਤੁਸੀਂ ਦਾਨ ਲੈਣ ਵਾਲਿਓ ਅਤੇ ਤੁਸੀਂ ਸਾਰੇ ਹੀ ਦਾਨ ਲੈਣ ਵਾਲੇ ਹੋ, ਤੁਸੀਂ ਆਪਣੇ-ਆਪ 'ਤੇ ਅਹਿਸਾਨ ਦਾ ਭਾਰ ਨਾ ਮੰਨੋ, ਕਿਤੇ ਇਹ ਨਾ ਹੋਵੇ ਕਿ ਤੁਸੀਂ ਆਪਣੇ ਅਤੇ ਜੋ ਤੁਹਾਨੂੰ ਦਿੰਦੇ ਹਨ ਉਹਨਾਂ ਨੂੰ ਕਿਸੇ ਹੀਣ ਭਾਵਨਾ ਦਾ ਸ਼ਿਕਾਰ ਦਿਓ ਬਣਾ ਜਾਂ ਕਿਸੇ ਭਾਰ ਹੇਠ ਦਿਓ ਦਬਾ। ਇਸ ਤੋਂ ਚੰਗਾ ਹੈ ਕਿ ਤੁਸੀਂ ਦਾਨ ਦੇਣ ਵਾਲੇ ਨਾਲ ਮਿਲ ਕੇ ਉਸਦੇ ਦਿੱਤੇ ਤੋਹਫ਼ੇ ਦੇ ਖੰਭਾ' ਤੇ ਉੱਡੋ)ਭਾਵ ਤੁਸੀਂ ਦਾਨ ਦੇ ਸਹਾਰੇ ਇਸ ਤਰਾਂ ਅੱਗੇ ਵਧੋ ਜਿਵੇਂ ਪੰਛੀ ਆਪਣੇ ਖੰਬਾਂ ਦਾ ਸਹਾਰੇ ਉੱਡਦੇ ਹਨ(। ਆਪਣੇ ਕਰਜ਼ੇ ਸੰਬੰਧੀ ਬਹੁਤਾ ਸੋਚਣਾ ਦਿਲ ਖੋਲ੍ਹ ਕੇ ਰਹਿਮਤਾਂ ਦੇਣ ਵਾਲੇ ਦਾਨੀ' ਤੇ ਸ਼ਕ ਕਰਨ ਬਰਾਬਰ ਹੈ, ਜਿਸ ਨੇ ਸਾਨੂੰ ਧਰਤੀ ਨੂੰ ਮਾਂ ਦੇ ਰੂਪ ਅਤੇ ਰੱਬ ਨੂੰ ਪਿਤਾ ਦੇ ਰੂਪ ਵਿਚ ਹੈ ਬਖ਼ਸ਼ਿਆ।

5. **ਖਾਣ-ਪੀਣ** ਬਾਰੇ ਇਕ ਬਜ਼ੁਰਗ ਜੋ ਕਿਸੇ ਸਰਾਂ ਦਾ ਚੌਕੀਦਾਰ ਸੀ ਨੇ ਕਿਹਾ, ਸਾਨੂੰ ਖਾਣ-ਪੀਣ ਸੰਬੰਧੀ ਕੁਝ ਦੱਸ। ਉਸ ਨੇ ਕਿਹਾ :ਤੁਸੀਂ ਰਹਿ ਸਕਦੇ ਜੇ ਜਿਉਂਦੇ ਇਸ ਧਰਤੀ ਦੀ ਖ਼ੁਸ਼ਬੂ ਦੇ ਆਸਰੇ ਹੀ ਅਤੇ ਉਸ ਬੂਟੇ ਦੀ ਤਰਾਂ ਜੋ ਰੌਸ਼ਨੀ ਦੇ ਸਹਾਰੇ ਹੀ ਰਹੇ ਜਿਉਂਦਾ, ਤਾਂ ਹੁੰਦਾ ਕਿੰਨਾ ਚੰਗਾ। ਪਰ ਕਿਉਂ ਜੋ ਤੁਸੀਂ ਆਪ ਕੁਝ ਖਾਣ ਲਈ ਮਾਰਨਾ ਹੀ ਹੈ ਕਿਸੇ ਨੂੰ ਅਤੇ ਬੁਝਾਉਣ ਲਈ ਪਿਆਸ ਆਪਣੀ, ਕਿਸੇ ਨਵ-ਜੰਮੇ ਬੱਚੇ ਨੂੰ ਦੂਰ ਕਰਨਾ ਹੀ ਹੈ ਉਸ ਦੀ ਮਾਂ ਦੇ ਦੁੱਧ ਤੋਂ, ਤਾਂ ਇਹ ਹੋਣਾ ਚਾਹੀਦਾ ਹੈ ਰੱਬ ਦੀ ਪੂਜਾ ਦੀ ਤਰਾਂ। ਇਸ ਕੰਮ ਲਈ

ਤੁਸੀਂ ਆਪਣੇ ਤਖ਼ਤੇ)ਜਿਸ ਤੇ ਪਸ਼ੂ, ਪੰਛੀਆਂ ਨੂੰ ਰੱਖ ਕੇ ਕੱਟਿਆ ਜਾਂਦਾ ਹੈ(ਨੂੰ ਦਿਓ ਬਲੀਦਾਨ ਕਰਨ ਵਾਲੀ ਉਸ ਪਵਿੱਤਰ ਅਗਨੀ) ਵੇਦੀ (ਦਾ ਰੂਪ ਜਿਸ' ਤੇ ਜੰਗਲ ਅਤੇ ਸ਼ਹਿਰ ਦੇ ਪਾਕ ਅਤੇ ਨਿਰਦੋਸ਼ਾਂ ਦੀ ਦਿੱਤੀ ਜਾਵੇ ਬਲੀ, ਜੋ ਹੋਣ ਇਨਸਾਨਾਂ ਨਾਲੋਂ ਵੀ ਵਧੇਰੇ ਪਵਿੱਤਰ ਅਤੇ ਭੋਲੇ-ਭਾਲੇ। ਜਦੋਂ ਤੁਸੀਂ ਮਾਰਦੇ ਹੋ ਕਿਸੇ ਜਾਨਵਰ ਨੂੰ ਤਾਂ ਤੁਸੀਂ ਉਸ ਨੂੰ ਆਪਣੇ ਦਿਲ ਇਸ ਤਰਾਂ ਹੋਵੋ ਮੁਖਾਤਬ" :ਜਿਸ ਸ਼ਕਤੀ ਨਾਲ ਮੈਂ ਕਰ ਰਿਹਾ ਹਾਂ ਤੈਨੂੰ ਜ਼ਿਬਾਹ)ਕਤਲ (ਉਹੀ ਤਾਕਤ ਮੈਨੂੰ ਵੀ ਕਰੇ ਖਤਮ; ਮੈਂ ਵੀ ਬਣਾ ਕਿਸੇ ਦੇ ਖਾਣ ਦਾ ਸਮਾਨ। ਜਿਸ ਕਾਨੂੰਨ ਨੇ ਕੀਤਾ ਹੈ ਮੇਰੇ ਸਪੁਰਦ ਤੈਨੂੰ ਉਹੀ ਕਾਨੂੰਨ ਮੈਨੂੰ ਕਰ ਦੇਵੇ ਕਿਸੇ ਹੋਰ ਵੱਡੀ ਸ਼ਕਤੀ ਦੇ ਹਵਾਲੇ। ਤੇਰਾ ਅਤੇ ਮੇਰਾ ਖ਼ੂਨ ਨਹੀਂ ਉਸ ਰਸ ਤੋਂ ਬਿਨਾਂ ਕੁਝ ਹੋਰ ਜੋ ਸਵਰਗ ਦੇ ਵਿਸ਼ਾਲ ਰੁੱਖ ਨੂੰ ਰਿਹਾ ਹੈ ਪਾਲ)ਜੋ ਇਸ ਸੰਸਾਰ ਰੂਪੀ ਵਿਸ਼ਲ ਰੁੱਖ ਨੂੰ ਪਾਲ ਰਿਹਾ ਹੈ(। ਜਦੋਂ ਤੁਸੀਂ ਕਿਸੇ ਸੇਬ ਨੂੰ ਹੋ ਚਬਾਉਂਦੇ ਆਪਣੇ ਦੰਦਾਂ ਨਾਲ, ਤਾਂ ਆਪਣੇ ਦਿਲ ਵਿਚ ਇਹ ਕਹੋ ਜ਼ਰੂਰ' :ਤੇਰੇ ਬੀਜ ਰਹਿਣਗੇ ਮੇਰੇ ਸਰੀਰ ਵਿਚ ਅਤੇ ਮੇਰੇ ਦਿਲ ਵਿਚ ਰਹਿਣਗੀਆਂ ਖਿੜਿਆਂ ਕਲੀਆਂ ਹਮੇਸ਼ਾ ਤੇਰੇ ਆਉਣ ਵਾਲੇ ਕੱਲ ਦੀਆਂ। ਤੇਰੀ ਖ਼ੁਸ਼ਬੂ ਮੇਰੇ ਸਾਹਾਂ ਨੂੰ ਰਹੇਗੀ ਮਹਿਕਾਉਂਦੀ ਅਤੇ ਆਪਾਂ ਦੋਵੇਂ ਆਉਣ ਵਾਲੇ ਮੌਸਮ ਵਿਚ ਰਹਾਂਗੇ ਖੁਸ਼ੀਆਂ ਦਾ ਆਨੰਦ ਮਾਣਦੇ।' ਪਤਝੜ ਦੀ ਰੁੱਤੇ ਜਦੋਂ ਆਪਣੇ ਬਾਗ਼ਾਂ ਦੇ ਅੰਗੂਰਾਂ ਦਾ ਰਸ ਕੱਢਣ ਲਈ ਉਹਨਾਂ ਨੂੰ ਕਰ ਇਕੱਠੇ ਤੁਸੀਂ ਘੁਲਾਹੜੀ ਵਿਚ ਪਾਓ ਤਾਂ ਆਪਣੇ ਦਿਲ ਨੂੰ ਇਹ ਕਹਿਣਾ' :ਮੈਂ ਵੀ ਹਾਂ ਇਕ ਬਗੀਚਾ ਅੰਗੂਰਾਂ ਦਾ ਅਤੇ ਫਲ ਮੇਰੇ ਵੀ ਕਰ ਇਕੱਠੇ ਭੱਠੀ ਵਿਚ ਜਾਣਗੇ ਕਾਹੜੇ। ਨਵੀਂ ਸ਼ਰਾਬ ਦੀ ਤਰਾਂ ਰੱਖਿਆ ਜਾਏਗਾ ਮੈਨੂੰ ਵੀ ਕਈ ਭਾਂਡਿਆਂ ਵਿਚ।' ਜਦੋਂ ਸਰਦੀਆਂ ਵਿਚ ਕੱਢਦੇ ਹੋ ਘੜਿਆਂ' ਚੋਂ ਸ਼ਰਾਬ, ਤਾਂ ਹਰ ਪਿਆਲੇ ਲਈ ਤੁਹਾਡੇ ਦਿਲ ਵਿਚ ਹੋਵੇ ਇਕ ਗੀਤ; ਹਰ ਗੀਤ ਵਿਚ ਹੋਵੇ ਪਤਝੜ ਦੇ ਦਿਨਾਂ ਦੀ ਯਾਦ, ਯਾਦ ਅੰਗੂਰਾਂ ਦੇ ਬਾਗ਼ ਅਤੇ ਉਸ ਭੱਠੀ ਦੀ, ਬਣਾਉਂਦੀ ਜੋ ਸ਼ਰਾਬ।

**6. ਕੰਮ** ਇਕ ਹਲ ਵਾਹੁਣ ਵਾਲੇ ਕਿਸਾਨ ਨੇ ਕਿਹਾ, ਸਾਡੇ ਨਾਲ ਕੰਮ ਬਾਰੇ ਕਰ ਕੋਈ ਗੱਲ। ਉਸ ਨੇ ਜਵਾਬ ਦਿੱਤਾ :ਤੁਸੀਂ ਕਰਦੇ ਹੋ ਕੰਮ ਤਾਂ ਜੋ ਤੁਸੀਂ ਧਰਤੀ ਅਤੇ ਧਰਤੀ ਦੀ ਆਤਮਾ ਨਾਲ ਮਿਲ ਕੇ ਚਲ ਸਕੋ। ਵਿਹਲੇ ਰਹਿਣ ਦਾ ਮਤਲਬ ਹੈ ਬਦਲਦੇ ਮੌਸਮ ਅਤੇ ਸ਼ਾਨ ਮੱਤੇ ਜ਼ਿੰਦਗੀ ਦੇ ਨਾ ਖਤਮ ਹੋਣ ਵਾਲਾ ਰਾਹ ਤੋਂ ਹੋ ਜਾਣਾ ਬੇਗਾਨੇ। ਜਦੋਂ ਤੁਸੀਂ ਕਰਦੇ ਹੋ ਕੰਮ, ਤੁਸੀਂ ਉਸ ਸਮੇਂ ਹੋਵੋ ਉਸ ਬੰਸਰੀ ਦੀ ਤਰਾਂ ਜਿਸ ਵਿਚ ਸਮੇਂ ਦੁਆਰਾ ਮਾਰੀ ਹਰ ਫੂਕ ਬਣ ਜਾਵੇ ਸੰਗੀਤ। ਤੁਹਾਡੇ ਵਿਚੋਂ ਭਲਾ ਹੈ ਕੋਈ ਅਜਿਹਾ ਜੋ ਉਹਨਾਂ ਪਲਾਂ ਵਿਚ ਬਣ

ਜਾਵੇ ਮੂਕ ਦਰਸ਼ਕ ਜਦੋਂ ਹਰ ਕੋਈ ਬੰਸਰੀ ਦੀਆਂ ਸੁਰਾਂ ਨਾਲ ਹੋ ਇਕ-ਮਿਕ ਰਿਹਾ ਹੋਵੇ ਗਾ। ਤੁਹਾਨੂੰ ਹਮੇਸਾਂ ਇਹੋ ਦੱਸਿਆ ਜਾਵੇ ਕਿ ਕਿਰਤ ਕਰਨੀ ਇਕ ਸਰਾਪ ਅਤੇ ਮਿਹਨਤ ਕਰਨੀ ਹੈ ਬਦਕਿਸਮਤੀ। ਮੈਂ ਤੁਹਾਨੂੰ ਰਿਹਾ ਹਾਂ ਦੱਸ ਕਿ ਜਦੋਂ ਤੁਸੀਂ ਕਰੋ ਕੰਮ, ਉਸ ਸਮੇਂ ਤੁਸੀਂ ਧਰਤੀ ਦੇ ਉਸ ਸੁਪਨੇ ਨੂੰ ਕੁਝ ਹੱਦ ਤੱਕ ਕਰੋ ਪੂਰਾ ਜੋ ਸੁਪਨੇ ਦੇ ਜਨਮ ਸਮੇਂ ਹੀ ਲੱਗ ਗਿਆ ਸੀ ਤੁਹਾਡੇ ਜਿੰਮੇ। ਜਦੋਂ ਤੁਸੀਂ ਕਰਦੇ ਹੋ ਮਿਹਨਤ ਤਾਂ ਤੁਸੀਂ ਜ਼ਿੰਦਗੀ ਨਾਲ ਕਰਦੇ ਹੋ ਪਿਆਰ। ਮਿਹਨਤ ਰਾਹੀਂ ਜ਼ਿੰਦਗੀ ਨੂੰ ਹੈ ਚਾਹੁਣਾ, ਜ਼ਿੰਦਗੀ ਦੇ ਸਭ ਤੋਂ ਵੱਡੇ ਰਹੱਸ ਨਾਲ ਸਾਂਝ ਪਾਉਣਾ, ਪਰ ਜੇ ਤੁਸੀਂ ਆਪਣੇ ਦੁੱਖਾਂ ਸਮੇਂ ਇਹ ਕਹੋ ਕਿ ਤੁਹਾਡਾ ਜਨਮ ਹੈ ਇਕ ਮੁਸੀਬਤ ਅਤੇ ਹੱਡ-ਮਾਸ ਨਾਲ ਬਣਿਆ ਤੁਹਾਡਾ ਸਰੀਰ ਹੈ ਤੁਹਾਡੇ ਮੱਥੇ ਤੇ ਲਿਖੇ ਸਰਾਪ ਦੀ ਤਰਾਂ ਤਾਂ ਮੇਰਾ ਜੁਆਬ ਹੈ ਇਹੋ ਕਿ ਤੁਹਾਡੇ ਮੱਥੇ ਦੇ ਪਸੀਨੇ ਦੀਆਂ ਬੂੰਦਾਂ ਹੀ ਸਕਦੀਆਂ ਮੇਟ ਤੁਹਾਡੇ ਲੇਖ। ਤੁਹਾਨੂੰ ਇਹ ਵੀ ਗਿਆ ਹੈ ਦੱਸਿਆ ਕਿ ਜ਼ਿੰਦਗੀ ਹੈ ਹਨੇਰਾ ਅਤੇ ਤੁਸੀਂ ਵੀ ਥਕਾਵਟ ਦੇ ਸਮੇਂ ਜ਼ਿੰਦਗੀ ਤੋਂ ਉਪਰਾਮ ਹੋ ਚੁਕੇ ਲੋਕਾਂ ਦੀ ਤਰਾਂ ਉਹੀ ਕੁਝ ਲੱਗ ਜਾਂਦੇ ਹੋ ਦੁਹਰਾਉਣ। ਮੇਰਾ ਹੈ ਇਹ ਕਹਣਾ ਕਿ ਜ਼ਿੰਦਗੀ ਵਾਕਿਆ ਹੀ ਹੈ ਘੋਰ ਹਨੇਰਾ ਜਦੋਂ ਤੱਕ ਇਸ ਵਿਚ ਕੋਈ ਖਾਹਿਸ਼, ਕੋਈ ਇੱਛਾ ਨਹੀਂ। ਹਰ ਖਾਹਿਸ਼ ਹੋਵੇ ਅੰਨੀ ਜਦ ਤੱਕ ਉਸ ਵਿਚ ਨਾ ਹੋਵੇ ਗਿਆਨ, ਗਿਆਨ ਵੀ ਹੈ ਕੰਮ ਤੋਂ ਬਿਨਾਂ ਅਰਥ ਹੀਣ ਅਤੇ ਪਰੇਮ ਭਾਵ ਤੋਂ ਬਿਨਾਂ ਹੈ ਕੰਮ ਵੀ ਹੋਵੇ ਖੋਖਲਾ। ਜਦੋਂ ਤੁਸੀਂ ਕਰੋ ਕੋਈ ਕੰਮ ਪਿਆਰ ਨਾਲ ਤਾਂ ਤੁਸੀਂ ਖ਼ੁਦ ਨਾਲ, ਹੋਰਾਂ ਨਾਲ ਅਤੇ ਰੱਬ ਨਾਲ ਹੋ ਜੁੜਦੇ। ਪਿਆਰ ਨਾਲ ਕੀਤਾ ਕੰਮ ਕੀ ਹੁੰਦਾ ਹੈ? ਇਹ ਹੈ ਆਪਣੇ ਦਿਲ ਦੇ ਧਾਗਿਆਂ ਨਾਲ ਕੱਪੜਾ ਬੁਣਨਾ ਜਿਵੇਂ ਉਹ ਕੱਪੜਾ ਤੁਹਾਡੇ ਕਿਸੇ ਚਾਹੁਣ ਵਾਲੇ ਨੇ ਹੈ ਪਾਉਣਾ। ਇਹ ਉਸ ਤਰਾਂ ਹੈ ਜਿਵੇਂ ਪਿਆਰ ਨਾਲ ਘਰ ਬਣਾਉਣਾ ਜਿਸ ਵਿਚ ਹੋਵੇ ਤੁਹਾਡੇ ਪ੍ਰੇਮ ਪਿਆਰੇ ਨੇ ਹੈ ਰਹਿਣਾ। ਇਹ ਹੈ ਉਸੇ ਤਰਾਂ ਜਿਵੇਂ ਤੁਸੀਂ ਬੜੇ ਪਿਆਰ ਨਾਲ ਬੀਜਦੇ ਹੋਏ ਬੀਜ ਖੁਸ਼ੀ ਵਿਚ ਹੋਵੋ ਖੀਵੇ, ਕਿਉਂ ਜੋ ਇਸ ਦੇ ਫਲ ਖਾਣੇ ਹਨ ਤੁਹਾਡੇ ਕਿਸੇ ਬਹੁਤ ਹੀ ਪਿਆਰੇ ਨੇ। ਇਹ ਇਸ ਤਰਾਂ ਹੈ ਜਿਵੇਂ ਆਪਣੀ ਬਣਾਈ ਹਰ ਚੀਜ਼ ਨੂੰ ਤੁਸੀਂ ਸੰਵਾਰੋ ਰੂਹ ਦੇ ਰੰਦੇ ਨਾਲ ਅਤੇ ਇਸ ਦਾ ਭਾਵ ਹੈ ਕਿ ਤੁਹਾਡੇ ਸਨੇਹੀ ਜੋ ਰੱਬ ਕੋਲ ਹਨ ਜਾ ਬਿਰਾਜੇ ਉਹ ਤੁਹਾਡੇ ਆਸ-ਪਾਸ ਹੀ ਖੜੇ ਨਿਹਾਰ ਰਹੇ ਨੇ ਤੁਹਾਨੂੰ। ਮੈਂ ਅਕਸਰ ਸੁਣਿਆ ਹੈ ਤੁਹਾਨੂੰ ਇਹ ਕਹਿੰਦੇ, ਜਿਵੇਂ ਤੁਸੀਂ ਸੁੱਤੇ ਪਏ ਬੁੜਬੁੜਾਉਂਦੇ ਹੋਵੋ ਕਿ ਜਿਸ ਨੂੰ ਸੰਗਮਰਮਰ ਦੀ ਸੇਲੀ)ਪੱਥਰ ਦਾ ਵੱਡਾ ਟੁਕੜਾ (ਨੂੰ ਤਰਾਸ਼ਦੇ ਹੋਏ ਉਸ ਵਿਚੋਂ ਆਪਣੀ ਹੀ ਰੂਹ ਦਾ ਆਕਾਰ ਦਿਖੇ, ਉਹ ਖੇਤਾਂ ਵਿਚ ਹੱਲ ਚਲਾ ਰਹੇ ਇਨਸਾਨ ਤੋਂ

ਹੋਵੇ ਮਹਾਨ ਅਤੇ ਜੋ ਅਸਮਾਨ ਵਿਚ ਛਾਈ ਸਤਰੰਗੀ ਪੀਂਘ ਦੇ ਰੰਗਾਂ ਨੂੰ ਪਕੜ ਕੱਪੜੇ ‘ਤੇ)ਕੈਨਵਸ‘ ਤੇ(ਮਨੁੱਖ ਦੇ ਨਾਲ ਦੀ ਮਿਲਦੀ-ਜੁਲਦੀ ਤਸਵੀਰ ਦੇਵੇ ਉਲੀਕ, ਉਹ ਸਾਡੇ ਪੈਰਾਂ ਲਈ ਜੁੱਤੀਆਂ ਬਣਾਉਣ ਵਾਲੇ ਨਾਲੋਂ ਹੈ ਮਹਾਨ। ਪਰ ਹੁਣ ਮੈਂ ਸੁੱਤਾ ਹੋਇਆ ਨਹੀਂ ਸਗੋਂ ਜਾਗਦੇ ਹੋਏ ਪੂਰੇ ਹੋਸ਼-ਹਵਾਸ ਵਿਚ ਰਿਹਾ ਹਾਂ ਕਹਿ ਕੇ ਹਵਾ ਵੱਡੇ ਰੁਖਾਂ ਨਾਲ ਵੀ ਉਸੇ ਮਿੱਠੇ ਲਹਿਜ਼ੇ ਵਿਚ ਕਰੇ ਗੱਲਾਂ ਜਿਵੇਂ ਘਾਹ ਦੀਆਂ ਨਿੱਕੀਆਂ-ਨਿੱਕੀਆਂ ਤਿੜਾਂ ਨਾਲ ਅਤੇ ਸਿਰਫ ਉਹੀ ਇਨਸਾਨ ਹੈ ਵੱਡਾ ਜੋ ਹਵਾ ਦੇ ਰੁਮਕਿਆਂ ਨੂੰ ਵੀ ਆਪਣੇ ਪਿਆਰ ਨਾਲ ਇਕ ਮਿਠਾਸ ਭਰੇ ਗੀਤ ਵਿਚ ਦੇਵੇ ਢਾਲ। ਕੰਮ, ਪਿਆਰ ਦਾ ਹੈ ਸਾਕਾਰ ਰੂਪ ਅਤੇ ਜੇ ਤੁਸੀਂ ਪਿਆਰ ਦੀ ਥਾਂ ਦਿਖਾਵੇ ਜਾਂ ਓਪਰੇ ਜਿਹੇ ਦਿਲ ਨਾਲ ਕਰੋ ਕੰਮ ਤਾਂ ਇਹੋ ਹੈ ਚੰਗਾ ਕਿ ਤੁਸੀਂ ਕੰਮ ਕਰਨਾ ਬੰਦ ਕਰਕੇ ਮੰਦਰ ਦੇ ਬੂਹੇ ਕੋਲ ਜਾ ਬੈਠੋ ਅਤੇ ਕੰਮ ਕਰਨ ਵਾਲਿਆਂ ਤੋਂ ਭੀਖ ਮੰਗ ਕੇ ਕਰੋ ਗੁਜ਼ਾਰਾ। ਜੇ ਤੁਸੀਂ ਅਣ ਮੰਨੇ ਦਿਲ ਨਾਲ ਬਣਾਉਣੀ ਹੈ ਰੋਟੀ ਤਾਂ ਤੁਸੀਂ ਕੌੜੀ-ਕੁਸੈਲੀ ਜਿਹੀ ਰੋਟੀ ਹੀ ਬਣਾਉਂਗੇ ਜੋ ਨਾ ਮਿਟਾ ਸਕੇ ਭੁੱਖ ਕਿਸੇ ਦੀ। ਜੇ ਤੁਸੀਂ ਸ਼ਰਾਬ ਬਣਾਉਣ ਵੇਲੇ ਮਜ਼ਬੂਰੀ ਵਿਚ ਹੀ ਪੀੜੋ ਅੰਗੂਰਾਂ ਨੂੰ ਤਾਂ ਤੁਹਾਡੀ ਬੁੜਬੁੜ ਜ਼ਹਿਰ ਬਣ ਸ਼ਰਾਬ ਵਿਚ ਜਾਵੇ ਘੁਲ ਅਤੇ ਜੇ ਤੁਸੀਂ ਬਿਨਾਂ ਪਿਆਰ ਤੋਂ, ਦਿਖਾਵੇ ਦੇ ਤੌਰ‘ ਤੇ ਹੀ ਰਹੇ ਹੋ ਕੋਈ ਗੀਤ ਗਾ ਤਾਂ ਸੁਣਨ ਵਾਲਿਆਂ ਦੇ ਕੰਨਾਂ ਨੂੰ ਦਿਨ ਅਤੇ ਰਾਤ ਦੇ ਰੌਲੇ-ਗੌਲੇ ਨਾਲ ਹੀ ਕਰੋਗੇ ਬੋਲਾ।

**7. ਸੁੱਖ ਅਤੇ ਦੁੱਖ) ਖੁਸ਼ੀ ਅਤੇ ਗ਼ਮੀ(** ਇਕ ਸੁਆਣੀ ਕੇ ਕਿਹਾ, ਸਾਨੂੰ ਖੁਸ਼ੀ ਅਤੇ ਗ਼ਮੀ ਸੰਬੰਧੀ ਕੁਝ ਦੱਸ। ਉਸ ਨੇ ਕਿਹਾ: ਤੁਹਾਡੀ ਖੁਸ਼ੀ ਹੀ ਹੈ ਬਿਨਾਂ ਪਰਦੇ ਤੋਂ ਤੁਹਾਡਾ ਗ਼ਮ, ਭਾਵ ਜੇ ਤੁਸੀਂ ਆਪਣੇ ਦੁੱਖਾਂ ਦੇ ਪਰਦੇ ਤੋਂ ਬਾਹਰ ਆ ਜਾਓ ਤਾਂ ਪ੍ਰਾਪਤ ਕਰ ਸਕਦੇ ਹੋ ਖੁਸ਼ੀ। ਜਿਹੜੀਆਂ ਚੀਜ਼ਾਂ ਤੋਂ ਮਿਲੇ ਤੁਹਾਨੂੰ ਖੁਸ਼ੀ ਕਈ ਵਾਰ ਉਹ ਭਰੀਆਂ ਹੋਣ ਤੁਹਾਡੇ ਹੀ ਹੰਝੂਆਂ ਨਾਲ। ਇਸ ਤੋਂ ਬਿਨਾ ਹੋਰ ਹੋ ਵੀ ਕੀ ਸਕੇ? ਦੁੱਖ ਜਿੰਨਾਂ ਤੁਹਾਡੇ ਅੰਦਰ ਹੋਵੇ ਡੂੰਘਾ, ਤੁਹਾਨੂੰ ਮਿਲੇ ਓਨੀ ਹੀ ਖੁਸ਼ੀ। ਕੀ ਜਿਸ ਪਿਆਲੇ ਵਿਚ ਭਰੀ ਹੈ ਤੁਹਾਡੀ ਸ਼ਰਾਬ ਉਹੀ ਪਿਆਲਾ ਕਦੇ ਪੱਕਿਆ ਨਹੀਂ ਸੀ ਘਮਿਆਰ ਦੀ ਭੱਠੀ ਵਿਚ? ਕੀ ਨਹੀਂ ਇਹ ਸੱਚ ਕਿ ਜਿਹੜੀ ਬੰਸਰੀ ਦੀ ਧੁਨ ਤੁਹਾਡੀ ਰੂਹ ਨੂੰ ਬਖ਼ਸ਼ੇ ਆਨੰਦ, ਉਸ ਲੱਕੜ ਨੂੰ ਕਦੇ ਤਿਖੇ ਔਜ਼ਾਰ ਨਾਲ ਨਹੀਂ ਸੀ ਗਿਆ ਪੱਛਿਆ? ਜਦੋਂ ਤੁਸੀਂ ਹੋਵੋ ਖੁਸ਼ੀ ਨਾਲ ਭਰਪੂਰ, ਆਪਣੇ ਦਿਲ ਦੇ ਅੰਦਰ ਡੂੰਘਾ ਝਾਕੋ ਤਾਂ ਲੱਗੇਗਾ ਪਤਾ ਕਿ ਜਿਸ ਚੀਜ਼ ਨੇ ਤੁਹਾਨੂੰ ਕਦੇ ਕੀਤਾ ਸੀ ਦੁਖੀ, ਉਹੀ ਤੁਹਾਨੂੰ ਦੇ ਰਹੀ ਹੈ ਸੁਖ। ਜਦੋਂ ਤੁਸੀਂ ਹੋਵੋ ਗ਼ਮਜ਼ਦਾ)ਦੁਖੀ(, ਫੇਰ ਆਪਣੇ

ਦਿਲ ਵੱਲ ਤੱਕੋ ਤਾਂ ਪਤਾ ਲੱਗੇਗਾ ਤੁਹਾਨੂੰ ਕਿ ਤੁਸੀਂ ਉਸ ਚੀਜ਼ ਲਈ ਕਰ ਰਹੇ ਹੋ ਵਿਰਲਾਪ ਜਿਸ ਨੇ ਕਦੇ ਬਖ਼ਸ਼ਿਆ ਸੀ ਸਕੂਨ। ਤੁਹਾਡੇ ਵਿਚੋਂ ਕੁਝ ਕਹਿਣ, 'ਖੁਸ਼ੀ ਹੈ ਵੱਡੀ ਗ਼ਮੀ ਨਾਲੋਂ 'ਅਤੇ ਕੁਝ ਕਹਿਣ, 'ਨਹੀਂ, ਗ਼ਮੀ ਹੈ ਵੱਡੀ', ਪਰ ਮੈਂ ਚਾਹੁੰਦਾ ਹਾਂ ਤੁਹਾਨੂੰ ਦੱਸਣਾ ਕਿ ਇਹਨਾਂ ਦੋਹਾਂ ਨੂੰ ਇਕ ਦੂਜੇ ਤੋਂ ਨਾ ਕੀਤਾ ਜਾ ਸਕੇ ਜੁਦਾ। ਇਹ ਦੋਵੇਂ ਆਉਣ ਇਕੱਠੇ ਕੋਲ ਤੁਹਾਡੇ ਅਤੇ ਜਦੋਂ ਇਹਨਾਂ ਦੋਹਾਂ ਵਿਚੋਂ ਇਕ ਤੁਹਾਡੇ ਕੋਲ ਹੋਵੇ ਬੈਠਾ, ਤਾਂ ਦੂਜਾ ਤੁਹਾਡੇ ਮੰਜੇ' ਤੇ ਹੋਵੇ ਸੁੱਤਾ। ਅਸਲ ਵਿਚ ਤਾਂ ਤੁਸੀਂ ਆਪਣੀਆਂ ਖੁਸ਼ੀਆਂ, ਗ਼ਮੀਆਂ ਨਾਲ ਤਕੜੀ ਦੇ ਛਾਬਿਆਂ ਦੀ ਤਰਾਂ ਉੱਪਰ ਹੇਠਾਂ ਹੁੰਦੇ ਰਹੋ, ਭਾਵ ਕਦੇ ਹੋ ਜਾਵੇ ਭਾਰਾ ਛਾਬਾ ਖੁਸ਼ੀਆਂ ਦਾ, ਕਦੇ ਛਾਬਾ ਗ਼ਮੀਆਂ ਦਾ। ਜਦੋਂ ਤੁਸੀਂ ਹੋ ਜਾਵੋ ਦੁੱਖ-ਸੁੱਖ ਦੀ ਭਾਵਨਾ ਤੋਂ ਦੂਰ, ਉਹਨਾਂ ਪਲਾਂ ਵਿਚ ਹੀ ਤੁਸੀਂ ਠਹਿਰਾ ਦੀ ਅਵਸਥਾ ਕਰ ਸਕੋਂ ਪ੍ਰਾਪਤ ਅਤੇ ਇਕ ਥਾਂ ਜਾਓ ਟਿਕ। ਜਦੋਂ ਤੁਹਾਡੀਆਂ ਖੁਸ਼ੀਆਂ ਅਤੇ ਗ਼ਮੀਆਂ ਦੇ ਖ਼ਜ਼ਾਨੇ ਦੇ ਹਿਸਾਬ-ਕਿਤਾਬ ਰੱਖਣ ਵਾਲੇ ਨੇ ਕਰਨਾ ਹੈ ਤੁਹਾਡੇ ਦੁੱਖਾਂ-ਸੁੱਖਾਂ ਦਾ ਹਿਸਾਬ, ਮੁਮਕਨ ਹੈ ਵੱਧ ਜਾਣ ਜਾਂ ਜਾਣ ਘਟ ਤੁਹਾਡੇ ਸੁੱਖ-ਦੁੱਖ।

# ਪੁਸਤਕ ਸਮੀਖਿਆ

ISSN: 2584-0509



(Page 208 to 213)

# ਸੁਲਤਾਨਪੁਰ ਲੋਧੀ ਬਾਰੇ ਇੱਕ ਖੋਜ-ਭਰਪੂਰ ਅਤੇ ਬਹੁਮੁੱਲੀ ਪੁਸਤਕ 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ'



ਸਮੀਖਿਅਕ
ਪ੍ਰੋ. ਨਵਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
+91 94176-92015

ਨਡਾਲਾ (ਕਪੂਰਥਲਾ) ਵਾਸੀ ਡਾ. ਆਸਾ ਸਿੰਘ ਘੁੰਮਣ ਖੋਜੀ ਬਿਰਤੀ ਦੇ ਸਿੱਖ ਸਕਾਲਰ ਹਨ। ਉਨ੍ਹਾਂ ਨੇ ਲੰਮਾ ਸਮਾਂ ਸੁਲਤਾਨਪੁਰ ਲੋਧੀ ਦੇ ਗੁਰੂ ਨਾਨਕ ਖਾਲਸਾ ਕਾਲਜ ਵਿੱਚ ਬਤੌਰ ਅੰਗਰੇਜ਼ੀ ਪ੍ਰਾਧਿਆਪਕ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਨੇ ਇਸ ਪਾਵਨ ਨਗਰ ਬਾਰੇ ਇੱਕ ਮਹੱਤਵਪੂਰਣ ਸੰਪਾਦਿਤ ਕਿਤਾਬ (ਪੰਜਾਬ ਦਾ ਗੌਰਵ : ਸੁਲਤਾਨਪੁਰ ਲੋਧੀ) ਸਮੇਤ ਪੰਜਾਬੀ ਸੰਸਕ੍ਰਿਤੀ, ਸਭਿਆਚਾਰ ਬਾਰੇ ਬਹੁਤ ਸਾਰੀਆਂ ਹੋਰ ਕਿਤਾਬਾਂ ਲਿਖੀਆਂ। ਜਿਨ੍ਹਾਂ ਵਿੱਚ ਪੰਜਾਬ ਦੀਆਂ ਰੁੱਤਾਂ, ਰਾਜੇ ਮਹਿਲੀਂ ਚੰਬਾ ਖਿੜਿਆ, ਸੁੰਦਰ ਮੁੰਦਰੀਏ ਹੋ, ਦਾਸਤਾਨ-ਇ-ਦਸਤਾਰ, ਮਹਾਨਤਮ ਸ਼ਖ਼ਸੀਅਤਾਂ (ਅਨੁਵਾਦ), ਬਲਿਹਾਰੀ ਕੁਦਰਤ ਵੱਸਿਆ, ਦਸਤੂਰ-ਇ-ਦਸਤਾਰ, ਅਤੀਤ ਦੇ ਪ੍ਰਛਾਵੇਂ ਅਤੇ ਦਰੀਚਾ-ਇ-ਦਸਤਾਰ, ਕੱਤਕ ਕਿ ਵਿਸਾਖ? ਕਿ ਦੋਵੇਂ ਆਦਿ ਪ੍ਰਮੁੱਖ ਹਨ।



ਪੰਨੇ : 212;
ਮੁੱਲ : 200/- ਰੁਪਏ
ਪ੍ਰਕਾਸ਼ਕ:- ਯੂਰਪੀ ਪੰਜਾਬੀ ਸੱਥ ਵਾਲਸਾਲ, ਯੂਕੇ

ਪਿਛਲੇ ਦਿਨੀਂ ਯੂਰਪੀ ਪੰਜਾਬੀ ਸੱਥ ਵਾਲਸਾਲ, ਯੂਕੇ ਵੱਲੋਂ ਪ੍ਰਕਾਸ਼ਿਤ ਡਾ. ਘੁੰਮਣ ਦੀ ਇੱਕ ਹੋਰ ਵੱਡ-ਆਕਾਰੀ ਤੇ ਮਹੱਤਵਪੂਰਣ ਕਿਤਾਬ ਸਾਹਮਣੇ ਆਈ ਹੈ - 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ'। ਇਹ ਪੁਸਤਕ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਮੁੱਖਬੰਦ (ਡਾ. ਪਰਮਵੀਰ ਸਿੰਘ), ਦੋ ਸ਼ਬਦ (ਡਾ. ਨਿਰਮਲ ਸਿੰਘ, ਮੋਤਾ ਸਿੰਘ ਸਰਾਏ) ਅਤੇ ਆਪਣੇ ਵੱਲੋਂ (ਆਸਾ ਸਿੰਘ ਘੁੰਮਣ) ਲਿਖੇ ਸ਼ਬਦਾਂ ਤੋਂ ਇਲਾਵਾ ਇਸ ਕਿਤਾਬ ਦੇ 25 ਚੈਪਟਰ ਬਣਾਏ ਗਏ ਹਨ ਅਤੇ ਅੰਤ ਵਿੱਚ ਅਨੁਲੱਗ -1 ਤੋਂ ਅਨੁਲੱਗ -7 (ਪੰਨੇ 199-206) ਤੱਕ ਵੱਖ ਵੱਖ ਦਸਤਾਵੇਜ਼ਾਂ ਨੂੰ ਫ਼ੋਟੋ/ ਉਤਾਰੇ ਵਜੋਂ ਉਧ੍ਰਿਤ ਕਰਨ ਦੇ ਨਾਲ-ਨਾਲ ਸਹਾਇਕ ਪੁਸਤਕਾਂ ਦੀ ਸੂਚੀ (48 ਪੰਜਾਬੀ, 16 ਅੰਗਰੇਜ਼ੀ; ਪੰਨੇ 207-212) ਵੀ ਦਿੱਤੀ ਗਈ ਹੈ। ਲੇਖਕ ਨੇ ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਮੋਤਾ ਸਿੰਘ ਸਰਾਏ, ਡਾ. ਨਿਰਮਲ ਸਿੰਘ ਲਾਂਬੜਾਂ, ਪ੍ਰਿੰ. ਕੁਲਵਿੰਦਰ ਸਿੰਘ ਸਰਾਏ, ਡਾ. ਮੇਹਰ ਸਿੰਘ ਆਹਲੂਵਾਲੀਆ ਅਤੇ ਡਾ. ਸੁਭਾਸ਼ ਪਰਿਹਾਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਹੈ। ਇਹ ਪੁਸਤਕ ਸ਼ਰਧਾਲੂ ਬਿਰਤੀ ਦੀ ਬਜਾਇ ਤਾਰਕਿਕ ਦ੍ਰਿਸ਼ਟੀ ਤੋਂ ਲਿਖੀ ਗਈ ਹੈ।

ਸੁਲਤਾਨਪੁਰ ਲੋਧੀ : ਇਤਿਹਾਸਕ ਪਿਛੋਕੜ (ਪੰਨੇ 21-29) ਵਿੱਚ ਡਾ. ਘੁੰਮਣ ਨੇ ਰਾਮ ਜੱਸ, ਰਾਮ ਸੁਖ ਰਾਓ, ਅਲੈਗਜ਼ੈਂਡਰ ਕਨਿੰਘਮ, ਜਨਮਸਾਖੀਆਂ ਆਦਿ ਦੇ ਹਵਾਲਿਆਂ ਨਾਲ ਸਪਸ਼ਟ ਕੀਤਾ ਹੈ ਕਿ ਇਨ੍ਹਾਂ ਨੇ ਇਸ ਸ਼ਹਿਰ ਦਾ ਨਾਂ ਸੁਲਤਾਨਪੁਰ ਹੀ ਲਿਖਿਆ ਹੈ।



www.khojnama.com khojnamapb03@gmail.com

ਇਹ ਸ਼ਹਿਰ ਕਦੋਂ ਸੁਲਤਾਨਪੁਰ ਲੋਧੀ ਬਣਿਆ, ਇਹ ਖੋਜ ਦਾ ਵਿਸ਼ਾ ਹੈ। ਕਨਿੰਘਮ ਨੇ ਇਸਦੇ 32 ਬਜ਼ਾਰਾਂ ਤੇ 5556 ਦੁਕਾਨਾਂ ਦਾ ਜ਼ਿਕਰ ਕੀਤਾ ਹੈ। ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਸਾਰੇ ਗੁਰਦੁਆਰਿਆਂ ਦੀਆਂ ਨਵੀਂਆਂ ਇਮਾਰਤਾਂ ਬਣਵਾਈਆਂ ਅਤੇ ਇਨ੍ਹਾਂ ਦੀ ਸੇਵਾ-ਸੰਭਾਲ ਸ਼ਸਤਰਧਾਰੀ ਅਕਾਲੀ ਗ੍ਰੰਥੀਆਂ ਨੂੰ ਸੌਂਪੀ।

ਸੁਲਤਾਨਪੁਰ ਲੋਧੀ : ਇਤਿਹਾਸਕ ਖੰਡਰ ਤੇ ਇਮਾਰਤਾਂ (ਪੰਨੇ 31-37) ਵਿੱਚ ਕਿਲ੍ਹਾ ਸਰਾਏ, ਪੁਰਾਤਨ ਪੁਲਾਂ ਦੇ ਖੰਡਰ, ਚਿੱਟੀ ਮਸੀਤ, ਕਿਲ੍ਹੇ ਅੰਦਰ ਸ਼ਾਹੀ ਮਸੀਤ, ਕੋਸ ਮੀਨਾਰ ਅਤੇ ਹਦੀਰਾ/ਮਕਬਰਾ ਦਾ ਜ਼ਿਕਰ ਮਿਲਦਾ ਹੈ। ਮੁਗਲ ਕਾਲ ਦੌਰਾਨ ਬਣੀਆਂ ਇਮਾਰਤਾਂ ਵਿੱਚ ਹਜ਼ੀਰਾ/ਹਦੀਰਾ ਵੀ ਬਹੁਤ ਮਹੱਤਵਪੂਰਣ ਹੈ, ਜਿਸ ਬਾਰੇ ਵੱਖ ਵੱਖ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਲੇਖਕ ਮੁਤਾਬਕ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮੇਂ ਪੰਜਾਬ ਸਰਕਾਰ ਨੇ ਇਸਦੀ ਦਿੱਖ ਸੰਵਾਰਨ ਲਈ ਪਾਰਕ ਬਣਾ ਕੇ ਸ਼ਲਾਘਾਯੋਗ ਕੰਮ ਕੀਤਾ ਹੈ।

ਸੁਲਤਾਨਪੁਰ ਦਾ ਨਵਾਬ, ਦੌਲਤ ਖਾਂ ਲੋਧੀ (ਪੰਨੇ 39-48) ਵਿੱਚ ਜ਼ਿਕਰ ਹੈ ਕਿ ਇਹ ਸ਼ਹਿਰ ਨਵਾਬ ਦੌਲਤ ਖਾਂ ਲੋਧੀ ਦਾ ਹੀ ਵਸਾਇਆ ਹੋਇਆ ਮੰਨਿਆ ਜਾਂਦਾ ਹੈ।

ਜਨਮਸਾਖੀਆਂ: ਇਤਿਹਾਸਕ ਅਤੇ ਮਿਥਿਹਾਸਕ (ਪੰਨੇ 50-56) ਦੇ ਅੰਤਰਗਤ ਭਾਈ ਬਾਲੇ ਵਾਲੀ ਜਨਮਸਾਖੀ, ਪੁਰਾਤਨ ਜਨਮਸਾਖੀ, ਭਾਈ ਮਿਹਰਬਾਨ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ, B-40 ਜਨਮਸਾਖੀ ਅਤੇ LDP-194 ਜਨਮਸਾਖੀ ਆਦਿ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਸਮਝਣ/ਸਮਝਾਉਣ ਦਾ ਯਤਨ ਕੀਤਾ ਗਿਆ ਹੈ।

ਸੁਲਤਾਨਪੁਰ ਨੂੰ ਭਾਗ ਲੱਗਣੇ (ਪੰਨੇ 58-62) ਵਿੱਚ ਗੁਰੂ ਨਾਨਕ ਦੇਵ ਜੀ ਦੇ ਇਸ ਨਗਰੀ ਵਿੱਚ ਮੁਕਾਮ ਦੇ ਸਮੇਂ ਨੂੰ ਕਲਮਬੱਧ ਕੀਤਾ ਗਿਆ ਹੈ ਅਤੇ ਪ੍ਰੋ. ਮੋਹਨ ਸਿੰਘ ਤੇ ਕਵੀ ਸੰਤੋਖ ਸਿੰਘ ਚੂੜਾਮਣੀ ਦੀਆਂ ਕਾਵਿ ਪੰਕਤੀਆਂ ਨੂੰ ਹਵਾਲੇ ਵਜੋਂ ਉਧ੍ਰਿਤ ਕੀਤਾ ਗਿਆ ਹੈ।

ਸ਼ਾਹੀ ਮੋਦੀਖਾਨਾ ਸੰਭਾਲਣਾ (ਪੰਨੇ 64-70) ਵਿੱਚ ਜਨਮਸਾਖੀਆਂ, ਕਨਿੰਘਮ, ਮੋਰਲੈਂਡ, ਭਾਈ ਸੰਤੋਖ ਸਿੰਘ, ਗਿ. ਗਿਆਨ ਸਿੰਘ, ਭਾਈ ਕਾਹਨ ਸਿੰਘ ਨਾਭਾ, ਮੋਹਸਿਨ ਫ਼ਾਨੀ, ਡਾ. ਕ੍ਰਿਪਾਲ ਸਿੰਘ, ਮੈਕਾਲਿਫ਼ ਆਦਿ ਦੇ ਹਵਾਲੇ ਦਿੱਤੇ ਗਏ ਹਨ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸਟੋਰਕੀਪਰ, ਮੋਦੀ, ਨੌਕਰ, ਦੁਕਾਨਦਾਰ ਆਦਿ ਵਜੋਂ ਚਿਤਰਿਆ ਹੈ, ਪਰ ਉਂਜ ਸਾਰੇ ਵਿਦਵਾਨ ਇਕਮੱਤ ਹਨ ਕਿ 'ਤੇਰਾਂ' ਦੀ ਗਿਣਤੀ ਸਮੇਂ ਉਹ 'ਤੇਰਾ ਤੇਰਾ' ਕਹਿ ਕੇ

ਗਾਹਕ ਨੂੰ ਸਭ ਕੁਝ ਸੌਂਪ ਦਿੰਦੇ ਸਨ।

ਰੋਜ਼ਾਨਾ ਕਾਰ ਵਿਹਾਰ (ਪੰਨੇ 72-74) ਵਿੱਚ ਗੁਰੂ ਜੀ ਦੇ ਨਿੱਤ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਉਹ ਸਵੇਰੇ ਵੇਈਂ ਤੇ ਇਸ਼ਨਾਨ ਕਰਦੇ, ਖਰਬੂਜ਼ੇ ਸ਼ਾਹ ਵਰਗੇ ਸਾਧੂਆਂ ਨੂੰ ਮਿਲਦੇ, ਰੱਬੀ ਗੱਲਾਂ ਕਰਦੇ, ਘਰ-ਗ੍ਰਹਿਸਥੀ ਤੇ ਮੋਦੀਖਾਨੇ ਦੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦੇ ਸਨ।

ਦੀਪ ਤੋਂ ਦੀਪ ਜਗੇ (ਪੰਨੇ 76-77) ਵਿੱਚ ਮਲਸੀਹਾਂ ਦੇ ਚੌਧਰੀ ਭਾਗੀਰਥ, ਮਨਸੁਖ, ਰਾਜਾ ਸ਼ਿਵਨਾਭ ਆਦਿ ਸ਼ਖ਼ਸੀਅਤਾਂ ਦਾ ਗੁਰੂ-ਮਿਲਾਪ ਨਾਲ ਜੀਵਨ-ਸ਼ੈਲੀ ਵਿੱਚ ਬਦਲਾਅ ਆਉਣ ਦੀ ਚਰਚਾ ਕੀਤੀ ਗਈ ਹੈ।

ਗੁਰੂ ਜੀ ਦਾ ਵਿਆਹ : ਸੁਲਤਾਨਪੁਰ ਕਿ ਤਲਵੰਡੀ? (ਪੰਨੇ 79-83) ਵਿੱਚ ਵਿਭਿੰਨ ਸਰੋਤਾਂ ਦੇ ਹਵਾਲੇ ਉਧ੍ਰਿਤ ਕਰਨ ਪਿੱਛੋਂ ਲੇਖਕ ਨੇ ਨਿਰਣਾ ਦਿੱਤਾ ਹੈ ਕਿ ਗੁਰੂ ਜੀ ਦਾ ਵਿਆਹ ਤਲਵੰਡੀ ਹੀ ਹੋਇਆ ਹੋਵੇਗਾ ਅਤੇ ਸ੍ਰੀਚੰਦ ਤੇ ਲਖਮੀਦਾਸ ਦਾ ਜਨਮ ਸਥਾਨ ਵੀ ਤਲਵੰਡੀ ਹੈ। ਲੇਖਕ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਸੁਲਤਾਨਪੁਰ ਵਿਖੇ ਸ਼ਾਦੀ ਅਤੇ ਬੱਚਿਆਂ ਦੇ ਜਨਮ ਸੰਬੰਧੀ ਪਰੰਪਰਾ ਦੇ ਸਥਾਪਤ ਹੋ ਜਾਣ ਦਾ ਇੱਕ ਵੱਡਾ ਕਾਰਨ ਤਲਵੰਡੀ (ਨਨਕਾਣਾ ਸਾਹਿਬ) ਦਾ ਪਾਕਿਸਤਾਨ ਵਿੱਚ ਰਹਿ ਜਾਣਾ ਵੀ ਹੈ।

ਵੇਈਂ ਪ੍ਰਵੇਸ਼, ਜਲ ਸਮਾਧੀ ਅਤੇ ਪ੍ਰਭੂ ਮਿਲਾਪ (ਪੰਨੇ 85-93) ਨਾਂ ਦੇ ਚੈਪਟਰ ਵਿੱਚ ਲੇਖਕ ਸਿੱਟਾ ਕੱਢਦਾ ਹੈ ਕਿ ਇਹ ਸਾਖੀ ਸਭ ਤੋਂ ਵੱਧ ਗੈਰ ਵਿਗਿਆਨਕ ਅਤੇ ਅਸੁਭਾਵਿਕ ਵੀ ਸਮਝੀ ਜਾਂਦੀ ਹੈ। ਕਿਸੇ ਸਾਹਧਾਰੀ ਵਿਅਕਤੀ ਦਾ ਦੋ ਤਿੰਨ ਦਿਨ ਪਾਣੀ ਵਿੱਚ ਰਹਿਣਾ ਕਦਾਚਿਤ ਮੰਨਣ ਵਿੱਚ ਨਹੀਂ ਆਉਂਦਾ। ਇਸ ਵਾਕਿਆ ਨੂੰ ਤਰਕਸੰਗਤ ਤੇ ਪਰਖਣ ਵਾਲੇ ਵਿਦਵਾਨਾਂ ਦਾ ਮਤਿ ਹੈ ਕਿ ਜ਼ਰੂਰ ਹੀ ਗੁਰੂ ਜੀ ਕਿਤੇ ਏਧਰ ਓਧਰ ਹੋ ਗਏ ਹੋਣਗੇ। ਵੇਈਂ ਨੇੜੇ ਜੰਗਲ ਵਿੱਚ ਚਲੇ ਗਏ ਹੋਣਗੇ, ਇਕਾਂਤਵੱਸ ਸਮਾਧੀ ਵਿੱਚ ਖੁੱਭ ਗਏ ਹੋਣਗੇ ਅਤੇ ਤੀਜੇ ਦਿਨ ਓਸੇ ਘਾਟ ਉੱਤੇ ਐਨ ਉਸੇ ਵਕਤ ਆ ਨਿਕਲੇ ਹੋਣਗੇ। ਅਗਲੇ ਅਧਿਆਇ ਵੇਈਂ ਪਰਵੇਸ਼ ਵਾਕਿਆ: ਇੱਕ ਵਿਸ਼ਲੇਸ਼ਣ (ਪੰਨੇ 95-101) ਵਿੱਚ ਸੀਐੱਚ ਪੇਨੇ, ਮੈਕਾਲਿਫ਼ ਆਦਿ ਦੇ ਹਵਾਲਿਆਂ ਰਾਹੀਂ ਦੱਸਿਆ ਗਿਆ ਹੈ ਕਿ ਗੁਰੂ ਜੀ ਜੰਗਲ ਵਿੱਚ ਇਕਾਂਤਵਾਸ ਹੋ ਗਏ ਸਨ।

ਗੁਰੂ ਉਪਾਧੀ ਧਾਰਨ ਦਿਵਸ : ਕੱਤਕ ਪੂਰਨਮਾਸ਼ੀ (ਪੰਨੇ 103-108) ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਕੱਤਕ ਦੀ ਪੂਰਨਮਾਸ਼ੀ ਗੁਰੂ ਜੀ ਦੇ ਜੀਵਨ ਵਿੱਚ ਮਹੱਤਵਪੂਰਣ ਦਿਨ

ਹੈ। ਜਿੱਥੇ ਨਨਕਾਣਾ ਸਾਹਿਬ ਉਨ੍ਹਾਂ ਦਾ ਜਨਮ ਸਥਾਨ ਹੈ, ਉਥੇ ਸੁਲਤਾਨਪੁਰ ਲੋਧੀ ਵਿਖੇ ਉਨ੍ਹਾਂ ਦਾ ਪੁਨਰ ਜਨਮ ਵੀ ਹੋਇਆ ਅਤੇ ਉਨ੍ਹਾਂ ਨੂੰ ਗੁਰੂ ਉਪਾਧੀ ਦੀ ਬਖਸ਼ਿਸ਼ ਵੀ ਪਵਿੱਤਰ ਕਾਲੀ ਵੇਈਂ ਦੇ ਪਾਣੀਆਂ ਥੀਂ ਨਸੀਬ ਹੋਈ।

... ਨਾ ਕੋ ਹਿੰਦੂ ਨ ਮੁਸਲਮਾਨ (ਪੰਨੇ 110-114) ਵਿੱਚ ਗੁਰੂ ਜੀ ਨੇ ਕਾਜ਼ੀ ਤੇ ਨਵਾਬ ਨੂੰ ਸੱਚੇ ਮੁਸਲਮਾਨ ਹੋਣ ਅਤੇ ਸਹੀ ਨਮਾਜ਼ ਪੜ੍ਹਨ ਦੀ ਤਾਕੀਦ ਕੀਤੀ।

ਰਬਾਬ ਅਤੇ ਭਾਈ ਫਿਰੰਦਾ (ਪੰਨੇ 116-119) ਵਿੱਚ ਲੇਖਕ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਰਬਾਬ ਨਾਲ ਸੰਬੰਧਿਤ 6 ਪੰਕਤੀਆਂ ਦਾ ਜ਼ਿਕਰ ਕਰਕੇ ਭਾਈ ਫਿਰੰਦੇ ਦੇ ਨਗਰ ਅਸਕਪੁਰ ਬਾਰੇ ਸਪਸ਼ਟ ਕੀਤਾ ਹੈ ਕਿ ਇਹ ਨਗਰ ਮੌਜੂਦਾ ਸਮੇਂ ਹੋਂਦ ਵਿੱਚ ਨਹੀਂ ਹੈ ਤੇ ਇਹਦੀ ਥਾਂ ਭੈਰੋਆਣਾ ਵਿਖੇ ਗੁਰਦੁਆਰਾ ਰਬਾਬਸਰ ਦੀ ਨਿਸ਼ਨਦੇਹੀ ਕੀਤੀ ਹੈ।

ਮਰਦਾਨੇ ਨੂੰ ਬੇਬੇ ਨਾਨਕੀ ਵੱਲੋਂ ਨਸੀਹਤ (ਪੰਨੇ 121-126) ਵਿੱਚ ਮਰਦਾਨੇ ਦੀ ਸੰਖਿਪਤ ਸ਼ਖ਼ਸੀਅਤ ਅਤੇ ਉਦਾਸੀਆਂ ਤੇ ਚੱਲਣ ਤੋਂ ਪਹਿਲਾਂ ਵੈਰਾਗ ਦੀ ਸਥਿਤੀ ਅਤੇ ਭਾਈ ਮਰਦਾਨੇ ਨੂੰ ਗੁਰੂ ਜੀ ਦੇ ਸੰਗੀ ਦੇ ਰੂਪ ਵਿੱਚ ਚਿਤਰਿਆ ਗਿਆ ਹੈ। ਭੈਣ ਨਾਨਕੀ ਨੇ ਮਰਦਾਨੇ ਦੀ ਸੰਸਾਰਕ ਬਿਰਤੀ ਨੂੰ ਵੇਖ ਕੇ ਉਹਨੂੰ ਕੁਝ ਰੁਪਏ ਵੀ ਦਿੱਤੇ ਤਾਂ ਜੋ ਭੁੱਖ ਪਿਆਸ ਵੇਲੇ ਉਹ ਇਨ੍ਹਾਂ ਦੀ ਵਰਤੋਂ ਕਰ ਸਕੇ।

ਸੁਲਤਾਨਪੁਰ ਤੋਂ ਵਿਦਾਇਗੀ (ਪੰਨੇ 128-131) ਵਿੱਚ ਉਨ੍ਹਾਂ ਭਾਵਕ ਪਲਾਂ ਦੀ ਪੇਸ਼ਕਾਰੀ ਹੈ ਜਦੋਂ ਜਗਤ-ਜਲੰਦੇ ਨੂੰ ਤਾਰਨ ਲਈ ਗੁਰੂ ਨਾਨਕ ਦੇਵ ਜੀ ਲੰਮੀਆਂ ਉਦਾਸੀਆਂ ਤੇ ਚੱਲੇ। ਇਨ੍ਹਾਂ ਜਜ਼ਬਿਆਂ ਨੂੰ ਪੜ੍ਹਦਿਆਂ ਗਲਾ ਭਰ ਆਉਂਦਾ ਹੈ ਤੇ ਅੱਖਾਂ ਸਜਲ ਹੋ ਉਠਦੀਆਂ ਹਨ - "ਹੌਲੀ ਹੌਲੀ ਉਨ੍ਹਾਂ ਦੇ ਪੈਰ ਜ਼ਿਮੀ ਉੱਤੇ ਅਤੇ ਦਸਤਾਰ ਜਿਵੇਂ ਅਸਮਾਨਾਂ ਨੂੰ ਛੁਹਣ ਲੱਗੀ ਸੀ...।"

ਚੜ੍ਹਿਆ ਸੋਧਣ ਧਰਤ ਲੋਕਾਈ (ਪੰਨੇ 133-139) ਵਿੱਚ ਗੁਰੂ ਜੀ ਦੀਆਂ ਉਦਾਸੀਆਂ ਤੇ ਚੱਲਣ ਦਾ ਸਮਾਂ 1502 ਈ. ਦੇ ਆਸਪਾਸ ਦਾ ਦੱਸਿਆ ਗਿਆ ਹੈ। ਇਸ ਪਹਿਲੀ ਉਦਾਸੀ ਵਿੱਚ ਗੁਰੂ ਜੀ ਨੇ ਕਰੀਬ 6462 ਮੀਲ ਲੰਮਾ ਪੈਂਡਾ ਤੈਅ ਕੀਤਾ।

ਸੁਲਤਾਨਪੁਰ ਮਿਸ਼ਨ ਸੁਮੇਰ ਪਰਬਤ ਵੱਲ (ਪੰਨੇ 141-143) ਵਿੱਚ ਸਿੱਧਾਂ ਨਾਲ ਮੇਲ ਅਤੇ 'ਸਿੱਧ ਗੋਸਟਿ' ਬਾਣੀ ਦਾ ਜ਼ਿਕਰ ਮਿਲਦਾ ਹੈ।

ਭੈਣ ਨਾਨਕੀ ਦਾ ਦੇਹਾਂਤ ਅਤੇ ਸੁਲਤਾਨਪੁਰ ਨੂੰ ਅਲਵਿਦਾ (ਪੰਨੇ 145-147) ਵਿੱਚ ਗੁਰੂ ਨਾਨਕ ਦੇਵ ਜੀ ਦੇ ਦੂਜੀ/ਤੀਜੀ ਉਦਾਸੀ ਤੋਂ ਬਾਦ ਤੇ ਅਗਲੀ ਉਦਾਸੀ ਤੇ ਜਾਣ ਤੋਂ ਪਹਿਲਾਂ

ਹੀ ਭੈਣ ਨਾਨਕੀ ਅਤੇ ਭਾਈਆ ਜੈ ਰਾਮ ਦੇ ਦੇਹਾਂਤ ਦਾ ਜ਼ਿਕਰ ਕੀਤਾ ਗਿਆ ਹੈ।

ਸਿੱਖ ਸਿਧਾਂਤਾਂ ਦੀ ਬੀਜ-ਭੋਇੰ : ਸੁਲਤਾਨਪੁਰ ਲੋਧੀ (ਪੰਨੇ 149-152) ਵਿੱਚ ਸਪਸ਼ਟ ਕੀਤਾ ਹੈ ਕਿ ਗੁਰੂ ਜੀ ਘੱਟੋ ਘੱਟ 8-10 ਸਾਲ ਜ਼ਰੂਰ ਸੁਲਤਾਨਪੁਰ ਰਹੇ ਹੋਣਗੇ। ਸਿੱਖ ਸਿਧਾਂਤ ਦੇ ਤਿੰਨ ਨੇਮਾਂ-ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ ਨੂੰ ਗੁਰੂ ਜੀ ਨੇ ਇਸੇ ਨਗਰ ਵਿੱਚ ਹੀ ਦ੍ਰਿੜ ਕੀਤਾ। ਗੁਰੂ ਜੀ ਨੇ ਮੂਲਮੰਤਰ (ੴ ਤੋਂ ਗੁਰਪ੍ਰਸਾਦਿ) ਵੀ ਏਸੇ ਥਾਂ ਉਚਾਰਣ ਕੀਤਾ।

ਸੁਲਤਾਨ ਪੁਰਿ ਭਗਤ ਭੰਡਾਰਾ (ਪੰਨੇ 154-158) ਵਿੱਚ ਗੁਰੂ ਜੀ ਦੇ ਏਥੇ ਰਹਿੰਦਿਆਂ ਬਣੇ ਭਗਤਾਂ ਦਾ ਵਰਣਨ ਮਿਲਦਾ ਹੈ, ਜੋ ਭਾਈ ਗੁਰਦਾਸ ਦੀ 11ਵੀਂ ਵਾਰ ਦੀ 13ਵੀਂ ਤੇ 14ਵੀਂ ਪਉੜੀ ਵਿੱਚ ਆਏ ਹਨ। ਯਾਨੀ ਸੁਲਤਾਨਪੁਰ, ਸਿੱਖੀ ਦਾ ਕੇਂਦਰ, ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਬਣਨ ਲੱਗ ਪਿਆ ਸੀ।

ਸੁਲਤਾਨਪੁਰ ਲੋਧੀ ਵਿਖੇ ਇਤਿਹਾਸਕ ਅਤੇ ਯਾਦਗਾਰੀ ਗੁਰਧਾਮ (ਪੰਨੇ 160-179) ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ 6, ਬੇਬੇ ਨਾਨਕੀ ਨਾਲ ਸੰਬੰਧਿਤ 2, ਗੁਰੂ ਅਰਜਨ/ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ 1 ਗੁਰਧਾਮਾਂ ਦਾ ਵਿਸਤ੍ਰਿਤ ਵਰਣਨ ਮਿਲਦਾ ਹੈ।

ਕਰਾਮਾਤੀ ਕਥਾਵਾਂ ਨਾਲ ਓਤਪੋਤ ਹੈ ਸੁਲਤਾਨਪੁਰ ਲੋਧੀ (ਪੰਨੇ 181-184) ਵਿੱਚ ਲੇਖਕ ਨੇ ਇਸ ਨਗਰ ਨਾਲ ਜੁੜੀਆਂ ਅਣਗਿਣਤ ਗਾਥਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ, ਜੋ ਅਜੇ ਵੀ ਓਥੇ ਪ੍ਰਚੱਲਿਤ ਹਨ।

ਪਵਿੱਤਰ ਵੇਈਂ ਦੀ ਪੁਨਰ-ਸੁਰਜੀਤੀ : ਸੰਤ ਸੀਚੇਵਾਲ (ਪੰਨੇ 186-192) ਚੈਪਟਰ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਵੇਈਂ-ਸਫ਼ਾਈ ਅਭਿਆਨ ਦੇ ਸੂਤਰਧਾਰ ਵਜੋਂ ਰੇਖਾਂਕਿਤ ਕੀਤਾ ਗਿਆ ਹੈ। ਜਿਨ੍ਹਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ 2017 ਵਿੱਚ 'ਪਦਮਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ ਅਤੇ 2024 ਤੋਂ ਉਹ ਰਾਜਸਭਾ ਦੇ ਮੈਂਬਰ ਵਜੋਂ ਕਾਰਜਸ਼ੀਲ ਹਨ।

ਆਖਰੀ ਅਧਿਆਇ ਅਜੋਕਾ ਸੁਲਤਾਨਪੁਰ ਲੋਧੀ (ਪੰਨੇ 194-198) ਵਿੱਚ ਲੇਖਕ ਨੇ ਸਪਸ਼ਟ ਕੀਤਾ ਹੈ ਕਿ ਮੌਜੂਦਾ ਸੁਲਤਾਨਪੁਰ ਲੋਧੀ ਦੀ ਮਹੱਤਤਾ 'ਦੂਜਾ ਨਨਕਾਣਾ ਸਾਹਿਬ' ਕਰਕੇ ਹੀ ਹੈ। 1947 ਵਿੱਚ ਇਹ ਇੱਕ ਸਧਾਰਨ ਕਸਬਾ ਹੀ ਸੀ, ਪਰ ਗੁਰੂ ਨਾਨਕ ਦੇਵ ਜੀ ਦੇ 500 ਅਤੇ 550-ਸਾਲਾ ਪ੍ਰਕਾਸ਼ ਪੁਰਬ ਤੇ ਇਸਦੀ ਆਭਾ ਦੇਸ਼-ਵਿਦੇਸ਼ ਵਿੱਚ ਹੋਰ

ਫੈਲੀ ਹੈ। ਲੇਖਕ ਨੇ ਇਸ ਨਗਰ ਦੇ ਵਿਕਾਸ ਲਈ ਕੁਝ ਸੁਝਾਅ ਵੀ ਦਿੱਤੇ ਹਨ ਕਿ ਇਹਨੂੰ ਸਿੱਖ ਧਰਮ ਦੇ ਕੇਂਦਰ ਵਜੋਂ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਡਾ. ਘੁੰਮਣ ਨੇ ਇਸਨੂੰ ਸਿੱਖ ਧਰਮ ਦੀ ਜਨਮਭੂਮੀ ਵਜੋਂ ਮਾਨਤਾ ਦਿੱਤੀ ਹੈ।

ਪੁਸਤਕ ਵਿੱਚ ਦੋ ਥਾਂਵਾਂ (ਪੰਨਾ 48 ਤੋਂ ਪਿੱਛੋਂ ਅਤੇ ਪੰਨਾ 184 ਤੋਂ ਬਾਦ) ਤੇ 16+20 ਰੰਗੀਨ ਤਸਵੀਰਾਂ ਹਨ। ਹਰ ਅਧਿਆਇ ਦਾ ਆਰੰਭ ਮਹੱਤਵਪੂਰਣ ਪੰਕਤੀਆਂ (ਕਾਵਿ/ਵਾਰਤਕ) ਨਾਲ ਹੋਇਆ ਹੈ, ਜੋ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ, ਜਨਮਸਾਖੀਆਂ, ਭਾਈ ਵੀਰ ਸਿੰਘ, ਅੱਲਾਮਾ ਇਕਬਾਲ, ਓਸ਼ੋ, ਪ੍ਰੋ. ਮੋਹਨ ਸਿੰਘ, ਸੁਰਜੀਤ ਪਾਤਰ ਆਦਿ ਦੇ ਕਲਾਮ ਵਿੱਚੋਂ ਹਨ। ਵਧੀਆ ਗਲੇਜ਼ਡ ਪੇਪਰ ਉੱਤੇ ਪ੍ਰਕਾਸ਼ਿਤ ਵੱਡੇ ਆਕਾਰ ਵਾਲੀ ਇਸ ਪੁਸਤਕ ਲਈ ਮੈਂ ਡਾ. ਘੁੰਮਣ ਦਾ ਅਭਿਨੰਦਨ ਕਰਦਾ ਹਾਂ ਤੇ ਉਨ੍ਹਾਂ ਦੇ ਇਸ ਮਤਿ ਨਾਲ ਸੌ ਪ੍ਰਤੀਸ਼ਤ ਸਹਿਮਤ ਹਾਂ ਕਿ ਇਹ ਧਰਮੱਗ ਧਰਤੀ 'ਦੂਜਾ ਨਨਕਾਣਾ ਸਾਹਿਬ' ਹੈ। ਮੇਰਾ ਵਿਚਾਰ ਹੈ ਕਿ ਜਿਵੇਂ ਪੰਜਾਬ ਸਰਕਾਰ ਨੇ ਹੋਰ ਸ਼ਹਿਰਾਂ ਦੇ ਨਾਵਾਂ ਵਿੱਚ ਤਬਦੀਲੀ ਕੀਤੀ ਹੈ (ਰੋਪੜ ਨੂੰ ਰੂਪਨਗਰ, ਮੋਹਾਲੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੁਨਾਮ ਨੂੰ ਸੁਨਾਮ ਊਧਮ ਸਿੰਘ ਵਾਲਾ, ਨਵਾਂ ਸ਼ਹਿਰ ਨੂੰ ਸ਼ਹੀਦ ਭਗਤ ਸਿੰਘ ਨਗਰ ਆਦਿ), ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਅਤੇ ਭੈਣ ਨਾਨਕੀ ਦੇ ਨਾਵਾਂ/ਯਾਦਾਂ ਨਾਲ ਜੁੜੇ ਸੁਲਤਾਨਪੁਰ ਲੋਧੀ ਦਾ ਨਾਂ ਬਦਲ ਕੇ ਦੂਜਾ ਨਨਕਾਣਾ ਸਾਹਿਬ/ਨਾਨਕੀ ਨਗਰ/ਨਾਨਕ ਨਗਰ ਰੱਖ ਦੇਣਾ ਚਾਹੀਦਾ ਹੈ।



'ਖੋਜਨਾਮਾ' ਅੰਤਰ-ਰਾਸ਼ਟਰੀ ਚੌਮਾਸਿਕ ਪੰਜਾਬੀ ਪੀਅਰ-ਰੀਵਿਊਡ/ਰੈਫ਼ਰੀਡ (Peer Reviewed/ Refereed) ਸਾਹਿਤਕ ਅਤੇ ਖੋਜ ਜਰਨਲ ਹੈ। ਖੋਜਨਾਮਾ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ, ਲੋਕਧਾਰਾ, ਅਨੁਵਾਦ ਅਤੇ ਆਲੋਚਨਾ ਆਦਿ ਖੇਤਰਾਂ ਵਿੱਚ ਖੋਜ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ, ਪੰਜਾਬੀ ਸਾਹਿਤ ਖੇਤਰ ਵਿੱਚ ਸਥਾਪਿਤ ਅਤੇ ਨਵੇਂ ਸਹਿਤਕਾਰਾਂ ਦੀਆਂ ਰਚਨਾਵਾਂ ਨੂੰ ਜਨ-ਸਮੂਹ ਤੱਕ ਪਹੁੰਚਾਉਣ ਦੇ ਉਪਰਾਲੇ ਵਜੋਂ ਸ਼ੁਰੂ ਕੀਤਾ ਗਿਆ ਹੈ। ਇਸ ਦਾ ਉਦੇਸ਼ ਮੁਨਾਫ਼ਾ ਕਮਾਉਣਾ ਬਿਲਕੁਲ ਵੀ ਨਹੀਂ ਹੈ, ਇਹ ਨਿਰੋਲ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੁੜੀਆਂ ਗਤੀਵਿਧੀਆਂ ਨੂੰ ਸਮਰਪਿਤ ਜਰਨਲ ਹੈ। ਖੋਜਨਾਮਾ ਦਾ ਆਪਣਾ ਇੱਕ ਸੰਪਾਦਕੀ ਬੋਰਡ ਹੈ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਪੰਜਾਬੀ ਸਾਹਿਤ ਅਤੇ ਖੋਜ ਖੇਤਰ ਦੀਆਂ ਨਾਮੀ ਸਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। 'ਖੋਜਨਾਮਾ' ਵਿੱਚ ਖੋਜ ਪੱਤਰ/ਸਾਹਿਤਕ ਰਚਨਾਵਾਂ ਛਪਣ ਤੋਂ ਪਹਿਲਾਂ ਇੱਕ ਮੁਕੰਮਲ ਪ੍ਰਕਿਰਿਆ ਵਿੱਚੋਂ ਗੁਜ਼ਰਦੀਆਂ ਹਨ, ਜਿਸ ਅਨੁਸਾਰ ਪ੍ਰਾਪਤ ਖੋਜ ਪੱਤਰਾਂ/ਸਾਹਿਤਕ ਰਚਨਾਵਾਂ ਨੂੰ ਸੰਬੰਧਿਤ ਵਿਸ਼ਾ ਮਾਹਿਰਾਂ ਕੋਲ ਪਰਖ਼ ਲਈ ਭੇਜਿਆ ਜਾਂਦਾ ਹੈ ਅਤੇ ਵਿਸ਼ਾ ਮਾਹਿਰਾਂ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਹੀ ਖੋਜ ਪੱਤਰਾਂ/ਸਾਹਿਤਕ ਰਚਨਾਵਾਂ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਜਾਂ ਫਿਰ ਵਾਪਸ ਲੇਖਕ ਕੋਲ ਸੁਧਾਈ ਲਈ ਭੇਜ ਦਿੱਤਾ ਜਾਂਦਾ ਹੈ। ਇਸ ਪ੍ਰਕਾਰ 'ਖੋਜਨਾਮਾ' ਦਾ ਉਦੇਸ਼ ਮੌਲਿਕ ਸਾਹਿਤ ਅਤੇ ਮਿਆਰੀ ਖੋਜ ਨੂੰ ਪ੍ਰਫੁਲਤ ਕਰਨਾ ਹੈ।

ਸੰਪਾਦਕ


www.khojnama.com
khojnamapb03@gmail.com
+91 98776-61770